Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

Hardeep S.Rai
ਇੰਮੀਗਰੇਸ਼ਨ ਵਕੀਲ
Attorney-at-Law
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 12, Issue 11, March 12, 2011 20451 N Plum Grove Rd. Palatine, IL 60074 Ph:847-359-0746, Fax:847-705-9388


## ਸੈਕਰਾਮੈਂਟੋ 'ਚ ਦੋ ਸਿੱਖ ਨਸਲੀ ਹਮਲੇ ਦਾ ਸ਼ਿਕਾਰ, ਇਕ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ:** ਇਥੇ ਐਲਕ ਗਰੂਵ ਇਲਾਕੇ ਵਿਚ ਅਣਪਛਾਤੇ ਹਮਲਾਵਰਾਂ ਨੇ ਸੈਰ ਕਰ ਰਹੇ ਦੋ ਸਿੱਖਾਂ 'ਤੇ ਗੋਲੀਆਂ ਚਲਾ ਕੇ ਇਕ ਨੂੰ ਹਲਾਕ ਕਰ ਦਿੱਤਾ ਤੇ ਦੂਜੇ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਇਸ ਹਮਲੇ ਨੂੰ ਨਸਲਪ੍ਰਸਤ ਹਮਲਾ ਸਮਝਿਆ ਜਾ ਰਿਹਾ ਹੈ ਤੇ ਸਿੱਖਾਂ ਦੀ ਚੋਖੀ ਵਸੋਂ ਵਾਲੇ ਇਸ ਇਲਾਕੇ ਵਿਚ ਸਹਿਮ ਤੇ ਰੋਸ ਫੈਲ ਗਿਆ ਹੈ। ਹਮਲਾਵਰਾਂ ਬਾਰੇ ਕਿਸੇ ਵੀ ਤਰ੍ਹਾਂ ਦੀ ਇਤਲਾਹ ਦੇਣ ਵਾਲੇ ਲਈ 30,000 ਡਾਲਰ ਦੇ ਇਨਾਮ ਦਾ ਐਲਾਨ ਕੀਤਾ ਗਿਆ ਹੈ। ਇਹ ਰਕਮ ਵੱਖ ਵੱਖ ਸਿੱਖ ਅਤੇ ਹੋਰ ਜਥੇਬੰਦੀਆਂ ਵਲੋਂ ਜੁਟਾਈ ਗਈ ਹੈ ਅਤੇ ਇਸ ਵਿਚ ਅਮਰੀਕੀ-ਇਸਲਾਮੀ ਤਾਲੂਕਾਤ ਕੌਂਸਲ ਵਲੋਂ ਐਲਾਨੇ ਗਏ 5000 ਡਾਲਰ ਦੇ ਇਨਾਮ ਦੀ ਰਕਮ ਵੀ ਸ਼ਾਮਲ ਹੈ।

ਇਸ ਮਾਮਲੇ ਦੀ ਜਾਂਚ ਐਫ.ਬੀ.ਆਈ. ਕਰੇਗੀ। ਮਿਲੀ ਜਾਣਕਾਰੀ ਅਨੁਸਾਰ ਐਲਕ ਗਰੂਵ ਦੇ ਵਸਨੀਕ ਸੁਰਿੰਦਰ ਸਿੰਘ (68) ਅਤੇ ਗੁਰਮੇਜ ਸਿੰਘ ਅਟਵਾਲ (78) ਸ਼ੁੱਕਰਵਾਰ ਸ਼ਾਮੀਂ ਰੋਜ਼ ਦੀ ਤਰ੍ਹਾਂ ਸੈਰ ਲਈ ਘਰੋਂ ਨਿਕਲ ਕੇ ਸੜਕ 'ਤੇ ਜਾ ਰਹੇ ਸਨ ਤਾਂ ਅਣਪਛਾਤੇ ਹਮਲਾਵਰਾਂ ਨੇ ਉਨ੍ਹਾਂ 'ਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਇਸ ਨਾਲ ਸੁਰਿੰਦਰ ਸਿੰਘ ਦੀ ਥਾਂ 'ਤੇ ਹੀ ਮੌਤ ਹੋ ਗਈ ਜਦੋਂਕਿ ਗੁਰਮੇਜ਼ ਸਿੰਘ ਅਟਵਾਲ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ ਅਤੇ ਇਸ ਸਮੇਂ ਹਸਪਤਾਲ ਵਿਚ ਜੇਰੇ ਇਲਾਜ਼ ਹੈ। ਸੁਰਿੰਦਰ ਸਿੰਘ ਭਾਰਤ ਤੇ ਲਿਬੀਆ ਵਿਚ ਟਰੱਕ ਚਲਾਉਣ ਤੋਂ ਬਾਅਦ ਪੰਜ ਸਾਲ ਪਹਿਲਾਂ ਅਮਰੀਕਾ ਆਇਆ ਸੀ ਅਤੇ ਮੂਲ ਰੂਪ ਵਿਚ ਉਹ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪੰਡੋਰੀ ਗੰਗਾ ਸਿੰਘ ਦਾ ਵਸਨੀਕ ਸੀ। ਅਟਵਾਲ ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਫਰਾਲਾ ਦਾ ਮੂਲ


*ਗੁਰਭੇਜ ਸਿੰਘ ਅਟਵਾਲ*


*ਸੁਰਿੰਦਰ ਸਿੰਘ*


*(ਬਾਕੀ ਸਫਾ 2 'ਤੇ)*


## *ਕਰੁਣਾਨਿਧੀ ਦੀ ਯੂ.ਪੀ.ਏ. ਸਰਕਾਰ ਨੂੰ ਘੁਰਕੀ ਨਾਕਾਮ*

# ਕਾਂਗਰਸ 63 ਸੀਟਾਂ ਦੀ ਅੜੀ ਪੂਰੀ ਕਰਾਉਣ ਵਿਚ ਸਫਲ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** 2-ਜੀ ਸਪੈਕਟ੍ਰਮ ਘੁਟਾਲੇ ਦਾ ਸਾਰਾ ਦੋਸ਼ ਡੀ.ਐਮ.ਕੇ. ਦੇ ਸਾਬਕਾ ਦੂਰਸੰਚਾਰ ਮੰਤਰੀ ਏ. ਰਾਜਾ ਸਿਰ ਮੜ੍ਹਨ ਤੋਂ ਔਖੇ ਐਮ. ਕਰਣਾਨਿਧੀ ਨੇ ਕਾਂਗਰਸ ਨਾਲ ਤਾਮਿਲਨਾਡੂ ਵਿਧਾਨ ਸਭਾ ਦੀਆਂ ਸੀਟਾਂ ਦੀ ਵੰਡ ਦਾ ਬਹਾਨਾ ਬਣਾ ਕੇ ਕੇਂਦਰ ਵਿਚਲੀ ਯੂ.ਪੀ.ਏ. ਸਰਕਾਰ ਨਾਲੋਂ ਤੋੜ-ਵਿਛੋੜੇ ਦੀ ਘੁਰਕੀ ਦੇ ਦਿੱਤੀ ਪਰ ਦਾਲ ਨਾ ਗਲਦੀ ਵੇਖ ਕੇ ਤਿੰਨ ਦਿਨਾਂ ਦੇ ਸਿਆਸੀ ਡਰਾਮੇ ਤੋਂ ਬਾਅਦ ਆਖ਼ਰ 8 ਮਾਰਚ ਨੂੰ ਸਮਝੌਤਾ ਕਰਨ 'ਚ ਹੀ ਬਿਹਤਰੀ ਸਮਝੀ। ਇਸ ਸਮਝੌਤੇ ਤਹਿਤ ਕਾਂਗਰਸ 63 ਸੀਟਾਂ ਦੀ ਆਪਣੀ ਜਿੱਦ ਪੂਰੀ ਕਰਵਾਉਣ 'ਚ ਸਫਲ ਰਹੀ ਹੈ ਜਦੋਂਕਿ ਡੀ.ਐਮ.ਕੇ. ਦੇ ਹਿੱਸੇ 121 ਸੀਟਾਂ ਆਈਆਂ ਹਨ। ਇਸ ਤੋਂ ਇਲਾਵਾ ਪੀ.ਐਮ.ਕੇ. 30 ਤੇ ਆਈ.ਯੂ.ਐਮ. ਐਲ. ਨੂੰ ਦੋ ਸੀਟਾਂ ਮਿਲੀਆਂ ਹਨ। ਪੂਰੇ ਦੋ ਦਿਨ ਚੱਲੇ ਮੀਟਿੰਗਾਂ ਦੇ ਦੌਰ ਤੋਂ ਬਾਅਦ ਹੋਏ ਸਮਝੌਤੇ ਬਾਰੇ ਕਰੁਣਾਨਿਧੀ ਦਾ ਕਹਿਣਾ ਹੈ ਕਿ ਡੀ.ਐਮ.ਕੇ., ਪੀ.ਐਮ.ਕੇ. ਤੇ ਆਈ.ਯੂ.ਐਮ.ਐਲ. ਤੋਂ ਇਕ-ਇਕ ਸੀਟ ਲੈ ਕੇ ਕਾਂਗਰਸ ਨੂੰ ਦੇ ਦਿੱਤੀ ਹੈ। ਇਸ ਤਰ੍ਹਾਂ ਹੁਣ 224 ਮੈਂਬਰੀ ਵਿਧਾਨ ਸਭਾ ਲਈ ਡੀ.ਐਮ.ਕੇ. 121, ਕਾਂਗਰਸ 63, ਪੀ.ਐਮ.ਕੇ. 30, ਕੇ.ਐਮ.ਕੇ. 7, ਆਈ.ਯੂ.ਐਮ.ਐਲ. ਦੋ ਤੇ ਐਮ.ਐਮ.ਕੇ. ਇਕ ਸੀਟ ਤੋਂ ਚੋਣ ਲੜਨਗੀਆਂ। ਉਨ੍ਹਾਂ ਕਿਹਾ ਕਿ ਸਮਝੌਤਾ ਹੋਣ ਦੀ ਬੇਹੱਦ ਖੁਸ਼ੀ ਹੈ ਤੇ ਕਾਂਗਰਸ ਨੂੰ ਪੀ.ਐਮ.ਕੇ. ਤੇ ਆਈ.ਯੂ.ਐਮ.ਐਲ. ਦਾ ਧੰਨਵਾਦ ਕਰਨਾ ਚਾਹੀਦਾ ਹੈ।

ਉਂਜ ਤਿੰਨ ਦਿਨ ਚੱਲੇ ਇਸ ਸਿਆਸੀ ਡਰਾਮੇ ਦੇ ਬਾਵਜੂਦ ਕਾਂਗਰਸ 63 ਸੀਟਾਂ ਹਾਸਲ ਕਰਨ 'ਚ ਕਾਮਯਾਬ ਰਹੀ ਹੈ ਜੋ 2006 ਦੀਆਂ ਵਿਧਾਨ ਸਭਾ ਚੋਣਾਂ ਤੋਂ 15 ਸੀਟਾਂ ਵੱਧ ਹਨ। ਇਸ ਰੇੜਕੇ


*ਕਰੁਣਾਨਿਧੀ*


*(ਬਾਕੀ ਸਫਾ 6 'ਤੇ)*


## ਹੋਂਦ ਚਿੱਲੜ ਦੇ ਦੁਖਾਂਤ 'ਤੇ ਸਿਆਸਤ ਭਾਰੂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਤਕਰੀਬਨ 26 ਸਾਲ ਬਾਅਦ ਹਰਿਆਣਾ ਦੇ ਪਿੰਡ ਹੋਂਦ ਚਿੱਲੜ 'ਚ ਸਿੱਖ ਕਤਲੇਆਮ ਦਾ ਮਾਮਲਾ ਸਾਹਮਣੇ ਆਉਣ 'ਤੇ ਸਿੱਖ ਸਿਆਸਤ ਪੂਰੀ ਤਰ੍ਹਾਂ ਗਰਮਾ ਗਈ ਹੈ। ਇਸ ਦੇ ਨਾਲ ਹੀ ਪਟੌਦੀ ਕਸਬੇ 'ਚ ਵੀ ਦੋ ਨਵੰਬਰ 1984 ਨੂੰ 17 ਸਿੱਖਾਂ ਦੇ ਕਤਲ ਦਾ ਮਾਮਲਾ ਉਜਾਗਰ ਹੋਣ ਨਾਲ ਜਿੱਥੇ ਇਕ ਵਾਰ ਫਿਰ ਨਵੰਬਰ 1984 ਦੇ ਜ਼ਖ਼ਮ ਹਰੇ ਹੋਏ ਹਨ ਉਥੇ ਸ਼੍ਰੋਮਣੀ ਕਮੇਟੀ ਤੇ ਕਈ ਸਾਲਾਂ ਤੋਂ ਕੇਂਦਰ ਤੇ ਪੰਜਾਬ 'ਚ ਸੱਤਾ ਦਾ ਸੁੱਖ ਭੋਗਦੇ ਆ ਰਹੀ ਸ਼੍ਰੋਮਣੀ ਅਕਾਲੀ ਦਲ (ਬ) ਦੀ ਦਿਆਨਤਦਾਰੀ 'ਤੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਉਂਜ ਇਸ ਮਾਮਲੇ ਨੂੰ ਲੈ


*(ਬਾਕੀ ਸਫਾ 12 'ਤੇ)*


## ਛੀਨਾ ਤੇ ਪਰਮਾਰ ਐਨ ਆਰ ਆਈ ਸਭਾ 'ਚੋਂ ਖਾਰਜ

**ਬੇਕਰਜ਼ਫੀਲਡ (ਮਾਨ ਮਨਦੀਪ):** ਐਨ ਆਰ ਆਈ ਸਭਾ ਦੇ ਨੇਵਾਡਾ ਸਟੇਟ ਲਈ ਚੇਅਰਮੈਨ ਰਣਬੀਰ ਸਿੰਘ ਛੀਨਾ ਅਤੇ ਸੀਨੀਅਰ ਮੀਤ ਪ੍ਰਧਾਨ ਬਿਸ਼ਨ ਸਿੰਘ ਪਰਮਾਰ ਨੂੰ ਸਭਾ ਦੀਆਂ ਮੀਟਿੰਗਾਂ ਵਿਚ ਗੈਰਹਾਜਰ ਰਹਿਣ ਅਤੇ ਸਭਾ ਦੇ ਉਪਰਲੇ ਅਹੁਦੇਦਾਰਾਂ ਨਾਲ ਤਾਲਮੇਲ ਨਾ ਰਖਣ ਕਰਕੇ ਸਭਾ ਵਿਚੋਂ 6 ਸਾਲ ਲਈ ਕੱਢ ਦਿਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਐਨ


*(ਬਾਕੀ ਸਫਾ 5 'ਤੇ)*



Mann Tax Services
Individual, Trucking or Business Taxes
CTEC California Tax Education Council Approved Tax Preparer
IRS e-file

Gurdawar S. Mann
For Fast Refund:
For Appointments.
Ph:(510) 487-1000
(510) 468-9381
Email: manntaxservices@gmail.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com



ਸੈਕਰਾਮੈਂਟੋ 'ਚ ਵੱਖ ਵੱਖ ਗੁਰੂ ਘਰਾਂ ਦੇ ਨੁਮਾਇੰਦੇ ਹਮਲੇ ਵਿਰੁਧ ਮੀਟਿੰਗ ਕਰਦੇ ਹੋਏ

# ਸੈਕਰਾਮੈਂਟੋ 'ਚ ਦੋ ਸਿੱਖ ਨਸਲੀ ਹਮਲੇ ਦਾ ਸ਼ਿਕਾਰ, ਇਕ ਦੀ ਮੌਤ

ਵਾਸੀ ਹੈ ਤੇ 2001 ਵਿਚ ਅਮਰੀਕਾ ਆਇਆ ਸੀ।

ਪੁਲਿਸ ਨੇ ਨਸਲੀ ਹਮਲੇ ਦੀ ਸੰਭਾਵਨਾ ਰੱਦ ਨਹੀਂ ਕੀਤੀ ਹਾਲਾਂਕਿ ਉਨ੍ਹਾਂ ਕਿਹਾ ਕਿ ਹਾਲੇ ਤਕ ਇਸ ਦੇ ਕੋਈ ਠੋਸ ਸਬੂਤ ਨਹੀਂ ਮਿਲੇ ਪਰ ਇਸ ਹਮਲੇ ਦਾ ਕੋਈ ਹੋਰ ਮਨੋਰਥ ਵੀ ਨਜ਼ਰ ਨਹੀਂ ਆਉਂਦਾ। ਐਲਕ ਗਰੂਵ ਦੇ ਪੁਲਿਸ ਮੁਖੀ ਐਮ. ਲੈਨ੍ਹਰ ਨੇ ਦੱਸਿਆ ਕਿ ਐਫ.ਬੀ.ਆਈ. ਦੇ ਮੁਕਾਮੀ ਦਫਤਰ ਨੂੰ ਮੁਢਲੀ ਸੂਚਨਾ ਦੇ ਦਿੱਤੀ ਗਈ ਹੈ ਕਿਉਂਕਿ ਨਸਲੀ ਅਪਰਾਧ ਸੰਘੀ ਤੇ ਸੂਬਾਈ ਕਾਨੂੰਨ ਦੀ ਖਿਲਾਫ਼ਵਰਜ਼ੀ ਹੈ। ਉਂਜ ਹਾਲੇ ਤਕ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ। ਸ੍ਰੀ ਲੈਨ੍ਹਰ ਨੇ ਕਿਹਾ, "ਫਿਲਹਾਲ ਸਾਡੇ ਕੋਲ ਅਜਿਹਾ ਕੋਈ ਸਬੂਤ ਨਹੀਂ ਜਿਸ ਤੋਂ ਇਸ ਅਪਰਾਧ ਦੇ ਨਫ਼ਰਤੀ ਹਿੰਸਾ ਦਾ ਨਤੀਜ਼ਾ ਹੋਣ ਵੱਲ ਸੰਕੇਤ ਮਿਲਦਾ ਹੋਵੇ। ਉਂਜ ਦੋਵਾਂ ਵਿਅਕਤੀਆਂ ਦੇ ਸਾਦਾ ਕੁਰਤੇ ਪਜ਼ਾਮੇ ਵਿਚ ਸਾਬਤ ਸੂਰਤ ਸਿੱਖ ਹੋਣ ਤੇ ਰਵਾਇਤੀ ਦਸਤਾਰ ਬੰਨੀ ਹੋਣ ਕਰ ਕੇ ਕਿਸੇ ਹੋਰ ਜ਼ਾਹਰਾ ਮਨੋਰਥ ਦੀ ਗੈਰ-ਮੌਜੂਦਗੀ ਵਿਚ ਇਸ ਦੀ ਸੰਭਾਵਨਾ ਵੱਧ ਹੈ। ਐਲਕ ਗਰੂਵ ਪੁਲਿਸ ਵਿਭਾਗ ਨੇ ਇਸੇ ਸ਼ੱਕ ਤਹਿਤ ਐਫ਼.ਬੀ.ਆਈ. ਦੀ ਮਦਦ ਮੰਗੀ ਹੈ।

ਇਸੇ ਦੌਰਾਨ ਮੁਸਲਿਮ ਭਾਈਚਾਰੇ ਦੀ ਉਘੀ ਸੰਸਥਾ ਅਮਰੀਕੀ-ਇਸਲਾਮੀ ਤਾਲੂਕਾਤ ਕੌਂਸਲ ਨੇ ਇਸ ਹਮਲੇ ਦੀ ਨਿਖੇਧੀ ਕਰਦਿਆਂ ਦੋਸ਼ੀਆਂ ਬਾਰੇ ਸੂਹ ਦੇਣ ਵਾਲੇ ਨੂੰ 5000 ਡਾਲਰ ਤੋਂ ਵੱਧ ਇਨਾਮ ਦੇਣ ਦਾ ਐਲਾਨ ਕੀਤਾ ਹੈ। ਅਮਰੀਕੀ-ਇਸਲਾਮਿਕ ਕੌਂਸਲ ਸੈਕਰਾਮੈਂਟੋ ਵੈਲੀ ਦੇ ਅਗਜ਼ੈਕਟਿਵ ਡਾਇਰੈਕਟਰ ਬਸੀਮ ਐਲਕਾਰਾ ਨੇ ਕਿਹਾ ਕਿ ਦਾੜੀ ਰੱਖਣ ਤੇ ਪੱਗਾਂ ਬੰਨ੍ਹਣ ਵਾਲੇ ਸਿੱਖ ਵਿਅਕਤੀ ਅਕਸਰ ਗਲਤਫਹਿਮੀ ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਨੂੰ ਮੁਸਲਿਮ ਭਾਈਚਾਰੇ ਨਾਲ ਸਬੰਧਤ ਸਮਝ ਕੇ ਸ਼ਰਾਰਤੀ ਅਨਸਰਾਂ ਵੱਲੋਂ ਆਪਣਾ ਨਿਸ਼ਾਨਾ ਬਣਾਇਆ ਜਾਂਦਾ ਹੈ।

ਇਸ ਹਮਲੇ ਤੋਂ ਸਿੱਖ ਭਾਈਚਾਰਾ ਸਦਮੇ ਵਿਚ ਹੈ ਅਤੇ ਕਈ ਸਿੱਖ ਜਥੇਬੰਦੀਆਂ ਨੇ ਇਸ ਨੂੰ ਨਸਲੀ ਹਮਲਾ ਕਰਾਰ ਦਿੱਤਾ ਹੈ। ਅੱਧੀ ਦਰਜਨ ਤੋਂ ਵੱਧ ਸਥਾਨਕ ਗੁਰਦੁਆਰਿਆਂ ਦੀ ਇਥੇ ਹੋਈ ਇਕ ਮੀਟਿੰਗ ਵਿਚ ਐਲਾਨ ਕੀਤਾ ਗਿਆ ਕਿ ਵਾਰਦਾਤ ਦੇ ਦੋਸ਼ੀਆਂ ਨੂੰ ਫੜਾਉਣ ਲਈ ਸੁਰਾਗ ਦੇਣ ਵਾਲੇ ਨੂੰ 20,000 ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਕੁਝ ਹੋਰ ਸੰਸਥਾਵਾਂ ਨੇ ਵੀ ਅਜਿਹੇ ਇਨਾਮਾਂ ਦਾ ਐਲਾਨ ਕੀਤਾ ਹੈ ਅਤੇ ਇਹ ਰਕਮ ਕੁਲ ਮਿਲਾ ਕੇ 30,000 ਡਾਲਰ ਬਣਦੀ ਹੈ। ਇਸ ਇਲਾਕੇ ਵਿਚ ਇਸ ਤਰ੍ਹਾਂ ਦੀ ਇਹ ਦੂਜੀ ਘਟਨਾ ਹੈ। ਦੋ ਮਹੀਨੇ ਪਹਿਲਾਂ ਪੱਛਮੀ ਸੈਕਰਾਮੈਂਟੋ ਵਿਚ ਇਕ ਕੈਬ ਡਰਾਈਵਰ ਹਰਭਜਨ ਸਿੰਘ ਨੂੰ ਗੋਲੀ ਮਾਰੀ ਗਈ ਸੀ ਪਰ ਉਦੋਂ ਹਮਲਾਵਰ ਕਾਬੂ ਕਰ ਲਿਆ ਗਿਆ ਸੀ। ਤਫਤੀਸ਼ਕਾਰਾਂ ਨੇ ਦੱਸਿਆ ਕਿ ਗੋਲੀਬਾਰੀ ਦੇ ਸੰਭਾਵੀ ਚਸ਼ਮਦੀਦ ਗਵਾਹਾਂ ਨਾਲ ਮੁਲਾਕਾਤ ਕੀਤੀ ਜਾ ਰਹੀ ਹੈ ਤੇ ਵੱਧ ਤੋਂ ਵੱਧ ਚਸ਼ਮਦੀਦ ਗਵਾਹ ਲੱਭੇ ਜਾ ਰਹੇ ਹਨ। ਤਫਤੀਸ਼ਕਾਰਾਂ ਅਨੁਸਾਰ ਕੁਝ ਟਰੱਕਾਂ ਵਾਲਿਆਂ ਤੋਂ ਵੀ ਉਮੀਦ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਵਿਚੋਂ ਕਿਸੇ ਨੇ ਸੜਕ ਤੇ ਜਾਂਦਿਆਂ ਇਹ ਵਾਰਦਾਤ ਤੱਕੀ ਹੋ ਸਕਦੀ ਹੈ।

ਇਸੇ ਦੌਰਾਨ ਐਨ ਆਰ ਆਈ ਸਭਾ, ਅਮਰੀਕਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਅਤੇ ਪ੍ਰਧਾਨ ਜਸਪ੍ਰੀਤ ਸਿੰਘ ਅਟਾਰਨੀ ਨੇ ਇਸ ਹਮਲੇ ਦੀ ਸਖਤ ਨਿਖੇਧੀ ਕੀਤੀ ਹੈ। ਯੂਨਾਈਟਡ ਸਿੱਖਸ ਦੇ ਇਕ ਡਾਇਰੈਕਟਰ ਅਤੇ ਸੀਨੀਅਰ ਸਟਾਫ ਅਟਾਰਨੀ ਹੰਸਦੀਪ ਸਿੰਘ ਨੇ ਇਸ ਘਟਨਾ ਉਤੇ ਦੁਖ ਪ੍ਰਗਟਾਉਂਦਿਆਂ ਇਸ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸਿੱਖਾਂ ਉਪਰ ਉਨ੍ਹਾਂ ਨੂੰ ਮੁਸਲਿਮ ਸਮਝ ਕੇ ਹਮਲੇ ਕੀਤੇ ਜਾ ਰਹੇ ਹਨ। ਕਿਸੇ ਵੀ ਘੱਟਗਿਣਤੀ ਭਾਵੇਂ ਉਹ ਮੁਸਲਿਮ ਹੋਵੇ ਜਾਂ ਕੋਈ ਹੋਰ ਭਾਈਚਾਰਾ, ਉਪਰ ਅਜਿਹੇ ਨਸਲੀ ਹਮਲੇ ਨਿੰਦਣਯੋਗ ਹਨ ਅਤੇ ਸਾਡੇ ਸਮਾਜ ਉਤੇ ਧੱਬਾ ਹਨ। ਸੈਲਡੈਫ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਵੀ ਇਸ ਹਮਲੇ ਦੀ ਨਿਖੇਧੀ ਕੀਤੀ ਹੈ।

# ਜਗਮੀਤ ਬਰਾੜ ਦੀ ਕਾਂਗਰਸ ਵਰਕਿੰਗ ਕਮੇਟੀ 'ਚ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ

**ਬੇਕਰਜ਼ਫੀਲਡ (ਮਾਨ ਮਨਦੀਪ):** ਪੰਜਾਬ ਦੇ ਸੀਨੀਅਰ ਕਾਂਗਰਸੀ ਆਗੂ ਅਤੇ ਆਵਾਜ਼-ਏ-ਪੰਜਾਬ ਕਰਕੇ ਜਾਣੇ ਜਾਂਦੇ ਸਾਬਕਾ ਸੰਸਦ ਮੈਂਬਰ ਸ. ਜਗਮੀਤ ਸਿੰਘ ਬਰਾੜ ਨੂੰ ਕੁਲ ਹਿੰਦ ਕਾਂਗਰਸ ਕਮੇਟੀ ਦਾ ਸਥਾਈ ਮੈਂਬਰ ਬਣਾਏ ਜਾਣ ਦਾ ਅਮਰੀਕਾ ਵਿਚ ਉਨ੍ਹਾਂ ਦੇ ਸਮਰਥਕਾਂ ਨੇ ਭਾਰੀ ਸਵਾਗਤ ਕੀਤਾ ਹੈ। ਇਥੇ ਰਹਿੰਦੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸ. ਗੁਰਸੇਵਕ ਸਿੰਘ ਬਰਾੜ ਨੇ ਇਸ ਨਿਯੁਕਤੀ ਦਾ ਸਵਾਗਤ ਕਰਦਿਆਂ ਲੱਡੂ ਵੰਡੇ ਅਤੇ ਖੁਸ਼ੀ ਵਿਚ ਵੱਡੀ ਪਾਰਟੀ ਵੀ ਕੀਤੀ।

ਇਸ ਪੱਤਰਕਾਰ ਨਾਲ ਫੋਨ ਉਤੇ ਗੱਲ ਕਰਦਿਆਂ ਸ. ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਇਹ ਨਿਯੁਕਤੀ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆਂ ਗਾਂਧੀ ਦੇ ਉਨ੍ਹਾਂ ਪ੍ਰਤੀ ਵਿਸ਼ਵਾਸ ਦਾ ਪ੍ਰਗਟਾਵਾ ਹੈ ਅਤੇ ਉਹ ਆਪਣੇ ਸਮਰਥਕਾਂ ਦੇ ਧੰਨਵਾਦੀ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਾਲ ਆਪਣੇ ਮਤਭੇਦਾਂ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਕਿਸੇ ਨਾਲ ਵੀ ਕੋਈ ਮਤਭੇਦ ਨਹੀਂ ਹਨ ਅਤੇ ਉਹ ਆਪਣਾ ਕੰਮ ਦਿਆਨਤਦਾਰੀ ਨਾਲ ਕਰੀ ਜਾ ਰਹੇ ਹਨ।



ਪੰਜਾਬ ਦੀ ਮੌਜੂਦਾ ਅਕਾਲੀ ਸਰਕਾਰ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਭ ਪੱਖਾਂ ਤੋਂ ਫੇਲ੍ਹ ਹੋਈ ਹੈ ਅਤੇ ਅਗਲੀਆਂ ਚੋਣਾਂ ਵਿਚ ਸਰਕਾਰ ਕਾਂਗਰਸ ਦੀ ਹੀ ਬਣੇਗੀ। ਇਹ ਪੁੱਛੇ ਜਾਣ 'ਤੇ ਕਿ ਪੰਜਾਬ ਦੇ ਅਗਲੇ ਸੰਭਾਵੀ ਮੁੱਖ ਮੰਤਰੀ ਵਜੋਂ ਉਹ ਵੀ ਆਪਣੇ ਆਪ ਨੂੰ ਦੌੜ ਵਿਚ ਸ਼ਾਮਲ ਸਮਝਦੇ ਹਨ, ਉਨ੍ਹਾਂ ਆਖਿਆ ਕਿ ਇਹ ਸਭ ਪਰਮਾਤਮਾ ਦੀ ਕਿਰਪਾ 'ਤੇ ਨਿਰਭਰ ਹੈ ਅਤੇ ਕਾਂਗਰਸ ਹਾਈ ਕਮਾਨ ਦੇ ਹੱਥ ਹੈ ਕਿ ਉਹ ਕਿਸ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਂਦੀ ਹੈ।

ਇਸੇ ਦੌਰਾਨ ਐਨ ਆਰ ਆਈ ਸਭਾ, ਅਮਰੀਕਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਸਕੱਤਰ ਜਨਰਲ ਤੇਜਪਾਲ ਨਿਕਸਨ, ਵਾਈਸ ਚੇਅਰਮੈਨ ਜਗਦੀਸ਼ ਢਿੱਲੋਂ, ਮਨਜੀਤ ਸਿੰਘ, ਭਰਪੂਰ ਸਿੰਘ ਬਰਾੜ, ਗੁਰਸੇਵਕ ਬਰਾੜ, ਗੁਰਦੀਪ ਢੀਂਡਸਾ, ਸ਼ਿਵਚਰਨ ਬੁੱਟਰ, ਲਖਬੀਰ ਬਰਾੜ, ਕਮਲਜੀਤ ਸਿੰਘ ਢਿੱਲੋਂ ਅਤੇ ਬੱਬੂ ਕੰਬੋਜ ਨੇ ਸ. ਬਰਾੜ ਨੂੰ ਇਸ ਨਿਯੁਕਤੀ 'ਤੇ ਵਧਾਈ ਦਿੱਤੀ ਹੈ।

## 6 ਦਹਿਸ਼ਤਗਰਦ ਹਲਾਕ

**ਪਿਸ਼ਾਵਰ:** ਪਾਕਿਸਤਾਨੀ ਫੌਜਾਂ ਨੇ ਮੁਲਕ ਦੇ ਗੜਬੜਜ਼ਦਾ ਕੁਰਮ ਕਬਾਇਲੀ ਖਿੱਤੇ ਵਿਚ ਦਹਿਸ਼ਤਗਰਦਾਂ ਦੀ ਇਕ ਛੁਪਣਗਾਹ ਨੂੰ ਤਬਾਹ ਕਰ ਦਿੱਤਾ ਜਿਸ ਦੌਰਾਨ ਘੱਟੋ-ਘੱਟ 6 ਦਹਿਸ਼ਤਗਰਦ ਮਾਰੇ ਗਏ।

ਇਹ ਟਿਕਾਣਾ ਕੁਰਮ ਏਜੰਸੀ ਦੇ ਐਨ ਵਿਚਕਾਰ ਸੀ ਜਿਸ ਨੂੰ ਤੋਪਾਂ ਨਾਲ ਤਬਾਹ ਕਰ ਦਿੱਤਾ ਗਿਆ ਅਤੇ ਉਥੋਂ 6 ਦਹਿਸ਼ਤਗਰਦਾਂ ਦੀਆਂ ਲਾਸ਼ਾਂ ਮਿਲੀਆਂ ਹਨ।

# ਸੈਂਟਾ ਕਲਾਰਾ ਦੇ ਡਿਸਟ੍ਰਿਕਟ ਅਟਾਰਨੀ ਰੋਜ਼ਨ ਵਲੋਂ ਸਿੱਖਾਂ ਦਾ ਧੰਨਵਾਦ

**ਸੈਨ ਹੋਜ਼ੇ:** ਚੋਣਾਂ ਵਿਚ ਜਿੱਤ ਹਾਸਲ ਕਰਨ ਤੋਂ ਬਾਅਦ ਸੈਂਟਾ ਕਲਾਰਾ ਕਾਉਂਟੀ ਦੇ ਡਿਸਟ੍ਰਿਕਟ ਅਟਾਰਨੀ ਜ਼ੈਫ ਰੋਜ਼ਨ ਨੇ ਗੁਰਦੁਆਰਾ ਸੈਨ ਹੋਜ਼ੇ ਪੁੱਜ ਕੇ ਸਿੱਖ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਆਪਣੀ ਸੰਖੇਪ ਤਕਰੀਰ ਵਿਚ ਸਿੱਖਾਂ ਨਾਲ ਸਬੰਧਤ ਕਈ ਮਸਲਿਆਂ ਦੀ ਗੱਲ ਕੀਤੀ। ਇਹ ਪਹਿਲੀ ਵਾਰ ਸੀ ਕਿ ਸੈਂਟਾ ਕਲਾਰਾ ਕਾਉਂਟੀ ਦੇ ਡਿਸਟ੍ਰਿਕਟ ਅਟਾਰਨੀ ਨੇ ਇਸ ਤਰ੍ਹਾਂ ਗੁਰੂ ਘਰ ਆ ਕੇ ਸਿੱਖ ਭਾਈਚਾਰੇ ਦਾ ਧੰਨਵਾਦ ਕੀਤਾ ਹੋਵੇ ਅਤੇ ਲੰਬਾ ਸਮਾਂ ਗੁਰੂ ਘਰ ਵਿਚ ਗੁਜ਼ਾਰਿਆ ਹੋਵੇ।

ਅਟਾਰਨੀ ਰੋਜ਼ਨ ਨੇ ਗੁਰਦੁਆਰਾ ਸਾਹਿਬ ਦੀ ਨਵੀਂ ਬਣ ਰਹੀ ਇਮਾਰਤ ਨੂੰ ਵੀ ਘੁੰਮ ਫਿਰ ਕੇ ਦੇਖਿਆ। ਉਨ੍ਹਾਂ ਦੀ ਤਕਰੀਰ ਤੋਂ ਪਹਿਲਾਂ ਗੁਰਦੁਆਰਾ ਕਮੇਟੀ ਦੇ ਜਰਨਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਅਤੇ ਸਟੇਜ਼ ਸਕੱਤਰ ਸ. ਪ੍ਰੀਤਮ ਸਿੰਘ ਗਰੇਵਾਲ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਨੂੰ ਗੁਰੂ ਘਰ ਦੀ ਤਰਫੋਂ ਸਿਰੋਪਾ ਬਖਸ਼ਿਸ਼ ਕਰ ਕੇ ਸਨਮਾਨਤ ਕੀਤਾ। ਇਸ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਕਿਰਪਾਲ ਸਿੰਘ ਅਟਵਾਲ, ਸ. ਰਾਜਿੰਦਰ ਸਿੰਘ ਮੰਘਰ, ਸ. ਗੁਰਦੇਵ ਸਿੰਘ ਕਲਸੀ, ਸ. ਨੀਟੂ ਸਿੰਘ ਕਾਹਲੋਂ, ਸ. ਸਰਬਜੋਤ ਸਿੰਘ ਸਵੱਦੀ, ਸ. ਨਰਿੰਦਰਪਾਲ ਸਿੰਘ ਤੋਂ ਇਲਾਵਾ ਹੈਡ ਗਰੰਥੀ ਗਿਆਨੀ ਮਹਿੰਦਰ ਸਿੰਘ, ਸ. ਜਸਵੀਰ ਸਿੰਘ ਪਵਾਰ ਅਤੇ ਸ. ਨਸੀਬ ਸਿੰਘ ਮਾਵੀ ਵੀ ਹਾਜ਼ਰ ਸਨ।



## ਸੰਨੀਵੇਲ ਹਿੰਦੂ ਟੈਂਪਲ 'ਚ ਹੋਲੀ ਦਾ ਪ੍ਰੋਗਰਾਮ 19 ਨੂੰ

**ਸੰਨੀਵੇਲ, ਕੈਲੀਫੋਰਨੀਆ (ਬਿਊਰੋ):** ਸਥਾਨਕ ਹਿੰਦੂ ਟੈਂਪਲ ਅਤੇ ਕਮਿਊਨਿਟੀ ਸੈਂਟਰ (420-450 ਪਰਸ਼ੀਅਨ ਡਰਾਈਵ) ਵਲੋਂ ਹੋਲੀ ਦਾ ਤਿਓਹਾਰ ਵੱਡੇ ਪੱਧਰ ਉਤੇ 19 ਮਾਰਚ ਨੂੰ ਮਨਾਇਆ ਜਾਏਗਾ।

ਇਹ ਜਾਣਕਾਰੀ ਦਿੰਦਿਆਂ ਮੰਦਰ ਦੇ ਇਕ ਬੁਲਾਰੇ ਸ੍ਰੀ ਰਾਜ ਭਨੋਟ ਨੇ ਦੱਸਿਆ ਕਿ ਇਸ ਮੌਕੇ ਢਾਈ ਹਜ਼ਾਰ ਤੋਂ ਵੱਧ ਲੋਕਾਂ ਦੇ ਇਕੱਤਰ ਹੋਣ ਦੀ ਸੰਭਾਵਨਾ ਹੈ ਅਤੇ ਇਹ ਤਿਓਹਾਰ ਬੇ-ਏਰੀਏ ਦੀਆਂ ਨੌਂ ਹੋਰ ਭਾਈਚਾਰਕ ਸੰਸਥਾਵਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਸਭਨਾਂ ਨੂੰ ਇਸ ਮੇਲੇ 'ਚ ਸ਼ਰੀਕ ਹੋਣ ਦਾ ਸੱਦਾ ਦਿੰਦਿਆਂ ਦੱਸਿਆ ਕਿ ਪ੍ਰੋਗਰਾਮ ਅਨੁਸਾਰ ਸਵੇਰੇ 11 ਵਜੇ ਤੋਂ ਡੇਢ ਵਜੇ ਤੱਕ ਰੰਗ ਅਤੇ ਰਾਸ ਦਾ ਮੇਲਾ ਹੋਵੇਗਾ। ਬਾਅਦ ਦੁਪਹਿਰ ਡੇਢ ਤੋਂ ਢਾਈ ਵਜੇ ਤੱਕ ਦੁਪਹਿਰ ਦਾ ਖਾਣਾ ਹੋਵੇਗਾ ਅਤੇ ਇਸ ਉਪਰੰਤ ਬਾਅਦ ਦੁਪਹਿਰ ਤਿੰਨ ਵਜੇ ਤੋਂ ਸ਼ਾਮ ਸਾਢੇ ਪੰਜ ਵਜੇ ਤੱਕ ਸਭਿਆਚਾਰਕ ਪ੍ਰੋਗਰਾਮ ਹੋਵੇਗਾ। ਟਿਕਟ (ਜਿਸ ਵਿਚ ਖਾਣਾ ਸ਼ਾਮਲ ਹੈ) ਪੰਜ ਡਾਲਰ ਹੋਵੇਗੀ। ਬੱਚਿਆਂ ਲਈ ਦਾਖਲਾ ਮੁਫਤ ਹੋਵੇਗਾ। ਪਾਰਕਿੰਗ ਤੋਂ ਮੰਦਰ ਤੱਕ ਸ਼ਟਲ ਦਾ ਪ੍ਰਬੰਧ ਵੀ ਕੀਤਾ ਜਾਏਗਾ। ਹੋਰ ਜਾਣਕਾਰੀ ਲਈ ਸ੍ਰੀ ਭਨੋਟ ਨਾਲ ਫੋਨ 408-687-1955 ਉਤੇ ਸੰਪਰਕ ਕੀਤਾ ਜਾ ਸਕਦਾ ਹੈ।



# ਧੰਨ ਧੰਨ ਸਤਿਗੁਰ ਰਵਿਦਾਸ ਜੀ ਦੇ 634ਵੇਂ ਮਹਾਨ ਗੁਰਪੁਰਬ ਦੀ ਸਮੂਹ ਜਗਤ ਨੂੰ ਲੱਖ ਲੱਖ ਵਧਾਈ

ਸਾਧ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਰ ਮਖੀਰਾ॥2॥
ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥



*ਸਤਿਗੁਰ ਰਵਿਦਾਸ ਜੀ ਮਹਾਰਾਜ*

## 11ਵਾਂ ਮਹਾਨ ਨਗਰ ਕੀਰਤਨ

### *13 ਮਾਰਚ, 2011 ਦਿਨ ਐਤਵਾਰ ਨੂੰ*

ਸੈਕਰਾਮੈਂਟੋ (ਕੈਲੀਫੋਰਨੀਆ) ਵਿਖੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ

ਇਨਕਲਾਬ ਦੇ ਮੋਢੀ ਸਾਂਝੀਵਾਲਤਾ ਦੇ ਪ੍ਰਤੀਕ ਜਗਤ ਗੁਰੂ ਸਤਿਗੁਰੂ ਰਵਿਦਾਸ ਜੀ ਦੇ 634ਵੇਂ ਗੁਰਪੁਰਬ ਮੌਕੇ 11ਵਾਂ ਨਗਰ ਕੀਰਤਨ ਹਰ ਸਾਲ ਦੀ ਤਰ੍ਹਾਂ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਮਿਤੀ 13 ਮਾਰਚ, 2011 ਦਿਨ ਐਤਵਾਰ ਨੂੰ

### ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ, ਸੈਕਰਾਮੈਂਟੋ ਵਿਖੇ

(ਗੁਰੂ ਘਰ ਦਾ ਅਡਰੈਸ: 6221, 16th Street, Rio Linda, CA 95673-4530)

ਸਮੂਹ ਸਾਧ ਸੰਗਤ ਅਤੇ ਸਮੂਹ ਗੁਰੂ ਘਰਾਂ ਦੀਆਂ ਕਮੇਟੀਆਂ ਦੇ ਸਹਿਯੋਗ ਨਾਲ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਮਹਾਨ ਗੁਰਪੁਰਬ ਦੇ ਸ਼ੁਭ ਅਵਸਰ 'ਤੇ ਆਪ ਸਭ ਸਮੂਹ ਸੰਗਤ ਨੂੰ ਹੁਮ ਹੁਮਾ ਕੇ ਪਹੁੰਚਣ ਦੀ ਨਿਮਰਤਾ ਸਹਿਤ ਬੇਨਤੀ ਹੈ ਜੀ।

### ਪ੍ਰੋਗਰਾਮ

<> 12 ਮਾਰਚ, 2011 ਦਿਨ ਸਨਿਚਰਵਾਰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਗੁਰੂ ਘਰ ਦੇ ਸਾਬਕਾ ਪ੍ਰਧਾਨ ਸ੍ਰੀ ਜੋਗਿੰਦਰ ਚੁੰਬਰ ਦੇ ਪਰਿਵਾਰ ਵਲੋਂ ਕਰਵਾਈ ਜਾ ਰਹੀ ਹੈ।
<> ਸਨਿਚਰਵਾਰ ਸ਼ਾਮ 7 ਵਜੇ ਤੋਂ ਰਾਤ 12 ਵਜੇ ਤੱਕ ਕੀਰਤਨ ਦੀਵਾਨ
<> ਨਗਰ ਕੀਰਤਨ 13 ਮਾਰਚ ਦਿਨ ਐਤਵਾਰ ਨੂੰ ਸਵੇਰੇ 11:30 ਤੋਂ ਸ਼ਾਮ 4 ਵਜੇ ਤੱਕ




**ਰਾਗੀ ਜਥਿਆਂ ਲਈ ਸੰਪਰਕ:** ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਅਮਰਜੀਤ ਸਿੰਘ ਨਾਲ ਫੋਨ 916-799-6406, ਸਟੇਜ ਸਕੱਤਰ ਸ੍ਰੀ ਰਾਜ ਸੂਦ ਨਾਲ ਫੋਨ 916-370-3542 ਜਾਂ ਸ੍ਰੀ ਸਤੀਸ਼ ਰੱਲ੍ਹ ਨਾਲ ਫੋਨ 916-214-9092 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸਟਾਲ ਲਗਵਾਉਣ ਲਈ**

ਸ੍ਰੀ ਹਰਬੰਸ ਸਿੰਘ ਰੱਲ੍ਹ ਨਾਲ ਫੋਨ 916-706-6170 ਜਾਂ ਸ੍ਰੀ ਮੱਖਣ ਲੁਹਾਰ ਨਾਲ ਫੋਨ 916-613-0577 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਫਲੋਟ ਲੈ ਕੇ ਆਉਣ ਲਈ ਸੰਪਰਕ ਕਰੋ**

ਸੋਨੂੰ ਅੰਬੇਦਕਰ, ਫੋਨ 916-320-1647
ਇੰਦਰਜੀਤ ਪਡਪੱਗਾ, ਫੋਨ 916-276-2538

ਇਸ ਸ਼ੁਭ ਨਗਰ ਕੀਰਤਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੀ ਲੜੀ 18 ਫਰਵਰੀ, 2011 ਤੋਂ ਸ਼ੁਰੂ ਹੋ ਚੁਕੀ ਹੈ। ਸ੍ਰੀ ਅਖੰਡ ਪਾਠ ਦੀ ਸੇਵਾ ਲਈ ਸੰਗਤਾਂ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਅਮਰਜੀਤ ਸਿੰਘ ਨਾਲ ਫੋਨ 916-799-6406 'ਤੇ ਸੰਪਰਕ ਕਰ ਸਕਦੀਆਂ ਹਨ।

**ਜ਼ਰੂਰੀ ਸੂਚਨਾ: ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੱਡੀਆਂ ਨਿਸ਼ਚਿਤ ਕੀਤੀ ਗਈ ਜਗ੍ਹਾ ਉਤੇ ਹੀ ਪਾਰਕ ਕੀਤੀਆਂ ਜਾਣ। 'ਨੋ ਪਾਰਕਿੰਗ' ਸਾਈਨ ਵਾਲੀ ਜਗ੍ਹਾ ਗੱਡੀਆਂ ਪਾਰਕ ਨਾ ਕੀਤੀਆਂ ਜਾਣ।**

## ਬੇਨਤੀ ਕਰਤਾ: ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਸਾਧ ਸੰਗਤ

# ਪੰਜਾਬੀ ਯੂਨੀਵਰਸਿਟੀ ਗਦਰ ਲਹਿਰ ਬਾਰੇ ਪੁਸਤਕ ਪ੍ਰਕਾਸ਼ਤ ਕਰੇਗੀ

**ਪਟਿਆਲਾ:** ਭਾਰਤ ਦੀ ਆਜ਼ਾਦੀ ਵਿਚ ਅਹਿਮ ਹਿੱਸਾ ਪਾਉਣ ਵਾਲੀ ਗਦਰ ਲਹਿਰ ਦੇ 2013 ਵਿਚ ਮਨਾਏ ਜਾ ਰਹੇ ਸੌ ਸਾਲਾ ਜਸ਼ਨਾਂ ਮੌਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਗਦਰ ਲਹਿਰ ਸਬੰਧੀ ਇਕ ਯਾਦਗਾਰੀ ਪੁਸਤਕ ਅੰਗਰੇਜ਼ੀ ਅਤੇ ਪੰਜਾਬੀ ਵਿਚ ਪ੍ਰਕਾਸ਼ਤ ਕੀਤੀ ਜਾਏਗੀ ਜਿਸ ਵਿਚ ਸੰਸਾਰ ਪ੍ਰਸਿਧ ਚਿੰਤਕਾਂ ਦੇ ਗਦਰ ਲਹਿਰ ਬਾਰੇ ਲੇਖ ਸ਼ਾਮਲ ਕੀਤੇ ਜਾਣਗੇ।

ਇਸ ਸਬੰਧੀ ਫੈਸਲਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦੀ ਪ੍ਰਧਾਨਗੀ ਹੇਠ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਇਸ ਮੀਟਿੰਗ ਵਿਚ ਪ੍ਰਸਿਧ ਪੱਤਰਕਾਰ ਸ੍ਰੀ ਕੁਲਦੀਪ ਨੱਈਅਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਜੇ ਐਸ ਗਰੇਵਾਲ ਅਤੇ ਡਾ. ਪ੍ਰਿਥੀਪਾਲ ਸਿੰਘ ਕਪੂਰ, ਇਤਿਹਾਸਕਾਰ ਡਾ. ਇੰਦੂ ਬਾਂਗਾ, ਪ੍ਰਸਿਧ ਚਿੰਤਕ ਡਾ. ਹਰੀਸ਼ ਪੁਰੀ, ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਦੇ ਪ੍ਰਧਾਨ ਸ੍ਰੀ ਚਰਨ ਸਿੰਘ ਜੱਜ ਤੋਂ ਇਲਾਵਾ ਪੰਜਾਬੀ ਚਿੰਤਕ ਤੇ ਲੇਖਕ ਡਾ. ਜਸਵਿੰਦਰ ਸਿੰਘ ਸ਼ਾਮਲ ਹੋਏ।

ਇਸ ਮੀਟਿੰਗ ਵਿਚ ਗਦਰ ਲਹਿਰ ਦੇ ਸੌ ਸਾਲਾ ਜਸ਼ਨ ਮਨਾਉਣ ਸਬੰਧੀ ਵਿਚਾਰ ਵਟਾਂਦਰਾ ਹੋਇਆ ਅਤੇ ਯਾਦਗਾਰੀ ਸਮਾਗਮਾਂ ਦੀ ਇਕ ਲੜੀ ਵਿਉਂਤੀ ਗਈ। ਇਸ ਪ੍ਰਾਜੈਕਟ ਨੂੰ ਵਿਉਂਤਣ ਅਤੇ ਨੇਪਰੇ ਚਾੜ੍ਹਨ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਦੇ ਚੇਅਰਮੈਨ ਖੁਦ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਹੋਣਗੇ। ਕਨਵੀਨਰ ਡਾ. ਹਰੀਸ਼ ਪੁਰੀ ਅਤੇ ਮੈਂਬਰ ਡਾ. ਜੇ ਐਸ ਗਰੇਵਾਲ, ਡਾ. ਪ੍ਰਿਥੀਪਾਲ ਸਿੰਘ ਕਪੂਰ, ਡਾ. ਇੰਦੂ ਬਾਂਗਾ ਅਤੇ ਡਾ. ਜਸਵਿੰਦਰ ਸਿੰਘ ਹੋਣਗੇ। ਪ੍ਰਕਾਸ਼ਤ ਕੀਤੀ ਜਾ ਰਹੀ ਪੁਸਤਕ ਵਿਚ ਗਦਰ ਲਹਿਰ ਦੀ ਸਰਵਪੱਖੀ ਦੇਣ ਨੂੰ ਉਜਾਗਰ ਕਰਦਿਆਂ ਬਰਤਾਨਵੀ ਹਕੂਮਤ ਵਿਰੁਧ ਲਹਿਰਾਂ, ਗਦਰੀ ਬਾਬਿਆਂ ਅਤੇ ਪੰਜਾਬ ਦੇ ਯੋਗਦਾਨ ਨੂੰ ਉਜਾਗਰ ਕੀਤਾ ਜਾਏਗਾ।

# ਫਰਿਜ਼ਨੋ 'ਚ ਪ੍ਰੋ. ਦਰਸ਼ਨ ਸਿੰਘ ਦੇ ਕੀਰਤਨ ਸਮਾਗਮ ਨੂੰ ਭਰਵਾਂ ਹੁੰਗਾਰਾ

**ਫਰਿਜ਼ਨੋ (ਬਿਊਰੋ):** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਪੰਥ ਪ੍ਰਸਿਧ ਕੀਰਤਨੀਏ ਪ੍ਰੋ. ਦਰਸ਼ਨ ਸਿੰਘ ਖਾਲਸਾ ਨੇ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ, ਕਰੱਦਰ ਅਤੇ ਸੈਲਮਾ ਵਿਚ ਵੱਖੋ ਵੱਖ ਗੁਰੂ ਘਰਾਂ ਵਿਚ ਕੀਰਤਨ ਅਤੇ ਸ਼ਬਦ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿਚ



ਸੰਗਤਾਂ ਹਾਜ਼ਰ ਸਨ। ਇਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦਸਮ ਗ੍ਰੰਥ ਦੇ ਮਾਮਲੇ ਨੂੰ ਲੈ ਕੇ ਪ੍ਰੋ. ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਵਲੋਂ ਪੰਥ ਵਿਚੋਂ ਖਾਰਜ ਕੀਤੇ ਜਾਣ ਉਪਰੰਤ ਜਿਥੇ ਉਨ੍ਹਾਂ ਦੇ ਕੀਰਤਨ ਸਮਾਗਮਾਂ ਨੂੰ ਸੰਗਤਾਂ ਵਲੋਂ ਭਰਵਾਂ ਹੁੰਗਾਰਾ ਮਿਲਦਾ ਆਇਆ ਹੈ ਉਥੇ ਸੰਗਤਾਂ ਦੇ ਇਕ ਵਰਗ ਵਲੋਂ ਉਨ੍ਹਾਂ ਵਿਰੁਧ ਰੋਸ ਵੀ ਪ੍ਰਗਟਾਇਆ ਜਾਂਦਾ ਰਿਹਾ ਹੈ। ਇਹੋ ਕੁਝ ਇਥੇ ਵੀ ਹੋਇਆ।

ਇਥੇ ਡਕੋਟਾ ਰੋਡ ਉਤੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਲੰਘੇ ਸਨਿਚਰਵਾਰ ਕਰਵਾਏ ਗਏ ਇਕ ਵਿਸ਼ੇਸ਼ ਗੁਰਮਤਿ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਭਾਈ ਜਸਵੰਤ ਸਿੰਘ ਬਠਿੰਡੇ ਵਾਲਿਆਂ ਦੇ ਜਥੇ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਉਪਰੰਤ ਪ੍ਰੋ. ਦਰਸ਼ਨ ਸਿੰਘ ਨੇ ਆਪਣੇ ਵਿਲੱਖਣ ਅੰਦਾਜ਼ ਵਿਚ ਚੌਥੇ ਪਾਤਸ਼ਾਹ ਦੀ ਰਾਗ ਵਡਹੰਸ ਵਿਚ ਰਚੀ ਵਾਰ ਦੀ ਇਕ ਪਉੜੀ 'ਹਰਿ ਇਕੋ ਦਾਤਾ ਸੇਵੀਐ ਹਰਿ ਇਕ ਧਿਆਈਐ' ਦਾ ਗਾਇਨ ਕੀਤਾ। ਮੰਤਰਮੁਗਧ ਸੰਗਤ ਸਨਮੁਖ ਪ੍ਰਮਾਣਾਂ ਸਹਿਤ ਵਿਆਖਿਆ ਕਰਦਿਆਂ ਪ੍ਰੋ. ਸਾਹਿਬ ਨੇ ਜੁਗੋਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਪੈਦਾ ਕਰਨ ਵਾਲਿਆਂ ਦੀਆਂ ਕੁਚਾਲਾਂ ਦਾ ਵਰਣਨ ਕੀਤਾ। ਆਪਣੇ ਹੱਡੀਂ ਹੰਢਾਏ ਹਵਾਲੇ ਸੰਗਤਾਂ ਨਾਲ ਸਾਂਝੇ ਕਰਦਿਆਂ ਉਨ੍ਹਾਂ ਆਖਿਆ ਕਿ ਪੰਥ ਦੀਆਂ ਕੇਂਦਰੀ ਜਥੇਬੰਦੀਆਂ ਇਸ ਵੇਲੇ ਗੁਲਾਮ ਬਿਰਤੀ ਵਾਲੇ ਆਗੂਆਂ ਦੇ ਕਬਜ਼ੇ ਵਿਚ ਆਈਆਂ ਹੋਈਆਂ ਹਨ ਇਸੇ ਕਰਕੇ ਪੰਥ ਵਿਚ ਇਕਸੁਰਤਾ ਦੀ ਥਾਂ ਦਰਾੜਾਂ ਵਧਾਈਆਂ ਜਾ ਰਹੀਆਂ ਹਨ।

ਸਿੰਘ ਸਾਹਿਬ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਸਾਨੂੰ ਆਪਣੀ ਕਿਰਤ ਕਮਾਈ ਦੇ ਨਾਲ ਨਾਲ ਜਾਗਰੂਕ ਅਤੇ ਚੇਤੰਨ ਸਿੱਖ ਵਾਂਗ ਵਿਚਰਨਾ ਚਾਹੀਦਾ ਹੈ, ਅਸੀਂ ਇੰਨੇ ਅਵੇਸਲੇ ਨਾ ਬਣੀਏ ਕਿ ਕੋਈ ਡੇਰੇਦਾਰ ਸਾਨੂੰ ਗੁਰੂ ਨਾਲੋਂ ਤੋੜ ਕੇ ਆਪਣੇ ਡੇਰੇ ਨਾਲ ਹੀ ਜੋੜ ਲਵੇ। ਇਨ੍ਹਾਂ ਵਿਚਾਰਾਂ ਦੀ ਪ੍ਰੋੜ੍ਹਤਾ ਹਿਤ ਸੰਗਤ ਵਲੋਂ ਵਾਰ ਵਾਰ ਜੈਕਾਰੇ ਛੱਡੇ ਗਏ।

ਇਹ ਸਮਾਗਮ ਕਿਉਂਕਿ ਵਿਸ਼ੇਸ਼ ਤੌਰ 'ਤੇ 2003 ਵਾਲੇ ਅਸਲ ਨਾਨਕਸ਼ਾਹੀ ਕੈਲੰਡਰ ਦੀ ਸਲਾਮਤੀ ਹਿੱਤ ਰੱਖਿਆ ਗਿਆ ਸੀ, ਇਸ ਲਈ ਇਥੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪਿਆ ਗਿਆ ਨਾਨਕਸ਼ਾਹੀ ਕੈਲੰਡਰ ਵੀ ਪ੍ਰੋ. ਸਾਹਿਬ ਨੇ ਜਾਰੀ ਕੀਤਾ ਜੋ ਸੰਗਤਾਂ ਵਿਚ ਵੱਡੀ ਗਿਣਤੀ ਵਿਚ ਵੰਡਿਆ ਗਿਆ। ਇਸ ਮੌਕੇ ਨਾਨਕਸ਼ਾਹੀ ਕੈਲੰਡਰ ਨਾਲ ਕੀਤੀ ਗਈ ਛੇੜਛਾੜ ਦੀ ਸੰਕੋਚਵੀਂ ਚਰਚਾ ਕਰਦਿਆਂ ਸਾਬਕਾ ਐਸ ਜੀ ਪੀ ਸੀ ਮੈਂਬਰ ਸ. ਤਰਲੋਚਨ ਸਿੰਘ ਦੁਪਾਲਪੁਰ ਅਤੇ ਖਗੋਲ ਸਾਸ਼ਤਰੀ ਸ. ਸਰਬਜੀਤ ਸਿੰਘ ਸੈਕਰਾਮੈਂਟੋ ਨੇ ਸਮੂਹ ਸੰਗਤਾਂ ਨੂੰ ਅਸਲ ਨਾਨਕਸ਼ਾਹੀ ਕੈਲੰਡਰ ਅਪਨਾਉਣ ਦੀ ਅਪੀਲ ਕੀਤੀ। ਉਨ੍ਹਾਂ ਆਖਿਆ ਕਿ ਸਿੰਘ ਸਾਹਿਬਾਨ ਨੇ ਕੁਝ ਡੇਰਾਵਾਦੀਆਂ ਅਤੇ ਬਿਪਰ ਸ਼ਕਤੀਆਂ ਦੇ ਪ੍ਰਭਾਵ ਹੇਠ ਆ ਕੇ ਨਾਨਕਸ਼ਾਹੀ ਕੈਲੰਡਰ ਦਾ ਬਿਕਰਮੀਕਰਨ ਕਰ ਦਿੱਤਾ ਹੈ। ਨਾਨਕਸ਼ਾਹੀ ਕੈਲੰਡਰ ਸਿੱਖੀ ਦੀ ਪਛਾਣ ਬਣਾਉਂਦਾ ਹੈ, ਇਸੇ ਲਈ ਕੁਝ ਤਾਕਤਾਂ ਨੂੰ ਇਹ ਚੁਭਦਾ ਹੈ। ਇਸ ਮੌਕੇ ਉਘੇ ਨਾਵਲਕਾਰ ਅਮਰਦੀਪ ਅਮਰ ਨੇ ਪ੍ਰੋ. ਸਾਹਿਬ ਦੀ ਵਿਸ਼ੇਸ਼ ਇੰਟਰਵਿਊ ਵੀ ਲਈ।

ਜਦੋਂ ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਕੀਰਤਨ ਕਰ ਰਹੇ ਸਨ ਤਾਂ ਉਸ ਸਮੇਂ ਕੁਝ ਸਿੱਖਾਂ ਦਾ ਇਕ ਛੋਟਾ ਜਿਹਾ ਗਰੁਪ ਜਿਸ ਵਿਚ ਬੱਚੇ ਵੀ ਸ਼ਾਮਲ ਸਨ, ਗੁਰੂ ਘਰ ਦੇ ਬਾਹਰ ਪ੍ਰੋ. ਸਾਹਿਬ ਦੇ ਕੀਰਤਨ ਵਿਰੁਧ ਉਚੀ ਉਚੀ ਚੌਪਈ ਸਾਹਿਬ ਦਾ ਪਾਠ ਕਰਦਾ ਰਿਹਾ। ਕਈ ਵਾਰ ਉਨ੍ਹਾਂ ਹੱਥਾਂ ਵਿਚ ਫੜੇ ਛੋਟੇ ਲਾਊਡ ਸਪੀਕਰ ਦਾ ਮੂੰਹ ਗੁਰੂ ਘਰ ਵੱਲ ਕਰ ਕੇ ਚੱਲ ਰਹੇ ਕੀਰਤਨ ਪ੍ਰਵਾਹ ਵਿਚ ਖਲਲ ਪਾਉਣ ਦੀ ਕੋਸ਼ਿਸ਼ ਵੀ ਕੀਤੀ ਪ੍ਰੰਤੂ ਗੁਰਦੁਆਰਾ ਪ੍ਰਬੰਧਕਾਂ ਨੇ ਸਕਿਉਰਿਟੀ ਦਾ ਸਖਤ ਇੰਤਜ਼ਾਮ ਕੀਤਾ ਹੋਇਆ ਸੀ, ਇਸ ਕਰ ਕੇ ਕਿਸੇ ਵੀ ਤਰ੍ਹਾਂ ਦੀ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਪ੍ਰੋ. ਦਰਸ਼ਨ ਸਿੰਘ ਨੇ ਬਾਅਦ ਵਿਚ ਕਰੱਦਰ ਅਤੇ ਸੈਲਮਾ ਦੇ ਗੁਰੂ ਘਰਾਂ ਵਿਚ ਵੀ ਕੀਰਤਨ ਦਾ ਪ੍ਰਵਾਹ ਚਲਾਇਆ।

# ਅਕਾਲੀ ਦਲ (ਅ) ਦੀ ਕੈਲੀਫੋਰਨੀਆ ਇਕਾਈ ਦਾ ਗਠਨ ਛੇਤੀ

**ਨਿਊ ਯਾਰਕ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਇਕਾਈ ਦਾ ਪੁਨਰ ਗਠਨ ਬਹੁਤ ਜਲਦ ਹੀ ਕਰ ਦਿੱਤਾ ਜਾਏਗਾ। ਇਸ ਸਬੰਧੀ ਪਾਰਟੀ ਦੀ ਅਮਰੀਕਾ ਖੇਤਰ ਦੀ ਪੰਜ ਮੈਂਬਰੀ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ- ਸ. ਸੁਰਜੀਤ ਸਿੰਘ ਕੁਲਾਰ, ਬੂਟਾ ਸਿੰਘ ਖੜੌਂਦ, ਅਵਤਾਰ ਸਿੰਘ ਹੇਅਰ, ਰੁਪਿੰਦਰ ਸਿੰਘ ਬਾਠ ਅਤੇ ਦੀਪਇੰਦਰ ਸਿੰਘ ਮਾਨ ਵਲੋਂ ਜਾਰੀ ਕੀਤੇ ਗਏ ਇਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਕੈਲੀਫੋਰਨੀਆ ਇਕਾਈ ਦਾ ਗਠਨ ਸਥਾਨਕ ਲੀਡਰਸ਼ਿਪ ਦੀ ਸਹਿਮਤੀ ਨਾਲ ਵਿਸਾਖੀ ਤੋਂ ਪਹਿਲਾਂ ਕਰ ਦਿੱਤਾ ਜਾਏਗਾ। ਜ਼ਿਕਰਯੋਗ ਹੈ ਕਿ ਦਲ ਦੀ ਕੈਲੀਫੋਰਨੀਆ ਇਕਾਈ ਦੋ ਕੁ ਹਫਤੇ ਪਹਿਲਾਂ ਭੰਗ ਕਰ ਦਿੱਤੀ ਗਈ ਸੀ।

ਸ. ਬੂਟਾ ਸਿੰਘ ਖੜੌਂਦ ਦੇ ਦਸਤਖਤਾਂ ਹੇਠ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਖੇਤਰ ਦੀ ਨੈਸ਼ਨਲ ਐਗਜ਼ੈਕਟਿਵ ਕਮੇਟੀ ਵਲੋਂ ਸਮੂਹ ਪਾਰਟੀ ਮੈਂਬਰਾਂ ਨੂੰ ਬੇਨਤੀ ਹੈ ਕਿ ਜੋ ਵੀ ਗੁਰਸਿਖ ਪਾਰਟੀ ਦੀਆਂ ਨੀਤੀਆਂ ਅਤੇ ਸਿੱਖਾਂ ਦੀ ਆਜ਼ਾਦੀ ਦੇ ਮੁੱਦੇ ਨਾਲ ਸਹਿਮਤ ਹੈ ਉਸ ਦਾ ਪਾਰਟੀ ਵਿਚ ਸੇਵਾ ਕਰਨ ਲਈ ਹਮੇਸ਼ਾ ਸਵਾਗਤ ਹੋਵੇਗਾ। ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਸ ਇਕਾਈ ਦਾ ਪਾਰਟੀ ਦੇ ਕੌਮੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨਾਲ ਸਿੱਧਾ ਸੰਪਰਕ ਬਣਿਆ ਹੋਇਆ ਹੈ ਅਤੇ ਇਸ ਸਬੰਧੀ ਕੁਝ ਲੋਕਾਂ ਵਲੋਂ ਪੈਦਾ ਕੀਤੇ ਜਾ ਰਹੇ ਭਰਮ-ਭੁਲੇਖੇ ਨਿਰਮੂਲ ਹਨ।

ਹੋਰ ਜਾਣਕਾਰੀ ਲਈ ਸੁਰਜੀਤ ਸਿੰਘ ਕੁਲਾਰ 917-434-2483 ਜਾਂ ਬੂਟਾ ਸਿੰਘ ਖੜੌਂਦ ਫੋਨ 609-351-0321 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸੁਰਿੰਦਰ ਸੀਰਤ ਵਿਪਸਾ ਦੇ ਵਾਈਸ ਚੇਅਰਮੈਨ ਬਣੇ।

**ਫਰੀਮਾਂਟ:** ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾ) ਨੂੰ ਸੰਚਾਰੂ ਅਤੇ ਸੁਯੋਗ ਤਰੀਕੇ ਨਾਲ ਚਲਾਉਣ ਲਈ ਸਰਬਸੰਮਤੀ ਨਾਲ ਅਕਾਡਮੀ ਦੇ ਕੁਝ ਹੋਰ ਅਹੁਦੇਦਾਰ ਚੁਣੇ ਗਏ ਹਨ ਜਿਨ੍ਹਾਂ ਵਿਚ ਵਾਈਸ ਚੇਅਰਮੈਨ ਸੁਰਿੰਦਰ ਸੀਰਤ, ਖ਼ਜ਼ਾਨਚੀ ਜਗਜੀਤ, ਸਾਹਿਤਕ ਸਕੱਤਰ ਓਮ ਪ੍ਰਕਾਸ਼ ਕਮਲ, ਸੰਗੀਤ ਕੋਆਰਡੀਨੇਟਰ ਗਾਇਕ ਸੁਖਦੇਵ ਸਾਹਿਲ ਅਤੇ ਵੈਬ ਆਰਗੇਨਾਈਜ਼ਰ ਅਮਨ ਬੋਪਾਰਾਏ ਨੂੰ ਬਣਾਇਆ ਗਿਆ।

ਇਸ ਸਬੰਧੀ ਸੰਸਥਾ ਦੀ ਹੋਈ ਇਕ ਮੀਟਿੰਗ ਵਿਚ ਇਸ ਤੋਂ ਬਿਨਾਂ ਸੈਕਰਾਮੈਂਟੋ ਵਿਚ ਅਕਾਡਮੀ ਦੀ ਤੀਸਰੀ ਇਕਾਈ ਵੀ ਸਥਾਪਤ ਕੀਤੀ ਗਈ ਜਿਸ ਦੀ ਜ਼ਿੰਮੇਵਾਰੀ ਜਸ ਫ਼ਿਜ਼ਾ ਨੂੰ ਸੌਂਪੀ ਗਈ। ਇਹ ਵੀ ਤੈਅ ਕੀਤਾ ਗਿਆ ਕਿ ਇਸ ਸਾਲ ਦੀਆਂ ਤ੍ਰੈਮਾਸਿਕ ਮੀਟਿੰਗਾਂ ਤਰਤੀਬਵਾਰ ਫ਼ਰਿਜ਼ਨੋ, ਸੈਕਰਾਮੈਂਟੋ ਅਤੇ ਬੇਏਰੀਆ ਵਿਚ ਹੋਣਗੀਆਂ ਅਤੇ ਸਾਲਾਨਾ ਪ੍ਰੋਗਰਾਮ ਬੇਏਰੀਆ ਵਿਚ ਹੋਵੇਗਾ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
We Also Offer Notary Service



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

Attorny At Law
Law Offices Of Jaspreet Singh
4491 W. Shaw Ave., Suite 300 B (Near Costco) Fresno, CA 93722 Ph: 559-271-5511
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440



SYAN VIDEO PRODUCTION, INC.
Professional HD Video & Digital Photo Production
Multiple Camera Shooting / Digital Still Photography (with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN (725-7926)
(With 14 years Experienced)

734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION

# ਯੂ ਐਸ ਏ ਕਬੱਡੀ ਫੈਡਰੇਸ਼ਨ ਨੇ ਕਬੱਡੀ ਮੈਚਾਂ ਦੀ ਸਾਰਣੀ ਵਿਉਂਤੀ

**ਟਰੇਸੀ (ਸਵੱਦੀ):** ਯੂ ਐਸ ਏ ਕਬੱਡੀ ਫੈਡਰੇਸ਼ਨ ਨੇ ਆਉਂਦੇ ਖੇਡ ਸੀਜ਼ਨ ਦੌਰਾਨ ਇਸ ਦੀ ਸਰਪ੍ਰਸਤੀ ਹੇਠ ਹੋਣ ਵਾਲੇ ਕਬੱਡੀ ਮੇਲਿਆਂ ਦੀ ਰੂਪ ਰੇਖਾ ਨੂੰ ਅੰਤਿਮ ਰੂਪ ਦੇ ਦਿੱਤਾ ਹੈ ਜਿਸ ਅਨੁਸਾਰ 24 ਅਪ੍ਰੈਲ ਨੂੰ ਯੂਬਾ ਸਿਟੀ, 30 ਅਪ੍ਰੈਲ ਨੂੰ ਸੈਨ ਹੋਜ਼ੇ, 8 ਮਈ ਨੂੰ ਸੇਨ ਜੋਕੁਇਨ ਸਪੋਰਟਸ ਕਲੱਬ ਕਰਮਨ, 22 ਮਈ ਨੂੰ ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਿਵਿੰਗਸਟਨ, 12 ਜੂਨ ਨੂੰ ਕਿੰਗ ਸਪੋਰਟਸ ਕਲੱਬ, ਸੈਕਰਾਮੈਂਟੋ, 10 ਜੁਲਾਈ ਨੂੰ ਇੰਡੋ ਅਮੈਰਿਕਨ ਸਪੋਰਟਸ ਕਲੱਬ, ਹੇਵਰਡ, ਇਸੇ ਮਹੀਨੇ ਸਿੱਖ ਸਪੋਰਟਸ ਕਲੱਬ ਫਰੀਮਾਂਟ (ਤਰੀਕ ਦਾ ਐਲਾਨ ਬਾਅਦ ਵਿਚ), 15 ਅਗਸਤ ਨੂੰ ਲੋਡਾਈ, ਸਤੰਬਰ ਮਹੀਨੇ (ਤਰੀਕ ਬਾਅਦ ਵਿਚ), 16 ਅਕਤੂਬਰ ਨੂੰ ਪੰਜਾਬ ਸਪੋਰਟਸ ਕਲੱਬ ਫਰਿਜ਼ਨੋ ਅਤੇ ਉਸੇ ਮਹੀਨੇ ਫੇਅਰਫੀਲਡ (ਤਰੀਕ ਬਾਅਦ ਵਿਚ) ਵਿਚ ਕਬੱਡੀ ਟੂਰਨਾਮੈਂਟ ਕਰਵਾਏ ਜਾਣਗੇ। ਕੁਝ ਹੋਰ ਖੇਡ ਮੇਲਿਆਂ ਦਾ ਐਲਾਨ ਬਾਅਦ ਵਿਚ ਕੀਤਾ ਜਾਏਗਾ।

ਇਹ ਜਾਣਕਾਰੀ ਦਿੰਦਿਆਂ ਫੈਡਰੇਸ਼ਨ ਦੇ ਇਕ ਬੁਲਾਰੇ ਜਸਵਿੰਦਰ ਸਿੰਘ ਸੋਹਲ ਨੇ ਦੱਸਿਆ ਕਿ ਇਸ ਸਬੰਧੀ ਫੈਸਲਾ ਫੈਡਰੇਸ਼ਨ ਦੀ ਇਥੇ ਸੰਸਾਰ ਰੈਸਟੋਰੈਂਟ ਵਿਚ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਸ੍ਰੀ ਸੋਹਲ ਨੇ ਦੱਸਿਆ ਕਿ ਮੀਟਿੰਗ ਵਿਚ ਕਬੱਡੀ ਮੈਚਾਂ ਦੀ ਰੂਪ ਰੇਖਾ ਵਿਉਂਤੀ ਗਈ ਅਤੇ ਸਾਰੇ ਫੈਡਰੇਸ਼ਨ ਮੈਂਬਰਾਂ ਤੇ ਸੰਸਥਾਵਾਂ ਨੂੰ ਆਪਣੀ ਮੈਂਬਰਸ਼ਿਪ ਜਮ੍ਹਾ ਕਰਵਾਉਣ ਦੀ ਬੇਨਤੀ ਕੀਤੀ ਗਈ। ਕਬੱਡੀ ਦੇ ਨਿਯਮਾਂ ਬਾਰੇ ਵੀ ਵਿਚਾਰ ਕੀਤਾ ਗਿਆ। ਇਸ ਮੀਟਿੰਗ ਵਿਚ ਪੰਜਾਬ ਸਪੋਰਟਸ ਕਲੱਬ ਫਰਿਜ਼ਨੋ ਵਲੋਂ ਬਲਬੀਰ ਸਿੰਘ ਢਿੱਲੋਂ, ਮੰਗਰ ਸਿੰਘ ਜੌਹਲ, ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ ਵਲੋਂ ਕੁਲਵਿੰਦਰ ਸਿੰਘ (ਕਿੰਦੂ ਭਲਵਾਨ), ਸੁੱਖ ਸਿੰਘ ਸੇਖੋਂ, ਗਦਰ ਸਪੋਰਟਸ ਕਲੱਬ ਸਟਾਕਟਨ ਵਲੋਂ ਗੁਰਮੀਤ ਸਿੰਘ ਬਸਰਾ, ਜਸਵੰਤ ਸਿੰਘ ਸੈਦੋਕੇ, ਸ਼ੇਰੇ ਪੰਜਾਬ ਸਪਰੋਟਸ ਕਲੱਬ ਲਾਸ ਬੈਨੋਸ ਵਲੋਂ ਅਮਰਜੀਤ ਸਿੰਘ ਸੰਘਾ, ਬਲਜੀਤ ਸਿੰਘ ਸਹੋਤਾ, ਮਾਡੈਸਟੋ ਸਪੋਰਟਸ ਕਲੱਬ ਮਾਡੈਸਟੋ ਵਲੋਂ ਜਸਵਿੰਦਰ ਸਿੰਘ ਸੋਹਲ, ਜੋੜਾ ਸਿੰਘ ਦੁਸਾਂਝ, ਯੂਬਾ ਸਿਟੀ ਸਪੋਰਟਸ ਕਲੱਬ ਵਲੋਂ ਕਰਨੈਲ ਸਿੰਘ ਚੀਮਾ, ਸੁਖਰਾਜ ਸਿੰਘ ਸਮਰਾ, ਸੇਨ ਜੋਕੁਇਨ ਸਪੋਰਟਸ ਕਲੱਬ, ਕਰਮਨ ਤੋਂ ਦਲਬੀਰ ਸਿੰਘ ਗਿੱਲ, ਸ੍ਰੀ ਧਾਲੀਵਾਲ, ਇੰਡੋ ਅਮੈਰਿਕਨ ਸੁਸਾਇਟੀ-ਅਪਨਾ ਪੰਜਾਬ, ਫਰੀਮਾਂਟ-ਹੇਵਰਡ ਵਲੋਂ ਅਵਤਾਰ ਸਿੰਘ, ਕਸ਼ਮੀਰ ਸਿੰਘ ਧੁੱਗਾ, ਬੇਕਰਜ਼ਫੀਲਡ ਸਪੋਰਟਸ ਕਲੱਬ ਬੇਕਰਜ਼ਫੀਲਡ ਵਲੋਂ ਬਲਜੀਤ ਸਿੰਘ ਧੂਤ ਅਤੇ ਹਰਜੀਤ ਸਿੰਘ ਜਾਫੀ ਨੇ ਭਾਗ ਲਿਆ।

ਹੋਰ ਜਾਣਕਾਰੀ ਲਈ ਜਸਵਿੰਦਰ ਸਿੰਘ ਸੋਹਲ (ਫੋਨ 408-391-7013) ਜਾਂ ਬਲਬੀਰ ਸਿੰਘ ਢਿੱਲੋਂ (ਫੋਨ 559-258-4184) ਨਾਲ ਸੰਪਰਕ ਕੀਤਾ ਜਾ ਸਕਦਾ ਹੈ।



## ਛੀਨਾ ਤੇ ਪਰਮਾਰ ਐਨ ਆਰ ਆਈ ਸਭਾ 'ਚੋਂ ਖਾਰਜ

ਆਰ ਆਈ ਸਭਾ, ਅਮਰੀਕਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਨੇ ਦੱਸਿਆ ਕਿ ਇਹ ਅਹੁਦੇਦਾਰ ਸਭਾ ਦੇ ਕੰਮਾਂ ਵਿਚ ਕੋਈ ਦਿਲਚਸਪੀ ਨਹੀਂ ਦਿਖਾ ਰਹੇ ਸਨ। ਇਹ ਦੋਵੇਂ ਨਿਯੁਕਤੀਆਂ ਐਨ ਆਰ ਆਈ ਸਭਾ, ਕੈਲੀਫੋਰਨੀਆ ਦੇ ਪ੍ਰਧਾਨ ਸ੍ਰੀ ਕੈਨੀ ਵਿਰਕ ਦੀ ਸਿਫਾਰਸ਼ 'ਤੇ ਕੀਤੀਆਂ ਗਈਆਂ ਸਨ।

ਸ੍ਰੀ ਬੌਬੀ ਨੇ ਦੱਸਿਆ ਕਿ ਜਦੋਂ ਦਾ ਨੇਵਾਡਾ ਸਟੇਟ ਵਿਚ ਸਭਾ ਦਾ ਗਠਨ ਹੋਇਆ ਹੈ, ਇਨ੍ਹਾਂ ਦੋਵਾਂ ਮੈਂਬਰਾਂ ਨੇ ਕਦੇ ਵੀ ਸਟੇਟ ਦੇ ਪ੍ਰਧਾਨ ਗੁਰਵਿੰਦਰ ਸਿੰਘ ਸੰਧੂ (ਸਾਬੀ) ਨਾਲ ਕਿਸੇ ਤਰ੍ਹਾਂ ਦਾ ਤਾਲਮੇਲ ਨਹੀਂ ਬਣਾਇਆ। ਸ੍ਰੀ ਬੌਬੀ ਨੇ ਕਿਹਾ ਕਿ ਸਭਾ ਦਾ ਅਨੁਸਾਸ਼ਨ ਸਖਤੀ ਨਾਲ ਰੱਖਿਆ ਜਾਏਗਾ ਅਤੇ ਸਿਰਫ ਓਹੀ ਲੋਕ ਇਸ ਵਿਚ ਰਹਿ ਸਕਣਗੇ ਜੋ ਠੀਕ ਤਰ੍ਹਾਂ ਨਾਲ ਕੰਮ ਕਰਨਗੇ ਕਿਉਂਕਿ ਐਨ ਆਰ ਆਈ ਸਭਾ ਸਿਰਫ ਅਹੁਦੇ ਵੰਡਣ ਲਈ ਨਹੀਂ ਬਣਾਈ ਗਈ।



*ਸ੍ਰੀ ਪਰਮਾਰ ਅਤੇ ਸ੍ਰੀ ਛੀਨਾ*

ਐਨ ਆਰ ਆਈ ਸਭਾ ਦੀ ਇਥੇ ਹੋਈ ਮੀਟਿੰਗ ਵਿਚ ਬੋਲਦਿਆਂ ਸ੍ਰੀ ਬੌਬੀ ਨੇ ਸਭਾ ਦੇ ਸਮੂਹ ਅਹੁਦੇਦਾਰਾਂ ਨੂੰ ਅਪੀਲ ਕੀਤੀ ਕਿ ਉਹ ਤਨੋਂ ਮਨੋਂ ਲੋਕਾਂ ਦੀ ਸੇਵਾ ਕਰਨ ਤਾਂ ਜੋ ਜਥੇਬੰਦੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਉਨ੍ਹਾਂ ਮੈਂਬਰਾਂ ਨੂੰ ਇਹ ਤਾੜਨਾ ਵੀ ਕੀਤੀ ਕਿ ਜੋ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਅ ਸਕਦੇ, ਉਹ ਆਪਣਾ ਅਹੁਦਾ ਛੱਡ ਕੇ ਦੂਜੇ ਮੈਂਬਰਾਂ ਨੂੰ ਸੇਵਾ ਦਾ ਮੌਕਾ ਦੇਣ। ਉਨ੍ਹਾਂ ਇਹ ਗੱਲ ਦੁਹਰਾਈ ਕਿ ਐਨ ਆਰ ਆਈ ਸਭਾ ਇਕ ਗੈਰਸਿਆਸੀ ਸੰਸਥਾ ਹੈ ਅਤੇ ਕਿਸੇ ਵੀ ਪਾਰਟੀ ਦਾ ਕੋਈ ਮੈਂਬਰ ਇਸ ਦਾ ਮੈਂਬਰ ਬਣ ਸਕਦਾ ਹੈ। ਸਭਾ ਪੂਰੀ ਦਿਆਨਤਦਾਰੀ ਨਾਲ ਪਰਵਾਸੀ ਪੰਜਾਬੀਆਂ ਦੇ ਮਸਲੇ ਹੱਲ ਕਰਨ ਲਈ ਹਮੇਸ਼ਾ ਤਤਪਰ ਰਹੇਗੀ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸਭਾ ਦੇ ਸਕੱਤਰ ਜਨਰਲ ਤੇਜਪਾਲ ਨਿਕਸਨ, ਵਾਈਸ ਚੇਅਰਮੈਨ ਜਗਦੀਸ਼ ਢਿੱਲੋਂ, ਜਨਰਲ ਸਕੱਤਰ ਮਨਜੀਤ ਸਿੰਘ, ਮੀਤ ਪ੍ਰਧਾਨ ਰੌਣਕ ਸਿੰਘ, ਮਨਜੋਤ ਰਾਏ ਅਤੇ ਗੁਰਸੇਵਕ ਸਿੰਘ ਬਰਾੜ ਹਾਜ਼ਰ ਸਨ ਜਿਨ੍ਹਾਂ ਨੇ ਉਪਰੋਕਤ ਦੋਹਾਂ ਅਹੁਦੇਦਾਰਾਂ ਨੂੰ ਸਭਾ ਵਿਚੋਂ ਕੱਢੇ ਜਾਣ ਦਾ ਸਵਾਗਤ ਕਰਦਿਆਂ ਕਿਹਾ ਕਿ ਅਨੁਸਾਸ਼ਨ ਹਰ ਹਾਲਤ ਵਿਚ ਰੱਖਿਆ ਜਾਵੇ।

## ਵਿਕੀਲੀਕਸ ਨੂੰ ਸੂਚਨਾ ਦੇਣ ਵਾਲੇ ਨਾਲ ਮਾੜਾ ਵਿਹਾਰ

**ਵਾਸ਼ਿੰਗਟਨ:** ਵਿਕੀਲੀਕਸ ਵੈਬਸਾਈਟ ਨੂੰ ਖੁਫੀਆ ਜਾਣਕਾਰੀ ਮੁਹੱਈਆ ਕਰਾਉਣ ਦੇ ਦੋਸ਼ ਹੇਠ ਗ੍ਰਿਫਤਾਰ ਇਕ ਅਮਰੀਕੀ ਫੌਜੀ ਨੂੰ ਵਾਜੀਨੀਆ ਸਥਿਤ ਜੇਲ੍ਹ ਵਿਚ ਹਫਤੇ 'ਚ ਘੱਟੋ-ਘੱਟ ਇਕ ਵਾਰ ਨੰਗਿਆਂ ਸੌਣ ਲਈ ਮਜਬੂਰ ਕੀਤਾ ਗਿਆ। ਇਹ ਗੱਲ ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਨੇ ਵੀ ਮੰਨੀ ਹੈ। ਇਹ 23 ਸਾਲਾ ਫੌਜੀ ਬਰੈਡਲੀ ਮੈਨਿੰਗ ਬੀਤੇ 7 ਮਹੀਨਿਆਂ ਤੋਂ ਹਿਰਾਸਤ ਵਿਚ ਹੈ।

## Matrimonials

### ਕੰਨਿਆ ਦੀ ਲੋੜ

ਜੱਟ ਸਿੱਖ ਢਿੱਲੋਂ, ਸੁਨੱਖੇ, 22, 5'11", ਦਸ ਸਾਲ ਦੇ ਟੂਰਿਸਟ/ਬਿਜਨਸ ਵੀਜ਼ੇ 'ਤੇ ਅਮਰੀਕਾ ਆਪਣੇ ਪਿਤਾ ਪਾਸ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਫੋਨ 812-677-6206 ਜਾਂ ਈਮੇਲ: dhillon196315@yahoo.com

Wanted suitable match for Jatt Sikh US born, handsome, cleanshaven, 27/ 6'1", engineer (BSc. Engg.) boy, manager in a top US corporation. Educated, respected family, no demands. Pl. contact: Sikh5family@gmail.com

### ਵਰ ਦੀ ਲੋੜ

Sikh match for Parjapat Sikh female, 30, 5'- 6", working with US University on H1 visa, PhD (Molecular Biology) from US. Caste no bar, US/Canada preferred. Contact at 978-799-8948 (US), 91-98784-59056 (India), or piscean100@yahoo.com




**Guaranteed Save $5,000!**

**on Your Home Purchase or I will Pay You $1,000 Cash**

Call 24hr Free Information 1-888-450-6603, ID 4008

Call Amardeep SinghRealtor/Loan Broker PH:(916) 712-2735 FAX:(916)679-5986 Lic #01357217

**Antelope $148,000**



**$5,180 Down $774 Payment**
Beautiful 3 bedroom. Cozy fire. Lovely home. Excellent School. Payment less than rent.
**FREE INFO: 1-888-450-6603**
ID # 4212

**Elk Grove $270,000**



**$9,450 Down $1,329 Payment**
Walking distance to school, park and shopping plazas. Lovely home. Clean. Private Yard.
**FREE INFO: 1-888-450-6603**
ID # 4226

**Sacramento $128,000**



**$4,480 Down $613 Payment**
Eat in Kitchen, family house, clean, private backyard. Quite neighborhood. Bright rooms
**FREE INFO: 1-888-450-6603**
ID # 4217

**Elk Grove $230,000**




**$7,350 Down $1,089PMT**
Lovely home. Beautiful 4 bedroom. Great schools. Private yard. Perfect for family.
**FREE INFO: 1-888-450-6603**
ID #4221

**Antelope $139,000**



**$4,865 Down! $782 Payment**
Quite street. Bright living & family room. Perfect home.Unique. Shaded backyard. Cozy fireplace. Patio.
**FREE INFO:1-888-450-6603**
ID#4201

**Sacramento $165,000**



**$5,600 Down. $837 Payment**
Big family house. One Bed and Bath downstairs. Formal Dining. 3 Car Garage. Safe neighborhood.
**FREE INFO: 1-888-450-6603**
ID # 4204

**Sacramento $229,000**



**$8,015 Down $1,198 PMT**
Anatolia Beauty. New community. Good Schools. Walking distance to park.
**FREE INFO: 1-888-450-6603**
ID # 4222

**Sacramento $99,000**



**$3,465 Down $647 Payment**
Great Location. 3 Beds. Separate Dining and Family Room. Family house. Private backyard.
**FREE INFO: 1-888-450-660**
ID # 4224

**For Short Sale I received over $4,500**




**FREE** cash back money when we did our short sale. Both my first, second loans, utility bills and property taxes were forgiven by the lenders. I got enough time to relocate to next home. Amardeep had his whole team negotiated with the lenders and protected our rights. Thanks for saving my credit and being foreclosed… Mike and family

**Elk Grove $238,000**



**$8,830 Down $1,245 Payment**
Quite Street. Great neighborhood. Perfect. Cozy Fireplace. Open Lay Out. Den. Bright rooms
**FREE INFO: 1-888-450-6603**
ID # 4228

**Sacramento $220,000**



**$7700 Down $1,152 Payment**
Peaceful. Family home. Lovely. 2005 Built. Shaded huge backyard. Newer Area.Spacious.
**FREE INFO: 1-888-450-6603**
ID #4229

**Punjab Times**
Established in 2000
11th Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 80 ਡਾਲਰ,
ਪੰਜ ਸਾਲ ਲਈ: 375 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਕਾਂਗਰਸ ਵੱਲੋਂ ਵਿਧਾਨ ਸਭਾ 'ਚ ਸਰਕਾਰ ਨੂੰ ਰਗੜੇ

# ਔਰਤਾਂ 'ਤੇ ਜ਼ਿਆਦਤੀ ਦੇ ਮਾਮਲੇ 'ਤੇ ਬਾਦਲ ਬੁਰੀ ਤਰ੍ਹਾਂ ਘਿਰੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਵੇਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਵਿੱਤ ਮੰਤਰੀ ਅਜੇ ਤੱਕ ਬਜਟ ਸੈਸ਼ਨ 'ਚ ਸ਼ਾਮਲ ਨਹੀਂ ਹੋਏ ਪਰ ਵਿਰੋਧੀ ਧਿਰ ਵੱਲੋਂ ਕਈ ਮੁੱਦਿਆਂ 'ਤੇ ਸਰਕਾਰ ਨੂੰ ਖੂਬ ਰਗੜੇ ਲਾਏ ਜਾ ਰਹੇ ਹਨ। ਸਭ ਤੋਂ ਪਹਿਲਾਂ ਵਿਰੋਧੀ ਧਿਰ ਨੇ ਸਿਹਤ ਵਿਭਾਗ ਦੀਆਂ ਮੁਲਾਜ਼ਮ ਔਰਤਾਂ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਿਧਾਨ ਸਭਾ ਹਲਕੇ ਲੰਬੀ ਵਿਚ ਹੋਏ ਲਾਠੀਚਾਰਜ ਤੇ ਵਿਧਾਨ ਸਭਾ ਹਲਕਾ ਭੁਲੱਥ ਵਿਚ ਬਲਾਤਕਾਰ ਪੀੜਤ ਔਰਤ ਦੇ ਮਾਮਲੇ ਵਿਚ ਪੁਲੀਸ ਕਾਰਵਾਈ ਨਾ ਹੋਣ ਖ਼ਿਲਾਫ਼ ਜ਼ੋਰਦਾਰ ਹੰਗਾਮਾ ਕੀਤਾ। ਦੋਵਾਂ ਮਾਮਲਿਆਂ ਨੂੰ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਚੁੱਕਦਿਆਂ ਕਿਹਾ ਕਿ ਮੁੱਖ ਮੰਤਰੀ ਦੋਵਾਂ ਮਾਮਲਿਆਂ ਵਿਚ ਕਾਰਵਾਈ ਕਰਨ ਦਾ ਭਰੋਸਾ ਦੇਣ। ਸਦਨ ਦੇ ਨੇਤਾ ਨੇ ਜਦੋਂ ਕੋਈ ਹੁੰਗਾਰਾ ਨਾ ਭਰਿਆ ਤਾਂ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਖੜ੍ਹੀ ਹੋ ਗਈ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ ਔਰਤਾਂ ਵਿਰੁੱਧ ਵਾਪਰੀਆਂ ਘਟਨਾਵਾਂ ਲਈ ਜ਼ਿੰਮੇਵਾਰੀ ਲੈਂਦੇ ਹੋਏ ਉਹ ਮੁਆਫ਼ੀ ਮੰਗਣ।

ਸਦਨ ਦੇ ਆਗੂ ਨੇ ਜਦੋਂ ਕੋਈ ਹੁੰਗਾਰਾ ਨਾ ਭਰਿਆ ਤਾਂ ਸਮੁੱਚੀ ਵਿਰੋਧੀ ਧਿਰ ਨਾਅਰੇ ਮਾਰਦੀ ਹੋਈ ਵਾਕਆਊਟ ਕਰ ਗਈ। ਵਿਰੋਧੀ ਧਿਰ ਦੀ ਨੇਤਾ ਦਾ ਕਹਿਣਾ ਸੀ ਕਿ ਮੁੱਦਾ ਬੜਾ ਗੰਭੀਰ ਹੈ, ਇਸ ਲਈ ਇਸ ਦੀ ਨਿੰਦਾ ਕਰਨੀ ਬਣਦੀ ਹੈ। ਸ੍ਰੀ ਬਾਦਲ ਨੇ ਵਿਰੋਧੀ ਧਿਰ ਵੱਲੋਂ ਕੀਤੇ ਜਾ ਰਹੇ ਹਮਲਿਆਂ ਦੇ ਜਵਾਬ ਵਿਚ ਕਿਹਾ ਕਿ ਪਿਛਲੀ ਕਾਂਗਰਸ ਹਕੂਮਤ ਦੌਰਾਨ ਵੀ ਔਰਤਾਂ 'ਤੇ ਅਤਿਆਚਾਰ ਹੁੰਦਾ ਰਿਹਾ ਹੈ। ਇਸ ਦੇ ਜਵਾਬ ਵਿਚ ਬੀਬੀ ਭੱਠਲ ਨੇ ਬਾਦਲ ਨੂੰ ਆੜੇ ਹੱਥੀਂ ਲੈਂਦਿਆਂ ਕਿ, "ਤੁਸੀਂ ਵਿਰੋਧੀ ਧਿਰ ਵਿੱਚ ਰਹਿ ਕੇ ਵੀ ਔਰਤਾਂ ਦੀ ਰਾਖੀ ਨਹੀਂ ਕਰ ਸਕੇ ਕਿਉਂਕਿ ਉਦੋਂ ਤੁਸੀਂ ਔਰਤਾਂ 'ਤੇ ਅਤਿਆਚਾਰ ਦਾ ਕੋਈ ਮੁੱਦਾ ਨਹੀਂ ਚੁੱਕਿਆ। ਹੁਣ ਸਰਕਾਰ ਵਿਚ ਆ ਕੇ ਵੀ ਔਰਤਾਂ ਦੀ ਰਾਖੀ ਕਰਨ ਵਿਚ ਨਾਕਾਮਯਾਬ ਸਾਬਤ ਹੋ ਰਹੇ ਹੋ।" ਸ੍ਰੀ ਬਾਦਲ ਨੇ ਜਵਾਬ ਵਿੱਚ ਕਿਹਾ ਕਿ ਹਰ ਕੋਈ ਬਾਦਲ ਪਿੰਡ ਵੱਲ ਨੂੰ ਤੁਰ ਪੈਂਦਾ ਹੈ ਉੱਥੇ ਤਾਂ ਕੋਈ ਰਹਿੰਦਾ ਹੀ ਨਹੀਂ। ਜੇਕਰ ਕਿਸੇ ਨੂੰ ਤਕਲੀਫ਼ ਹੈ ਤਾਂ ਚੰਡੀਗੜ੍ਹ ਵਿਚ ਆ ਕੇ ਮਿਲੇ।

ਮੁੱਖ ਮੰਤਰੀ ਨੇ ਸਦਨ ਨੂੰ ਦੱਸਿਆ ਕਿ ਲੰਬੀ ਲਾਠੀਚਾਰਜ ਬਾਰੇ ਰਿਪੋਰਟ ਤਲਬ ਕੀਤੀ ਗਈ ਹੈ। ਮੁੱਖ ਮੰਤਰੀ ਦੇ ਇਸ ਜਵਾਬ ਤੋਂ ਵਿਰੋਧੀ ਧਿਰ ਸ਼ਾਂਤ ਨਾ ਹੋਈ ਤੇ ਵਿਰੋਧੀ ਧਿਰ ਨੇ ਮੰਗ ਕੀਤੀ ਕਿ ਸ੍ਰੀ ਬਾਦਲ ਮੁਆਫ਼ੀ ਮੰਗਣ। ਸ੍ਰੀ ਖਹਿਰਾ ਨੇ ਕਿਹਾ ਕਿ ਲੰਬੀ ਵਿਚ ਲਾਠੀਚਾਰਜ ਦੌਰਾਨ ਪੁਲੀਸ ਨੇ ਔਰਤਾਂ 'ਤੇ ਬੇਤਹਾਸ਼ਾ ਤਸ਼ੱਦਦ ਕੀਤਾ ਤੇ ਲਾਠੀਚਾਰਜ ਕਾਰਨ ਜ਼ਖ਼ਮੀ ਹੋਈ ਇਕ ਔਰਤ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਉਨ੍ਹਾਂ ਨੇ ਸੂਬੇ ਵਿਚੋਂ 781 ਲੜਕੀਆਂ ਦੇ ਲਾਪਤਾ ਹੋਣ ਦਾ ਮਾਮਲਾ ਵੀ ਚੁੱਕਿਆ। ਕਾਂਗਰਸ ਦੇ ਅਵਤਾਰ ਸਿੰਘ ਬਰਾੜ ਨੇ ਸਰਕਾਰ 'ਤੇ ਦੋਗਲੀ ਨੀਤੀ ਅਪਨਾਉਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਹਾਕਮ ਧਿਰ ਸਦਨ ਦੀ ਮਰਿਆਦਾ ਵੀ ਬਹਾਲ ਨਹੀਂ ਰੱਖ ਰਹੀ ਕਿਉਂਕਿ ਸਦਨ ਵਿਚ ਜੋ ਭਰੋਸਾ ਦਿੱਤਾ ਜਾਂਦਾ ਹੈ, ਸਰਕਾਰ ਉਸ 'ਤੇ ਖਰੀ ਨਹੀਂ ਉੱਤਰਦੀ।

## ਕੈਂਸਰ ਪੀੜਤਾਂ ਦੀ ਮਦਦ ਲਈ ਵਿਸ਼ੇਸ਼ ਫੰਡ ਦਾ ਐਲਾਨ

ਇਸੇ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੈਂਸਰ ਦੀ ਬਿਮਾਰੀ ਤੋਂ ਪੀੜਤ ਮਰੀਜ਼ਾਂ ਨੂੰ ਵਿੱਤੀ ਰਾਹਤ ਦੇਣ ਲਈ ਵਿਸ਼ੇਸ਼ ਫੰਡ ਕਾਇਮ ਕਰਨ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਇਹ ਐਲਾਨ ਪੰਜਾਬ ਵਿਧਾਨ ਸਭਾ ਵਿਚ ਪ੍ਰਸ਼ਨ ਕਾਲ ਦੌਰਾਨ ਕੀਤਾ। ਕਾਂਗਰਸੀ ਵਿਧਾਇਕਾਂ ਅਜੀਤਇੰਦਰ ਸਿੰਘ ਮੋਫਰ ਤੇ ਸੁਖਪਾਲ ਸਿੰਘ ਖਹਿਰਾ ਵੱਲੋਂ ਪੁੱਛੇ ਸਵਾਲ ਦੇ ਜਵਾਬ ਦੌਰਾਨ ਸ੍ਰੀ ਬਾਦਲ ਨੇ ਕਿਹਾ ਕਿ ਕੈਂਸਰ ਦੇ ਇਲਾਜ 'ਤੇ ਬਹੁਤ ਜ਼ਿਆਦਾ ਖਰਚ ਆਉਂਦਾ ਹੈ। ਇਸ ਬਿਮਾਰੀ ਤੋਂ ਪੀੜਤ ਰੋਗੀਆਂ ਦੇ ਇਲਾਜ ਲਈ ਸਰਕਾਰ ਵੱਲੋਂ ਫੰਡ ਕਾਇਮ ਕੀਤਾ ਜਾਵੇਗਾ। ਇਸ ਫੰਡ ਵਿਚੋਂ ਲੋੜਵੰਦਾਂ ਨੂੰ ਵਿੱਤੀ ਰਾਹਤ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕੈਂਸਰ ਪੀੜਤ ਰੋਗੀਆਂ ਲਈ ਕਾਇਮ ਕੀਤੇ ਜਾਣ ਵਾਲੇ ਫੰਡ ਵਿਚ ਮੰਤਰੀਆਂ, ਮੁੱਖ ਪਾਰਲੀਮਾਨੀ ਸਕੱਤਰਾਂ ਤੇ ਵਿਧਾਇਕਾਂ ਨੂੰ ਇਕ-ਇਕ ਮਹੀਨੇ ਦੀ ਤਨਖ਼ਾਹ ਦਾ ਯੋਗਦਾਨ ਪਾਉਣ ਲਈ ਕਿਹਾ ਜਿਸ ਨਾਲ ਵਿਰੋਧੀ ਧਿਰ ਦੇ ਮੈਂਬਰਾਂ ਨੇ ਸਹਿਮਤੀ ਪ੍ਰਗਟ ਕੀਤੀ।

ਮੁੱਖ ਮੰਤਰੀ ਨੇ ਸਿਹਤ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਨੂੰ ਸੁਸਾਇਟੀ ਦਾ ਗਠਨ ਕਰਨ ਲਈ ਕਿਹਾ ਜਿਸ ਦੇ ਤਹਿਤ ਇਸ ਫੰਡ ਦਾ ਪ੍ਰਬੰਧ ਸੰਭਵ ਹੋ ਸਕੇ।ਸ੍ਰੀ ਬਾਦਲ ਨੇ ਕਿਹਾ ਕਿ ਕੈਂਸਰ ਸਿਰਫ਼ ਮਾਲਵਾ ਖਿੱਤੇ ਜਾਂ ਪੰਜਾਬ ਦੇ ਲੋਕਾਂ ਨੂੰ ਹੀ ਮੌਤ ਦੇ ਮੂੰਹ 'ਚ ਨਹੀਂ ਪਹੁੰਚਾ ਰਿਹਾ ਸਗੋਂ ਅਮਰੀਕਾ ਵਰਗੇ ਮੁਲਕ ਦੇ ਵਾਸੀ ਵੀ ਕੈਂਸਰ ਦੀ ਲਪੇਟ ਵਿੱਚ ਆ ਰਹੇ ਹਨ। ਸ੍ਰੀ ਖਹਿਰਾ ਨੇ ਇਸ ਮਾਮਲੇ 'ਤੇ ਟਾਸਕ ਫੋਰਸ ਦਾ ਗਠਨ ਕਰਨ ਦੀ ਮੰਗ ਕੀਤੀ। ਪਹਿਲਾਂ ਮੁੱਖ ਸਵਾਲਾਂ ਦੇ ਜਵਾਬ ਦਿੰਦਿਆਂ ਸਿਹਤ ਮੰਤਰੀ ਨੇ ਸਦਨ ਨੂੰ ਦੱਸਿਆ ਕਿ ਸਾਲ 2001 ਤੋਂ 2009 ਤੱਕ ਦੇ ਸਮੇਂ ਦੌਰਾਨ ਸੂਬੇ ਦੇ ਸਿਰਫ਼ ਦਿਹਾਤੀ ਖੇਤਰਾਂ 'ਚ ਕੈਂਸਰ ਪੀੜਤ ਰੋਗੀਆਂ ਦੀ ਗਿਣਤੀ 23427 ਸੀ। ਇਸ ਸਮੇਂ ਦੌਰਾਨ 16730 ਰੋਗੀਆਂ ਦੀ ਮੌਤ ਹੋ ਗਈ ਤੇ ਇਸ ਸਮੇਂ 6000 ਤੋਂ ਵੱਧ ਦਾ ਇਲਾਜ ਚੱਲ ਰਿਹਾ ਹੈ।

## ਕਰੁਣਾਨਿਧੀ ਦੀ ਯੂ.ਪੀ.ਏ. ਸਰਕਾਰ ਨੂੰ ਘੁਰਕੀ ਨਾਕਾਮ

ਨੂੰ ਖ਼ਤਮ ਕਰਨ ਲਈ 8 ਮਾਰਚ ਨੂੰ ਸੰਸਦ ਭਵਨ 'ਚ ਕਾਂਗਰਸ ਦੇ ਸੀਨੀਅਰ ਆਗੂ ਪ੍ਰਣਬ ਮੁਖਰਜੀ ਨੇ ਡੀ.ਐਮ.ਕੇ. ਦੇ ਆਗੂ ਦਿਆਨਿਧੀ ਨਾਲ ਦੋ ਮੀਟਿੰਗਾਂ ਕੀਤੀਆਂ। ਇਨ੍ਹਾਂ ਮੀਟਿੰਗਾਂ 'ਚ ਗੁਲਾਮ ਨਬੀ ਆਜ਼ਾਦ ਤੇ ਸੋਨੀਆ ਗਾਂਧੀ ਦਾ ਸਿਆਸੀ ਸਕੱਤਰ ਅਹਿਮਦ ਪਟੇਲ ਵੀ ਹਾਜ਼ਰ ਸਨ। ਇਥੇ ਜ਼ਿਕਰਯੋਗ ਹੈ ਕਿ ਕਾਂਗਰਸ 'ਤੇ ਜ਼ਿਆਦਾ ਸੀਟਾਂ ਮੰਗਣ ਦਾ ਦੋਸ਼ ਲਾਉਂਦਿਆਂ ਡੀ.ਐਮ.ਕੇ. ਦੇ ਮੁਖੀ ਕਰੁਣਾਨਿਧੀ ਨੇ 6 ਮਾਰਚ ਨੂੰ ਯੂ.ਪੀ.ਏ. ਸਰਕਾਰ ਤੋਂ ਬਾਹਰ ਹੋਣ ਦੀ ਧਮਕੀ ਦੇ ਦਿੱਤੀ ਸੀ ਪਰ ਉਸੇ ਸਮੇਂ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਮੁਲਾਇਮ ਸਿੰਘ ਯਾਦਵ ਤੇ ਬੀਜੂ ਜਨਤਾ ਦਲ ਦੇ ਮੁਖੀ ਨਵੀਨ ਪਟਨਾਇਕ ਵੱਲੋਂ ਸਰਕਾਰ ਦੀ ਹਮਾਇਤ ਦੇ ਐਲਾਨ ਕੀਤੇ ਜਾਣ ਕਾਰਨ ਕਰੁਣਾਨਿਧੀ ਦੀ ਸਿਆਸੀ ਚਾਲ ਧਰੀ-ਧਰਾਈ ਰਹਿ ਗਈ ਕਿਉਂਕਿ ਉੜੀਸਾ ਤੋਂ ਲੋਕ ਸਭਾ ਦੀਆਂ 21 ਸੀਟਾਂ 'ਚੋਂ ਛੇ ਕਾਂਗਰਸ ਤੇ 14 ਬੀ.ਜੇ.ਡੀ. ਕੋਲ ਹਨ। ਉਂਜ ਤ੍ਰਿਣਮੂਲ ਕਾਂਗਰਸ (19 ਸੰਸਦ ਮੈਂਬਰਾਂ) ਤੋਂ ਬਾਅਦ ਡੀ.ਐਮ.ਕੇ. ਕੌਮੀ ਪ੍ਰਗਤੀਸ਼ੀਲ ਗੱਠਜੋੜ 'ਚ 18 ਸੰਸਦ ਮੈਂਬਰਾਂ ਨਾਲ ਸਭ ਤੋਂ ਵੱਡੀ ਤੇ ਵਿਸ਼ਵਾਸਪਾਤਰ ਭਾਈਵਾਲ ਹੈ ਜਿਸ ਕਾਰਨ ਕਿ ਵਾਰ ਤਾਂ ਦੇਸ਼ 'ਚ ਸਿਆਸੀ ਸੰਕਟ ਖੜ੍ਹਾ ਹੋਣ ਦੇ ਆਸਾਰ ਬਣ ਗਏ ਸਨ।

ਇਸ ਤੋਂ ਪਹਿਲਾਂ ਡੀ.ਐਮ.ਕੇ. ਮੁਖੀ ਕਰੁਣਾਨਿਧੀ ਦਾ ਕਹਿਣਾ ਸੀ ਕਿ ਕਾਂਗਰਸ ਨੂੰ 234 ਵਿਚੋਂ 51 ਸੀਟਾਂ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ। ਕਾਂਗਰਸ ਦਾ ਬਹੁਤਾ ਜ਼ੋਰ ਪੈਣ 'ਤੇ ਇਹ ਪੇਸ਼ਕਸ਼ 60 ਸੀਟਾਂ ਦੀ ਕਰ ਦਿੱਤੀ ਗਈ ਪਰ ਕਾਂਗਰਸ ਬਾਅਦ 'ਚ 63 ਸੀਟਾਂ ਲੈਣ 'ਤੇ ਅੜ ਗਈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕਰੁਣਾਨਿਧੀ 2-ਜੀ ਸਪੈਕਟ੍ਰਮ ਘੁਟਾਲੇ ਦਾ ਸਾਰਾ ਦੋਸ਼ ਡੀ.ਐਮ.ਕੇ. ਦੇ ਮੰਤਰੀ ਸਿਰ ਮੜ੍ਹਨ ਤੋਂ ਹੀ ਔਖੇ ਹਨ ਪਰ ਤਾਮਿਲਨਾਡੂ 'ਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਕਾਰਨ ਉਸ ਦੀ ਕੋਈ ਪੇਸ਼ ਨਹੀਂ ਚੱਲ ਰਹੀ। ਸੀਟਾਂ ਦੀ ਵੰਡ ਨੂੰ ਲੈ ਕੇ ਪੈਦਾ ਹੋਏ ਰੇੜਕੇ ਦਾ ਲਾਹਾ ਲੈਂਦਿਆਂ ਕਰੁਣਾਨਿਧੀ ਨੇ ਕੌਮੀ ਪ੍ਰਗਤੀਸ਼ੀਲ ਗੱਠਜੋੜ ਸਰਕਾਰ ਨਾਲੋਂ ਆਪਣੇ-ਆਪ ਨੂੰ ਵੱਖ ਕਰਨ ਤੇ ਕੇਂਦਰ 'ਚ ਆਪਣੇ ਛੇ ਮੰਤਰੀਆਂ ਨੂੰ ਵਾਪਸ ਬੁਲਾਉਣ ਦਾ ਐਲਾਨ ਕਰ ਦਿੱਤਾ ਪਰ ਸਰਕਾਰ ਡੇਗਣ ਦੀ ਹੈਸੀਅਤ ਨਾ ਹੋਣ ਕਾਰਨ ਉਸ ਨੂੰ ਮੁੜ ਕਾਂਗਰਸ ਦੀ ਗੱਲ ਮੰਨਣੀ ਹੀ ਪਈ।

# ਰਾਜੀਵ-ਲੌਂਗੋਵਾਲ ਸਮਝੌਤਾ ਤੇ ਅਰਜਨ ਸਿੰਘ

**ਗੁਲਜ਼ਾਰ ਸੰਧੂ**

ਬਜ਼ੁਰਗ ਕਾਂਗਰਸੀ ਨੇਤਾ ਅਰਜਨ ਸਿੰਘ ਜਿਨ੍ਹਾਂ ਦੀ ਪਿਛਲੇ ਦਿਨੀਂ ਮੌਤ ਹੋ ਗਈ, ਦੇ ਪੰਜਾਬ ਨਾਲ ਗਹਿਰੇ ਰਿਸ਼ਤੇ ਰਹੇ ਹਨ। ਪੰਜਾਬ ਵੀ ਛੇਤੀ ਨਹੀਂ ਭੁੱਲ ਸਕਦਾ। ਪਿਛਲੀ ਸਦੀ ਦੇ ਅੰਤਲੇ ਦਹਾਕਿਆਂ ਵਿਚ ਨੀਲਾ ਤਾਰਾ ਅਪ੍ਰੇਸ਼ਨ ਅਤੇ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਪਿੱਛੋਂ ਦੀਆਂ ਘਟਨਾਵਾਂ ਨੇ ਪੰਜਾਬ ਤਾਂ ਕੀ, ਜਿਥੇ ਕਿਤੇ ਵੀ ਪੰਜਾਬੀ ਵਸਦੇ ਸਨ, ਸਭਨਾਂ ਦੀ ਸੋਚ ਨੂੰ ਵਲੂੰਧਰ ਕੇ ਰੱਖ ਦਿੱਤਾ ਸੀ। ਪੰਜਾਬ ਵਿਚ ਅਸ਼ਾਂਤੀ ਦਾ ਮਾਹੌਲ ਬਿਆਨ ਤੋਂ ਬਾਹਰ ਸੀ। ਅਰਜਨ ਸਿੰਘ ਨੇ ਸ਼ੁਕਲਾ ਭਰਾਵਾਂ ਨੂੰ ਖੂੰਡੇ ਲਾ ਕੇ ਤੇ ਮੁੱਖ ਮੰਤਰੀ ਦੀ ਪਦਵੀ ਪਾ ਕੇ ਮੱਧ ਪ੍ਰਦੇਸ਼ ਵਿਚ ਆਪਣੀ ਧਾਂਕ ਜਮਾਅ ਰੱਖੀ ਸੀ। ਦੇਸ਼ ਦੇ ਸਭ ਤੋਂ ਵੱਡੇ ਰਾਜ ਦੀ ਵਾਗਡੋਰ ਨੂੰ ਪੂਰੀ ਸ਼ਕਤੀ ਨਾਲ ਸੰਭਾਲਣ ਵਾਲਾ ਉਹ ਪਹਿਲਾ ਮੁੱਖ ਮੰਤਰੀ ਸੀ। ਉਸ ਨੇ ਆਪਣੇ ਰਾਜਕਾਲ ਵਿਚ ਆਦਿਵਾਸੀਆਂ ਦਾ ਜੰਗਲ ਦੀ ਉਪਜ ਉਤੇ ਪੂਰਾ ਹੱਕ ਸਵੀਕਾਰ ਕੀਤਾ ਅਤੇ ਝੁੱਗੀ-ਝੌਂਪੜੀ ਵਿਚ ਰਹਿਣ ਵਾਲੇ ਨਿਥਾਵਿਆਂ ਨੂੰ ਥਾਂ ਦਿਵਾਈ। ਉਸ ਦੀ ਨਹਿਰੂ-ਗਾਂਧੀ ਪਰਿਵਾਰ ਨਾਲ ਵਫ਼ਾਦਾਰੀ ਵੀ ਕਿਸੇ ਨੂੰ ਭੁੱਲੀ ਨਹੀਂ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਪੰਜਾਬ ਵਿਚ ਸ਼ਾਂਤੀ ਲਿਆਉਣ ਵਾਲਾ ਹੋਰ ਕੋਈ ਦਿਖਾਈ ਨਹੀਂ ਸੀ ਦਿੰਦਾ। ਇਸ ਲਈ ਅਰਜਨ ਸਿੰਘ ਨੂੰ ਪੰਜਾਬ ਦਾ ਰਾਜਪਾਲ ਥਾਪਿਆ ਗਿਆ।

ਆਪਣੇ ਅੱਠ ਮਹੀਨੇ ਦੇ ਕਾਰਜ ਕਾਲ ਸਮੇਂ ਜਿੰਨੀ ਮਿਹਨਤ, ਸਿਆਣਪ ਤੇ ਦੂਰ-ਦ੍ਰਿਸ਼ਟੀ ਨਾਲ ਅਰਜਨ ਸਿੰਘ ਨੇ ਕੰਮ ਕੀਤਾ, ਉਸ ਦਾ ਕੋਈ ਜਵਾਬ ਨਹੀਂ ਸੀ। ਉਸ ਨੇ ਰਾਜਪਾਲ ਦੀ ਕੁਰਸੀ ਉਤੇ ਬੈਠਦੇ ਸਾਰ ਪੰਜਾਬ ਦੇ ਸਿਰਕੱਢ ਸਿਆਸਤਦਾਨਾਂ, ਪੱਤਰਕਾਰਾਂ, ਵਕੀਲਾਂ ਤੇ ਹੋਰ ਬੁੱਧੀਜੀਵੀਆਂ ਦੀ ਰਾਇ ਜਾਣ ਕੇ ਪੰਜਾਬ ਵਿਚ ਸਥਾਈ ਸ਼ਾਂਤੀ ਲਿਆਉਣ ਵਾਲੇ ਜਿਹੜੇ ਨੁਕਤੇ ਲੱਭੇ, ਉਨ੍ਹਾਂ ਵਿਚ ਅੱਜ ਵੀ ਓਨਾ ਹੀ ਦਮ ਹੈ। ਚੰਡੀਗੜ੍ਹ ਦਾ ਪੰਜਾਬ ਨੂੰ ਦਿੱਤੇ ਜਾਣਾ, ਦਰਿਆਈ ਪਾਣੀਆਂ ਦੀ ਯੋਗ ਵੰਡ ਤੇ ਪੰਜਾਬੀ ਬੋਲਦੇ ਖੇਤਰਾਂ ਸਬੰਧੀ ਨਿਬੇੜਾ ਉਨ੍ਹਾਂ ਵਿਚੋਂ ਪ੍ਰਮੁੱਖ ਸਨ। ਪੰਜਾਬ ਦੀ ਉਸ ਵੇਲੇ ਦੀ ਪ੍ਰਮੁੱਖ ਸਿਆਸੀ ਪਾਰਟੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ



ਅਰਜਨ ਸਿੰਘ

ਸਿੰਘ ਲੌਂਗੋਵਾਲ ਨੂੰ ਪੰਜਾਬ ਦਾ ਪ੍ਰਤੀਨਿਧ ਬਣਾ ਕੇ ਪੰਜਾਬ ਸਮਝੌਤੇ ਉੱਤੇ ਦਸਤਖ਼ਤਾਂ ਲਈ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਕੋਲ ਲੈ ਕੇ ਜਾਣਾ ਵੀ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ। ਇਸ ਕੰਮ ਲਈ ਉਸ ਨੇ ਸਮੇਂ ਦੇ ਸੁਘੜ ਸਿਆਸਤਦਾਨ ਬਲਵੰਤ ਸਿੰਘ ਤੋਂ ਬਿਨਾਂ ਬੁੱਧੀਜੀਵੀ ਡਾ: ਅਤਰ ਸਿੰਘ, ਵਿੱਦਿਆ ਸ਼ਾਸਤਰੀ ਪ੍ਰਿੰਸੀਪਲ ਸਿੰਘ ਕਪੂਰ ਅਤੇ ਹੋਰ ਅਹਿਮ ਸ਼ਖ਼ਸੀਅਤਾਂ ਤੋਂ ਵੱਧ ਤੋਂ ਵੱਧ ਸਹਿਯੋਗ ਪ੍ਰਾਪਤ ਕੀਤਾ। ਪੰਜਾਬ ਵਿਚ ਅਮਨ-ਸ਼ਾਂਤੀ ਦੀ ਏਨੀ ਮਾੜੀ ਹਾਲਤ ਦੇ ਦਿਨਾਂ ਵਿਚ ਵਿਧਾਨ ਸਭਾ ਚੋਣਾਂ ਦਾ ਰਾਹ ਖੋਲ੍ਹਣ ਵਾਲਾ ਤੇ ਸਮਝੌਤਾ ਕਰਾਉਣ ਵਾਲਾ ਉਹੀ ਸੀ।

ਰਾਜੀਵ-ਲੌਂਗੋਵਾਲ ਸਮਝੌਤਾ ਕਿਉਂ ਨਹੀਂ ਲਾਗੂ ਹੋ ਸਕਿਆ, ਇਸ ਦੇ ਬਾਰੇ ਦੂਸ਼ਣਬਾਜ਼ੀ ਚਲਦੀ ਰਹੇਗੀ। ਇਸ ਦੇ ਲਾਗੂ ਨਾ ਹੋਣ ਦੀ ਸਮੁੱਚੀ ਜ਼ਿੰਮੇਵਾਰੀ ਸਿਰਫ ਕੇਂਦਰ ਦੀ ਕਾਂਗਰਸੀ ਸਰਕਾਰ ਉੱਤੇ ਹੀ ਨਹੀਂ ਜਾਂਦੀ ਸਗੋਂ ਪੰਜਾਬ ਵਿਚ ਅਕਾਲੀਆਂ ਦੀ ਆਪੋ ਵਿਚ ਦੀ ਫੁੱਟ ਵੀ ਇਸ ਲਈ ਓਨੀ ਹੀ ਜ਼ਿੰਮੇਵਾਰ ਹੈ। ਰਾਜਨੀਤੀ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਪਹਿਲਾਂ ਵੀ ਹੁੰਦੀਆਂ ਆਈਆਂ ਹਨ ਤੇ ਅੱਗੇ ਵੀ ਹੁੰਦੀਆਂ ਰਹਿਣਗੀਆਂ। ਅਸਲੀ ਸਿਆਸਤਦਾਨ ਉਸੇ ਨੂੰ ਮੰਨਿਆ ਜਾਂਦਾ ਹੈ ਜਿਹੜਾ ਸਮੇਂ ਦੀ ਨਬਜ਼ ਪਛਾਣੇ ਤੇ ਵੇਲੇ ਸਿਰ ਲੋੜੀਂਦੇ ਪੈਰ ਪੁੱਟਣ ਦੀ ਯੋਗਤਾ ਰੱਖਦਾ ਹੋਵੇ। ਅਰਜਨ ਸਿੰਘ ਦੀ ਸਮਝੌਤੇ ਤੋਂ ਪਹਿਲਾਂ ਤੇ ਪਿੱਛੋਂ ਦੀ ਪੂਰੀ ਕਾਰਗੁਜ਼ਾਰੀ ਦੱਸਦੀ ਹੈ ਕਿ ਉਹ ਸਮੇਂ ਦੇ ਹਾਣ ਦਾ ਰਾਜਨੀਤਕ ਦਿਮਾਗ ਰੱਖਦਾ ਸੀ। ਕੇਂਦਰੀ ਕੈਬਨਿਟ ਤੋਂ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਲੋੜੀਂਦੇ ਹੱਕ ਦਿਵਾਉਣ ਵਾਲਾ ਵੀ ਉਹੀ ਸੀ। ਪੰਜਾਬ ਦੇ ਮੰਦੇ ਭਾਗਾਂ ਨੂੰ ਪੰਜਾਬ ਸਮਝੌਤੇ ਉੱਤੇ ਦਸਤਖ਼ਤ ਕਰਨ ਵਾਲੇ ਰਾਜੀਵ ਗਾਂਧੀ ਤੇ ਸੰਤ ਲੌਂਗੋਵਾਲ ਚਿਰੋਕਣੇ ਦੁਨੀਆ ਤੋਂ ਜਾ ਚੁੱਕੇ ਹਨ। ਹੁਣ ਜਦ ਕਿ ਇਸ ਸਮਝੌਤੇ ਨੂੰ ਨੇਪਰੇ ਚੜ੍ਹਾਉਣ ਵਾਲਾ ਵੱਡਾ ਪਾਤਰ ਵੀ ਤੁਰ ਗਿਆ ਹੈ ਤਾਂ ਇਹ ਗੱਲ ਦਾਅਵੇ ਨਾਲ ਕਹਿਣੀ ਸੰਭਵ ਨਹੀਂ ਕਿ ਉਸ ਸਮਝੌਤੇ ਉਤੇ ਕਿੰਨਾ ਕੁ ਅਮਲ ਹੋ ਸਕੇਗਾ। ਜੇ ਇਹ ਸਰਕਾਰ ਦੀਆਂ ਫਾਈਲਾਂ ਵਿਚ ਦਬ ਕੇ ਇਤਿਹਾਸ ਦਾ ਹਿੱਸਾ ਬਣ ਕੇ ਵੀ ਰਹਿ ਜਾਵੇ ਤਾਂ ਵੀ ਪਿਛਲੀ ਸਦੀ ਦੇ ਅੰਤਲੇ ਦਿਨਾਂ ਵਿਚ ਲਿਆਂਦੀ ਗਈ ਸ਼ਾਂਤੀ ਵਿਚ ਅਰਜਨ ਸਿੰਘ ਦੇ ਯੋਗਦਾਨ ਨੂੰ ਸਦਾ ਹੀ ਚੇਤੇ ਕੀਤਾ ਜਾਵੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਵਾਅਦਿਆਂ ’ਤੇ ਖਰੀ ਨਹੀਂ ਉਤਰੀ ਅਕਾਲੀ-ਭਾਜਪਾ ਸਰਕਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਗੱਠਜੋੜ ਸਰਕਾਰ ਵੱਲੋਂ ਭਾਵੇਂ ਮੀਡੀਆ ’ਚ ਕਰੋੜਾਂ ਰੁਪਏ ਦੇ ਇਸ਼ਤਿਹਾਰ ਦੇ ਕੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ ਪਰ ਜੇਕਰ ਇਨ੍ਹਾਂ ਵੱਲੋਂ ਚਾਰ ਵਰ੍ਹੇ ਪਹਿਲਾਂ ਸੱਤਾ ’ਚ ਆਉਣ ਲਈ ਜਾਰੀ ਚੋਣ ਮਨੋਰਥ ਪੱਤਰ ’ਤੇ ਧਿਆਨ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਰਕਾਰ ਆਪਣੇ ਵਾਅਦੇ ਵਫ਼ਾ ਕਰਨ ’ਚ ਸਫਲ ਨਹੀਂ ਹੋਈ। ਪੰਜਾਬ ਸਰਕਾਰ ਵੱਲੋਂ ਚਾਰ ਸਾਲ ਦੀਆਂ ਪ੍ਰਾਪਤੀਆਂ ਦਾ ਚਿੱਠਾ ਲੋਕ ਕਚਹਿਰੀ ਵਿਚ ਪੇਸ਼ ਕਰਦਿਆਂ ਜੋ ਦਾਅਵੇ ਕੀਤੇ ਜਾ ਰਹੇ ਹਨ ਉਹ ਹਕੀਕਤ ਤੋਂ ਕੋਹਾਂ ਦੂਰ ਹਨ।

ਸਰਕਾਰ ਦੇ ਵਾਅਦੇ ਅਨੁਸਾਰ ਲੁਧਿਆਣਾ ਜਲੰਧਰ ਵਰਗੇ ਸ਼ਹਿਰਾਂ ਵਿਚ ਮੈਟਰੋ ਚੱਲਣ ਦਾ ਮੁੱਢ ਵੀ ਨਹੀਂ ਬੱਝਿਆ, ਗਰੀਬਾਂ ਦੀਆਂ ਪੈਨਸ਼ਨਾਂ ਵਿਚ ਕੋਈ ਵਾਧਾ ਨਹੀਂ ਹੋਇਆ, ਦਲਿਤਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਵਧਾਉਣ ਦੀ ਥਾਂ ਘਟਾ ਦਿੱਤੀ ਗਈ ਹੈ। ਤਿੰਨ ਸਾਲਾਂ ਵਿਚ ਬਿਜਲੀ ਵਾਧੂ ਕਰਨ ਦੇ ਦਮਗਜ਼ੇ ਚਾਰ ਸਾਲਾਂ ਵਿਚ ਵੀ ਫੇਲ੍ਹ ਹੋ ਗਏ, ਆਦਰਸ਼ ਸਕੂਲ ਅਜੇ ਤਾਈਂ ਖੁੱਲ੍ਹੇ ਹੀ ਨਹੀਂ, ਫਸਲੀ ਬੀਮੇ ਦੀ ਗੱਲ ਵੀ ਨਹੀਂ ਤੁਰੀ। ਸ਼੍ਰੋਮਣੀ ਅਕਾਲੀ ਦਲ ਦਾ ਡੇਢ ਲੱਖ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ ਕੀਤਾ ਵਾਅਦਾ ਵਫਾ ਨਹੀਂ ਹੋਇਆ।

ਪੰਜਾਬ ਸਰਕਾਰ ਵੱਲੋਂ 'ਗਰੀਬਾਂ' ਨੂੰ ਆਟਾ ਦਾਲ ਸਸਤੇ ਭਾਅ ’ਤੇ ਦੇਣਾ, ਬਠਿੰਡਾ ਤੇਲ ਸੋਧਕ ਕਾਰਖਾਨੇ ਨੂੰ ਸਿਰੇ ਚਾੜ੍ਹਨਾ, ਚੰਡੀਗੜ੍ਹ ਵਿਚ ਅੰਤਰਰਾਸ਼ਟਰੀ ਹਵਾਈ ਅੱਡਾ ਸਥਾਪਤ ਕਰਨਾ, ਟਰਨ ਓਵਰ ਟੈਕਸ ਵਿਚ ਕਟੌਤੀ ਕਰਨਾ ਤੇ ਕਿਸਾਨਾਂ ਦੀਆਂ ਜ਼ਮੀਨਾਂ ਐਕੁਆਇਰ ਕਰਨ ਬਦਲੇ ਲਾਹੇਵੰਦ ਭਾਅ ਦੇਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਇਸ ਦੀ ਪੁਣਛਾਣ ਕਰਨ ’ਤੇ ਸਾਹਮਣੇ ਆਉਂਦਾ ਹੈ ਕਿ ਆਟਾ ਦਾਲ ਸਕੀਮ ਕੇਂਦਰ ਸਰਕਾਰ ਦੇ ਸਹਾਰੇ ਚੱਲ ਰਹੀ ਹੈ ਤੇ ਬਠਿੰਡਾ ਤੇਲ ਸੋਧਕ ਕਾਰਖਾਨਾ ਨਿੱਜੀ ਕੰਪਨੀ ਦੀ ਬਦੌਲਤ ਸਿਰੇ ਚੜ੍ਹ ਰਿਹਾ ਹੈ। ਉਂਝ ਇਸ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਨੀਂਹ ਪੱਥਰਾਂ ਦੀ ਝੜੀ ਲਾਉਣਾ ਹੀ ਮੰਨੀ ਜਾ ਰਹੀ ਹੈ। ਪੰਜਾਬੀ ਮਾਂ ਬੋਲੀ ਨੂੰ ਸਰਕਾਰੀ ਦਫ਼ਤਰਾਂ ਵਿਚ ਬਣਦਾ ਮਾਣ ਸਨਮਾਨ ਫਿਲਹਾਲ ਨਹੀਂ ਮਿਲਿਆ ਪਰ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਐਕਟ ਨੂੰ ਲਾਗੂ ਕਰਨ ਲਈ ਇਸ ਕਾਨੂੰਨ ਵਿਚ ਸੋਧ ਕਰਨਾ ਹੀ ਤਿੰਨ ਸਾਲਾਂ ਦੀ ਵੱਡੀ ਪ੍ਰਾਪਤੀ ਮੰਨਿਆ ਜਾ ਸਕਦਾ ਹੈ। ਸਮਾਜ ਸੇਵਾ ਦੇ ਖੇਤਰ ਵਿਚ ਤਾਂ ਸਰਕਾਰ ਦੀ ਕਾਰਗੁਜ਼ਾਰੀ ਬੇਹੱਦ ਨਿਰਾਸ਼ਾਜਨਕ ਰਹੀ ਹੈ। ਸਰਕਾਰ ਨੇ ਗਰੀਬਾਂ ਨੂੰ ਕੁਝ ਦੇਣ ਦੀ ਥਾਂ ਆਰਥਿਕ ਮੰਦਹਾਲੀ ਦੀ ਆੜ ਹੇਠ ਹੱਥ ਘੁੱਟਦਿਆਂ ਗਰੀਬਾਂ ਦੇ ਪੱਲੇ ਕੱਖ ਨਹੀਂ ਪਾਇਆ। ਸ਼੍ਰੋਮਣੀ ਅਕਾਲੀ ਦਲ ਨੇ ਵਾਅਦਾ ਕੀਤਾ ਸੀ ਕਿ ਦਲਿਤਾਂ ਨੂੰ ਬਿਜਲੀ ਦੇ 400 ਯੂਨਿਟ ਮੁਫ਼ਤ ਦਿੱਤੇ ਜਾਣਗੇ। ਇਸ ਦੇ ਉਲਟ ਸਰਕਾਰ ਨੇ ਇਹ ਸਹੂਲਤ 200 ਯੂਨਿਟ ਤੋਂ ਘਟਾ ਕੇ 100 ਯੂਨਿਟ ਕਰ ਦਿੱਤੀ ਸੀ। ਸਮਾਜ ਭਲਾਈ ਸਕੀਮਾਂ ਵਿਚ ਹੀ ਹਾਕਮ ਪਾਰਟੀ ਨੇ ਬਜ਼ੁਰਗਾਂ ਦੀ ਪੈਨਸ਼ਨ 200 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 400 ਰੁਪਏ ਪ੍ਰਤੀ ਮਹੀਨਾ ਕਰਨ ਦਾ ਵਾਅਦਾ ਕੀਤਾ ਸੀ ਇਹ ਵਾਅਦਾ ਵੀ ਕਮਜ਼ੋਰ ਮਾਲੀ ਹਾਲਤ ਦੀ ਭੇਟ ਚੜ੍ਹ ਗਿਆ। ਚੋਣ ਮੈਨੀਫੈਸਟੋ ਮੁਤਾਬਕ ਹਾਕਮ ਪਾਰਟੀ ਨੇ ਸੂਬੇ ਨੂੰ ਤਿੰਨਾਂ ਸਾਲਾਂ ਅੰਦਰ ਬਿਜਲੀ ਦੇ ਖੇਤਰ ਵਿਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਦਾ ਵਾਅਦਾ ਕੀਤਾ ਸੀ ਜੋ ਚਾਰ ਸਾਲਾਂ ਵਿਚ ਵੀ ਪੂਰਾ ਨਹੀਂ ਹੋਇਆ।

## ਚਾਰ ਸਾਲਾਂ ਦਾ ਲੇਖਾ-ਜੋਖਾ

ਸਰਕਾਰ ਨੇ ਸੂਬੇ ’ਚ ਤਿੰਨ ਥਰਮਲ ਪਲਾਂਟਾਂ ਦਾ ਨੀਂਹ ਪੱਥਰ ਰੱਖ ਕੇ ਹੀ ਬੁੱਤਾ ਸਾਰ ਲਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਵਾਅਦਿਆਂ ਵਿਚ ਪੱਤਰਕਾਰਾਂ ਦੀ ਭਲਾਈ ਲਈ 10 ਕਰੋੜ ਰੁਪਏ ਦਾ ਵਿਸ਼ੇਸ਼ ਫੰਡ ਕਾਇਮ ਕਰਨ, ਪ੍ਰਤੀ ਵਿਅਕਤੀ 5 ਲੱਖ ਰੁਪਏ ਦੀ ਬੀਮਾ ਯੋਜਨਾ ਦੀ ਸਹੂਲਤ ਦੇਣ, ਪ੍ਰੈਸ ਨੀਤੀ ਬਣਾਉਣ, ਬੇਰੁਜ਼ਗਾਰ ਨੌਜਵਾਨਾਂ ਨੂੰ ਸਵੈ ਰੁਜ਼ਗਾਰ ਇਕਾਈਆਂ ਸ਼ੁਰੂ ਕਰਨ ਲਈ 5 ਲੱਖ ਤੋਂ 25 ਲੱਖ ਰੁਪਏ ਤੱਕ ਦੇ ਕਰਜ਼ੇ ਦੇਣਾ ਸ਼ਾਮਲ ਸੀ। ਦਲਿਤਾਂ ਨੂੰ 5-5 ਮਰਲੇ ਦੇ ਪਲਾਟ ਤੇ ਗਰੀਬਾਂ ਨੂੰ ਮਕਾਨ ਬਣਾਉਣ ਲਈ ਖੁੱਲ੍ਹੀਆਂ ਗਰਾਂਟਾਂ ਦੇਣ ਦਾ ਵੀ ਵਾਅਦਾ ਕੀਤਾ ਗਿਆ ਸੀ। ਪੰਜਾਬ ਵਿਚ ਆਦਰਸ਼ ਸਕੂਲ ਖੋਲ੍ਹਣ ਦੀ ਯੋਜਨਾ ਏਜੰਡੇ ਵਿਚ ਪ੍ਰਮੁੱਖ ਸੀ। ਮੁੱਖ ਮੰਤਰੀ ਨੇ ਹਰ ਇਕ ਵਿਧਾਨ ਸਭਾ ਹਲਕੇ ਵਿਚ ਇਕ ਸਕੂਲ ਖੋਲ੍ਹਣ ਦਾ ਵਾਅਦਾ ਕੀਤਾ ਸੀ। ਹੁਣ ਖੋਲ੍ਹੇ ਜਾਣ ਵਾਲੇ ਸਕੂਲਾਂ ਦੀ ਗਿਣਤੀ ਵੀ ਘਟ ਗਈ ਹੈ ਤੇ ਅਜੇ ਤੱਕ ਇਕ ਵੀ ਸਕੂਲ ਚਾਲੂ ਨਹੀਂ ਹੋਇਆ। ਸ਼੍ਰੋਮਣੀ ਅਕਾਲੀ ਦਲ ਦੇ ਚੋਣ ਮਨੋਰਥ ਪੱਤਰ ਵਿਚ ਪੰਜਾਬ ਲੈਜਿਸਲੇਟਿਵ ਕੌਂਸਲ ਦੀ ਬਹਾਲੀ ਦਾ ਵੀ ਜ਼ਿਕਰ ਕੀਤਾ ਗਿਆ ਸੀ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਸਰਕਾਰ ਦੀ ਇਕ 'ਪ੍ਰਾਪਤੀ' ਇਹ ਕਹੀ ਜਾ ਸਕਦੀ ਹੈ ਕਿ ਜੇ ਕੈਬਨਿਟ ਮੰਤਰੀਆਂ ਦੀ ਗਿਣਤੀ 18 ਹੈ ਤਾਂ 18 ਤੋਂ ਵੱਧ ਰਾਜਨੀਤਕ ਵਿਅਕਤੀ ਅਜਿਹੇ ਹਨ ਜਿਨ੍ਹਾਂ ਨੂੰ ਵੱਖ-ਵੱਖ ਅਹੁਦਿਆਂ ’ਤੇ ਨਿਵਾਜ ਕੇ ਕੈਬਨਿਟ ਮੰਤਰੀ, ਰਾਜ ਮੰਤਰੀ ਜਾਂ ਚੀਫ਼ ਪਾਰਲੀਮਾਨੀ ਸਕੱਤਰ ਦਾ ਦਰਜਾ ਦਿੱਤਾ ਹੋਇਆ ਹੈ। ਭਾਜਪਾ ਦੇ ਚੋਣ ਮਨੋਰਥ ਪੱਤਰ ਵਿਚ ਵਾਅਦਾ ਕੀਤਾ ਗਿਆ ਸੀ ਕਿ ਸਰਕਾਰ ਵੱਲੋਂ ਸਟੈਂਪ ਡਿਊਟੀ ਘੱਟ ਕੀਤੀ ਜਾਵੇਗੀ ਪਰ ਇਸ ਦੇ ਉਲਟ ਸਰਕਾਰ ਵੱਲੋਂ ਇਸ ਵਿਚ ਭਾਰੀ ਵਾਧਾ ਕੀਤਾ ਗਿਆ।

ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦੇ ਮੁਤਾਬਕ ਦਲਿਤਾਂ ਤੇ ਗਰੀਬ ਕਿਸਾਨਾਂ ਨੂੰ ਸਿਹਤ ਯੋਜਨਾ ਦੀ ਸਹੂਲਤ ਵੀ ਨਹੀਂ ਦਿੱਤੀ ਜਾ ਸਕੀ। ਵਾਅਦਿਆਂ ਵਿਚ ਸਿਪਾਹੀਆਂ ਦੀ ਵਰਦੀ ਬਦਲਣ ਤੇ ਤਨਖਾਹ ਸਕੇਲ ਈ.ਟੀ.ਟੀ. ਅਧਿਆਪਕਾਂ ਦੇ ਬਰਾਬਰ ਕਰਨਾ ਵੀ ਸ਼ਾਮਲ ਸੀ। ਕੇਂਦਰ ਸਰਕਾਰ ਵੱਲੋਂ ਗੁਆਂਢੀ ਪਹਾੜੀ ਸੂਬਿਆਂ ਵਿਚ ਉਦਯੋਗਾਂ ਨੂੰ ਦਿੱਤੀਆਂ ਰਾਹਤਾਂ ’ਤੇ ਪੰਜਾਬ ਸਰਕਾਰ ਨੇ ਰੌਲਾ ਰੱਪਾ ਤਾਂ ਪਾਇਆ ਪਰ ਤਿੰਨਾਂ ਸਾਲਾਂ ਵਿਚ ਰਾਜ ਸਰਕਾਰ ਨੇ ਉਦਯੋਗਿਕ ਖੇਤਰ ਦੀ ਪੂਰੀ ਤਰ੍ਹਾਂ ਅਣਦੇਖੀ ਕੀਤੀ ਹੈ।

# ਸਰਕਾਰਾਂ ਦੀ ਨਾਲਾਇਕੀ ਕਾਰਨ ਪੰਜਾਬ ਆਰਥਿਕ ਤਬਾਹੀ ਵੱਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਰਕਾਰਾਂ ਦੀ ਦੂਰ ਅੰਦੇਸ਼ੀ ਦੀ ਘਾਟ ਕਾਰਨ ਪੰਜਾਬ ਅਰਥਿਕ ਪੱਖੋਂ ਨਿਘਾਰ ਵੱਲ ਜਾ ਰਿਹਾ ਹੈ। ਇਸ ਦੀ ਮਿਸਾਲ ਇਹ ਹੈ ਕਿ ਉਦਯੋਗਾਂ ਨੂੰ ਲੋੜੀਂਦੀਆਂ ਸਹੂਲਤਾਂ ਨਾ ਮਿਲਣ ਕਾਰਨ ਸੂਬੇ ਦੇ 30 ਫ਼ੀਸਦੀ ਛੋਟੇ ਉਦਯੋਗ ਬੰਦ ਹੋ ਚੁੱਕੇ ਹਨ ਤੇ ਪ੍ਰਤੀ ਵਿਅਕਤੀ ਅਮਦਨ ਗੁਆਂਢੀ ਸੂਬੇ ਹਰਿਆਣਾ ਤੋਂ ਕਿਤੇ ਪਿੱਛੇ ਰਹਿ ਗਈ ਹੈ।

ਖੇਤੀ ਸੰਕਟ ਤੇ ਉਦਯੋਗਾਂ ਦੇ ਬੰਦ ਹੋਣ ਕਾਰਨ ਪੰਜਾਬ ਦੇ ਲੋਕਾਂ ਦੀ ਆਮਦਨ ਦੇ ਵਾਧੇ ਦੀ ਰਫ਼ਤਾਰ ਮੱਠੀ ਪੈ ਗਈ ਹੈ ਜਦਕਿ ਗੁਆਂਢੀ ਸੂਬੇ ਹਰਿਆਣਾ ’ਚ ਇਹ ਰਫ਼ਤਾਰ ਤੇਜ਼ ਹੋ ਗਈ ਹੈ। ਪਿਛਲੇ ਵਿੱਤੀ ਸਾਲ (2009-10) ਪੰਜਾਬ ’ਚ ਸਾਲਾਨਾ ਨਿੱਜੀ ਆਮਦਨ ਵਾਧਾ 5.9 ਫੀਸਦੀ ਸੀ ਜੋ ਕੌਮੀ ਔਸਤ ਦਰ 6.1 ਫੀਸਦੀ ਵਾਧੇ ਨਾਲੋਂ ਘੱਟ ਹੈ। ਦੂਜੇ ਪਾਸੇ ਗੁਆਂਢੀ ਸੂਬੇ ਹਰਿਆਣਾ ’ਚ ਪ੍ਰਤੀ ਵਿਅਕਤੀ ਆਮਦਨ ਵਧ ਕੇ 8.2 ਫੀਸਦੀ, ਦਿੱਲੀ ’ਚ 7.6 ਫੀਸਦੀ ਤੇ ਹਿਮਾਚਲ ਪ੍ਰਦੇਸ਼ ’ਚ 3.7 ਫੀਸਦੀ ਹੋਈ ਹੈ। ਪ੍ਰਾਪਤ ਅੰਕੜਿਆਂ ਮੁਤਾਬਕ ਪੰਜਾਬ ’ਚ ਇਹ 34,935 ਰੁਪਏ ਤੇ ਹਰਿਆਣਾ ਲਈ 44,493 ਰੁਪਏ ਸੀ। ਹਿਮਾਚਲ ਪ੍ਰਦੇਸ਼ ’ਚ ਇਹ ਆਮਦਨ ਔਸਤਨ 34,101 ਰੁਪਏ ਰਹੀ।

ਹੋਰ ਰਾਜਾਂ ’ਚ ਰੁਪਏ ਪੱਖੋਂ ਆਮਦਨ ਘੱਟ ਹੈ ਜਿਸ ਦਾ ਅਰਥ ਹੈ ਕਿ ਉੱਥੇ ਤੇਜ਼ ਵਾਧੇ ਦੀ ਗੁੰਜਾਇਸ਼ ਹੈ। ਪੰਜਾਬ ’ਚ ਆਮਦਨ ਬਾਰੇ ਇਕ ਹੋਰ ਤੱਥ ਧਨ ਦਾ ਵਿਦੇਸ਼ਾਂ ਤੋਂ ਆਉਣਾ ਹੈ ਤੇ ਸਾਰਾ ਧਨ ਕਾਨੂੰਨੀ ਰਸਤੇ ਨਹੀਂ ਆਉਂਦਾ। ਪੰਜਾਬ ਦਾ ਪ੍ਰਤੀ ਜੀਅ ਆਮਦਨ ਵਾਧਾ ਕੇਵਲ ਯੂ.ਪੀ., ਝਾਰਖੰਡ ਤੇ ਆਂਧਰਾ ਪ੍ਰਦੇਸ਼ ਜਿਹੇ ਸੂਬਿਆਂ ਤੋਂ ਹੀ ਵੱਧ ਹੈ। ਇਸ ਦੀ ਆਮਦਨ ਬਿਹਾਰ, ਅਸਾਮ, ਉੜੀਸਾ ਤੇ ਮੇਘਾਲਿਆ ਤੋਂ ਘੱਟ ਹੈ। ਜੇਕਰ ਆਮਦਨ ਰੁਪਿਆਂ ’ਚ ਗਿਣੀ ਜਾਵੇ ਤਾਂ ਪੰਜਾਬ ਹਾਲੇ ਵੀ ਬਿਹਤਰ ਚੱਲ ਰਿਹਾ ਹੈ ਜਿਸ ਤੋਂ ਇਹ ਸੰਕੇਤ ਮਿਲਦੇ ਹਨ ਕਿ ਪੈਸਾ ਕਮਾਉਣ ਦੇ ਢੰਗਾਂ ’ਚ ਖੜੋਤ ਆ ਗਈ ਹੈ।

ਦੂਜੇ ਪਾਸੇ ਪੰਜਾਬ ਦੇ ਉਦਯੋਗਿਕ ਸ਼ਹਿਰ ਲੁਧਿਆਣਾ ਦੀਆਂ 1200 ਇਕਾਈਆਂ ਦਾ ਸਰਵੇਖਣ ਕਰ ਕੇ ਕੇਂਦਰ ਦੇ ਮਾਈਕਰੋ ਤੇ ਸਮਾਲ ਮੀਡੀਅਮ ਇੰਡਸਟਰੀ ਵਿਭਾਗ ਨੂੰ ਭੇਜੀ ਰਿਪੋਰਟ ’ਚ ਸਾਹਮਣੇ ਆਇਆ ਹੈ ਕਿ ਸਰਕਾਰ ਦੀ ਬੇਰੁਖ਼ੀ ਕਾਰਨ ਜ਼ਿਆਦਾਤਰ ਛੋਟੀਆਂ ਇਕਾਈਆਂ ਬੰਦ ਹੋ ਗਈਆਂ ਹਨ। ਕੇਂਦਰ ਦੇ ਉਪਰੋਕਤ ਵਿਭਾਗ ਨੇ ਕੌਮੀ ਪੱਧਰ ਦੇ ਅਜਿਹੇ ਅੰਕੜੇ ਇਕੱਠੇ ਕਰ ਕੇ ਅੱਗੇ ਇਹ ਰਿਪੋਰਟ ਕੇਂਦਰੀ ਉਦਯੋਗ ਮੰਤਰੀ ਨੂੰ ਸੌਂਪੀ ਹੈ। ਸੂਬੇ ’ਚੋਂ ਵੱਡੀ ਪੱਧਰ ’ਤੇ ਲੁਧਿਆਣਾ ਖੇਤਰ ਹੀ ਪ੍ਰਭਾਵਿਤ ਹੋਇਆ। ਮਹਿੰਗਾਈ ਵਧਣ ਤੇ ਸਰਕਾਰੀ ਮਦਦ ਨਾ ਮਿਲਣ ਕਾਰਨ ਵਧੇਰੇ ਲਘੂ ਇਕਾਈਆਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ।

ਨਾਰਦਰਨ ਇੰਡੀਆ ਚੈਂਬਰ ਆਫ਼ ਐਕਸਪੋਰਟ ਅਨੁਸਾਰ ਲੁਧਿਆਣਾ ਤੋਂ ਵੱਡੀ ਪੱਧਰ ’ਤੇ ਉਦਯੋਗਾਂ ਨੂੰ ਤਬਦੀਲ ਕਰ ਕੇ ਉਨ੍ਹਾਂ ਦੇ ਮਾਲਕਾਂ ਨੇ ਦੂਜਿਆਂ ਸੂਬਿਆਂ ਹਰਿਆਣਾ, ਹਿਮਾਚਲ ਪ੍ਰਦੇਸ਼, ਉਤਰ ਪ੍ਰਦੇਸ਼, ਗੁਜਰਾਤ, ਦਿੱਲੀ, ਮਹਾਰਾਸ਼ਟਰ ਤੇ ਨੋਇਡਾ ’ਚ ਉਦਯੋਗ ਸਥਾਪਤ ਕਰ ਲਏ ਹਨ ਤੇ ਅਗਲੇ ਸਾਲਾਂ ’ਚ ਹਾਲਤ ਹੋਰ ਵੀ ਗੰਭੀਰ ਹੋਣ ਦੀ ਸੰਭਾਵਨਾ ਹੈ। ਲੁਧਿਆਣਾ ਦੇ ਵੱਡੀ ਗਿਣਤੀ ’ਚ ਉਦਯੋਗਪਤੀ ਕਮਜ਼ੋਰ ਆਰਥਕਤਾ ਨਾਲ ਵੀ ਜੂਝ ਰਹੇ ਹਨ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ ’ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



Short Sale Specialist

We Can Sell Your Home in Short Sale at No Cost to You



For Buying & Selling Residential And For Loans

*Call: Sohanpreet ‘Sam’ Chahal*
@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

### ਦਿੱਲੀ ਗੁਰਦੁਆਰਾ ਕਮੇਟੀ ਦਾ ਉਪਰਾਲਾ

# ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦੂਰਬੀਨ ਨਾਲ ਦਰਸ਼ਨ ਅਰੰਭ

**ਗੁਰਦਾਸਪੁਰ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਵਾਰ ਫਿਰ ਸਮੁੱਚੇ ਸਿੱਖ ਭਾਈਚਾਰੇ ਦੀਆਂ ਸ਼ੁਭ ਕਾਮਨਾਵਾਂ ਬਟੋਰਨ 'ਚ ਕਾਮਯਾਬ ਰਹੀ ਹੈ। ਸਰਹੱਦ ਪਾਰ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ-ਦੀਦਾਰੇ ਦੀ ਸਿੱਖ ਸੰਗਤਾਂ ਦੀ ਤਾਂਘ ਨੂੰ ਧਿਆਨ 'ਚ ਰੱਖਦਿਆਂ ਸ਼ਰਧਾਲੂਆਂ ਦੀ ਸਹੂਲਤ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡੇਰਾ ਬਾਬਾ ਨਾਨਕ ਸਥਿਤ ਭਾਰਤੀ ਸਰਹੱਦ ਨੇੜੇ ਇਕ ਦਰਸ਼ਨੀ ਦਰਵਾਜ਼ਾ, ਲੰਗਰ ਹਾਲ ਤੇ ਸਰਾਂ ਉਸਾਰਨ ਦਾ ਫੈਸਲਾ ਕੀਤਾ।

ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਤਿੰਨ ਮਾਰਚ ਨੂੰ ਗੁਰਮਤਿ ਰਵਾਇਤ ਅਨੁਸਾਰ ਇਸ ਦਾ ਨੀਂਹ ਪੱਥਰ ਰੱਖਿਆ ਤੇ ਇਸ ਕਾਰਵਾਈ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਲਾਂਘੇ ਦੀ ਸਥਾਪਨਾ ਦੇ ਰਾਹ 'ਚ ਸਫਲ ਕਦਮ ਕਰਾਰ ਦਿੱਤਾ। ਉਨ੍ਹਾਂ ਐਲਾਨ ਕੀਤਾ ਕਿ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਇਥੇ ਸ਼ਰਧਾਲੂਆਂ ਦੀ ਸਹੂਲਤ ਲਈ ਇਥੇ ਦੋ ਉਚ ਪੱਧਰੀ ਦੂਰਬੀਨਾਂ (ਟੈਲੀਸਕੋਪ) ਮੁਹੱਈਆ ਕੀਤੀਆਂ ਜਾਣਗੀਆਂ। ਜ਼ਿਕਰਯੋਗ ਹੈ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਭਾਰਤੀ ਸਰਹੱਦ ਤੋਂ ਸਿਰਫ ਸਾਢੇ ਚਾਰ ਕਿਲੋਮੀਟਰ ਪਾਕਿਸਤਾਨੀ ਇਲਾਕੇ ਅੰਦਰ ਹੈ ਜਿਸ ਨੂੰ ਭਾਰਤੀ ਸਰਹੱਦ ਤੋਂ ਦੇਖਿਆ ਜਾ ਸਕਦਾ ਹੈ। ਸਿੱਖ ਸੰਗਤ ਪਿਛਲੇ ਲੰਮੇ ਸਮੇਂ ਤੋਂ ਸਰਹੱਦ 'ਤੇ ਜਾ ਕੇ ਵੰਡ ਵੇਲੇ ਵੱਖ ਹੋਏ ਗੁਰਧਾਮ ਦੇ ਦੂਰੋਂ ਹੀ ਦਰਸ਼ਨ ਦੀਦਾਰੇ ਕਰਕੇ ਆਪਣੀ ਇੱਛਾ ਨੂੰ ਪੂਰਾ ਕਰਦੀ ਰਹੀ ਹੈ। ਹੁਣ ਇਸ ਜਗ੍ਹਾ ਇਕ ਦਰਸ਼ਨੀ ਸਥਲ ਬਣਾ ਦਿੱਤਾ ਗਿਆ ਜਿਸ ਦਾ ਪ੍ਰਬੰਧ ਇਥੇ ਤਾਇਨਾਤ ਬੀ.ਐਸ.ਐਫ. ਦੀ 153 ਬਟਾਲੀਅਨ ਦੇ ਕੋਲ ਹੈ। ਇਥੇ ਧੁੱਸੀ ਦੇ ਉਪਰ ਸੁੰਦਰ ਉੱਚਾ ਮੰਚ ਉਸਾਰ ਦਿੱਤਾ ਗਿਆ ਜਿਸ ਉਪਰ ਮੀਂਹ ਧੁੱਪ ਤੋਂ ਬਚਾਅ ਲਈ ਛੱਤ ਪਾਈ ਹੋਈ ਹੈ। ਇਸ ਮੰਚ 'ਤੇ ਖੜ੍ਹੇ ਹੋ ਕੇ ਸ਼ਰਧਾਲੂ ਸਾਢੇ ਚਾਰ ਕਿਲੋਮੀਟਰ ਦੂਰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦੂਰੋਂ ਦਰਸ਼ਨ ਦੀਦਾਰੇ ਕਰ ਸਕਦੇ ਹਨ। ਬੀ.ਐਸ.ਐਫ. ਵਲੋਂ ਇਥੇ ਇਕ ਦੂਰਬੀਨ ਵੀ ਰੱਖੀ ਹੋਈ ਹੈ ਜਿਸ ਰਾਹੀਂ ਸ਼ਰਧਾਲੂ ਮੌਸਮ ਖਰਾਬ ਹੋਣ 'ਤੇ ਵੀ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਸਕਦੇ ਹਨ। ਗੁਰਦੁਆਰਾ ਕਰਤਾਰਪੁਰ ਵਾਲੀ ਥਾਂ 'ਤੇ ਗੁਰੂ ਨਾਨਕ ਦੇਵ ਜੋਤੀ ਜੋਤ ਸਮਾਏ ਸਨ। ਉਹ 1522 ਤੋਂ 1539 ਤਕ 17 ਸਾਲ ਇਥੇ ਰਹੇ ਤੇ ਹੱਥੀਂ ਕਿਰਤ ਕਰਨ ਦਾ ਸੰਦੇਸ਼ ਦਿੱਤਾ। ਸ. ਸਰਨਾ ਨੇ ਕਿਹਾ ਕਿ ਇਥੇ ਸੰਗਤਾਂ ਦੀ ਸਹੂਲਤ ਲਈ ਦਰਸ਼ਨੀ ਗੇਟ, ਲੰਗਰ ਹਾਲ ਤੇ ਸਰਾਂ ਉਸਾਰੀ ਜਾਵੇਗੀ ਤੇ ਆਲੇ-ਦੁਆਲੇ ਸੁੰਦਰ



ਦੂਰਬੀਨ ਨਾਲ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਦੀ ਹੋਈ ਸੰਗਤ

ਲੈਂਡ ਸਕੇਪਿੰਗ ਕੀਤੀ ਜਾਵੇਗੀ। ਦਰਸ਼ਨੀ ਗੇਟ ਦਾ ਨੀਂਹ ਪੱਥਰ ਰੱਖ ਦਿੱਤਾ ਗਿਆ ਹੈ। ਇਹ ਸਮੁੱਚੀ ਉਸਾਰੀ ਦੀ ਜ਼ਿੰਮੇਵਾਰੀ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਨੂੰ ਸੌਂਪੀ ਗਈ ਹੈ। ਉਹ ਛੇ ਮਹੀਨਿਆਂ 'ਚ ਇਹ ਸਾਰੀਆਂ ਇਮਾਰਤਾਂ ਤਿਆਰ ਕਰ ਦੇਣਗੇ। ਸਰਾਂ 'ਚ ਕਮਰਿਆਂ ਦੀ ਗਿਣਤੀ ਬੀ.ਐਸ.ਐਫ. ਦੀ ਸਹਿਮਤੀ ਨਾਲ ਤੈਅ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਤਿਆਰ ਕਰਨ ਲਈ ਜਲਦੀ ਹੀ ਕੇਂਦਰੀ ਵਿਦੇਸ਼ ਰਾਜ ਮੰਤਰੀ ਬੀਬੀ ਪਰਨੀਤ ਕੌਰ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ ਤਾਂ ਜੋ ਮਾਰਚ ਦੇ ਆਖਰੀ ਦਿਨਾਂ 'ਚ ਦੋਵਾਂ ਦੇਸ਼ਾਂ ਦੇ ਸਕੱਤਰ ਪੱਧਰ ਦੀ ਹੋਣ ਵਾਲੀ ਗੱਲਬਾਤ ਦੇ ਏਜੰਡੇ 'ਚ ਇਸ ਮੁੱਦੇ ਨੂੰ ਸ਼ਾਮਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਲਾਂਘਾ ਬਣਾਉਣ ਦੀ ਆਗਿਆ ਮਿਲਣ ਉਪਰੰਤ ਦੋ ਸਾਲਾਂ 'ਚ ਇਥੇ ਲਾਂਘਾ ਤਿਆਰ ਕਰ ਦਿੱਤਾ ਜਾਵੇਗਾ। ਇਸ ਬਾਰੇ ਉਨ੍ਹਾਂ ਇਕ ਨਕਸ਼ਾ ਵੀ ਬੀ.ਐਸ.ਐਫ. ਦੇ ਆਈ.ਜੀ. ਹਿੰਮਤ ਸਿੰਘ ਨੂੰ ਸੌਂਪਿਆ ਹੈ। ਉਨ੍ਹਾਂ ਸਮੁੱਚੇ ਸੰਸਾਰ ਦੀਆਂ ਸਿੱਖ ਸੰਗਤਾਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘਾ ਤਿਆਰ ਕਰਨ ਲਈ ਹਰ ਪੱਧਰ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।

ਇਸ ਮੌਕੇ ਹਾਜ਼ਰ ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ ਤੇ ਦਲ ਖਾਲਸਾ ਦੇ ਕੰਵਰਪਾਲ ਸਿੰਘ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਲਾਂਘਾ ਬਣਾਉਣ ਲਈ ਸੁਹਿਰਦ ਨਹੀਂ ਜਾਪਦੀਆਂ। ਭਾਈ ਮੋਹਕਮ ਸਿੰਘ ਨੇ ਸੁਝਾਅ ਦਿੱਤਾ ਕਿ ਭਾਰਤ ਸਰਕਾਰ ਗੁਜਰਾਤ ਦਾ ਇਕ ਪਿੰਡ ਪਾਕਿਸਤਾਨ ਨੂੰ ਦੇ ਕੇ ਇਹ ਜਗ੍ਹਾ ਭਾਰਤ 'ਚ ਸ਼ਾਮਲ ਕਰ ਸਕਦੀ ਹੈ।

## ਸ਼੍ਰੋਮਣੀ ਕਮੇਟੀ ਚੋਣਾਂ ਲਈ ਸਾਂਝਾ ਮੋਰਚਾ ਬਣਾਉਣ ਦੀ ਕਵਾਇਦ

**ਚੰਡੀਗੜ੍ਹ:** ਮੁੱਖ ਚੋਣ ਕਮਿਸ਼ਨਰ (ਗੁਰਦੁਆਰਾ ਚੋਣਾਂ) ਵੱਲੋਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਅੱਠ ਮਈ ਨੂੰ ਕਰਵਾਉਣ ਦੀ ਸਿਫਾਰਸ਼ ਪਿਛੋਂ ਚੋਣਾਂ ਲਈ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ ਤੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਟੱਕਰ ਦੇਣ ਲਈ ਕਈ ਵਿਰੋਧੀ ਧਿਰਾਂ ਵੱਲੋਂ ਸਾਂਝਾ ਮੋਰਚਾ ਬਣਾਉਣ ਲਈ ਕਵਾਇਦ ਸ਼ੁਰੂ ਕਰ ਦਿੱਤੀ ਗਈ ਹੈ। ਮੁੱਖ ਚੋਣ ਕਮਿਸ਼ਨਰ ਜਸਟਿਸ ਹਰਫੂਲ ਸਿੰਘ ਬਰਾੜ ਨੇ ਚੋਣਾਂ 'ਚ ਹਿੱਸਾ ਲੈਣ ਵਾਲੀਆਂ ਧਿਰਾਂ ਬਾਰੇ ਪੜਤਾਲ ਸ਼ੁਰੂ ਕੀਤੀ ਹੋਈ ਹੈ ਤੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਪ੍ਰਵਾਨਗੀ ਮਿਲਦੇ ਹੀ ਸਬੰਧਤ ਧਿਰਾਂ ਨੂੰ ਚੋਣ ਨਿਸ਼ਾਨ ਵੀ ਅਲਾਟ ਕਰ ਦਿੱਤੇ ਜਾਣਗੇ।

ਭਾਵੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਜਿੱਤ ਹਾਸਲ ਦਾਅਵਾ ਕੀਤਾ ਹੈ ਪਰ ਵਿਰੋਧੀ ਦਲਾਂ ਦੀ ਇਕ ਮੰਚ ਹੋਣ ਦੀ ਤਿਆਰੀ ਸੱਤਾਧਾਰੀ ਧਿਰ ਲਈ ਚੁਣੌਤੀ ਪੈਦਾ ਕਰ ਸਕਦੀ ਹੈ। ਜਥੇਦਾਰ ਮੱਕੜ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਗੁਰਦੁਆਰਾ ਕਮਿਸ਼ਨ ਵੱਲੋਂ ਅੱਠ ਮਈ ਨੂੰ ਚੋਣਾਂ ਕਰਵਾਉਣ ਦੀ ਸਿਫਾਰਸ਼ 'ਤੇ ਫੌਰੀ ਫੈਸਲਾ ਕਰੇ ਤਾਂ ਜੋ ਪਹਿਲਾਂ ਹੀ ਪਛੜੀਆਂ







ਹੋਈਆਂ ਚੋਣਾਂ 'ਚ ਹੋਰ ਦੇਰੀ ਨਾ ਹੋਵੇ।

ਉਧਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੱਲੋਂ ਬਾਦਲ ਵਿਰੋਧੀ ਧਿਰਾਂ ਨੂੰ ਇਕੱਠੇ ਕਰਨ ਦੇ ਸੰਜੀਦਾ ਉਪਰਾਲੇ ਜਾਰੀ ਹਨ। ਇਸ ਦਾ ਮੁੱਢ ਉਨ੍ਹਾਂ ਨੇ ਪਿਛਲੇ ਸਾਲ ਦਿੱਲੀ 'ਚ ਪੰਥਕ ਕਨਵੈਨਸ਼ਨ ਕਰਕੇ ਹੀ ਬੰਨ੍ਹ ਦਿੱਤਾ ਸੀ। ਸ. ਸਰਨਾ ਨੇ ਇਸ ਬਾਰੇ ਕਿਹਾ ਹੈ ਕਿ ਦਿੱਲੀ 'ਚ ਤਾਂ ਕਾਂਗਰਸ ਦੀ ਸਰਕਾਰ ਹੋਣ ਦੇ ਬਾਵਜੂਦ ਪੂਰੀ ਗੰਭੀਰਤਾ ਨਾਲ ਵੋਟਾਂ ਬਣੀਆਂ ਸਨ ਤੇ ਵੋਟਰ ਕਾਰਡ 'ਤੇ ਫੋਟੋ ਵੀ ਲੱਗੀ ਸੀ ਪਰ ਸ਼੍ਰੋਮਣੀ ਕਮੇਟੀ ਚੋਣਾਂ 'ਚ ਮੁੱਖ ਕਮਿਸ਼ਨਰ ਜਸਟਿਸ ਬਰਾੜ ਨੇ ਸ਼ਿਕਾਇਤਾਂ ਦੀ ਸੁਣਵਾਈ ਹੀ ਨਹੀਂ ਕੀਤੀ ਤੇ ਜਾਅਲੀ ਵੋਟਾਂ ਬਣੀਆਂ ਹਨ। ਉਂਝ ਉਨ੍ਹਾਂ ਕਿਹਾ ਕਿ ਮਈ ਮਹੀਨੇ ਦੀ ਗਰਮੀ ਦੀ ਥਾਂ ਵੋਟਾਂ ਅਕਤੂਬਰ 'ਚ ਪੁਆਉਣੀਆਂ ਵਧ ਠੀਕ ਰਹਿਣਗੀਆਂ। ਸ. ਸਰਨਾ ਨੇ ਕਿਹਾ ਕਿ ਚੋਣ ਕਮਿਸ਼ਨ ਦਾ ਰੁਖ਼ ਕੁਝ ਵੀ ਹੋਵੇ, ਉਨ੍ਹਾਂ ਦੀ ਧਿਰ ਕਮੇਟੀ ਚੋਣਾਂ 'ਚ ਲਾਜ਼ਮੀ ਹਿੱਸਾ ਲਵੇਗੀ। ਉਨ੍ਹਾਂ ਵੱਲੋਂ ਅਕਾਲੀ ਦਲ (ਅੰਮ੍ਰਿਤਸਰ) ਨੂੰ ਛੱਡ ਕੇ ਦੂਜੀਆਂ ਬਾਦਲ ਵਿਰੋਧੀ ਸਾਰੀਆਂ ਧਿਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਤੇ ਉਹ ਸਾਰੇ ਮਿਲ ਕੇ ਚੋਣ ਲੜਨਗੇ। ਅਕਾਲੀ ਦਲ (ਲੌਂਗੋਵਾਲ), ਅਕਾਲੀ ਦਲ ਪੰਚ ਪ੍ਰਧਾਨੀ, ਅਕਾਲੀ ਦਲ (1920) ਤੇ ਕਈ ਹੋਰ ਧਿਰਾਂ ਵੀ ਸ਼੍ਰੋਮਣੀ ਕਮੇਟੀ ਚੋਣਾਂ ਲਈ ਸਰਗਰਮ ਹਨ। ਸੰਤ ਸਮਾਜ ਤੇ ਕਈ ਹੋਰ ਪੰਥਕ ਜਥੇਬੰਦੀਆਂ ਨੇ ਵੀ ਚੋਣ ਲੜਨ ਲਈ ਕਮਿਸ਼ਨ ਕੋਲ ਅਰਜ਼ੀ ਦਿੱਤੀ ਹੋਈ ਹੈ। ਅਕਾਲੀ ਦਲ (ਅੰਮ੍ਰਿਤਸਰ) ਉਮੀਦਵਾਰਾਂ ਦਾ ਐਲਾਨ ਕਰਨ 'ਚ ਸਭ ਤੋਂ ਅੱਗੇ ਹੈ। ਇਸ ਧਿਰ ਨੇ ਹੁਣ ਤੱਕ 112 ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਹੈ। ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਖਾਲਿਸਤਾਨ ਦੇ ਮੁੱਦੇ 'ਤੇ ਚੋਣ ਲੜੇਗੀ।

## ਸਿੱਖ ਕੌਮ ਸਿਰਫ ਖਾਲਿਸਤਾਨ 'ਚ ਹੀ ਸੁਰੱਖਿਅਤ: ਮਾਨ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਖਾਲਿਸਤਾਨ ਦਾ ਮੁੱਦਾ ਉਭਾਰਦਿਆਂ ਕਿਹਾ ਕਿ ਸਿੱਖ ਕੌਮ ਸਿਰਫ ਖਾਲਿਸਤਾਨ ਵਿਚ ਹੀ ਸੁਰੱਖਿਅਤ ਰਹਿ ਸਕਦੀ ਹੈ। ਉਨ੍ਹਾਂ ਇਸ ਮੌਕੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ। ਚਿੱਲੜ ਕਾਂਡ 'ਚ ਮਾਰੇ ਗਏ ਸਿੱਖ ਵਿਅਕਤੀਆਂ ਦੇ ਭੋਗ ਸਮਾਗਮ ਵਿਚ ਸ਼ਾਮਲ ਹੋਣ ਲਈ ਪਹੁੰਚੇ ਸ. ਮਾਨ ਤੇ ਉਨ੍ਹਾਂ ਦੇ ਸਮਰਥਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਇਕੱਠੇ ਹੋਏ ਜਿਥੇ ਸ. ਮਾਨ ਨੇ ਸੰਬੋਧਨ ਕਰਦਿਆਂ ਦੇਸ਼ ਦੀ ਵੰਡ ਸਮੇਂ 1947 'ਚ ਸਿੱਖਾਂ ਦਾ ਵੱਖਰਾ ਖਿੱਤਾ ਲੈਣ 'ਚ ਨਾਕਾਮ ਰਹਿਣ ਲਈ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਤੇ ਬਲਦੇਵ ਸਿੰਘ ਨੂੰ ਦੋਸ਼ੀ ਠਹਿਰਾਇਆ।

ਉਨ੍ਹਾਂ ਪੰਜਾਬੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਮਿਸਰ ਤੇ ਲੀਬੀਆ ਵਾਂਗ ਫ਼ਾਸ਼ੀਵਾਦੀ ਤਾਕਤਾਂ ਨੂੰ ਜੜ੍ਹੋਂ ਉਖਾੜ ਦਿਉ। ਉਨ੍ਹਾਂ ਕਿਹਾ ਕਿ ਭਾਰਤ ਨੂੰ ਇਸਲਾਮਿਕ ਅਤਿਵਾਦ ਤੇ ਚੀਨ ਤੋਂ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਇਟਲੀ, ਫਰਾਂਸ ਤੇ ਅਮਰੀਕਾ ਵਿਚ ਸਾਡੀ ਪੱਗ ਲੱਥ ਰਹੀ ਹੈ ਪਰ ਸਿੱਖ ਆਗੂ ਚੁੱਪ ਹਨ। ਉਨ੍ਹਾਂ ਦੋਸ਼ ਲਾਇਆ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਵਿਚ ਸਿੱਖਾਂ 'ਤੇ ਜ਼ੁਲਮ ਢਾਹੁਣ ਵਾਲਿਆਂ ਨੂੰ ਤਰੱਕੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਕਾਤਲ ਸੱਤਾ ਦਾ ਸੁਖ ਭੋਗ ਰਹੇ ਹਨ। ਅਕਾਲੀ ਦਲ ਨੇ ਸਿੱਖਾਂ 'ਤੇ ਜ਼ੁਲਮ ਢਾਹੁਣ ਵਾਲੇ ਇਜ਼ਹਾਰ ਆਲਮ ਨੂੰ ਵਿਧਾਨ ਸਭਾ ਹਲਕਾ ਮਲੇਰਕੋਟਲਾ ਤੋਂ ਵੱਡੀ ਅਹੁਦੇਦਾਰੀ ਸੌਂਪੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਅਨੁਸਾਰ 30 ਹਜ਼ਾਰ ਕਾਂਗਰਸੀਆਂ 'ਤੇ ਪਰਚੇ ਦਰਜ ਹੋਏ ਹਨ ਪਰ ਡੇਢ ਲੱਖ ਸਿੱਖਾਂ 'ਤੇ ਹੋਏ ਸਰਕਾਰੀ ਜ਼ੁਲਮ ਬਾਰੇ ਕੈਪਟਨ ਚੁੱਪ ਹਨ। ਉਨ੍ਹਾਂ ਕਿਹਾ ਕਿ ਇਕ ਗਿਣੀਮਿਥੀ ਸਾਜ਼ਸ਼ ਤਹਿਤ ਪੰਜਾਬੀਆਂ ਦੇ ਮਨਾਂ 'ਚੋਂ ਸੰਤ ਜਰਨੈਲ ਸਿੰਘ ਦੀ ਯਾਦ ਨੂੰ ਧੁੰਦਲਾ ਕਰਨ ਲਈ ਭਗਤ ਸਿੰਘ ਦੀ ਸੋਚ ਨੂੰ ਉਭਾਰਿਆ ਜਾ ਰਿਹਾ ਹੈ। ਸ. ਮਾਨ ਨੇ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਕਾਲਜਾਂ ਦੀ ਕਾਰਜ ਪ੍ਰਣਾਲੀ 'ਤੇ ਸਵਾਲੀਆ ਨਿਸ਼ਾਨ ਲਾਉਂਦੇ ਹੋਏ ਕਿਹਾ ਕਿ ਕਮੇਟੀ ਨੇ ਵਿਦਿਅਕ ਅਦਾਰਿਆਂ ਨੂੰ ਨਿਜੀ ਟਰੱਸਟਾਂ ਦੇ ਹਵਾਲੇ ਕਰ ਦਿੱਤਾ ਹੈ ਗਿਆ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਭਾਈ ਧਿਆਨ ਸਿੰਘ ਮੰਡ ਨੇ ਇਕ ਵੱਖਰੇ ਬਿਆਨ ਰਾਹੀਂ ਜਥੇਬੰਦੀ ਦੀ ਸ਼ਹਿਰੀ ਇਕਾਈ ਦੇ ਪ੍ਰਧਾਨ ਸਵਿੰਦਰ ਸਿੰਘ ਕੋਟ ਖਾਲਸਾ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਫਾਰਗ ਕਰਨ ਦਾ ਐਲਾਨ ਕੀਤਾ।

## ਥਾਣੇਦਾਰ ਵੱਲੋਂ ਖੁਦਕੁਸ਼ੀ

**ਮਾਹਿਲਪੁਰ:** ਇਥੋਂ ਦੇ ਪਿੰਡ ਐਮਾ ਮੁਗਲਾ ਵਿਚ ਦੋ ਮਾਰਚ ਨੂੰ ਪੰਜਾਬ ਪੁਲਿਸ ਦੇ ਏ.ਐਸ.ਆਈ. ਨੇ ਦਰਖ਼ਤ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਉਸ ਦੀ ਜੇਬ 'ਚੋਂ ਮਿਲੇ ਖੁਦਕੁਸ਼ੀ ਨੋਟ ਦੇ ਆਧਾਰ 'ਤੇ ਥਾਣਾ ਗੁਰਾਇਆ ਦੇ ਥਾਣਾ ਮੁਖੀ ਤੇ ਹੌਲਦਾਰ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।


ਮ੍ਰਿਤਕ ਜਸਵਿੰਦਰ ਪਾਲ ਸਿੰਘ ਥਾਣਾ ਗੋਰਾਇਆ ਵਿਚ ਏ.ਐਸ.ਆਈ. ਵਜੋਂ ਤਾਇਨਾਤ ਸੀ। ਕੁਝ ਦਿਨਾਂ ਤੋਂ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ ਤੇ ਛੁੱਟੀ ਲੈ ਕੇ ਘਰ ਗਿਆ ਹੋਇਆ ਸੀ। ਪਰਿਵਾਰ ਦੇ ਮੈਂਬਰਾਂ ਨੇ ਦੋਸ਼ ਲਾਇਆ ਕਿ ਉਹ ਆਪਣੇ ਕਿਸੇ ਵੱਡੇ ਪੁਲਿਸ ਅਧਿਕਾਰੀ ਦੇ ਸਖ਼ਤ ਰਵੱਈਏ ਕਾਰਨ ਕਾਫ਼ੀ ਪ੍ਰੇਸ਼ਾਨ ਸੀ। ਇਸ ਪ੍ਰੇਸ਼ਾਨੀ ਕਾਰਨ ਉਸ ਨੇ ਪਿੰਡ ਮੋਰਾਂਵਾਲੀ ਦੇ ਕਿਸਾਨ ਦੇ ਖੇਤ ਵਿਚ ਦਰਖ਼ਤ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਸੂਤਰਾਂ ਅਨੁਸਾਰ ਪੁਲਿਸ ਨੂੰ ਮ੍ਰਿਤਕ ਦੇ ਕੱਪੜਿਆਂ 'ਚੋਂ ਖੁਦਕੁਸ਼ੀ ਨੋਟ ਬਰਾਮਦ ਹੋਇਆ ਜਿਸ ਦੇ ਆਧਾਰ 'ਤੇ ਮਾਹਿਲਪੁਰ ਪੁਲਿਸ ਨੇ ਗੁਰਾਇਆ ਦੇ ਐਸ.ਐਚ.ਓ. ਸਰਵਣ ਸਿੰਘ ਬੱਲ ਤੇ ਹੌਲਦਾਰ ਅਵਤਾਰ ਸਿੰਘ ਵਿਰੁੱਧ ਧਾਰਾ 306 ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਡੇਰਾ ਸਿਰਸਾ ਵੱਲੋਂ ਵੀ ਸਿਆਸੀ ਪੈਂਤੜੇਬਾਜ਼ੀ ਸ਼ੁਰੂ

**ਚੰਡੀਗੜ੍ਹ:** ਪਿਛਲੀ ਵਾਰ ਦੇ ਤਜਰਬੇ ਨੂੰ ਧਿਆਨ 'ਚ ਰੱਖਦਿਆਂ ਡੇਰਾ ਸਿਰਸਾ ਨੇ ਅਗਾਮੀ ਵਿਧਾਨ ਸਭਾ ਚੋਣਾਂ ਲਈ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ। ਭਾਵੇਂ ਡੇਰਾ ਮੁਖੀ ਨੇ ਚੋਣਾਂ ਦੌਰਾਨ ਅਜੇ ਕਿਸੇ ਵੀ ਪਾਰਟੀ ਨੂੰ ਹਮਾਇਤ ਦੇਣ ਬਾਰੇ ਸਪਸ਼ਟ ਨਹੀਂ ਕੀਤਾ ਪਰ ਸਿਆਸੀ ਧਿਰਾਂ 'ਤੇ ਦਬਾਅ ਬਣਾਉਣ ਲਈ ਡੇਰੇ ਵੱਲੋਂ ਆਪਣੇ ਉਮੀਦਵਾਰ ਖੜ੍ਹੇ ਕਰਨ ਦੀ ਚਰਚਾ ਛੇੜ ਦਿੱਤੀ ਹੈ।

ਡੇਰੇ ਦੇ ਸਿਆਸੀ ਵਿੰਗ ਨੇ ਕਿਹਾ ਹੈ ਕਿ ਸੰਗਤ ਨੇ ਚਾਹਿਆ ਤਾਂ ਚੋਣਾਂ 'ਚ ਆਪਣੇ ਉਮੀਦਵਾਰ ਖੜ੍ਹੇ ਕਰਨ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਡੇਰਾ ਮੁਖੀ 'ਤੇ ਬਲਾਤਕਾਰ ਤੇ ਕਤਲ ਵਰਗੇ ਸੰਗੀਨ ਦੋਸ਼ਾਂ ਤਹਿਤ ਕੇਸ ਚੱਲ ਰਹੇ ਹਨ ਤੇ ਇਸ ਵੇਲੇ ਉਹ ਬੁਰੀ ਤਰ੍ਹਾਂ ਘਿਰਿਆ ਹੋਇਆ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਡੇਰੇ ਵੱਲੋਂ ਚੋਣਾਂ ਦੌਰਾਨ ਕਿਸੇ ਵੀ ਜੇਤੂ ਦਿਖਾਈ ਦਿੰਦੀ ਧਿਰ ਨਾਲ ਕੁਝ 'ਲੈਣ-ਦੇਣ' ਕੀਤਾ ਜਾ ਸਕਦਾ ਹੈ। ਡੇਰੇ ਨੇ ਇਹ ਫਾਰਮੂਲਾ ਲੋਕ ਸਭਾ ਚੋਣਾਂ 'ਚ ਵੀ ਅਪਨਾਇਆ ਸੀ ਜਿਸ ਨਾਲ ਉਹ ਅਕਾਲੀਆਂ ਤੇ ਕਾਂਗਰਸੀਆਂ ਦੋਹਾਂ ਨੂੰ ਖੁਸ਼ ਕਰਨ 'ਚ ਕਾਮਯਾਬ ਰਿਹਾ ਸੀ।

ਇਸ ਬਾਰੇ ਡੇਰਾ ਸਿਰਸਾ ਦੇ ਰਾਜਨੀਤਕ ਵਿੰਗ ਦੀ ਸੱਤ ਮੈਂਬਰੀ ਕਮੇਟੀ ਦੇ ਚੇਅਰਮੈਨ ਰਾਮ ਸਿੰਘ ਤੇ ਪ੍ਰਮੁੱਖ ਮੈਂਬਰ ਗੁਰਬਾਜ ਇੰਸਾਂ ਦਾ ਕਹਿਣਾ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਕਿਹੜੀ ਸਿਆਸੀ ਧਿਰ ਤੇ ਕਿਹੜੇ ਉਮੀਦਵਾਰ ਦੀ ਹਮਾਇਤ ਕਰਨੀ ਹੈ, ਇਸ ਬਾਰੇ ਫੈਸਲਾ ਡੇਰਾ ਸੰਗਤ ਦੀ ਰਾਇ ਮੁਤਾਬਕ ਹੀ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਡੇਰਾ ਪ੍ਰੇਮੀਆਂ ਨੇ ਚਾਹਿਆ ਤਾਂ ਵਿਧਾਨ ਸਭਾ ਚੋਣਾਂ 'ਚ ਆਪਣੇ ਉਮੀਦਵਾਰ ਖੜ੍ਹੇ ਕਰਨ ਬਾਰੇ ਵੀ ਸੋਚਿਆ ਜਾ ਸਕਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਡੇਰਾ ਸਿਰਸਾ ਦੇ ਮੁਖੀ ਵੱਲੋਂ ਸੰਗਤ ਨੂੰ ਕੋਈ ਸੰਦੇਸ਼ ਨਹੀਂ ਦਿੱਤਾ ਜਾਂਦਾ, ਸਗੋਂ ਇਹ ਫੈਸਲਾ ਸੰਗਤ ਵੱਲੋਂ ਲਿਆ ਜਾਂਦਾ ਹੈ ਕਿਉਂਕਿ ਸੰਗਤ ਨੇ ਹੀ ਰਾਜਨੀਤਕ ਵਿੰਗ ਸਥਾਪਤ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਹਮਾਇਤ ਕਰਨ ਬਾਰੇ ਅਜੇ ਤੱਕ ਕਿਸੇ ਵੀ ਕਿਸਮ ਦੀ ਕੋਈ ਗੱਲ ਨਹੀਂ ਹੋਈ ਤੇ ਨਾ ਹੀ ਮਨਪ੍ਰੀਤ ਨੇ ਆਪਣੀ ਪਾਰਟੀ ਬਣਾਈ



ਹੈ ਤੇ ਜੇਕਰ ਹਮਾਇਤ ਦਾ ਪਹਿਲਾਂ ਐਲਾਨ ਕਰਦੇ ਹਾਂ ਤਾਂ ਸੰਗਤ ਤੇ ਉਮੀਦਵਾਰਾਂ ਵੱਲੋਂ ਦਬਾਅ ਪੈਣਾ ਸ਼ੁਰੂ ਹੋ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਡੇਰਾ ਸਿਰਸਾ ਦਾ ਮਾਲਵੇ ਦੇ ਕਈ ਜ਼ਿਲ੍ਹਿਆਂ 'ਚ ਚੰਗਾ ਆਧਾਰ ਹੈ ਤੇ ਹੁਣ ਤੱਕ ਇਸ ਨੂੰ ਕਾਂਗਰਸ ਦਾ ਹੀ ਵੋਟ ਬੈਂਕ ਹੀ ਸਮਝਿਆ ਜਾਂਦਾ ਸੀ। ਪਿਛਲੇ ਸਮੇਂ 'ਚ ਡੇਰੇ ਖ਼ਿਲਾਫ਼ ਸਿੱਖ ਸੰਗਤ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੌਰਾਨ ਕਾਂਗਰਸ ਨੇ ਡੇਰੇ ਦੀ ਬਾਂਹ ਨਹੀਂ ਫੜੀ ਜਿਸ ਕਾਰਨ ਡੇਰੇ ਦੇ ਪ੍ਰਬੰਧਕ ਇਸ ਗੱਲੋਂ ਕਾਂਗਰਸ ਨਾਲ ਨਰਾਜ਼ ਹਨ ਤੇ ਇਸ ਦਾ ਸੰਕੇਤ ਉਨ੍ਹਾਂ ਲੋਕ ਸਭਾ ਚੋਣਾਂ 'ਚ ਬਠਿੰਡਾ ਲੋਕ ਸਭਾ ਹਲਕੇ ਤੋਂ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੇ ਹੱਕ 'ਚ ਭੁਗਤ ਕੇ ਦੇ ਦਿੱਤਾ ਸੀ। ਡੇਰੇ ਦੀਆਂ ਇਨ੍ਹਾਂ ਸਿਆਸੀ ਸਰਗਰਮੀਆਂ ਕਾਰਨ ਇਸ ਵਾਰ ਅਕਾਲੀ ਕਾਫੀ ਉਤਸ਼ਾਹ 'ਚ ਹਨ ਪਰ ਕਾਂਗਰਸ ਨੂੰ ਵੀ ਪੂਰੀ ਉਮੀਦ ਹੈ ਕਿ ਡੇਰੇ ਦੇ ਪੈਰੋਕਾਰ ਉਨ੍ਹਾਂ ਦੀ ਹੀ ਬੇੜੀ ਪਾਰ ਲਾਉਣਗੇ।

FARMERS INSURANCE GROUP
Symbol of Superior Service

FARMERS®

181 Metro Drive, Suite 290, San Jose, CA 95110

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business
*Workers Compensation

Call for consultation

**Ph: 408-771-2438**

*408-580-6063, 408-687-7566*

Fax: 408-573-3829

ssingh6@farmeragent.com

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

If you want to sell your house in shortsale, first call 209-815-1869
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

Gurbans Gill 209-815-1869



24 ਘੰਟੇ 11 ਸਟੇਸ਼ਨਾਂ ਤੋਂ ਚੱਲਣ ਵਾਲਾ ਪੰਜਾਬੀ ਰੇਡੀਓ

San Jose, Livermore, Berkeley, Tracy, Sacramento, Yuba City, Stocton, Modesto, Fresno, Bakersfield, Reno

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over

ਬੇਕਰਜ਼ਫੀਲਡ ਤੇ ਰੀਨੋ 'ਚ ਪੰਜਾਬੀ ਰੇਡੀਓ ਸ਼ੁਰੂ
ਰੇਡੀਓ ਲੈਣ ਲਈ ਕਾਲ ਕਰੋ
408.722.7698

ਛੋਟੇ ਰੇਡੀਓ ਦੀ ਕੀਮਤ $ 25 ਵੱਡੇ ਰੇਡੀਓ ਦੀ ਕੀਮਤ $ 35

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਤੋਂ 9 ਵਜੇ : **ਅੰਮ੍ਰਿਤ ਵੇਲਾ ਸਚ ਨਾਉ**, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਪ੍ਰਸਾਰਣ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ **ਹੁਕਮਨਾਮੇ ਦੀ ਵਿਆਖਿਆ**
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ **ਖ਼ਬਰਾਂ ਹਰ ਦੋ ਘੰਟੇ ਬਾਅਦ**
- ਸਵੇਰੇ 10 ਤੋਂ 11 ਵਜੇ : **ਆਤਮਿਕ ਆਨੰਦ ਪ੍ਰੋਗਰਾਮ** – ਕੁਲਬੀਰ ਸਿੰਘ
- ਬਾਅਦ ਦੁਪਹਿਰ 1 ਤੋਂ 2 ਵਜੇ : **ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ** (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : **ਕੁਝ ਗੱਲਾਂ ਕੁਝ ਗੀਤ** (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਸ਼ਾਮ 6 ਤੋਂ 7:30 ਵਜੇ : **ਸਰਬ ਸਾਂਝੀ ਗੁਰਬਾਣੀ** – ਰਹਿਰਾਸ ਸਾਹਿਬ ਤੇ ਕੀਰਤਨ ਗੁਰਦੁਆਰਾ ਐਲ ਸਬਰਾਂਟੇ, ਸੈਨਹੋਜ਼ੇ ਤੇ ਹੋਰ ਗੁਰਦੁਆਰਾ ਸਾਹਿਬ ਤੋਂ
- ਰਾਤ 7:30 ਤੋਂ 8 ਵਜੇ ਤੱਕ : **ਜੀਵਨ ਜਾਚ ਦਾ ਖਜ਼ਾਨਾ** – ਵੀਰ ਭੁਪਿੰਦਰ ਸਿੰਘ ਤੇ ਕਥਾ ਭਾਈ ਅਮਰੀਕ ਸਿੰਘ ਚੰਡੀਗੜ੍ਹ
- ਰਾਤ 8 ਤੋਂ 9 ਵਜੇ : **ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ** (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : **ਮਨੋਰੰਜਕ ਪ੍ਰੋਗਰਾਮ - ਦੋ ਆਰ ਦੀਆਂ ਦੋ ਪਾਰ ਦੀਆਂ** - ਗੁਰਪ੍ਰੀਤ ਸਿੰਘ ਤੇ ਸਿਮਰਨ, **ਲਹਿੰਦੇ ਪੰਜਾਬ ਦੀਆਂ ਬਾਂਗਾਂ** - ਮਸੂਦ ਮੱਲੀ, ਖਬਰ ਤੇ ਨਜ਼ਰ ਪਰਮਿੰਦਰ ਸਿੰਘ ਟਿਵਾਣਾ

ਸ਼ੁੱਕਰਵਾਰ : ਸ਼ਾਮ 3 ਤੋਂ 4 ਵਜੇ : **ਦੇਸੋ ਪਰਦੇਸ** – ਪਾਲ ਧਾਲੀਵਾਲ • ਰਾਤ 8 ਤੋਂ 10 ਵਜੇ : **ਸ਼ਾਨ ਪੰਜਾਬ ਦੀ** – ਗੁਰਦੀਪ ਸਿੰਘ ਸ਼ੇਰਗਿੱਲ
ਸ਼ਨਿਚਰਵਾਰ : ਸ਼ਾਮ 3 ਤੋਂ 4 ਵਜੇ : **ਝਿਲਮਿਲ ਤਾਰੇ** – ਬੱਚਿਆਂ ਲਈ ਪ੍ਰੋਗਰਾਮ– ਦਿਲਪ੍ਰੀਤ ਸਿੰਘ ਖਾਲਸਾ ਤੇ ਮਨਪ੍ਰੀਤ ਕਾਲਰਾ • ਰਾਤ 8 ਤੋਂ 10 ਵਜੇ : **ਇਕ ਖ਼ਾਸ ਮੁਲਾਕਾਤ** – ਹਰਵਿੰਦਰ ਸਿੰਘ ਕੰਗ

ਹੋਰ ਜਾਣਕਾਰੀ ਲਈ 408.722.7698
Listen LIVE www.punjabiradiousa.com
Email: info@punjabiradiousa.com
3750 McKee Road, # B, San Jose CA 95127

# ਹਰਿਆਣਾ ਦੇ ਗੁਰਦੁਆਰਿਆਂ 'ਤੇ ਪੰਜਾਬ ਦਾ ਨਾਜਾਇਜ਼ ਕਬਜ਼ਾ:ਝੀਂਡਾ

**ਅੰਬਾਲਾ:** ਹਰਿਆਣਾ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕਰ ਰਹੇ ਜਗਦੀਸ਼ ਸਿੰਘ ਝੀਂਡਾ ਨੇ ਪੰਜਾਬ 'ਤੇ ਦੋਸ਼ ਲਾਇਆ ਹੈ ਕਿ ਉਸ ਨੇ ਹਰਿਆਣਾ ਦੇ ਗੁਰਦੁਆਰਿਆਂ ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪਿਛਲੇ 45 ਸਾਲਾਂ ਤੋਂ ਪੰਜਾਬ ਨੇ ਹਰਿਆਣਾ ਦੇ ਗੁਰਦੁਆਰਿਆਂ 'ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ ਜਦੋਂਕਿ ਪੰਜਾਬੀ ਸੂਬਾ ਬਨਣ ਦੇ ਨਾਲ ਹੀ ਹਰਿਆਣਾ ਦੀ ਵੱਖਰੀ ਪ੍ਰਬੰਧਕ ਕਮੇਟੀ ਬਣਨ ਦਾ ਫੈਸਲਾ ਹੋ ਗਿਆ ਸੀ।

ਸ. ਝੀਂਡਾ ਵੱਲੋਂ ਇਹ ਦੋਸ਼ ਉਸ ਵੇਲੇ ਲਾਏ ਗਏ ਜਦੋਂ ਦੋ ਮਾਰਚ ਨੂੰ ਹਰਿਆਣਾ ਦੇ ਸੈਂਕੜੇ ਸਿੱਖ ਇਤਿਹਾਸਕ ਗੁਰਦੁਆਰਾ ਪੰਜੋਖਰਾ ਸਾਹਿਬ 'ਚ ਸੁਖਮਨੀ ਸਾਹਿਬ ਦਾ ਪਾਠ ਕਰਨ ਲਈ ਪੁੱਜੇ ਪਰ ਪੁਲਿਸ ਨੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ 'ਚ ਦਾਖਲ ਨਾ ਹੋਣ ਦਿੱਤਾ। ਇਸ ਤੋਂ ਬਾਅਦ ਵੱਡੀ ਗਿਣਤੀ 'ਚ ਇਕੱਠੀ ਹੋਈ ਸੰਗਤ ਮੁੱਖ ਸੜਕ 'ਤੇ ਹੀ ਬੈਠ ਕੇ ਪਾਠ ਕਰਨ ਲੱਗ ਪਏ। ਐਡਹਾਕ ਕਮੇਟੀ ਵੱਲੋਂ ਪਹਿਲਾਂ ਗੁਰਦੁਆਰਾ ਨਾਢਾ ਸਾਹਿਬ ਤੇ ਕੁਰੂਕਸ਼ੇਤਰ ਦੇ ਗੁਰਦੁਆਰੇ ਵਿਖੇ ਵੀ ਅਜਿਹੀ ਕੋਸ਼ਿਸ਼ ਕੀਤੀ ਜਾ ਚੁੱਕੀ ਹੈ ਪਰ ਪੁਲੀਸ ਵੱਲੋਂ ਉਨ੍ਹਾਂ ਨੂੰ ਗੁਰਦੁਆਰਿਆਂ 'ਚ ਦਾਖਲ ਨਹੀਂ ਹੋਣ ਦਿੱਤਾ ਜਾਂਦਾ। ਇਥੇ ਇਹ ਜ਼ਿਕਰਯੋਗ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਹਰਿਆਣਾ ਦੇ ਸਿੱਖਾਂ ਨਾਲ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦਾ ਵਾਅਦਾ ਕੀਤਾ ਸੀ ਪਰ ਬਾਅਦ 'ਚ ਕੇਂਦਰ ਦੀ ਘੁਰਕੀ ਕਾਰਨ ਹਰਿਆਣਾ ਸਰਕਾਰ ਨੇ ਅੱਖਾਂ



ਗੁਰਦੁਆਰਾ ਪੰਜਖੋਰਾ ਸਾਹਿਬ 'ਚ ਪਾਠ ਕਰਨ ਲਈ ਜਾਂਦੇ ਆਗੂਆਂ ਨੂੰ ਰੋਕਦੀ ਹੋਈ ਪੁਲਿਸ

ਫੇਰ ਲਈਆਂ ਹਨ।

ਦੋ ਮਾਰਚ ਨੂੰ ਵੀ ਜਦੋਂ ਪੁਲਿਸ ਨੇ ਸਿੱਖਾਂ ਦੇ ਜਥੇ ਨੂੰ ਗੁਰਦੁਆਰਾ ਸਾਹਿਬ ਵੱਲ ਵਧਣ ਤੋਂ ਰੋਕਿਆ ਤਾਂ ਐਡਹਾਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ, ਯੂਥ ਪ੍ਰਧਾਨ ਕੰਵਲਜੀਤ ਸਿੰਘ ਅਜਰਾਣਾ ਤੇ ਜੱਗਾ ਸਿੰਘ ਦੀ ਪੁਲਿਸ ਨਾਲ ਤਕਰਾਰ ਹੋ ਗਈ ਤੇ ਪੁਲਿਸ ਡੇਢ ਸੌ ਦੇ ਕਰੀਬ ਮੈਂਬਰਾਂ ਨੂੰ ਗੱਡੀਆਂ 'ਚ ਲੱਦ ਕੇ ਪੰਜੋਖਰਾ ਦੇ ਥਾਣੇ 'ਚ ਲੈ ਗਈ। ਇਸ ਮੌਕੇ ਰੋਹ 'ਚ ਆਏ ਸ. ਝੀਂਡਾ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ 'ਤੇ ਵੀ ਦੋਸ਼ ਲਾਇਆ ਕਿ ਉਹ ਪੰਜਾਬ ਸਰਕਾਰ ਦੇ ਦਬਾਅ ਹੇਠ ਹਰਿਆਣਾ ਦੇ ਸਿੱਖਾਂ ਦਾ ਹੱਕ ਮਾਰ ਰਹੇ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਕਮਜ਼ੋਰ ਪੈ ਚੁੱਕੀ ਹੈ ਤੇ ਜੋ ਕਥਿਤ ਤੌਰ 'ਤੇ ਨਾਜਾਇਜ਼ ਹਥਿਆਰ ਲੈ ਕੇ ਗੁਰਦੁਆਰੇ ਦੇ ਅੰਦਰ ਬੈਠੇ ਹਨ, ਉਨ੍ਹਾਂ 'ਤੇ ਪੁਲਿਸ ਦਾ ਕੋਈ ਜ਼ੋਰ ਨਹੀਂ ਤੇ ਜੋ ਹੱਥਾਂ 'ਚ ਗੁਟਕੇ ਲੈ ਕੇ ਪਾਠ ਕਰਨ ਆਏ ਹਨ, ਉਨ੍ਹਾਂ ਨੂੰ ਰੋਕ ਕੇ ਸੜਕ 'ਤੇ ਬੈਠਣ ਲਈ ਮਜਬੂਰ ਕੀਤਾ ਗਿਆ ਹੈ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਅੰਬਾਲਾ ਤੋਂ ਮੈਂਬਰ ਗੁਰਦੀਪ ਸਿੰਘ ਭਾਨੋਖੇੜੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਹਰਿਆਣਾ ਦੀ ਵੱਖਰੀ ਕਮੇਟੀ ਦੀ ਮੰਗ ਕਰਨ ਵਾਲੇ ਸਿੱਖਾਂ ਤੇ ਗੁਰਦੁਆਰਾ ਸਾਹਿਬ 'ਚ ਪਾਠ ਕਰਨ 'ਤੇ ਕੋਈ ਪਾਬੰਦੀ ਨਹੀਂ ਲਾਈ ਗਈ ਕਿਉਂਕਿ ਗੁਰੂ ਘਰ 'ਚ ਕੋਈ ਵੀ ਸ਼ਰਧਾਲੂ ਆ ਕੇ ਪਾਠ ਕਰ ਸਕਦਾ ਹੈ।

## ਸਿਆਸੀ ਧਿਰਾਂ ਪੰਜਾਬ ਦੇ ਭਲੇ ਲਈ ਗੰਭੀਰ ਨਹੀਂ: ਰਾਮੂਵਾਲੀਆ

**ਤਰਨ ਤਾਰਨ:** ਲੋਕ ਭਲਾਈ ਪਾਰਟੀ ਦੇ ਮੁਖੀ ਬਲਵੰਤ ਸਿੰਘ ਰਾਮੂਵਾਲੀਆ ਨੇ ਹਾਕਮ ਅਕਾਲੀ ਦਲ, ਕਾਂਗਰਸ ਪਾਰਟੀ ਤੇ ਮਨਪ੍ਰੀਤ ਸਿੰਘ ਬਾਦਲ ਸਮੇਤ ਹੋਰ ਸਿਆਸੀ ਧਿਰਾਂ ਦੀ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਇਨ੍ਹਾਂ ਧਿਰਾਂ ਨੇ ਅਜੇ ਤੱਕ ਲੋਕਾਂ ਦੇ ਹਿੱਤਾਂ ਦਾ ਖਿਆਲ ਕਰਨ ਦਾ ਵਿਚਾਰ ਹੀ ਨਹੀਂ ਬਣਾਇਆ ਤੇ ਇਨ੍ਹਾਂ ਕਰਕੇ ਹੀ ਅੱਜ ਚਾਰ-ਚੁਫੇਰੇ ਬੇਰੁਜ਼ਗਾਰੀ ਫੈਲੀ ਹੋਈ ਹੈ, ਕਿਸਾਨੀ ਤੇ ਜਵਾਨੀ ਤਬਾਹ ਹੋ ਰਹੀ ਹੈ।

ਰਾਜਨੀਤੀ 'ਚ ਆਏ ਪਰਿਵਾਰਮੁਖੀ ਰੁਝਾਨ ਤੇ ਭ੍ਰਿਸ਼ਟਾਚਾਰ ਦੀ ਆਲੋਚਨਾ ਕਰਦੇ ਹੋਇਆਂ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆ ਰਹੀਆਂ ਵਿਧਾਨ ਸਭਾ ਚੋਣਾਂ 'ਚ ਲੋਕ ਭਲਾਈ ਪਾਰਟੀ ਦੇ ਉਮੀਦਵਾਰਾਂ ਦੀ ਹਮਾਇਤ ਕਰਨ ਤਾਂ ਜੋ ਸੂਬੇ ਦੇ ਕਿਸਾਨਾਂ ਸਮੇਤ ਹੋਰ ਵਰਗਾਂ ਦੀਆਂ ਭਲਾਈ ਸਕੀਮਾਂ ਚਾਲੂ ਕੀਤੀਆਂ ਜਾ ਸਕਣ। ਸ. ਰਾਮੂਵਾਲੀਆ ਨੇ ਇਹ ਵਿਚਾਰ 'ਲੋਕ ਸੇਵਕ ਲਿਆਓ, ਪੰਜਾਬ ਬਚਾਓ' ਰੈਲੀ ਨੂੰ ਸੰਬੋਧਨ ਕਰਦਿਆਂ ਪੇਸ਼ ਕੀਤਾ। ਉਨ੍ਹਾਂ ਆਪਣੀ ਪਾਰਟੀ ਵੱਲੋਂ ਵਿਦੇਸ਼ੀ ਜੇਲ੍ਹਾਂ 'ਚ ਰੁਲ ਰਹੇ ਪੰਜਾਬੀ ਨੌਜਵਾਨਾਂ ਦੇ ਕੀਤੇ ਬਚਾਅ ਬਾਰੇ ਦੱਸਦਿਆਂ ਕਿਹਾ ਕਿ ਉਨ੍ਹਾਂ ਬੀਤੇ 17 ਸਾਲ ਦੇ ਅਰਸੇ ਦੌਰਾਨ 25000 ਸਿੱਖ ਨੌਜਵਾਨਾਂ ਨੂੰ ਰਿਹਾਅ ਕਰਵਾਇਆ ਹੈ।

## ਮਾਦਾ ਭਰੂਣ ਹੱਤਿਆ ਖਿਲਾਫ਼ ਰੋਸ ਮਾਰਚ

**ਸੈਨ ਫਰਾਂਸਿਸਕੋ:** ਕੌਮਾਂਤਰੀ ਨਾਰੀ ਦਿਵਸ ਮੌਕੇ ਇਥੋਂ ਦੀਆਂ ਕੋਈ ਅੱਧੀ ਦਰਜਨ ਸਾਹਿਤਕ ਤੇ ਸਮਾਜਕ ਜਥੇਬੰਦੀਆਂ ਵਲੋਂ ਭਾਰਤੀ ਤੇ ਖਾਸ ਕਰ ਕੇ ਪੰਜਾਬੀ ਭਾਈਚਾਰੇ ਵਿਚ ਮਾਦਾ ਭਰੂਣ ਹੱਤਿਆ ਵਿਰੁਧ ਆਵਾਜ਼ ਬੁਲੰਦ ਕਰਨ ਲਈ ਇਥੇ ਸਿਟੀ ਹਾਲ ਤੋਂ ਯੂਨੀਅਨ ਸੁਕੇਅਰ ਤਕ ਰੋਸ ਮਾਰਚ ਕੀਤਾ ਗਿਆ। ਮਾਰਚ ਵਿਚ ਸ਼ਾਮਲ ਲੋਕਾਂ ਨੇ ਸਮਾਜਕ ਕੁਰੀਤੀਆਂ ਵਿਰੁਧ ਮਾਟੋ ਚੁਕੇ ਹੋਏ ਸਨ।

ਇਸ ਮੌਕੇ ਬੋਲਦਿਆਂ ਵਖ ਵਖ ਬੁਲਾਰਿਆਂ ਨੇ ਇਸ ਗੱਲ ਤੇ ਦੁਖ ਪ੍ਰਗਟ ਕੀਤਾ ਕਿ ਗੁਰੂਆਂ ਦੀ ਧਰਤੀ ਪੰਜਾਬ ਵਿਚ ਇਸ ਵੇਲੇ ਸਭ ਤੋਂ ਵੱਧ ਮਾਦਾ ਭਰੂਣ ਹੱਤਿਆ ਹੋ ਰਹੀ ਹੈ ਅਤੇ ਇਸ ਵੇਲੇ ਇਹ ਪੰਜਾਬ ਲਈ ਇਕ ਸਰਾਪ ਬਣ ਗਈ ਹੈ। ਪੰਜਾਬ ਵਿਚ ਇਸ ਸਮੇਂ 1000 ਲੜਕਿਆਂ ਪਿਛੇ ਲੜਕੀਆਂ ਦੀ ਗਿਣਤੀ 793 ਹੈ ਜਦੋਂਕਿ ਇਸ ਦੇ ਉਲਟ ਅਮਰੀਕਾ ਅਤੇ ਜਾਪਾਨ ਵਿਚ ਇਹ ਗਿਣਤੀ 1000 ਔਰਤਾਂ ਪਿਛੇ 880 ਮਰਦਾਂ ਦੀ ਹੈ। ਪੰਜਾਬ ਵਿਚ ਹਰ ਸਾਲ ਇਕ ਲੱਖ ਬੱਚੀਆਂ ਨੂੰ ਗਰਭ ਵਿਚ ਹੀ ਮਾਰ ਦਿਤਾ ਜਾਂਦਾ ਹੈ।

ਭਾਰਤ ਤੋਂ ਆਏ ਲੇਖਕ ਅਤੇ ਚਿੰਤਕ ਡਾ. ਐਸ ਐਲ ਵਿਰਦੀ ਨੇ ਆਖਿਆ ਕਿ ਭਾਰਤ ਸਰਕਾਰ ਵਲੋਂ ਦਾਜ ਦੀ ਮਨਾਹੀ ਦੇ ਕਾਨੂੰਨ ਬਣਾਏ ਜਾਣ ਦੇ ਬਾਵਜੂਦ 70% ਔਰਤਾਂ ਇਸੇ ਕਰਕੇ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਰੋਸ ਮਾਰਚ ਨੂੰ ਪੈਟਲਜ਼ ਇਨ ਦਾ ਡਸਟ ਦੀ ਸੰਯੋਜਕ ਨੈਨਾ, ਸਹਾਇਤਾ ਇੰਕ ਦੇ ਆਗੂ ਡਾ. ਹਰਕੇਸ਼ ਸੰਧੂ, ਨਾਰੀਕਾ ਦੀ ਆਗੂ ਮੰਜੂ ਸ਼ੀਲ ਤੋਂ ਇਲਾਵਾ ਸੁਧਾ ਰੈਡੀ, ਐਸ ਕਾਲੜਾ ਅਤੇ ਡਾ. ਹਰਮੇਸ਼ ਕੁਮਾਰ ਨੇ ਵੀ ਸੰਬੋਧਨ ਕੀਤਾ।

# ਕੇਂਦਰ ਵੱਲੋਂ ਪੰਜਾਬ ਨਾਲ ਬੇਇਨਸਾਫ਼ੀ:ਰਾਜਪਾਲ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਰਾਜਪਾਲ ਸ਼ਿਵਰਾਜ ਪਾਟਿਲ ਨੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਦਾ ਨਜ਼ਰੀਆ ਪੇਸ਼ ਕਰਦੇ ਹੋਏ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪੰਜਾਬ ਨਾਲ ਇਲਾਕਿਆਂ ਤੇ ਦਰਿਆਈ ਪਾਣੀਆਂ ਦੀ ਵੰਡ ਤੋਂ ਲੈ ਕੇ ਹੋਰ ਬਹੁਤ ਸਾਰੇ ਮਾਮਲਿਆਂ ਵਿਚ ਬੇਇਨਸਾਫ਼ੀ ਜਾਰੀ ਹੈ। ਪੰਜਾਬ ਨੇ ਮੰਗ ਕੀਤੀ ਹੈ ਕਿ ਸੰਵਿਧਾਨ ਨੂੰ ਨਵਾਂ ਰੂਪ ਦੇ ਕੇ ਮਜ਼ਬੂਤ ਰਾਜਾਂ ਲਈ ਅਸਲ ਸੰਘੀ ਢਾਂਚੇ ਦੀ ਸਥਾਪਨਾ ਕੀਤੀ ਜਾਵੇ।

ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਨੂੰ ਸੰਬੋਧਨ ਕਰਦਿਆਂ ਰਾਜਪਾਲ ਨੇ ਕਿਹਾ ਕਿ ਕੇਂਦਰ ਦੀਆਂ ਸਰਕਾਰਾਂ ਨੇ ਰਾਜ ਦੇ ਵਿਸ਼ੇਸ਼ ਅਧਿਕਾਰਾਂ ਨਾਲ ਸਬੰਧਤ ਮਾਮਲਿਆਂ ਨੂੰ ਅਣਗੌਲਿਆ ਕੀਤਾ ਹੈ। ਪੰਜਾਬ ਨਾਲ ਧਾਰਮਿਕ, ਰਾਜਨੀਤਕ, ਆਰਥਿਕ , ਭੂਗੋਲਿਕ ਖੇਤਰ ਵਿਚ ਘੋਰ ਅਨਿਆਂ ਤੇ ਪੱਖਪਾਤ ਹੋਇਆ ਹੈ। ਪੰਜਾਬ ਨੂੰ ਦਰਿਆਈ ਪਾਣੀਆਂ ਦੇ ਕਾਨੂੰਨੀ ਹੱਕ ਤੋਂ ਲਾਂਭੇ ਕੀਤਾ ਗਿਆ। ਵਿਕਾਸ ਕੰਮਾਂ ਲਈ ਗਰਾਂਟਾਂ ਦੇਣ ਦੇ ਮਾਮਲੇ ਵਿਚ ਪੰਜਾਬ ਨਾਲ ਨਾਇਨਸਾਫ਼ੀ ਜਾਰੀ ਹੈ। ਪੰਜਾਬ ਦੀ ਮੰਗ ਹੈ ਕਿ ਰਾਜਾਂ ਨੂੰ ਕੇਂਦਰੀ ਟੈਕਸਾਂ ਦਾ 50 ਪ੍ਰਤੀਸ਼ਤ ਹਿੱਸਾ ਦਿੱਤਾ ਜਾਵੇ। ਭਾਰਤ ਸਰਕਾਰ ਨੇ ਟੈਕਸਾਂ ਦੀ ਵੰਡ ਸਬੰਧੀ ਜੋ ਫਾਰਮੂਲੇ ਅਪਣਾਏ ਹਨ, ਉਨ੍ਹਾਂ ਨਾਲ ਪੰਜਾਬ ਵਰਗੇ ਵਿਕਸਿਤ ਰਾਜਾਂ ਨੂੰ ਲਗਾਤਾਰ ਮਾਰ ਪਈ ਹੈ।

ਖੇਤੀਬਾੜੀ ਦੀ ਅਹਿਮੀਅਤ ਸਮਝਦਿਆਂ ਰਾਜਪਾਲ ਨੇ ਕਿਹਾ ਕਿ ਕਿਸਾਨੀ ਆਰਥਿਕਤਾ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਫੈਸਲੇ ਲੈਣ ਦੀ ਤਾਕਤ ਕੇਂਦਰ ਕੋਲ ਹੈ। ਇਕ ਪਾਸੇ ਕੇਂਦਰ ਡੀਜ਼ਲ ਤੇ ਖਾਦਾਂ ਦੀ ਕੀਮਤ ਤੈਅ ਕਰਦਾ ਹੈ ਪਰ ਦੂਜੇ ਪਾਸੇ ਫਸਲ ਦੀ ਘੱਟੋ-ਘੱਟ ਕੀਮਤ ਵੀ ਤੈਅ ਕਰਦਾ ਹੈ। ਰਾਜਪਾਲ ਨੇ ਕਿਹਾ ਕਿ ਕੇਂਦਰ ਦੀਆਂ ਨੀਤੀਆਂ ਕਿਸਾਨ ਵਿਰੋਧੀ ਹਨ। ਸਰਕਾਰ ਦੀ ਮੰਗ ਹੈ ਕਿ ਫਸਲ ਦੀ ਕੀਮਤ ਨੂੰ ਕੀਮਤ ਸੂਚਕ ਅੰਕ ਨਾਲ ਜੋੜਿਆ ਜਾਵੇ ਜਾਂ ਡਾ. ਸਵਾਮੀਨਾਥਨ ਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਜਾਣ। ਇਸੇ ਦੌਰਾਨ ਰਾਜਪਾਲ ਦੇ ਭਾਸ਼ਣ ਦੇ ਵਿਚਾਲੇ ਹੀ ਕਾਂਗਰਸ ਵੱਲੋਂ ਅਚਾਨਕ ਵਾਕਆਊਟ ਕੀਤਾ ਗਿਆ। ਕਾਂਗਰਸ ਨੇ ਰਾਜਪਾਲ ਦੇ ਭਾਸ਼ਣ ਵਿਚ ਕੇਂਦਰ ਦੀ ਆਲੋਚਨਾ ਵਿਰੁੱਧ ਰੋਸ ਪ੍ਰਗਟ ਕੀਤਾ। ਕਾਂਗਰਸੀ ਵਿਧਾਇਕ ਪਹਿਲਾਂ ਭਾਸ਼ਣ ਨੂੰ ਚੁੱਪ-ਚਾਪ ਸੁਣਦੇ ਰਹੇ। ਰਾਜਪਾਲ ਤਕਰੀਬਨ 50 ਮਿੰਟ ਬੋਲ ਚੁੱਕੇ ਸਨ ਤਾਂ ਕਾਂਗਰਸ ਦੇ ਵਿਧਾਇਕਾਂ ਨੂੰ ਲੱਗਾ ਕਿ ਭਾਸ਼ਨ ਤਾਂ ਕੇਂਦਰ ਸਰਕਾਰ ਦੀਆਂ ਨੀਤੀਆਂ ਦੇ ਖ਼ਿਲਾਫ਼ ਹੈ। ਇਸ 'ਤੇ ਵਿਰੋਧੀ ਧਿਰ ਦੀ ਨੇਤਾ ਬੀਬੀ ਭੱਠਲ ਨੇ ਵੀ ਕੁਝ ਵਿਧਾਇਕਾਂ ਨਾਲ ਇਸ ਬਾਰੇ ਨੁਕਤਾ ਸਾਂਝਾ ਕੀਤਾ। ਕਾਂਗਰਸ ਦੇ ਸੀਨੀਅਰ ਵਿਧਾਇਕ ਅਵਤਾਰ ਸਿੰਘ ਬਰਾੜ ਨੇ ਹਾਲਾਤ ਨੂੰ ਭਾਂਪਦਿਆਂ ਕਿਹਾ ਕਿ ਰਾਜਪਾਲ ਦਾ ਭਾਸ਼ਣ ਤਾਂ ਸਾਰਾ 'ਝੂਠ ਦਾ ਪੁਲੰਦਾ' ਹੈ।

# ਕਾਂਗਰਸੀ ਤੇ ਅਕਾਲੀ ਖਟਕੜ ਕਲਾਂ 'ਚ 'ਸਿਆਸੀ ਦੰਗਲ' ਲਈ ਪੱਬਾਂ ਭਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ ਦਲ (ਬ) ਤੋਂ ਬਾਗੀ ਹੋਏ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਭਗਤ ਸਿੰਘ ਦੇ ਸ਼ਹੀਦੀ ਦਿਵਸ ਮੌਕੇ 23 ਮਾਰਚ ਨੂੰ ਖਟਕੜ ਕਲਾਂ ਵਿਖੇ ਨਵੀਂ ਪਾਰਟੀ ਬਣਾਉਣ ਦੇ ਐਲਾਨ ਤੋਂ ਬਾਅਦ ਕਾਂਗਰਸ ਤੇ ਅਕਾਲੀ ਦਲ (ਬ) ਵੀ ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ ਸਰਗਰਮ ਹੋ ਗਏ ਹਨ। ਪਹਿਲਾਂ ਕਾਂਗਰਸ ਤੇ ਫਿਰ ਅਕਾਲੀ ਦਲ ਵੱਲੋਂ ਇਸੇ ਦਿਨ ਖਟਕੜ ਕਲਾਂ ਵਿਖੇ ਸਮਾਗਮ ਕਰਨ ਦੇ ਐਲਾਨ ਕਾਰਨ ਮਨਪ੍ਰੀਤ ਨੇ ਆਪਣਾ ਪ੍ਰੋਗਰਾਮ ਮੁਅੱਤਲ ਕਰਕੇ 27 ਮਾਰਚ ਨੂੰ ਸਮਾਗਮ ਕਰਨ ਦਾ ਐਲਾਨ ਕਰ ਦਿੱਤਾ ਹੈ।

ਮਨਪ੍ਰੀਤ ਬਾਦਲ ਦਾ ਕਹਿਣਾ ਹੈ ਕਿ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ 23 ਮਾਰਚ ਨੂੰ ਖਟਕੜ ਕਲਾਂ 'ਚ ਜਲਸੇ ਕਰਨ ਦਾ ਐਲਾਨ ਕੀਤਾ ਗਿਆ ਹੈ ਤੇ ਜੇਕਰ ਇਸੇ ਦਿਨ ਤਿੰਨ ਰੈਲੀਆਂ ਹੁੰਦੀਆਂ ਹਨ ਤਾਂ ਉਥੇ ਪਹੁੰਚਣ ਵਾਲੇ ਲੋਕਾਂ ਨੂੰ ਦਿੱਕਤਾਂ ਪੇਸ਼ ਆਉਣਗੀਆਂ। ਉਨ੍ਹਾਂ ਕਿਹਾ ਕਿ ਹੋਰ ਪਾਰਟੀਆਂ ਲਈ ਇਹ ਜਲਸੇ ਹੋ ਸਕਦੇ ਹਨ ਪਰ ਉਹ ਆਜ਼ਾਦੀ ਦੇ ਚਿੰਨ੍ਹ ਵਜੋਂ ਜਾਣੀ ਜਾਂਦੀ ਇਸ ਧਰਤੀ 'ਤੇ ਪੰਜਾਬ ਦੀ ਆਬਰੂ ਨੂੰ ਬਚਾਉਣ ਲਈ ਸਹੁੰ ਚੁੱਕਣਗੇ। ਉਨ੍ਹਾਂ ਕਿਹਾ ਕਿ 27 ਮਾਰਚ ਨੂੰ ਪਾਰਟੀ ਦਾ ਸੰਵਿਧਾਨ ਤੇ ਮੁੱਖ ਏਜੰਡਾ ਰਸਮੀ ਤੌਰ 'ਤੇ ਐਲਾਨਿਆ ਜਾਵੇਗਾ। ਉਨ੍ਹਾਂ ਕਿਹਾ ਕਿ 23 ਮਾਰਚ ਵਾਲੇ ਦਿਨ ਉਹ ਹੁਸੈਨੀਵਾਲਾ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਯਾਦਗਾਰ 'ਤੇ ਜਾ ਕੇ ਅਕੀਦਤ ਦੇ ਫੁੱਲ ਚੜ੍ਹਾਉਣਗੇ ਤੇ ਇਸ ਮੌਕੇ ਇਨ੍ਹਾਂ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਨਾਲ ਲਿਜਾਣਗੇ।

ਉਧਰ ਪੰਜਾਬ ਸਰਕਾਰ ਵੱਲੋਂ 23 ਮਾਰਚ ਨੂੰ ਖਟਕੜ ਕਲਾਂ ਵਿਖੇ ਸਮਾਗਮ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਮਰੀਕਾ ਤੋਂ ਪਰਤਣ ਬਾਅਦ ਪੰਜਾਬ ਸਰਕਾਰ ਵੱਲੋਂ ਇਸ ਸ਼ਹੀਦੀ ਸਮਾਗਮ ਨੂੰ ਸਰਕਾਰੀ ਪੱਧਰ 'ਤੇ ਮਨਾਉਣ ਦਾ ਫ਼ੈਸਲਾ ਲਿਆ ਗਿਆ ਹੈ ਤੇ ਅਕਾਲੀ ਦਲ ਤੇ ਭਾਜਪਾ ਵੱਲੋਂ ਇਸ ਮੌਕੇ ਦੋ ਲੱਖ ਲੋਕਾਂ ਦਾ ਇਕੱਠ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਕਾਂਗਰਸ ਪਾਰਟੀ ਵੀ 'ਜਾਗੋ ਪੰਜਾਬ' ਨੂੰ ਮਿਲ ਰਹੇ ਹੁੰਗਾਰੇ ਤੋਂ ਕੁਝ ਚਿੰਤਤ ਨਜ਼ਰ ਆ ਰਹੀ ਹੈ ਤੇ ਇਸੇ ਕਾਰਨ ਉਸ ਵੱਲੋਂ ਵੀ ਆਪਣੀ ਪੂਰੀ ਤਾਕਤ ਲਾ ਕੇ ਇਸ ਮੌਕੇ ਵੱਡਾ ਇਕੱਠ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਸਬੰਧੀ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਪਾਰਟੀ ਦੇ ਸਕੱਤਰਾਂ ਤੇ ਜਥੇਬੰਦਕ ਸਕੱਤਰਾਂ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ। ਕੈਪਟਨ ਨੇ ਪਾਰਟੀ ਦੇ ਕੋਈ 1100 ਸਕੱਤਰਾਂ, ਜੁਆਇੰਟ ਸਕੱਤਰਾਂ ਤੇ ਜਥੇਬੰਦਕ ਸਕੱਤਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਹੈ ਕਿ 23 ਮਾਰਚ ਨੂੰ ਖਟਕੜ ਕਲਾਂ ਵਿਖੇ ਹੋਣ ਵਾਲੀ ਰੈਲੀ ਨਾਲ ਕਾਂਗਰਸ ਵੱਲੋਂ ਮੌਜੂਦਾ ਅਕਾਲੀ-ਭਾਜਪਾ ਸਰਕਾਰ ਵਿਰੁੱਧ ਆਪਣੀ ਅੰਤਿਮ ਲੜਾਈ ਦੀ ਸ਼ੁਰੂਆਤ ਕਰ ਦਿੱਤੀ ਜਾਵੇਗੀ ਤਾਂ ਜੋ ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੱਤਾਧਾਰੀ ਅਕਾਲੀ-ਭਾਜਪਾ ਸਰਕਾਰ ਨੂੰ ਸੱਤਾ ਤੋਂ ਬਾਹਰ ਦਾ ਰਸਤਾ ਦਿਖਾਇਆ ਜਾ ਸਕੇ। ਪ੍ਰਦੇਸ਼ ਕਾਂਗਰਸ ਵੱਲੋਂ ਇਸ ਰੈਲੀ ਨੂੰ ਕਾਮਯਾਬ ਬਣਾਉਣ ਲਈ ਅੰਮ੍ਰਿਤਸਰ ਤੋਂ ਵਿਧਾਇਕ ਓਮ ਪ੍ਰਕਾਸ਼ ਸੋਨੀ ਦੀ ਪ੍ਰਧਾਨਗੀ ਹੇਠ 15 ਮੈਂਬਰੀ ਜਥੇਬੰਦਕ ਕਮੇਟੀ ਦਾ ਵੀ ਗਠਨ ਕੀਤਾ ਗਿਆ ਹੈ ਜਿਸ ਦੇ ਕਨਵੀਨਰ ਸਾਬਕਾ ਵਿਧਾਇਕ ਤਰਲੋਚਨ ਸਿੰਘ ਨੂੰ ਥਾਪਿਆ ਗਿਆ ਹੈ। ਅਕਾਲੀ ਦਲ-ਭਾਜਪਾ, ਕਾਂਗਰਸ ਵੱਲੋਂ ਇਸ ਦਿਨ ਸਮੁੱਚੇ ਪੰਜਾਬ ਤੋਂ ਵਰਕਰਾਂ ਨੂੰ ਖਟਕੜ ਕਲਾਂ ਪਹੁੰਚਾਉਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ ਤੇ ਅਕਾਲੀ ਦਲ ਵੱਲੋਂ ਇਸ ਮੰਤਵ ਲਈ ਦੁਆਬੇ ਦੇ ਜ਼ਿਲ੍ਹਿਆਂ ਤੋਂ ਇਲਾਵਾ ਲੁਧਿਆਣਾ ਤੇ ਰੋਪੜ ਦੇ ਵਿਧਾਨਕਾਰਾਂ ਨੂੰ ਇਸ ਮੰਤਵ ਲਈ ਸਰਗਰਮੀ ਨਾਲ ਕੰਮ ਕਰਨ ਲਈ ਕਿਹਾ ਗਿਆ ਹੈ। ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਨੂੰ ਮੁੱਖ ਰੱਖ ਕੇ ਸਾਰੀਆਂ ਸਿਆਸੀ ਧਿਰਾਂ ਵੱਲੋਂ ਖਟਕੜ ਕਲਾਂ ਦੇ ਸਮਾਗਮਾਂ ਨੂੰ ਵਕਾਰੀ ਸਮਾਗਮ ਸਮਝਿਆ ਜਾ ਰਿਹਾ ਹੈ ਤੇ ਇਸੇ ਕਾਰਨ ਸਾਰੀਆਂ ਪਾਰਟੀਆਂ ਵੱਲੋਂ ਆਪਣੀ ਸਮੁੱਚੀ ਸ਼ਕਤੀ ਇਨ੍ਹਾਂ ਰੈਲੀਆਂ ਦੀ ਕਾਮਯਾਬੀ ਲਈ ਝੋਕਣ ਦਾ ਫ਼ੈਸਲਾ ਲਿਆ ਗਿਆ ਹੈ। ਅਕਾਲੀ ਸੂਤਰਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਸਮਾਗਮ ਲਈ ਥਾਂ ਖਟਕੜ ਕਲਾਂ ਵਿਖੇ ਬਣੀ ਯਾਦਗਾਰ ਦੇ ਨਾਲ ਰੱਖਿਆ ਜਾਵੇਗਾ, ਜਦੋਂਕਿ ਦੂਜੀਆਂ ਸਿਆਸੀ ਪਾਰਟੀਆਂ ਨੂੰ ਰੈਲੀਆਂ ਕਰਨ ਲਈ ਥਾਂ ਸ਼ਹਿਰ ਤੋਂ ਬਾਹਰ ਮਿਲ ਸਕੇਗੀ ਕਿਉਂਕਿ ਸਰਕਾਰੀ ਸਮਾਗਮ ਲਈ ਚੋਖੀ ਥਾਂ ਮੰਗੀ ਜਾ ਰਹੀ ਹੈ।

## ਮਨਪ੍ਰੀਤ 27 ਮਾਰਚ ਨੂੰ ਕਰਨਗੇ ਪਾਰਟੀ ਦਾ ਐਲਾਨ



**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਹੁਣ ਨਵੀਂ ਪਾਰਟੀ ਦਾ ਐਲਾਨ 27 ਮਾਰਚ ਨੂੰ ਖਟਕੜ ਕਲਾਂ ਵਿਖੇ ਕਰਨਗੇ। ਵੱਖਰੀ ਪਾਰਟੀ ਐਲਾਨਣ ਲਈ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 23 ਮਾਰਚ ਨੂੰ ਹੋਣ ਵਾਲੀ ਰੈਲੀ ਨੂੰ ਚਾਰ ਦਿਨ ਅੱਗੇ ਪਾਉਣ ਦਾ ਕਾਰਨ ਦੱਸਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਉਨ੍ਹਾਂ ਲਈ ਇਹ ਰੈਲੀ ਦਿਖਾਵਾ ਨਹੀਂ ਸਗੋਂ ਸੰਜੀਦਗੀ ਦਾ ਕਦਮ ਹੈ। ਨਵੀਂ ਪਾਰਟੀ ਬਣਾਉਣ ਤੋਂ ਬਾਅਦ ਰਾਜਨੀਤਕ ਗਠਜੋੜ ਉਨ੍ਹਾਂ ਕਿਹਾ ਕਿ ਪਹਿਲਾਂ ਇਹ ਦੇਖਿਆ ਜਾਵੇਗਾ ਕਿ ਕਿਸ ਪਾਰਟੀ ਦੀ ਸੋਚ ਉਨ੍ਹਾਂ ਦੀ ਪਾਰਟੀ ਨਾਲ ਮੇਲ ਖਾਂਦੀ ਹੈ। ਇਸ ਮੌਕੇ ਸ੍ਰੀ ਬਾਦਲ ਨੇ ਕਿਹਾ ਕਿ ਜਿਸ ਜ਼ਿਲ੍ਹੇ ਵਿਚ ਵੀ ਉਨ੍ਹਾਂ ਨੇ ਜਾਗੋ ਪੰਜਾਬ ਦੀ ਰੈਲੀ ਕਰਨੀ ਹੋਵੇ ਉਥੇ ਪਹਿਲਾਂ ਹੀ ਦਫਾ 144 ਲਾਗੂ ਕਰ ਦਿੱਤੀ ਜਾਂਦੀ ਹੈ।

## ਰੈਲੀ ਨਾਲ ਚੋਣ ਮੁਹਿੰਮ ਦਾ ਆਗਾਜ਼: ਅਮਰਿੰਦਰ



**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਵਸ 'ਤੇ 23 ਮਾਰਚ ਨੂੰ ਖਟਕੜ ਕਲਾਂ ਵਿਖੇ ਹੋਣ ਵਾਲੀ ਰੈਲੀ ਨਾਲ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਬਾਦਲ ਸਰਕਾਰ ਨੂੰ ਸੱਤਾ ਤੋਂ ਬਾਹਰ ਦਾ ਰਸਤਾ ਦਿਖਾਉਣ ਦੀ ਗਿਣਤੀ ਸ਼ੁਰੂ ਹੋ ਜਾਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਇਹ ਰੈਲੀ ਰਾਜ ਭਰ ਦੇ ਵਿਧਾਨ ਸਭਾ ਖੇਤਰਾਂ 'ਚ ਦੂਜੇ ਪੜਾਅ ਦੀਆਂ ਰੈਲੀਆਂ ਦਾ ਸ਼ਾਨਦਾਰ ਆਗਾਜ਼ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਦੇ ਵਰਕਰਾਂ ਵਿਚਲੇ ਭਾਰੀ ਉਤਸ਼ਾਹ ਨੂੰ ਦੇਖਦਿਆਂ ਸਾਫ ਹੋ ਗਿਆ ਹੈ ਕਿ ਇਸ ਵਾਰ ਬਾਦਲ ਸਰਕਾਰ ਨੂੰ ਚਲਦਾ ਕਰਕੇ ਕਾਂਗਰਸ ਦੀ ਪੂਰੇ ਜ਼ੋਰ ਨਾਲ ਵਾਪਸੀ ਹੋਵੇਗੀ।

# ਸਿੱਖਾਂ 'ਤੇ ਹੋਏ ਹਮਲੇ ਵਿਰੁਧ ਭਾਰਤ ਸਰਕਾਰ ਦੇ ਰਵੱਈਏ ਦੇ ਨਿਖੇਧੀ

**ਸੈਕਰਾਮੈਂਟੋ:** ਪਿਛਲੇ ਦਿਨੀਂ ਐਲਕ ਗਰੂਵ ਵਿਚ ਦੋ ਸਿੱਖਾਂ 'ਤੇ ਹੋਏ ਘਿਨਾਉਣੇ ਹਮਲੇ ਲਈ ਹਾਲੇ ਤੱਕ ਭਾਰਤ ਸਰਕਾਰ ਵਲੋਂ ਕੋਈ ਆਵਾਜ਼ ਨਹੀਂ ਉਠਾਈ ਗਈ ਹੈ। ਇਸ ਗੱਲ 'ਤੇ ਰੋਸ ਜ਼ਾਹਰ ਕਰਦਿਆਂ ਐਨ.ਆਰ.ਆਈ. ਫਰੰਟ ਯੂ.ਐਸ.ਏ. ਦੇ ਪ੍ਰਧਾਨ ਸੁੱਖੀ ਘੁੰਮਣ ਅਤੇ ਚੇਅਰਮੈਨ ਸ. ਗੁਰਜਤਿੰਦਰ ਸਿੰਘ ਰੰਧਾਵਾ, ਸ੍ਰੀ ਪਾਲ ਸਿਹੋਤਾ ਅਤੇ ਸ੍ਰੀ ਗੁਲਿੰਦਰ ਗਿੱਲ ਨੇ ਇੱਕ ਸਾਂਝੇ ਬਿਆਨ ਵਿਚ ਕਿਹਾ ਕਿ ਕੁਝ ਸਮਾਂ ਪਹਿਲਾਂ ਕੈਲੀਫੋਰਨੀਆ ਦੇ ਤਰਾਈ ਖੇਤਰ ਵਿਚ ਕੁਝ ਭਾਰਤੀ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਹੋਏ ਘਪਲੇ ਕਾਰਨ ਵਾਪਸ ਜਾਣ ਲਈ ਕਿਹਾ ਗਿਆ ਸੀ, ਉਸ ਵਕਤ ਸਮੁਚੀ ਭਾਰਤ ਸਰਕਾਰ ਅਤੇ ਅਮਰੀਕਾ ਵਿਚ ਭਾਰਤੀ ਸਫਾਰਤਖਾਨਾ ਇਸ ਕੇਸ ਦੀ ਪੈਰਵਾਈ ਲਈ ਅੱਗੇ ਆਇਆ ਸੀ ਪਰ ਹੁਣ ਜਦੋਂ 2 ਸਿੱਖ ਬਜ਼ੁਰਗਾਂ 'ਤੇ ਹਮਲਾ ਕਰਕੇ ਇਕ ਨੂੰ ਜਾਨੋਂ ਮਾਰ ਦਿੱਤਾ ਗਿਆ ਹੈ ਅਤੇ ਦੂਜੇ ਨੂੰ ਗੰਭੀਰ ਜ਼ਖ਼ਮੀ ਕਰ ਦਿਤਾ ਗਿਆ ਹੈ ਤਾਂ ਕਿਸੇ ਵੀ ਭਾਰਤੀ ਮੰਤਰਾਲੇ ਜਾਂ ਭਾਰਤੀ ਅਧਿਕਾਰੀ ਨੇ ਇਸ ਸਬੰਧੀ ਆਵਾਜ਼ ਨਹੀਂ ਉਠਾਈ।



*ਸ੍ਰੀ ਪਾਲ ਸਹੋਤਾ, ਸੁੱਖੀ ਘੁੰਮਣ, ਗੁਰਜਿੰਦਰ ਰੰਧਾਵਾ ਅਤੇ ਗੁਲਿੰਦਰ ਗਿੱਲ*

ਬਿਆਨ ਵਿਚ ਕਿਹਾ ਗਿਆ ਹੈ ਕਿ ਭਾਰਤੀ ਅਧਿਕਾਰੀਆਂ ਦੇ ਇਸ ਰਵੱਈਏ ਪ੍ਰਤੀ ਪੰਜਾਬੀ ਅਤੇ ਸਿੱਖ ਭਾਈਚਾਰੇ ਵਿਚ ਕਾਫੀ ਰੋਸ ਹੈ। ਐਨ.ਆਰ.ਆਈ. ਫਰੰਟ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਸੰਬੰਧੀ ਅਮਰੀਕੀ ਸਰਕਾਰ ਕੋਲ ਆਵਾਜ਼ ਉਠਾਵੇ ਤਾਂ ਕਿ ਦੋਸ਼ੀਆਂ ਦਾ ਪਤਾ ਲਗਾ ਕੇ ਅੱਗੇ ਤੋਂ ਅਜਿਹੇ ਘਨਾਉਣੇ ਅਪਰਾਧ ਰੋਕੇ ਜਾ ਸਕਣ।

# ਰਵਿੰਦਰ ਰਵੀ ਨੂੰ ਜੀਵਨ-ਕਾਲ ਪ੍ਰਾਪਤੀ ਪੁਰਸਕਾਰ

**ਵੈਨਕੂਵਰ:** ਕੈਨੇਡਾ ਵਸਦੇ ਪੰਜਾਬੀ ਲੇਖਕ ਤੇ ਇਆਪਾ (ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਪੰਜਾਬੀ ਆਥਰਜ਼ ਐਂਡ ਅਰਟਿਸਟਸ) ਦੇ ਪ੍ਰਧਾਨ ਰਵਿੰਦਰ ਰਵੀ ਨੂੰ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ਯੂਬੀਸੀ) ਵੈਨਕੂਵਰ, ਕੈਨੇਡਾ ਨੇ ਜੀਵਨ-ਕਾਲ ਪ੍ਰਾਪਤੀ ਪੁਰਸਕਾਰ (ਲਾਈਫ਼ ਟਾਈਮ ਅਚੀਵਮੈਂਟ ਐਵਾਰਡ) ਨਾਲ ਸਨਮਾਨਤ ਕਰਨ ਦਾ ਐਲਾਨ ਕੀਤਾ ਹੈ।

ਇਸ ਪੁਰਸਕਾਰ 'ਚ ਸਨਮਾਨ-ਚਿੰਨ੍ਹ ਦੇ ਨਾਲ ਇਕ ਹਜ਼ਾਰ ਡਾਲਰ ਵੀ ਸ਼ਾਮਲ ਹੈ। ਇਹ ਪੁਰਸਕਾਰ ਉਨ੍ਹਾਂ ਨੂੰ ਦੋ ਅਪਰੈਲ 2011 ਨੂੰ ਯੂਨੀਵਰਸਿਟੀ ਦੇ ਏਸ਼ੀਅਨ ਸੈਂਟਰ 'ਚ ਕਰਵਾਏ ਜਾ ਰਹੇ ਸਮਾਗਮ ਸੈਲੀਬਰੇਸ਼ਨ ਆਫ ਪੰਜਾਬੀ (ਪੰਜਾਬੀ ਦਾ ਜਸ਼ਨ) ਵਿਚ ਭੇਟ ਕੀਤਾ ਜਾਵੇਗਾ।

ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੀ 26 ਮਾਰਚ, 2011 ਨੂੰ ਸਰੀ (ਬ੍ਰਿਟਿਸ਼ ਕੋਲੰਬੀਆ, ਕੈਨੇਡਾ) 'ਚ ਹੋ ਰਹੇ ਆਪਣੇ ਸਾਲਾਨਾ ਸਮਾਗਮ 'ਚ ਰਵਿੰਦਰ ਰਵੀ ਨੂੰ 'ਜੀਵਨ-ਕਾਲ ਪ੍ਰਾਪਤੀ ਪੁਰਸਕਾਰ' ਨਾਲ ਸਨਮਾਨਤ ਕਰ ਰਹੀ ਹੈ। ਰਵਿੰਦਰ ਰਵੀ 60ਵਿਆਂ ਦੌਰਾਨ ਭਾਰਤ 'ਚ ਚੱਲੀ ਪ੍ਰਯੋਗਸ਼ੀਲ ਲਹਿਰ ਦੇ ਮੋਢੀਆਂ ਚੋਂ ਸਿਰਮੌਰ ਹੈ। ਪਾਕਿਸਤਾਨ ਤੋਂ ਬਾਹਰ ਵੱਸਦਾ ਉਹ ਇਕੋ-ਇਕ ਗ਼ੈਰ-ਪਾਕਿਸਤਾਨੀ ਪੰਜਾਬੀ ਲੇਖਕ ਹੈ ਜਿਸ ਦੀਆਂ ਪੁਸਤਕਾਂ ਕਾਇਦ-ਏ-ਆਜ਼ਮ ਯੂਨੀਵਰਸਿਟੀ, ਇਸਲਾਮਾਬਾਦ ਦੇ ਐਮ.ਏ. ਦੇ ਪਾਠਕ੍ਰਮ ਦਾ ਹਿੱਸਾ ਰਹੀਆਂ।

# ਗਦਰੀ ਬਾਬਿਆਂ ਨੂੰ ਸਮਰਪਿਤ ਸੁਖਵਿੰਦਰ ਪੰਛੀ ਦੀ ਐਲਬਮ ਛੇਤੀ ਰਿਲੀਜ਼ ਹੋਵੇਗੀ

**ਫਰਿਜ਼ਨੋ (ਅਸ਼ੋਕ ਭੌਰਾ):** ਪੰਜਾਬ ਦੇ ਨਾਮਵਰ ਗਾਇਕ ਸੁਖਵਿੰਦਰ ਪੰਛੀ ਨੇ ਗਦਰ ਇਤਿਹਾਸ ਤੇ ਭਾਰਤ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦੇ ਸੰਘਰਸ਼ ਨੂੰ ਗੀਤਾਂ ਜ਼ਰੀਏ ਆਪਣੀ ਨਵੀਂ ਐਲਬਮ 'ਕਰ ਦਿਓ ਹਮਲਾ ਗੱਦਾਰ 'ਤੇ' ਵਿਚ ਸੰਭਾਲਣ ਦਾ ਸਫਲ ਯਤਨ ਕੀਤਾ ਹੈ। ਇਹ ਅਗਲੇ ਦੋ ਹਫਤਿਆਂ ਵਿਚ ਟੀ-ਸੀਰੀਜ਼ ਕੰਪਨੀ ਵਲੋਂ ਰਿਲੀਜ਼ ਹੋ ਰਹੀ ਹੈ।



ਐਲਬਮ ਵਿਚਲੇ ਗੀਤ ਸਵਰਗੀ ਗੀਤਕਾਰ ਗਿੱਲ ਜੱਬੋਮਾਜਰਾ ਤੋਂ ਸਿਵਾ ਪੱਪੀ ਭਦੌੜ, ਕੁਲਬੀਰ ਹੇਅਰ, ਦਲਜੀਤ ਰਿਆੜ, ਐਸ ਅਸ਼ੋਕ ਭੌਰਾ, ਰੋਮੀ ਖਰਲਾਂਵਾਲਾ ਅਤੇ ਨੀਟਾ ਮਾਛੀਕੇ ਦੇ ਲਿਖੇ ਹੋਏ ਹਨ। ਸੰਗੀਤ ਬੱਲੀ ਮਾਨ ਤੇ ਬਬਲੂ ਦਾ ਹੈ।

ਸੁਖਵਿੰਦਰ ਪੰਛੀ ਅਨੁਸਾਰ ਐਲਬਮ ਵਿਚਲੇ ਦੋ ਗੀਤਾਂ ਨੂੰ ਅਮਰੀਕਾ ਦੀਆਂ ਕੁਝ ਉਨ੍ਹਾਂ ਸੰਸਥਾਵਾਂ ਦਾ ਸਹਿਯੋਗ ਮਿਲ ਰਿਹਾ ਹੈ ਜੋ ਗਦਰ ਲਹਿਰ ਤੇ ਗਦਰੀ ਬਾਬਿਆਂ ਦੀ ਯਾਦ ਸੰਭਾਲਣ ਲਈ ਕੰਮ ਕਰ ਰਹੀਆਂ ਹਨ। ਇਸ ਦਾ ਵੀਡੀਓ ਪਹਿਲੀ ਵਾਰ ਅਮਰੀਕਾ 'ਚ ਤਿਆਰ ਕੀਤਾ ਜਾਏਗਾ। ਸਦਾ ਸੂਰਮੇ ਜਿਉਂਦੇ ਰਹਿੰਦੇ, ਮਰਦੇ ਨਹੀਂ, ਬੋਰਡਾਂ 'ਤੇ ਲਿਖਿਆ ਕੁੱਤਾ ਅਤੇ ਭਾਰਤੀ ਹੋਟਲਾਂ 'ਚ ਆਉਣਾ ਨਾ, ਪਾੜ ਕੇ ਵਿਚਾਲਿਓਂ ਹਿੱਕ ਵੈਰੀ ਦੀ ਫਤਿਹ ਵਾਲਾ ਝੰਡਾ ਦਿਓ ਗੱਡ ਜੀ, ਦੇਸ਼ ਆਜ਼ਾਦ ਕਰਾ ਗਏ, ਗਦਰੀ ਬਾਬਿਆਂ ਦੀ ਯਾਦ 'ਚ ਮੇਲੇ ਲਾਈਏ, ਫੋਟੋਆਂ ਉਤੇ ਹਾਰ ਪਾਉਣ ਦਾ ਕੀ ਫਾਇਦਾ... ਆਦਿ ਅੱਠ ਗੀਤ ਇਸ ਐਲਬਮ ਵਿਚ ਹੋਣਗੇ।

ਜ਼ਿਕਰਯੋਗ ਹੈ ਕਿ ਸੁਖਵਿੰਦਰ ਪੰਛੀ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦਾ ਸ਼ਾਗਿਰਦ ਹੀ ਨਹੀਂ ਸਗੋਂ ਉਹਦੇ ਵਰਗੀ ਬੁਲੰਦ ਆਵਾਜ਼ ਕਰਕੇ ਵੀ ਜਾਣਿਆ ਜਾਂਦਾ ਹੈ।

# ਰਾਣਾ ਕਾਹਲੋਂ ਨੂੰ ਸਦਮਾ, ਮਾਤਾ ਸੁਰਗਵਾਸ

**ਸੈਕਰਾਮੈਂਟੋ (ਬਿਊਰੋ):** ਬੇ-ਏਰੀਏ ਦੇ ਇਕ ਉਘੇ ਬਿਜਨਸਮੈਨ ਅਤੇ ਭਾਈਚਾਰਕ ਆਗੂ ਰਣਜੀਤ (ਰਾਣਾ) ਕਾਹਲੋਂ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਮਲਕੀਤ ਕੌਰ ਸੁਪਤਨੀ ਸਵਰਗੀ ਹਜ਼ਾਰਾ ਸਿੰਘ ਕਾਹਲੋਂ (ਪਿੰਡ ਕਾਲਾ ਅਫਗਾਨਾ, ਗੁਰਦਾਸਪੁਰ) ਲੰਘੀ 6 ਮਾਰਚ ਨੂੰ ਸਦੀਵੀ ਵਿਛੋੜਾ ਦੇ ਗਏ। ਉਹ 90 ਵਰ੍ਹਿਆਂ ਦੇ ਸਨ ਅਤੇ ਉਨ੍ਹਾਂ ਦਾ ਜਨਮ ਪਾਕਿਸਤਾਨ ਵਿਚ ਹੋਇਆ ਸੀ। 1972 ਵਿਚ ਉਹ ਅਮਰੀਕਾ ਆ ਗਏ ਅਤੇ ਸੈਕਰਾਮੈਂਟੋ ਆਪਣੇ ਪੁੱਤਰਾਂ ਪਾਸ ਰਹਿਣ ਲੱਗੇ। ਉਹ ਆਪਣੇ ਪਿਛੇ ਇਕ ਧੀ ਗਿਆਨ ਕੌਰ, ਜਵਾਈ ਸੁਖਜੀਤ ਸਿੰਘ ਨਾਹਲ ਅਤੇ 5 ਪੁੱਤਰ-ਗੁਰਮੇਜ ਸਿੰਘ, ਕਸ਼ਮੀਰ ਸਿੰਘ, ਦਰਸ਼ਨ ਸਿੰਘ, ਦਲਵਿੰਦਰ ਸਿੰਘ ਤੇ ਰਾਣਾ ਕਾਹਲੋਂ ਤੋਂ ਇਲਾਵਾ ਪੋਤਰਿਆਂ-ਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੇ ਛੋਟੇ ਪੁੱਤਰ ਸਤਵਿੰਦਰ ਸਿੰਘ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਗਈ ਸੀ।



ਮਾਤਾ ਮਲਕੀਤ ਕੌਰ ਦਾ ਅੰਤਿਮ ਸਸਕਾਰ 12 ਮਾਰਚ ਨੂੰ ਇਥੇ ਸਨਸੈਟ ਲਾਅਨ ਚੈਪਲ ਆਫ ਦਾ ਚਾਈਮਜ਼ (4701 ਮੈਰੀਵਿਲ ਬੁਲੇਵਾਰਡ) ਵਿਖੇ ਹੋਵੇਗਾ ਅਤੇ ਉਸੇ ਦਿਨ ਅੰਤਿਮ ਅਰਦਾਸ ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਹੋਵੇਗੀ। ਸ੍ਰੀ ਰਾਣਾ ਕਾਹਲੋਂ ਨਾਲ ਸੰਪਰਕ ਫੋਨ 510-378-8560 'ਤੇ ਕੀਤਾ ਜਾ ਸਕਦਾ ਹੈ।

## Public Notice

### Change of Name

I, Chhinder Singh village 39 G.G. Jawaywala, PO 48 G. G., Srinagar via Nizampura Kureshian Teh Srikaranpur, Distt. Sriganganagar, currently living at 6077 Coffee Road #4, Bakersfield, CA 93308 USA, have changed my name to Chhinder Singh. My first name is Chhinder and Last name is Singh. All concerned please note.

### Change of Name

I, Karamjeet Kaur village 39 G.G. Jawaywala, PO 48 G. G., Srinagar via Nizampura Kureshian Teh Srikaranpur, Distt. Sriganganagar, currently living at 6077 Coffee Road #4, Bakersfield, CA 93308 USA, have changed my name to Karamjeet Kaur. My first name is Karamjeet and last name is Kaur. All concerned please note.

*www.punjabtimesusa.com*





**Business Opportunity**

**International Company looking for serious people to work from home-part time or full time. Great earning potential, full training and support provided. To attend training in your area and For more info. call:**

**Surjit Singh or Satwant K. Takk Cell:**

**(416) 889-9886**

**Sukhpreet Kaur Indiana**

**Ph:317-884-3557**

*www.safeandeasyweightloss.com*

*e-mail:sstakk@hotmail.com*

**Desi Cuts and Color Plus**

For Men, Women & Children

Grand Opening



Mandeep 510-200-4415

**Ph:510-429-0786**




Tony (510) 825-0820

**Monday to Friday 9:00-7:30 (Tuesday Closed)**
**Saturday 9:00-7:00, Sunday 10:00-6:00**

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)



**34685 Alvarado Niles Rd., Union City, CA 94587** *( Behind Tacobell )*

FARMERS INSURANCE GROUP — Symbol of Superior Service

**FARMERS®**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

## ਹੋਂਦ ਚਿੱਲੜ ਦੇ ਦੁਖਾਂਤ ‘ਤੇ ਸਿਆਸਤ ਭਾਰੂ

# ਹਰਿਆਣਾ ਸਰਕਾਰ ਵੱਲੋਂ ਜਾਂਚ ਕਮਿਸ਼ਨ ਕਾਇਮ, ਸਿੱਖ ਜਥੇਬੰਦੀਆਂ ਵੱਲੋਂ ਰੱਦ

ਕੇ ਹੁਣ ਜਿੱਥੇ ਸ਼੍ਰੋਮਣੀ ਕਮੇਟੀ, ਸ੍ਰੀ ਅਕਾਲ ਤਖ਼ਤ ਤੇ ਹੋਰ ਧਾਰਮਿਕ ਜਥੇਬੰਦੀਆਂ ਪੂਰੀ ਤਰ੍ਹਾਂ ਸਰਗਰਮ ਹਨ, ਉਥੇ ਪੰਜਾਬ ਤੇ ਹਰਿਆਣਾ ਦੀਆਂ ਵਿਧਾਨ ਸਭਾਵਾਂ ’ਚ ਚੱਲ ਰਹੇ ਬਜਟ ਇਜਲਾਸ ਦੌਰਾਨ ਵੀ ਇਸ ਮੁੱਦੇ ਦੀ ਪੂਰੀ ਚਰਚਾ ਹੈ। ਹਰਿਆਣਾ ਸਰਕਾਰ ਨੇ ਜਾਂਚ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਰਿਟਾਇਰਡ ਜੱਜ ਟੀ.ਪੀ.ਗਰਗ ਦੀ ਅਗਵਾਈ ਹੇਠ ਇਕ ਮੈਂਬਰੀ ਕਮਿਸ਼ਨ ਨਿਯੁਕਤ ਕਰ ਦਿੱਤਾ ਹੈ ਤੇ ਇਹ ਕਮਿਸ਼ਨ ਆਪਣੀ ਰਿਪੋਰਟ ਛੇ ਮਹੀਨੇ ਵਿਚ ਦੇਵੇਗਾ ਪਰ ਸਿੱਖ ਆਗੂਆਂ ਨੇ ਇਸ ’ਤੇ ਸੰਤੁਸ਼ਟ ਨਾ ਹੁੰਦਿਆਂ ਮੰਗ ਕੀਤੀ ਹੈ ਕਿ ਹਾਈ ਕੋਰਟ ਦੇ ਸਿਟਿੰਗ ਜੱਜ ਤੋਂ ਜਾਂਚ ਕਰਵਾਈ ਜਾਵੇ।

ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਇਕ ਮੈਂਬਰੀ ਕਮਿਸ਼ਨ ਦੀ ਸਥਾਪਨਾ ਦਾ ਐਲਾਨ ਕਰਦਿਆਂ ਕਿਹਾ ਕਿ ਵੱਖ-ਵੱਖ ਸਿੱਖ ਜਥੇਬੰਦੀਆਂ ਦੀ ਮੰਗ ਦੇ ਮੱਦੇਨਜ਼ਰ ਕਮਿਸ਼ਨ ਬਣਾਇਆ ਗਿਆ ਹੈ। ਕਮਿਸ਼ਨ ਨੂੰ ਕਿਹਾ ਗਿਆ ਹੈ ਕਿ ਰਿਪੋਰਟ ਜਿੰਨੀ ਜਲਦੀ ਹੋ ਸਕੇ ਅਤੇ ਪਹਿਲੀ ਸਿਟਿੰਗ ਤੋਂ ਛੇ ਮਹੀਨਿਆਂ ਦੇ ਅੰਦਰ-ਅੰਦਰ ਦੇਣ ਨੂੰ ਕਿਹਾ ਗਿਆ ਹੈ। ਕਮਿਸ਼ਨ ਦਾ ਹੈਡ ਕੁਆਰਟਰ ਹਿਸਾਰ ਵਿਚ ਹੋਵੇਗਾ ਅਤੇ ਇਹ ਇਸ ਗੱਲ ਦੀ ਵੀ ਜਾਂਚ ਕਰੇਗਾ ਕਿ ਕਿਹੜੇ ਕਾਰਨਾਂ ਕਰਕੇ ਹਿੰਸਾ ਹੋਈ ਤੇ ਕਿੰਨੇ ਸਿੱਖ ਮਾਰੇ ਗਏ ਤੇ ਮਾਲੀ ਨੁਕਸਾਨ ਕਿੰਨਾ ਹੋਇਆ। ਕਮਿਸ਼ਨ 1952 ਦੇ ਕਮਿਸ਼ਨ ਆਫ ਇਨਕੁਆਰੀ ਐਕਟ ਦੇ ਤਹਿਤ ਜਾਂਚ ਕਰੇਗਾ।

ਉਧਰ ਪੰਜਾਬ ਵਿਧਾਨ ਸਭਾ ਨੇ ਹੋਂਦ ਚਿੱਲੜ ਤੇ ਪਟੌਦੀ ਸਿੱਖ ਕਤਲੇਆਮ ਦੀਆਂ ਘਟਨਾਵਾਂ ਲਈ ਕੇਂਦਰ ਸਰਕਾਰ ਤੋਂ ਹਾਈ ਕੋਰਟ ਦੇ ਸਿਟਿੰਗ ਜੱਜ ਦੀ ਅਗਵਾਈ ਹੇਠ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਸਦਨ ਨੇ 6 ਮਾਰਚ ਨੂੰ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਇਨ੍ਹਾਂ ਘਟਨਾਵਾਂ ਸਮੇਤ ਹੋਰ ਬੇਦੋਸ਼ਿਆਂ ਨੂੰ ਮਾਰੇ ਜਾਣ ਦੀ ਸਖ਼ਤ ਨਿੰਦਾ ਕੀਤੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਬਾਰੇ ਮਤਾ ਪੇਸ਼ ਕਰਦੇ ਹੋਏ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਘਟਨਾਵਾਂ ਦੀ ਹਾਈ ਕੋਰਟ ਦੇ ਸਿਟਿੰਗ ਜੱਜ ਤੋਂ ਜਾਂਚ ਕਰਵਾਈ ਜਾਵੇ ਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਜਿੱਥੇ ਹਰਿਆਣਾ ਵਿਚ ਵਾਪਰੀਆਂ ਘਟਨਾਵਾਂ ਦੀ ਨਿਖੇਧੀ ਕੀਤੀ, ਉਥੇ ਨਾਲ ਹੀ ਖਾੜਕੂਆਂ ਵੱਲੋਂ ਬੇਦੋਸ਼ਿਆਂ ਨੂੰ ਮਾਰਨ ਦੀਆਂ ਘਟਨਾਵਾਂ ਦੀ ਵੀ ਨਿਖੇਧੀ ਕੀਤੀ। ਇਸੇ ਤਰ੍ਹਾਂ ਹਰਿਆਣਾ ਦੀ ਵਿਰੋਧੀ ਧਿਰ ਨੇ ਹੋਂਦ ਚਿਲੜ ਕਾਂਡ ਦੇ ਮੁੱਦੇ ‘ਤੇ ਧਿਆਨ ਦਿਵਾਊ ਮਤਾ ਪੇਸ਼ ਕਰਨ ਦੀ ਆਗਿਆ ਨਾ ਦਿੱਤੇ ਜਾਣ ਵਿਰੁਧ 6 ਮਾਰਚ ਨੂੰ ਸਦਨ ਵਿਚ ਰੌਲਾ ਰੱਪਾ ਪਾਇਆ ਤੇ ਵਾਕਆਊਟ ਕੀਤਾ। ਵਿਰੋਧੀ ਧਿਰ ਨੇ ਹਾਈ ਕੋਰਟ ਦੇ ਸਿਟਿੰਗ ਜੱਜ ਕੋਲੋਂ ਜਾਂਚ ਦੀ ਮੰਗ ‘ਤੇ ਵੀ ਜ਼ੋਰ ਦਿੱਤਾ।

### ਸਿੱਖ ਜਥੇਬੰਦੀਆਂ ਵੱਲੋਂ ਜਾਂਚ ਕਮਿਸ਼ਨ ਰੱਦ

ਅਕਾਲ ਤਖ਼ਤ ਦੇ ਜਥੇਦਾਰ ਨੇ ਗਰਗ ਕਮਿਸ਼ਨ ਨੂੰ ਅਪ੍ਰਵਾਨ ਕਰ ਦਿੱਤਾ, ਜਦੋਂਕਿ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਨੇ ਇਸ ਕਮਿਸ਼ਨ ਦੀ ਨਿਯੁਕਤੀ ‘ਤੇ ਤਸੱਲੀ ਪ੍ਰਗਟਾਈ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਇਕ ਮੈਂਬਰੀ ਕਮਿਸ਼ਨ ਨੂੰ ਅਪ੍ਰਵਾਨ ਕਰਦਿਆਂ ਕਿਹਾ ਕਿ ਕਮਿਸ਼ਨ ਵਿਚ ਦੋ ਸਿੱਖ ਜੱਜ ਵੀ ਸ਼ਾਮਲ ਕੀਤੇ ਜਾਣ ਤਾਂ ਹੀ ਸਿੱਖ ਜਗਤ ਵੱਲੋਂ ਇਸ ਕਮਿਸ਼ਨ ਨੂੰ ਪ੍ਰਵਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਿੱਖ ਜੱਜ ਸੇਵਾ ਮੁਕਤ ਜਾਂ ਮੌਜੂਦਾ ਜੱਜ ਵੀ ਹੋ ਸਕਦੇ ਹਨ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਕ ਮੈਂਬਰੀ ਕਮਿਸ਼ਨ ‘ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਮੁੱਚੀ ਕੌਮ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਹੋਂਦ ਕਾਂਡ ਦੀ ਨਿਆਇਕ ਜਾਂਚ ਕਰਵਾਈ ਜਾਵੇ। ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਵੀ ਹਰਿਆਣਾ ਸਰਕਾਰ ਦੇ ਇਸ ਫੈਸਲੇ ਨੂੰ ਠੀਕ ਕਰਾਰ ਦਿੰਦਿਆਂ ਕਿਹਾ ਕਿ ਇਹ ਜਾਂਚ ਕਮਿਸ਼ਨ ਇਹ ਪਤਾ ਲਾਵੇ ਕਿ ਇਹ ਘਟਨਾ ਕਿਉਂ ਵਾਪਰੀ ਸੀ ਤੇ ਇੰਨਾ ਲੰਮਾ ਸਮਾਂ ਇਸ ਨੂੰ ਕਿਉਂ ਲੁਕਾਇਆ ਗਿਆ?

ਇਸ ਦੌਰਾਨ ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਹਰਿਆਣਾ ਸਰਕਾਰ ਵੱਲੋਂ ਬਣਾਏ ਕਮਿਸ਼ਨ ਨੂੰ ਅਪ੍ਰਵਾਨ ਕਰਦਿਆਂ ਕਿਹਾ ਕਿ ਇਸ ਤੋਂ ਲਗਦਾ ਹੈ ਕਿ ਹਰਿਆਣਾ ਸਰਕਾਰ ਪੀੜਤ ਸਿੱਖਾਂ ਨੂੰ ਨਿਆਂ ਨਹੀਂ ਦੇਣਾ ਚਾਹੁੰਦੀ। ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਬਾਰੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਨਾਨਾਵਤੀ ‘ਤੇ ਆਧਾਰਤ ਕਮਿਸ਼ਨ ਸਮੇਤ ਅਜਿਹੇ ਹੋਰ 9 ਕਮਿਸ਼ਨਾਂ ਦਾ ਤਜਰਬਾ ਸਿੱਖ ਜਗਤ ਭੋਗ ਚੁੱਕਾ ਹੈ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਵੀ ਇਸ ਇਕ ਮੈਂਬਰੀ ਕਮਿਸ਼ਨ ਨੂੰ ਅਪ੍ਰਵਾਨ



ਕਰਦਿਆਂ ਕਿਹਾ ਕਿ ਇਸ ਜਾਂਚ ਤੋਂ ਨਿਆਂ ਮਿਲਣ ਦੀ ਕੋਈ ਸੰਭਾਵਨਾ ਨਹੀਂ ਹੈ। ਇਸ ਬਾਰੇ ਹਾਈ ਕੋਰਟ ਵਿਖੇ ਇਕ ਜਨ ਹਿੱਤ ਪਟੀਸ਼ਨ ਵੀ ਦਾਇਰ ਕੀਤੀ ਗਈ ਹੈ ਜਿਸ ਦੀ ਅਗਲੀ ਸੁਣਵਾਈ ਅੱਠ ਅਪਰੈਲ ਨੂੰ ਹੋਵੇਗੀ।

### ਸ਼ਹੀਦਾਂ ਦੀ ਯਾਦਗਾਰ ਉਸਾਰਨ ਦਾ ਫ਼ੈਸਲਾ

ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ 2 ਨਵੰਬਰ 1984 ਨੂੰ ਹੋਂਦ ਚਿੱਲੜ ‘ਚ ਮਾਰੇ ਗਏ 32 ਸਿੱਖਾਂ ਨਮਿਤ ਅਖੰਡਪਾਠ ਦੇ ਭੋਗ ਪਾਏ ਗਏ। ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਉਨ੍ਹਾਂ ਦੀ ਯਾਦਗਾਰ ਬਣਾਉਣ ਤੇ ਉਥੇ ਮੌਜੂਦ ਖੰਡਰਾਂ ਨੂੰ ਉਵੇਂ ਹੀ ਸੁਰੱਖਿਅਤ ਰੱਖਣ ਦਾ ਫੈਸਲਾ ਲਿਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ‘ਸਿੱਖ ਨਸਲਕੁਸ਼ੀ ਮੈਮੋਰੀਅਲ‘ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਇਸ ਯਾਦਗਾਰ ਦੇ ਸਰੂਪ ਬਾਰੇ ਭਵਿੱਖ ਵਿਚ ਰਲ-ਮਿਲ ਕੇ ਤੈਅ ਕੀਤਾ ਜਾਵੇਗਾ। ਉਨ੍ਹਾਂ ਪੱਤਰਕਾਰ ਜਰਨੈਲ ਸਿੰਘ ਤੇ ਵਕੀਲ ਐਚ.ਐਸ. ਫੂਲਕਾ ਦੀ ਸਲਾਹ ਮੰਨਦੇ ਹੋਏ ਦਿੱਲੀ ਵਿਚ ਵੀ 1984 ਵਿਚ ਮਾਰੇ ਗਏ ਸਿੱਖਾਂ ਦੀ ਯਾਦਗਾਰ ਬਣਾਉਣ ਦੀ ਹਮਾਇਤ ਕੀਤੀ।

ਖਾਲਸਾ ਐਕਸ਼ਨ ਕਮੇਟੀ ਵੱਲੋਂ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਹੋਂਦ ਪਿੰਡ ਦੇ ਖੰਡਰ ਕੌਮ ਦੀ ਲੀਡਰਸ਼ਿਪ ਅੱਗੇ ਭਾਰਤੀ ਨਿਆਂਪ੍ਰਣਾਲੀ ਦੀ ਤਸਵੀਰ ਪੇਸ਼ ਕਰਦੇ ਹਨ। ਉਨ੍ਹਾਂ ਇਸ ਕਾਂਡ ਦੀ ਜਾਂਚ ਕਿਸੇ ਵਰਤਮਾਨ ਜੱਜ ਤੋਂ ਕਰਵਾਉਣ ਦੀ ਮੰਗ ਕਰਦੇ ਹੋਏ ਭਜਨ ਲਾਲ ਵਿਰੁਧ ਕੇਸ ਦਰਜ ਕਰਨ ਬਾਰੇ ਕਿਹਾ। ਸੰਤ ਬਲਜੀਤ ਸਿੰਘ ਦਾਦੂਵਾਲ ਨੇ ਹੋਂਦ ਪਿੰਡ ਵਿਖੇ ਬਣਨ ਵਾਲੀ ਯਾਦਗਾਰ ਲਈ ਬਣੇ ਟਰੱਸਟ ਲਈ ਇਕ ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਇਸ ਕਾਂਡ ਲਈ ਕਾਂਗਰਸ ਨੂੰ ਜ਼ਿੰਮੇਵਾਰ ਦੱਸਦੇ ਹੋਏ ਤਿੰਨ ਮੈਂਬਰੀ ਧਾਰਮਿਕ ਕਮੇਟੀ ਬਣਾ ਕੇ ਉਸ ਵੱਲੋਂ ਰਿਪੋਰਟ ਪੇਸ਼ ਕਰਨ ਦੀ ਮੰਗ ਕੀਤੀ ਗਈ। ਪ੍ਰਸਿੱਧ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਨਵੰਬਰ 1984 ਨੂੰ ਭੁੱਲ ਜਾਣ ਦੀਆਂ ਗੱਲਾਂ ਤਾਂ 1985 ਵਿਚ ਹੀ ਕੀਤੀਆਂ ਜਾਣ ਲੱਗੀਆਂ ਸਨ ਤੇ ਸਰਕਾਰਾਂ ਤੋਂ ਲਾਭ ਲੈਣ ਵਾਲੇ ਅਜਿਹਾ ਆਖਣ ਲੱਗੇ ਹਨ। ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਹਰਪਾਲ ਸਿੰਘ ਚੀਮਾ ਨੇ ਹੋਂਦ ਚਿੱਲੜ ਕਾਂਡ ਦੀ ਜਾਂਚ ਵਰਤਮਾਨ ਜੱਜ ਤੋਂ ਕਰਵਾਉਣ ਦੀ ਮੰਗ ਕੀਤੀ।

### ਸ਼੍ਰੋਮਣੀ ਕਮੇਟੀ ਵੱਲੋਂ ਦੋ-ਦੋ ਲੱਖ ਰੁਪਏ ਦੀ ਮਦਦ ਦਾ ਐਲਾਨ

ਸ਼੍ਰੋਮਣੀ ਕਮੇਟੀ ਨੇ ਹਰੇਕ ਪੀੜਤ ਪਰਿਵਾਰ ਨੂੰ 2 ਲੱਖ ਰੁਪਏ ਦੀ ਮਾਇਕ ਮਦਦ ਦੇਣ, ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ, ਨਿਆਂ-ਪ੍ਰਾਪਤੀ ਲਈ ਕਾਨੂੰਨੀ ਚਾਰਾਜੋਈ ਵਾਸਤੇ 50 ਲੱਖ ਰੁਪਏ ਰਾਖਵੇਂ ਰੱਖਣ ਤੇ ਨਵੰਬਰ 1984 ਦੇ ਸਿੱਖ ਕਤਲੇਆਮ ‘ਚ ਪੀੜਤ ਪਰਿਵਾਰਾਂ ਦੇ ਬੱਚਿਆਂ ਨੂੰ ਉਚੇਰੀ ਸਿੱਖਿਆ ਲਈ ਮਦਦ ਦੇਣ ਵਾਸਤੇ ਇਕ ਕਰੋੜ ਰੁਪਏ ਖਰਚ ਕਰਨ ਦਾ ਐਲਾਨ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮੌਕੇ ਸਮੁੱਚੇ ਸਿੱਖ ਪੰਥ ਨੂੰ ਸਿੱਖ ਵਿਰੋਧੀ ਤਾਕਤਾਂ ਦਾ ਸਾਹਮਣਾ ਕਰਨ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ ਹੈ।

ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਝੰਡੇ ਬੁੰਗੇ ਵਿਖੇ ਰੱਖੇ ਗਏ ਅਖੰਡ ਪਾਠ ਦੇ ਸਵੇਰੇ ਭੋਗ ਪਾਏ ਗਏ ਤੇ ਅਰਦਾਸ ਕੀਤੀ ਗਈ। ਇਸ ਭੋਗ ਸਮਾਗਮ ਵਿਚ ਪੁੱਜੇ ਪੀੜਤ ਪਰਿਵਾਰਾਂ ਦੇ ਜੀਆਂ, ਵੱਖ ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ, ਸਿੱਖ ਸੰਗਤਾਂ ਤੇ ਸ਼੍ਰੋਮਣੀ ਕਮੇਟੀ ਦੇ ਅਮਲੇ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਦੋਸ਼ ਲਾਇਆ ਕਿ ਪਿੰਡ ਹੋਂਦ ਚਿੱਲੜ ‘ਚ ਵਾਪਰਿਆ ਦੁਖਾਂਤ ਕਾਂਗਰਸ ਸਰਕਾਰ ਦੀ ਸਿੱਖ ਵਿਰੋਧੀ ਨੀਤੀ ਦਾ ਹਿੱਸਾ ਸੀ। ਉਨ੍ਹਾਂ ਕਿਹਾ ਕਿ ਇਸ ਘਟਨਾ ਨੂੰ ਵਾਪਰੇ 26 ਸਾਲ ਤੋਂ ਵਧੇਰੇ ਸਮਾਂ ਬੀਤ ਗਿਆ ਹੈ ਪਰ ਹੁਣ ਤਕ ਦੋਸ਼ੀਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਪੰਥ ਨੂੰ ਚੌਕਸ ਕੀਤਾ ਕਿ ਉਹ ਸਿੱਖ-ਵਿਰੋਧੀ ਤਾਕਤਾਂ ਦਾ ਹੱਥਠੋਕਾ ਬਣੇ ਸਿੱਖਾਂ ਤੋਂ ਸੁਚੇਤ ਰਹੇ ਤੇ ਅਜਿਹੀਆਂ ਤਾਕਤਾਂ ਦਾ ਸਾਹਮਣਾ ਕਰਨ ਲਈ ਇਕਜੁੱਟ ਹੋ ਜਾਵੇ। ਉਨ੍ਹਾਂ ਕਿਹਾ ਕਿ ਹੋਂਦ-ਚਿੱਲੜ ਕਾਂਡ ‘ਚ ਮਾਰੇ ਗਏ ਸਿੱਖਾਂ ਦੀ ਯਾਦਗਾਰ ਸਾਰੀਆਂ ਸਿੱਖ ਜਥੇਬੰਦੀਆਂ ਦੀ ਰਾਇ ਨਾਲ ਬਣਾਈ ਜਾਵੇ। ਉਨ੍ਹਾਂ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਤੇ ਪ੍ਰੋਫੈਸਰ ਦਵਿੰਦਰ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕਰਾਉਣ ਲਈ ਉਪਰਾਲੇ ਕਰਨ ‘ਤੇ ਜ਼ੋਰ ਦਿੱਤਾ।

### ਹਾਈ ਕੋਰਟ ਵੱਲੋਂ ਹਰਿਆਣਾ ਸਰਕਾਰ ਨੂੰ ਨੋਟਿਸ

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਹੋਂਦ ਚਿੱਲੜ ਵਿਚ ਹੋਏ ਸਿੱਖ ਕਤਲੇਆਮ ਬਾਰੇ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਚੀਫ ਜਸਟਿਸ ਰੰਜਨ ਗੋਗੋਈ ‘ਤੇ ਅਧਾਰਿਤ ਬੈਂਚ ਨੇ 3 ਮਾਰਚ ਨੂੰ ਜਨਹਿਤ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਹਰਿਆਣਾ ਦੇ ਮੁੱਖ ਸਕੱਤਰ, ਰੇਵਾੜੀ ਦੇ ਜ਼ਿਲ੍ਹਾ ਪੁਲਿਸ ਮੁਖੀ ਤੇ ਜਤੁਸਾਨਾ ਦੇ ਥਾਣਾ ਮੁਖੀ ਨੂੰ 4 ਅਪਰੈਲ ਤਕ ਨੋਟਿਸ ਜਾਰੀ ਕੀਤਾ ਹੈ। ਗੈਰ ਸਰਕਾਰੀ ਸੰਸਥਾ ਸਿੱਖਸ ਫਾਰ ਜਸਟਿਸ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਮੁੱਦੇ ‘ਤੇ ਵੱਖੋ ਵੱਖਰੀਆਂ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ।

ਇਨ੍ਹਾਂ ‘ਚ ਮਾਮਲੇ ਦੀ ਜਾਂਚ ਹਾਈ ਕੋਰਟ ਦੇ ਸੇਵਾਮੁਕਤ ਜੱਜ ਦੀ ਨਿਗਰਾਨੀ ਹੇਠ ਸੀ.ਬੀ.ਆਈ. ਤੋਂ ਕਰਾਉਣ ਦੀ ਮੰਗ ਕੀਤੀ ਗਈ ਹੈ। ਪਟੀਸ਼ਨਰਾਂ ਦੇ ਵਕੀਲ ਨੇ ਅਦਾਲਤ ਵਿਚ ਦੱਸਿਆ ਹੈ ਕਿ ਮੀਡੀਆ ਵਿਚ ਇਸ ਕਾਂਡ ਦੌਰਾਨ 32 ਸਿੱਖਾਂ ਦੇ ਮਾਰੇ ਜਾਣ ਦੀ ਗੱਲ ਕਹੀ ਜਾ ਰਹੀ ਹੈ ਤੇ ਐਫ.ਆਈ.ਆਰ ਵਿਚ 20 ਸਿੱਖਾਂ ਨੂੰ ਮਾਰਨ ਦਾ ਜ਼ਿਕਰ ਹੈ ਜਦਕਿ ਹਰਿਆਣਾ ਸਰਕਾਰ ਨੇ 23 ਸਿੱਖਾਂ ਦੇ ਮਾਰੇ ਜਾਣ ਲਈ ਮੁਆਵਜ਼ਾ ਦਿੱਤਾ ਸੀ।

## ਪਟੌਦੀ ‘ਚ ਹੋਇਆ ਸੀ 17 ਸਿੱਖਾਂ ਦਾ ਕਤਲ

ਸਿੱਖ ਜਥੇਬੰਦੀਆਂ ਸਿੱਖਸ ਫਾਰ ਜਸਟਿਸ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਜਿਨ੍ਹਾਂ ਨੇ ਹੋਂਦ ਕਾਂਡ ਨੂੰ ਜੱਗ ਜਾਹਰ ਕੀਤਾ ਸੀ, ਨੇ ਦਾਅਵਾ ਕੀਤਾ ਕਿ ਹੋਂਦ ਪਿੰਡ ਦੇ ਨੇੜੇ ਹੀ ਪਟੌਦੀ ਕਸਬੇ ਵਿਚ ਵੀ ਉਸੇ ਸਮੇਂ ਦੋ ਨਵੰਬਰ 1984 ਨੂੰ 17 ਸਿੱਖ ਵਿਅਕਤੀਆਂ ਦਾ ਕਤਲ ਕੀਤਾ ਗਿਆ ਸੀ। ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਦਾਅਵਾ ਕੀਤਾ ਕਿ ਪਟੌਦੀ ਸਥਿਤ ਗੁਰਦੁਆਰੇ ਨੂੰ ਪਹਿਲਾਂ ਇਕ ਨਵੰਬਰ 1984 ਨੂੰ ਫਿਰਕੂ ਦੰਗਾਕਾਰੀਆਂ ਨੇ ਅੱਗ ਲਾ ਦਿੱਤੀ ਜਿਸਦੇ ਸਿੱਟੇ ਵਜੋਂ ਇਥੇ ਨੇੜੇ ਰਹਿੰਦੇ 30 ਸਿੱਖ ਪਰਿਵਾਰ ਆਪਣੀਆਂ ਜਾਨਾਂ ਬਚਾਉਣ ਲਈ ਘਰ ਛੱਡ ਕੇ ਭੱਜ ਗਏ। ਕੁਝ ਪਰਿਵਾਰਾਂ ਨੇ ਨੇੜੇ ਹੀ ਹਰੀ ਮੰਦਰ ਨਾਂ ਦੇ ਧਾਰਮਿਕ ਸਥਾਨ ਵਿਚ ਸ਼ਰਨ ਲੈ ਲਈ ਤੇ ਕੁਝ ਪਰਿਵਾਰਾਂ ਦੇ ਜੀਅ ਅਗਲੇ ਦਿਨ ਆਪਣੇ ਘਰਾਂ ਦੀ ਰਾਖੀ ਲਈ ਵਾਪਸ ਪਰਤ ਗਏ। ਉਨ੍ਹਾਂ ਦੱਸਿਆ ਕਿ ਦੋ ਨਵੰਬਰ ਵਾਲੇ ਦਿਨ ਦੰਗਾਕਾਰੀਆਂ ਨੇ ਮੁੜ ਹਮਲਾ ਕੀਤਾ ਤੇ ਪੈਟਰੌਲ ਬੰਬਾਂ ਦੀ ਵਰਤੋਂ ਕਰਦਿਆਂ 17 ਸਿੱਖਾਂ ਨੂੰ ਮਾਰ ਦਿੱਤਾ ਜਿਨ੍ਹਾਂ ਵਿਚ ਬੱਚੇ ਤੇ ਔਰਤਾਂ ਵੀ ਸ਼ਾਮਲ ਸਨ।

ਪੀਰ ਮੁਹੰਮਦ ਨੇ ਦਾਅਵਾ ਕੀਤਾ ਕਿ ਇਸ ਸਬੰਧੀ ਪਟੌਦੀ ਪੁਲਿਸ ਸਟੇਸ਼ਨ ਵਿਖੇ 12 ਨਵੰਬਰ ਨੂੰ ਐਫ.ਆਈ.ਆਰ. ਨੰਬਰ 282, 83 ਦਰਜ ਹੋਈ ਸੀ। ਇਸ ਵਿਚ 15 ਮੁਲਜ਼ਮਾਂ ਦੇ ਨਾਂ ਵੀ ਦਰਜ ਕੀਤੇ ਗਏ ਸਨ ਪਰ ਸੈਸ਼ਨ ਜੱਜ ਵੀ.ਐਮ. ਜੈਨ ਦੀ ਅਦਾਲਤ ਵੱਲੋਂ ਸਬੂਤਾਂ ਦੀ ਘਾਟ ਕਾਰਨ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ। ਫੈਡਰੇਸ਼ਨ ਨੇ ਇਸ ਘਟਨਾ ਵਿਚ ਮਾਰੇ ਗਏ 17 ਵਿਅਕਤੀਆਂ ਦੇ ਨਾਵਾਂ ਦੀ ਸੂਚੀ ਵੀ ਜਾਰੀ ਕੀਤੀ ਹੈ ਜਿਨ੍ਹਾਂ ਵਿਚ ਤਿੰਨ ਔਰਤਾਂ ਵੀ ਸ਼ਾਮਲ ਹਨ। ਇਸ ਦੌਰਾਨ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਸ੍ਰੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਇਹ ਸਿੱਖ ਨਸਲਕੁਸ਼ੀ ਦੀ ਇਕ ਹੋਰ ਮਿਸਾਲ ਹੈ ਤੇ ਨਿਆਂ ਨਾ ਦਿੱਤੇ ਜਾਣ ਦਾ ਵੀ ਸਬੂਤ ਹੈ।

# ਕੇਪੀ ਤੇ ਬੀਰੇਂਦਰ ਸਿੰਘ ਕਾਂਗਰਸ ਵਰਕਿੰਗ ਕਮੇਟੀ ਵਿਚ ਸ਼ਾਮਲ

## ਜਗਮੀਤ ਬਰਾੜ ਸਪੈਸ਼ਲ ਇਨਵਾਇਟੀ

**ਨਵੀਂ ਦਿੱਲੀ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਮਹਿੰਦਰ ਸਿੰਘ ਕੇਪੀ ਅਤੇ ਹਰਿਆਣਾ ਦੇ ਜਾਟ ਆਗੂ ਬੀਰੇਂਦਰ ਸਿੰਘ ਨੂੰ ਕਾਂਗਰਸ ਵਰਕਿੰਗ ਕਮੇਟੀ ਵਿਚ ਲੈ ਲਿਆ ਗਿਆ ਹੈ। ਕਾਂਗਰਸ ਦੀ ਇਸ ਸਰਵਉਚ ਬਾਡੀ ਵਿਚ ਨਵੀਂ ਸਫਬੰਦੀ ਦੀ ਲੰਮੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ। ਇਸ ਬਾਡੀ ਵਿਚ ਸੋਨੀਆ ਗਾਂਧੀ ਤੇ ਪ੍ਰਧਾਨ ਮੰਤਰੀ ਸਣੇ ਹੁਣ 19 ਮੈਂਬਰ ਹਨ। ਸਾਬਕਾ ਸੰਸਦ ਮੈਂਬਰ ਮੈਂਬਰ ਜਗਮੀਤ ਬਰਾੜ ਨੂੰ ਸਪੈਸ਼ਲ ਇਨਵਾਇਟੀ ਅਤੇ ਗੋਆ ਰਾਜ ਦਾ ਇੰਚਾਰਜ ਬਣਾਇਆ ਗਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਪਿੱਛੋਂ ਉਨ੍ਹਾਂ ਤੋਂ ਪਹਿਲੇ ਪ੍ਰਧਾਨ ਮਹਿੰਦਰ ਸਿੰਘ ਕੇਪੀ ਨੂੰ ਕੇਂਦਰ ਵਿਚ ਲਿਜਾਉਣ ਦੀਆਂ ਕਿਆਸਅਰਾਈਆਂ ਚਿਰ ਤੋਂ ਚੱਲ ਰਹੀਆਂ ਸਨ ਅਤੇ ਨਾਲ ਹੀ ਜਗਮੀਤ ਬਰਾੜ ਨੂੰ ਕੋਈ ਕੇਂਦਰੀ ਜ਼ਿਮੇਵਾਰੀ ਸੌਂਪਣ ਦੀ ਗੱਲ ਵੀ ਸਾਹਮਣੇ ਆਈ ਸੀ। ਇਸ ਦੇ ਨਾਲ ਹੀ ਦੋ ਜਨਰਲ ਸਕੱਤਰਾਂ ਮੋਹਸਿਨਾ ਕਿਦਵਈ ਤੇ ਵੀ. ਨਰਾਇਣਾਸਵਾਮੀ, ਜਿਸ ਨੂੰ ਹਾਲ ਹੀ ਵਿਚ ਪੀ.ਐਮ.ਓ. ਵਿਚ ਰਾਜ ਮੰਤਰੀ ਲਾਇਆ ਗਿਆ ਹੈ, ਨੂੰ ਵੀ ਇਨ੍ਹਾਂ ਅਹੁਦਿਆਂ ਤੋਂ ਲਾਂਭੇ ਕਰ ਦਿੱਤਾ ਗਿਆ ਹੈ।

ਬਹੁਤ ਰੌਲਾ ਪਾਉਣ ਦੇ ਬਾਵਜੂਦ ਪਾਰਟੀ, ‘ਇਕ ਵਿਅਕਤੀ ਇਕ ਅਹੁਦਾ’ ਦੇ ਨੇਮ ਦਾ ਸਖ਼ਤੀ ਨਾਲ ਪਾਲਣ ਨਹੀਂ ਕਰ ਸਕੀ। ਇਸ ਨੇ ਕੇਂਦਰੀ ਮੰਤਰੀ ਗੁਲਾਮ ਨਬੀ ਆਜ਼ਾਦ ਅਤੇ ਮੁਕੁਲ ਵਾਸਨਿਕ ਨੂੰ ਫਿਰ ਜਨਰਲ ਸਕੱਤਰ ਰੱਖ ਲਿਆ ਹੈ। ਸ੍ਰੀ ਆਜ਼ਾਦ ਇਸ ਵੇਲੇ ਤਾਮਿਲਨਾਡੂ ਸੂਬੇ ਦੇ ਇੰਚਾਰਜ ਹਨ ਜਿੱਥੇ ਚੋਣਾਂ ਆ ਗਈਆਂ ਹਨ ਤੇ ਹੁਣ ਉਨ੍ਹਾਂ ਨੂੰ ਆਂਧਰਾ ਪ੍ਰਦੇਸ਼ ਦਾ ਚਾਰਜ ਵੀ ਸੌਂਪ ਦਿੱਤਾ ਗਿਆ ਹੈ, ਜਿੱਥੇ ਪਾਰਟੀ ਨੂੰ ਵੱਖਰੇ ਤਿਲੰਗਾਨਾ ਸੂਬੇ ਸਮੇਤ ਕਈ ਵੱਖ-ਵੱਖ ਮੁੱਦਿਆਂ ਨਾਲ ਜੂਝਣਾ ਪੈ ਰਿਹਾ ਹੈ। ਸ੍ਰੀ ਵਾਸਨਿਕ ਜੋ ਬਿਹਾਰ ਦੇ ਇੰਚਾਰਜ ਸਨ ਤੇ ਉਥੇ ਪਾਰਟੀ ਦੀ ਕਰਾਰੀ ਹਾਰ ਹੋਈ ਹੈ, ਨੂੰ ਹੁਣ ਕੇਵਲ ਰਾਜਸਥਾਨ ਦਾ ਹੀ ਇੰਚਾਰਜ ਰੱਖਿਆ ਗਿਆ ਹੈ। ਆਂਧਰਾ ਪ੍ਰਦੇਸ਼ ਦੇ ਤਿਲੰਗਾਨਾ ਖੇਤਰ ਵਿਚੋਂ ਕਾਂਗਰਸ ਦੇ ਸੀਨੀਅਰ ਆਗੂ ਜੀ. ਵੈਂਕਟਾਸਵਾਮੀ ਜਿਸ ਨੇ ਸੋਨੀਆ ਗਾਂਧੀ ਦੀ ਆਲੋਚਨਾ ਕੀਤੀ ਸੀ, ਨੂੰ ਵੀ ਕਾਂਗਰਸ ਵਰਕਿੰਗ ਕਮੇਟੀ ਵਿਚੋਂ ਬਾਹਰ ਕਰ ਦਿੱਤਾ ਗਿਆ ਹੈ। ਜਿਨ੍ਹਾਂ ਆਗੂਆਂ ਨੂੰ ਮੁੜ ਕਾਂਗਰਸ ਵਰਕਿੰਗ ਕਮੇਟੀ ਵਿਚ ਨਹੀਂ ਲਿਆ ਗਿਆ, ਉਨ੍ਹਾਂ ਵਿਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਪ੍ਰਿਥਵੀ ਰਾਜ ਚਵਾਨ, ਕੇਂਦਰੀ ਮੰਤਰੀ ਮਲਿਕਾਰਜੁਨ ਖੜਗੇ, ਵੀ. ਨਰਾਇਣਾਸਵਾਮੀ, ਸੀਨੀਅਰ ਸੰਸਦ ਮੈਂਬਰ ਕਿਸ਼ੋਰ ਚੰਦ ਦਿਓ ਸ਼ਾਮਲ ਹਨ।

ਰਾਹੁਲ ਗਾਂਧੀ, ਪ੍ਰਣਬ ਮੁਖਰਜੀ, ਏ.ਕੇ. ਐਂਟਨੀ, ਅੰਬਿਕਾ ਸੋਨੀ, ਮੋਤੀ ਲਾਲ ਵੋਰਾ, ਦਿਗਵਿਜੈ ਸਿੰਘ ਤੇ ਜਨਾਰਦਨ ਦਿਵੇਦੀ ਕਾਂਗਰਸ ਵਰਕਿੰਗ ਵਿਚ ਸ਼ਾਮਲ ਹਨ। ਆਸਕਰ ਫਰਨਾਂਡਿਸ ਨੂੰ ਪਾਰਟੀ ਦਾ ਜਨਰਲ ਸਕੱਤਰ ਲਾ ਦਿੱਤਾ ਗਿਆ ਹੈ। ਗ੍ਰਹਿ ਮੰਤਰੀ ਪੀ. ਚਿਦੰਬਰਮ ਜੋ ਕੋਰ ਗਰੁੱਪ ਦੇ ਮੈਂਬਰ ਹਨ, ਨੂੰ ਕਾਂਗਰਸ ਵਰਕਿੰਗ ਕਮੇਟੀ ਦਾ ਸਥਾਈ ਇਨਵਾਇਟੀ ਬਣਾਇਆ ਗਿਆ ਹੈ। ਅਰਜੁਨ ਸਿੰਘ ਤੇ ਮੋਹਸਿਨਾ ਕਿਦਵਈ ਨੂੰ ਬਾਡੀ ਦੇ ਸਥਾਈ ਇਨਵਾਇਟੀ ਰੱਖਿਆ ਗਿਆ ਹੈ।

### ਭਾਰਤੀ ਮੂਲ ਦੇ ਵਿਅਕਤੀ ਨੂੰ 20 ਲੱਖ ਮੁਆਵਜ਼ਾ

**ਕੁਆਲਾਲੰਪੁਰ:** ਮਲੇਸ਼ੀਆ ਦੀ ਅਦਾਲਤ ਨੇ ਭਾਰਤੀ ਮੂਲ ਦੇ ਵਿਅਕਤੀ ਦੀ ਗ਼ਲਤ ਐਚ.ਆਈ.ਵੀ. ਰਿਪੋਰਟ ਦੇਣ ਦੇ ਮਾਮਲੇ ‘ਚ ਇਥੋਂ ਦੇ ਹਸਤਪਤਾਲ ਨੂੰ 20 ਲੱਖ ਰੁਪਏ ਹਰਜਾਨਾ ਦੇਣ ਦਾ ਹੁਕਮ ਦਿੱਤਾ ਹੈ। ਇਸ ਹਸਪਤਾਲ ਨੇ ਉਸ ਦੇ ਐਚ.ਆਈ.ਵੀ. ਪਾਜ਼ੇਟਿਵ ਹੋਣ ਦੀ ਪੁਸ਼ਟੀ ਕੀਤੀ ਸੀ ਜੋ ਅਸਲ ‘ਚ ਗਲਤ ਸੀ।

ਐਡਵੈਂਟਿਸਟ ਹਸਪਤਾਲ ਨੂੰ ਹੁਕਮ ਦਿੱਤਾ ਗਿਆ ਹੈ ਕਿ ਉਹ ਏ. ਨਾਗੇਸ਼ਵਰ ਨੂੰ ਇਕ ਲੱਖ ਰਿੰਗਟ ਡਾਕਟਰੀ ਲਾਪ੍ਰਵਾਹੀ ਲਈ ਤੇ 50,000 ਰਿੰਗਟ ਮਾਣਹਾਣੀ ਲਈ ਦੇਵੇ। ਜਦੋਂ ਉਸ ਨੂੰ ਐਚ. ਆਈ. ਵੀ. ਪਾਜ਼ੇਟਿਵ ਦੱਸਿਆ ਗਿਆ ਤਾਂ ਉਹ ਆਪਣੇ ਪਰਿਵਾਰ ਨੂੰ ਛੱਡ ਕਿਧਰੇ ਲੁਕ ਗਿਆ ਸੀ।

ਯੂਬਾ ਸਿਟੀ ਵਿਚ ਤੁਹਾਡੀ ਆਪਣੀ
ਟਾਇਰ ਅਤੇ ਆਟੋ ਰਿਪੇਅਰ ਸ਼ਾਪ

**Lucky Tire & Auto Repair**

ਤੁਹਾਡੀ ਸੇਵਾ ਲਈ
ਦੋ ਲੋਕੇਸ਼ਨਾਂ

*909 Garden Hwy*

*660 Culussa Hwy*




ਟਾਇਰ ਸਪੈਸ਼ਲ $99/-

ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ

ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

ਫੋਨ:530-755-4037, 530-673-4001



**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill
Attorney at Law
(Admitted in CA)

*Call for free initial consultation*

**(408) 736-5203, (408) 940-6065**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

99% approved same day. We specialize in high risk businesses.

ATMs – TRANAX/TRITON/WRG, starting at $69/mo.*
(Perfect for retail stores, hotels, gas stations, etc.)

Need Money? We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com




FREE CREDIT CARD TERMINAL!

www.GoldCoastATM.com


# ਪੰਜ ਕਕਾਰਾਂ ਦੀ ਮਹਤਤਾ ਨੂੰ ਸਮਰਪਿਤ ਕਵੀ ਦਰਬਾਰ ਅਤੇ ਢਾਡੀ ਦਰਬਾਰ

**ਵਿਸਾਖੀ**
ਗੁਲਾਮਾਂ ਲਈ ਵੰਗਾਰ ਹੈ

## ਐਤਵਾਰ 24 ਅਪਰੈਲ, ਗੁਰਦੁਆਰਾ ਐਲ ਸਬਰਾਂਟੇ

**ਵਿਸਾਖੀ**
ਜ਼ਾਲਮਾਂ ਲਈ ਲਲਕਾਰ ਹੈ

ਕਵੀ ਅਤੇ ਢਾਡੀ, ਗੁਰੂ ਸਾਹਿਬਾਂ ਦੇ ਦਰਬਾਰਾਂ ਦੀ ਸ਼ਾਨ ਹੋਇਆ ਕਰਦੇ ਸਨ। ਇਹ ਸ਼ਾਨ ਅੱਜ ਕੱਲ੍ਹ ਕਾਫੀ ਫਿਕੀ ਪੈਂਦੀ ਨਜ਼ਰ ਆ ਰਹੀ ਹੈ। ਕਵੀ ਪ੍ਰਥਾ ਅਤੇ ਢਾਡੀ ਪ੍ਰਥਾ ਤੋਂ ਸਿੱਖ ਸਮਾਜ 'ਚ ਨੌਜਵਾਨ ਪੀੜ੍ਹੀ ਤਕਰੀਬਨ ਅਲੱਗ ਥੱਲਗ ਹੋ ਕੇ ਰਹਿ ਗਈ ਹੈ। ਨੌਜਵਾਨ ਪੀੜ੍ਹੀ ਨੂੰ ਸਿੱਖ ਸੱਭਿਆਚਾਰ ਨਾਲ ਜੋੜ ਕੇ ਰੱਖਣ ਲਈ ਆਉਣ ਵਾਲੇ ਸਮੇਂ 'ਚ ਢਾਡੀ ਅਤੇ ਕਵੀ ਦਰਬਾਰ ਗੁਰੂ ਘਰਾਂ ਦੀਆਂ ਸਟੇਜਾਂ ਤੇ ਗਜਣੇ ਚਾਹੀਦੇ ਹਨ। ਕੀਰਤਨ ਦਰਬਾਰ, ਢਾਡੀ ਦਰਬਾਰ, ਕਵੀ ਦਰਬਾਰ, ਕਵੀਸ਼ਰੀ ਦਰਬਾਰ, ਕਥਾ ਦਰਬਾਰ, ਵਿਚਾਰ ਗੋਸਟੀ ਦਰਬਾਰ, ਬੱਚਿਆਂ ਦੇ ਨਾਲ ਸਬੰਧਿਤ ਕਲਾਸਾਂ ਅਤੇ ਕੈਂਪ, ਉਪਰੰਤ ਸਿੱਖ ਸੱਭਿਆਚਾਰ ਨਾਲ ਸਬੰਧਿਤ ਪ੍ਰੋਗਰਾਮ, ਗੁਰੂ ਘਰਾਂ 'ਚ ਵੱਡੀ ਪੱਧਰ ਤੇ ਹੁੰਦੇ ਰਹਿਣੇ ਚਾਹੀਦੇ ਹਨ। ਅਜਿਹੇ ਪ੍ਰੋਗਰਾਮਾਂ ਰਾਹੀਂ ਹੀ ਬੱਚੇ ਸਿੱਖ ਧਰਮ, ਸਮਾਜ, ਸੱਭਿਆਚਾਰ, ਵਿਰਸੇ ਅਤੇ ਸਿੱਖ ਸੰਘਰਸ਼ ਦੀ ਜਾਣਕਾਰੀ ਪ੍ਰਾਪਤ ਕਰਕੇ ਆਪਣੇ ਸੱਭਿਆਚਾਰ ਨਾਲ ਜੁੜੇ ਰਹਿ ਸਕਦੇ ਹਨ।

ਗੁਰੂ ਸਾਹਿਬਾਂ ਦੇ ਦਰਬਾਰ ਦੀ ਸ਼ਾਨ ਨੂੰ ਪ੍ਰਚਲਤ ਰੂਪ 'ਚ ਜਾਰੀ ਰੱਖਣ ਲਈ ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਵੱਲੋਂ ਗੁਰਦੁਆਰਾ ਐਲਸਬਰਾਂਟੇ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ, ਵਿਸਾਖੀ (ਖਾਲਸਾ ਪ੍ਰਗਟ) ਦਿਵਸ ਦੇ ਮੌਕੇ, ਪੰਜ ਕਕਾਰਾਂ ਦੀ ਮਹਤੱਤਾ ਨੂੰ ਸਮਰਪਿਤ ਕਵੀ ਅਤੇ ਢਾਡੀ ਦਰਬਾਰ, 24 ਅਪ੍ਰੈਲ 2011 ਦਿਨ ਐਤਵਾਰ ਦੁਪਿਹਰ 11 ਵਜੇ ਤੋਂ 1 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਨਾਭੇ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੇਗਾ।

ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਵੱਲੋਂ ਇਕ ਖਾਸ ਸ਼ਖਸ਼ੀਅਤ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਮੈਮੋਰੀਅਲ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਉਪਰੰਤ ਸੁਸਾਇਟੀ ਵੱਲੋਂ ਸਮੂਹ ਬੁਲਾਰਿਆਂ ਨੂੰ ਸਨਮਾਨ ਚਿੰਨ ਅਤੇ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਪ੍ਰੋਗਰਾਮ ਵਿਚ ਕੁੱਝ ਪੁਸਤਕਾਂ ਵੀ ਰਿਲੀਜ਼ ਕੀਤੀਆਂ ਜਾ ਸਕਦੀਆਂ ਹਨ। ਇਸ ਪ੍ਰੋਗਰਾਮ ਨੂੰ ਗੁਰੂ ਘਰ ਦੀ ਵੈਬਸਾਈਟ www.sfsikhcenter.org ਅਤੇ ਰੇਡੀਓ ਚੜ੍ਹਦੀ ਕਲ੍ਹਾ www.radiock.com ਰਾਹੀਂ ਲਾਈਵ ਵੀ ਸੁਣਿਆ ਜਾ ਸਕੇਗਾ। ਇਸ ਮਹਾਨ ਕਵੀ ਦਰਬਾਰ ਵਿਚ ਹਿੱਸਾ ਲੈਣ ਲਈ ਕਵੀ ਜਨ 10 ਅਪਰੈਲ 2011 ਤੱਕ ਸੰਪਰਕ ਕਰਕੇ ਆਪਣੇ ਨਾਂ 510-774-5909 ਇਸ ਨੰਬਰ ਤੇ ਲਿੱਖਾ ਸਕਦੇ ਹਨ। ਸਮੂਹ ਗੁਰੂ ਨਾਨਕ ਨਾਮ ਲੇਵਾ ਨੂੰ ਇਸ ਪ੍ਰੋਗਰਾਮ ਵਿਚ ਪਹੁੰਚਣ ਲਈ ਖੁੱਲਾ ਸੱਦਾ ਪੱਤਰ ਹੈ।

**ਅਕਾਲ ਤਖਤ ਸਾਹਿਬ ਵੱਲੋਂ ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਨੂੰ ਮਾਨਤਾ ਵਾਲਾ ਪੱਤਰ ਰਿਲੀਜ਼ ਕੀਤਾ ਜਾਵੇਗਾ।**

***ਪ੍ਰੋਗਰਾਮ ਦੀ ਸਫਲਤਾ ਲਈ, ਹੰਭਲਾ ਸਾਡਾ-ਸਾਥ ਤੁਹਾਡਾ। ਤੁਹਾਡੇ ਮਿਲਵਰਤਣ ਅਤੇ ਵਿਚਾਰਾਂ ਦੀ ਉਡੀਕ ਰਹੇਗੀ***

ਸਹਿਯੋਗੀ ਸੰਸਥਾਵਾਂ: ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ ਰੀਜ਼ਨ), ਅਮੈਰੀਕਨ ਗੁਰਦੁਆਰਾ ਕੌਂਸਲ, ਦਾ ਸਿੱਖ ਐਜੂਕੇਸ਼ਨਲ ਟਰੱਸਟ ਕੈਨੇਡਾ, ਸਿੱਖ ਸਪੋਰਟਸ ਐਸੋਸੀਏਸ਼ਨ, ਦਲ ਖਾਲਸਾ ਅਲਾਇੰਸ, ਇੰਟਰਨੈਸ਼ਨਲ ਸਿੱਖ ਸਾਹਿਤ ਸਭਾ, ਗੁਰਦੁਆਰਾ ਪ੍ਰਬੰਧਕ ਕਮੇਟੀ (ਐਲ ਸਬਰਾਂਟੇ), ਪੰਜਾਬੀ ਸਾਹਿਤ ਸਭਾ (ਬੇ-ਏਰੀਆ ਯੂਨਿਟ), ਸਾਧ ਸੰਗਤ (ਐਲ ਸਬਰਾਂਟੇ)

## ਜਾਰੀ ਕਰਤਾ: ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ

**1700 Shattuck Ave, # 303, Berkeley, CA 94709 Ph:510-774-5909 e-mail:sikhsabhiachar@gmail.com**

ਪੰਜਾਬ ਟਾਈਮਜ਼

ਸਨਿਚਰਵਾਰ, 12 ਮਾਰਚ 2011

## ਸੰਘੀ ਢਾਂਚੇ ਲਈ ਹਾਕਾਂ

ਐਤਕੀਂ ਪੰਜਾਬ ਵਿਧਾਨ ਸਭਾ ਵਿਚ ਰਾਜਪਾਲ ਦਾ ਭਾਸ਼ਣ ਮਾਨੋ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਸੱਤਾਧਾਰੀ ਅਕਾਲੀ ਦਲ ਦਾ ਚੋਣ ਮੈਨੀਫੈਸਟੋ ਹੋ ਨਿਬੜਿਆ। ਇਕ ਵਾਰ ਫਿਰ ਅਕਾਲੀ ਦਲ ਨੇ ਕੇਂਦਰ ਸਰਕਾਰ ਉਤੇ ਪੰਜਾਬ ਨਾਲ ਵਿਤਕਰੇ ਦਾ ਦੋਸ਼ ਲਾਉਂਦਿਆਂ ਪੰਜਾਬ ਨਾਲ ਇਲਾਕਿਆਂ ਅਤੇ ਦਰਿਆਈ ਪਾਣੀਆਂ ਦੀ ਵੰਡ ਦੇ ਮਾਮਲੇ ਜ਼ੋਰ-ਸ਼ੋਰ ਨਾਲ ਉਭਾਰੇ। ਇਹ ਮਾਮਲੇ ਉਭਾਰਨ ਮੌਕੇ ਕੇਂਦਰ ਨੂੰ ਇੰਨੇ ਰਗੜੇ ਲਾਏ ਗਏ ਕਿ ਵਿਰੋਧੀ ਧਿਰ, ਕਾਂਗਰਸ ਨੂੰ ਵਾਕਆਊਟ ਕਰਨਾ ਪਿਆ। ਰਾਜਪਾਲ ਦਾ ਇਹ ਭਾਸ਼ਣ ਅਕਾਲੀ ਦਲ ਦੀ ਕਿਸੇ ਰੈਲੀ ਦਾ ਹੀ ਭੁਲੇਖਾ ਪਾ ਗਿਆ। ਦੱਸਣ ਦੀ ਲੋੜ ਨਹੀਂ ਕਿ ਰਾਜਪਾਲ ਦਾ ਭਾਸ਼ਣ ਸਰਕਾਰ ਦਾ ਹੀ ਨੀਤੀ ਬਿਆਨ ਹੁੰਦਾ ਹੈ। ਭਾਸ਼ਣ ਵਿਚ ਸਪਸ਼ਟ ਕਿਹਾ ਗਿਆ ਕਿ ਬਹੁਤ ਸਾਰੇ ਮਾਮਲਿਆਂ ਵਿਚ ਕੇਂਦਰ ਵੱਲੋਂ ਪੰਜਾਬ ਨਾਲ ਲਗਾਤਾਰ ਬੇਇਨਸਾਫੀ ਕੀਤੀ ਜਾ ਰਹੀ ਹੈ। ਪੰਜਾਬ ਨਾਲ ਧਾਰਮਿਕ, ਸਿਆਸੀ, ਆਰਥਿਕ, ਭੂਗੋਲਿਕ ਖੇਤਰ ਵਿਚ ਘੋਰ ਅਨਿਆਂ ਅਤੇ ਪੱਖਪਾਤ ਹੋਇਆ ਹੈ। ਪੰਜਾਬ ਨੂੰ ਦਰਿਆਈ ਪਾਣੀਆਂ ਦੇ ਕਾਨੂੰਨੀ ਹੱਕ ਤੋਂ ਲਾਂਭੇ ਕੀਤਾ ਗਿਆ ਹੈ। ਵਿਕਾਸ ਕੰਮਾਂ ਲਈ ਗਰਾਂਟਾਂ ਦੇਣ ਦੇ ਮਾਮਲੇ ਵਿਚ ਪੰਜਾਬ ਨਾਲ ਨਾਇਨਸਾਫੀ ਹੁਣ ਵੀ ਜਾਰੀ ਹੈ। ਨਾਲ ਹੀ ਪੰਜਾਬ ਲਈ ਕੇਂਦਰੀ ਟੈਕਸਾਂ ਦਾ ਪੰਜਾਹ ਫ਼ੀਸਦੀ ਹਿੱਸਾ ਮੰਗਿਆ ਗਿਆ। ਇਹ ਗੱਲ ਵੀ ਉਭਾਰੀ ਗਈ ਕਿ ਭਾਰਤ ਸਰਕਾਰ ਨੇ ਟੈਕਸਾਂ ਦੀ ਵੰਡ ਬਾਰੇ ਜੋ ਫਾਰਮੂਲੇ ਬਣਾਏ ਹਨ, ਉਨ੍ਹਾਂ ਨਾਲ ਪੰਜਾਬ ਵਰਗੇ ਵਿਕਸਿਤ ਰਾਜਾਂ ਨੂੰ ਲਗਾਤਾਰ ਮਾਰ ਪਈ ਹੈ। ਇਸੇ ਆਧਾਰ ਉਤੇ ਸੱਤਾਧਾਰੀ ਅਕਾਲੀ ਦਲ ਨੇ ਮੰਗ ਰੱਖੀ ਕਿ ਸੰਵਿਧਾਨ ਨੂੰ ਨਵਾਂ ਰੂਪ ਦੇ ਕੇ ਮਜ਼ਬੂਤ ਰਾਜਾਂ ਲਈ ਅਸਲ ਸੰਘੀ ਢਾਂਚਾ ਕਾਇਮ ਕੀਤਾ ਜਾਵੇ।

ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਦੇਸ਼ ਵਿਚ ਸੰਘੀ ਢਾਂਚੇ ਦੀ ਸਦਾ ਹੀ ਪੈਰਵੀ ਕੀਤੀ ਹੈ ਪਰ ਤ੍ਰਾਸਦੀ ਇਹ ਹੈ ਕਿ ਇਸ ਬਾਰੇ ਨਿੱਠ ਕੇ ਬੌਧਿਕ ਜਾਂ ਸਿਆਸੀ ਸਰਗਰਮੀ ਕਦੀ ਵੀ ਨਹੀਂ ਕੀਤੀ ਗਈ। ਇਹ ਮਾਮਲਾ ਉਦੋਂ ਹੀ ਸਾਹਮਣੇ ਆਉਂਦਾ ਰਿਹਾ ਹੈ ਜਦੋਂ ਕਿਸੇ ਇਕ ਸਿਆਸੀ ਧਿਰ ਨੇ ਦੂਜੇ ਨੂੰ ਧਰੂਹਣਾ/ਘੜੀਸਣਾ ਹੁੰਦਾ ਹੈ ਜਾਂ ਬੱਝੇ ਪਿੜ ਵਿਚ ਪਛਾੜਨਾ ਹੁੰਦਾ ਹੈ। ਐਤਕੀਂ ਅਕਾਲੀ ਦਲ ਨੂੰ ਇਹ ਮੌਕਾ ਚੋਣਾਂ ਨੂੰ ਕਾਫੀ ਸਮਾਂ ਰਹਿੰਦੇ ਹੋਣ ਦੇ ਬਾਵਜੂਦ ਭਖੇ ਸਿਆਸੀ ਪਿੜ ਨੇ ਦੇ ਦਿੱਤਾ ਹੈ। ਅਕਾਲੀ ਦਲ ਤੋਂ ਬਾਗ਼ੀ ਹੋਏ ਮਨਪ੍ਰੀਤ ਸਿੰਘ ਬਾਦਲ ਨੇ ਜਿਸ ਤਰ੍ਹਾਂ ਅਕਾਲੀ ਆਗੂਆਂ ਦੀ ਨੀਂਦ ਉਡਾਈ ਹੈ, ਉਸ ਤੋਂ ਜ਼ਾਹਿਰ ਹੀ ਸੀ ਕਿ ਅਕਾਲੀ ਦਲ ਨੂੰ ਅਜਿਹੇ ਕੁਝ ਮੁੱਦੇ ਚੁੱਕਣੇ ਪੈਣੇ ਸਨ ਜਿਸ ਨਾਲ ਚੋਣਾਂ ਦੀ ਧਾਰ ਦਾ ਰੁਖ਼ ਪੰਜਾਬ ਵਿਚਲੇ ਸ਼ਰੀਕਾਂ ਦੀ ਥਾਂ ਕੇਂਦਰ ਵੱਲ ਹੋ ਜਾਵੇ। ਮਨਪ੍ਰੀਤ ਵੱਲੋਂ ਆਪਣੀ ਨਵੀਂ ਪਾਰਟੀ ਦਾ ਨਾਂ 'ਪੰਜਾਬ ਪੀਪਲ'ਜ਼ ਪਾਰਟੀ' ਰੱਖਣ ਦੀ ਚੁੰਝ-ਚਰਚਾ ਨੇ ਅਕਾਲੀ ਆਗੂਆਂ ਨੂੰ ਹੋਰ ਵੀ ਔਖਾ ਕਰ ਦਿੱਤਾ ਹੈ ਕਿਉਂਕਿ ਜੇ ਮਨਪ੍ਰੀਤ ਦੀ ਸਿਆਸੀ ਸਰਗਰਮੀ ਨਾਲ ਪੰਜਾਬ ਵਿਚ ਕਿਸੇ ਗ਼ੈਰ-ਅਕਾਲੀ ਨਾਂ ਵਾਲੀ ਪਾਰਟੀ ਦਾ ਠੁੱਕ ਬੱਝਦਾ ਹੈ ਤਾਂ ਇਹ ਵਰਤਾਰਾ ਪੰਜਾਬ ਦੀ ਸਿਆਸਤ ਉਤੇ ਲੰਮੇ ਸਮੇਂ ਤੱਕ ਅਸਰਅੰਦਾਜ਼ ਹੋਵੇਗਾ। ਹੁਣ ਤੱਕ ਅਕਾਲੀ ਦਲ ਤੋਂ ਬਾਗੀ ਹੋਏ ਆਗੂਆਂ ਨੇ ਆਪਣੀ ਪਾਰਟੀ ਦਾ ਨਾਂ ਅਕਾਲੀ ਦਲ ਹੀ ਰੱਖਿਆ ਅਤੇ ਤੱਥ ਇਹ ਹਨ ਕਿ ਇਨ੍ਹਾਂ ਦੀ ਸਿਆਸੀ ਹੋਂਦ ਕਦੀ ਵੀ ਇਕ ਧੜੇ ਤੋਂ ਵੱਧ ਨਹੀਂ ਹੋਈ ਅਤੇ ਨਾ ਹੀ ਪੰਜਾਬ ਦੀ ਸਿਆਸਤ ਵਿਚ ਕੋਈ ਨਵਾਂ ਵੱਢ ਪਿਆ। ਹੁਣ ਕੇਂਦਰ ਸਰਕਾਰ ਦੀ ਅਗਵਾਈ ਕਰ ਰਹੀ ਕਾਂਗਰਸ ਜਿਸ ਢੰਗ ਨਾਲ ਮਨਪ੍ਰੀਤ ਸਿੰਘ ਬਾਦਲ ਦੀਆਂ ਸਰਗਰਮੀਆਂ ਦੀ ਪੁਣ-ਛਾਣ ਕਰਨ ਵਿਚ ਰੁੱਝੀ ਹੋਈ ਹੈ ਅਤੇ ਜਿਸ ਢੰਗ ਨਾਲ ਪੰਜਾਬ ਦੇ ਕਾਂਗਰਸੀ ਆਗੂ ਚੱਲ ਰਹੇ ਹਨ, ਉਸ ਤੋਂ ਸਾਫ਼ ਜ਼ਾਹਿਰ ਹੈ ਕਿ ਕਾਂਗਰਸ ਇਕ ਵਾਰ ਫਿਰ ਅਕਾਲੀਆਂ ਵਿਚ ਆਈਆਂ ਤਰੇੜਾਂ ਨੂੰ ਆਪਣੀਆਂ ਵੋਟਾਂ ਵਿਚ ਵਟਾਉਣ ਲਈ ਪਰ ਤੋਲ ਰਹੀ ਹੈ।

ਇਸ ਤਰ੍ਹਾਂ ਦੇ ਮਾਹੌਲ ਵਿਚ ਸੰਘੀ ਢਾਂਚੇ ਦੀ ਸੰਘੀ ਤਾਂ ਸਮਝੋ ਪਹਿਲੇ ਹੀ ਦਿਨ ਤੋਂ ਨੱਪੀ ਗਈ ਹੈ। ਉਂਜ ਵੀ ਇਸ ਮਾਮਲੇ ਵਿਚ ਪੰਜਾਬ ਦਾ ਸਮੁੱਚਾ ਸਿਆਸੀ ਲਾਣਾ ਮੁੱਢ ਤੋਂ ਹੀ ਮਾਰ ਖਾਂਦਾ ਰਿਹਾ ਹੈ। ਸੰਘੀ ਢਾਂਚੇ ਬਾਰੇ ਸਿਧਾਂਤਕ ਪੱਧਰ 'ਤੇ ਸਰਗਰਮੀ ਦੀ ਅਣਹੋਂਦ ਕਾਰਨ ਪਰਨਾਲਾ ਹਮੇਸ਼ਾ ਉਥੇ ਦਾ ਉਥੇ ਹੀ ਰਹਿ ਜਾਂਦਾ ਰਿਹਾ ਹੈ। ਪਿਛਲੇ ਸਾਲਾਂ ਦੌਰਾਨ ਕੇਂਦਰ ਵਿਚ ਘੱਟ-ਗਿਣਤੀ ਸਰਕਾਰਾਂ ਬਣਨ ਕਾਰਨ ਕੇਂਦਰ-ਰਾਜ ਸਬੰਧਾਂ ਬਾਰੇ ਚਰਚਾ ਫਿਲਹਾਲ ਫੋਕਸ ਤੋਂ ਬਾਹਰ ਹੋ ਗਈ ਹੈ। ਜਿਹੜਾ ਸੂਬਾ, ਕੇਂਦਰ ਦੀ ਸਰਕਾਰ ਵਿਚ ਭਾਈਵਾਲ ਹੁੰਦਾ ਹੈ, ਉਹ ਸੰਘੀ ਢਾਂਚੇ ਦੇ ਮੁੱਦੇ ਨੂੰ ਲਾਂਭੇ ਰੱਖ ਕੇ ਆਪਣੀ ਪਾਰਟੀ ਅਤੇ ਆਪਣੇ ਆਗੂਆਂ ਨੂੰ ਮਿਲਣ ਵਾਲੇ ਫਾਇਦੇ ਦੇ ਹਿਸਾਬ ਨਾਲ ਚਲਦਾ ਹੈ। ਤਰਜੀਹਾਂ, ਸੂਬੇ ਦੀ ਥਾਂ ਨਿੱਜ ਦੀਆਂ ਰਹਿ ਜਾਂਦੀਆਂ ਹਨ। ਸਾਰਾ ਮਸਲਾ ਸਿਮਟ ਕੇ ਮਹਿਕਿਮਿਆਂ ਦੀ ਕੁੱਕੜਖੋਹ ਦਾ ਰਹਿ ਜਾਂਦਾ ਹੈ। ਅਕਾਲੀ ਦਲ ਨੂੰ ਵੀ ਕੇਂਦਰ ਸਰਕਾਰ ਵਿਚ ਭਾਈਵਾਲੀ ਦਾ ਮੌਕਾ ਮਿਲਿਆ ਸੀ ਪਰ ਉਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਮੰਤਰੀ ਬਣਵਾ ਲਿਆ। ਉਦੋਂ ਪੂਰੇ ਛੇ ਸਾਲ ਪੰਜਾਬ ਦਾ ਕੋਈ ਵੀ ਮਸਲਾ ਢੰਗ ਨਾਲ ਕੇਂਦਰ ਕੋਲ ਉਠਾਇਆ ਨਹੀਂ ਗਿਆ। ਹੋਰ ਤਾਂ ਹੋਰ ਨਵੰਬਰ 1984 ਵਿਚ ਹੋਏ ਸਿੱਖਾਂ ਦੇ ਭਿਅੰਕਰ ਕਤਲ-ਏ-ਆਮ ਦਾ ਮੁੱਦਾ ਵੀ ਨਾ ਛੋਹਿਆ ਗਿਆ।

ਹੁਣ ਤਾਂ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਪਹੁੰਚ ਨੇ ਜ਼ਾਹਿਰ ਕਰ ਦਿੱਤਾ ਕਿ ਅਕਾਲੀ ਦਲ ਦੀ ਸੰਘੀ ਢਾਂਚੇ ਦੀ ਮੰਗ ਨਿਰੀ ਸਿਆਸਤ ਤੋਂ ਪ੍ਰੇਰਿਤ ਹੈ; ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਹਰਿਆਣਾ ਵਿਚ ਵੱਖਰੀ ਕਮੇਟੀ ਦੇ ਮਾਮਲੇ ਨੂੰ ਇੰਨਾ ਪੇਚੀਦਾ ਬਣਾ ਦਿੱਤਾ ਜਾਂਦਾ। ਹਰਿਆਣਵੀ ਸਿੱਖਾਂ ਦਾ ਵੱਖਰੀ ਕਮੇਟੀ ਲਈ ਇਕ ਹੀ ਆਧਾਰ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣੇ ਦੇ ਗੁਰਦੁਆਰਿਆਂ ਦਾ ਸਾਰਾ ਚੜ੍ਹਾਵਾ ਤਾਂ ਲੈ ਜਾਂਦੀ ਹੈ ਪਰ ਹਰਿਆਣਾ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ ਜਾ ਰਿਹਾ। ਕੇਂਦਰ ਅਤੇ ਸੂਬਿਆਂ ਵਿਚਕਾਰ ਵੀ ਤਾਂ ਇਹੀ ਰੌਲਾ ਹੈ। ਇਸ ਰੌਲੇ ਨੂੰ ਸਿਰੇ ਤੱਕ ਪਹੁੰਚਾਉਣ ਵਾਲੀ ਕੋਈ ਧਿਰ ਫਿਲਹਾਲ ਰੜਕ ਨਹੀਂ ਰਹੀ। ਉਦੋਂ ਤੱਕ ਸੰਘੀ ਢਾਂਚੇ ਬਾਰੇ ਸਿਆਸਤ ਦਾ ਨਾਟਕ ਚਲਦਾ ਰਹਿਣਾ ਹੈ। ਇਸ ਨਾਟਕ ਦਾ ਪਰਦਾ ਡਿੱਗਣ ਤੋਂ ਬਾਅਦ ਹੀ ਅਸਲ ਸੰਘੀ ਸਰਕਾਰਾਂ ਦਾ ਦੌਰ ਸਾਹਮਣੇ ਆਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਾਰੇ ਧੋਖੇਬਾਜ਼ ਲਾੜੀਆਂ ਦੇ!*

ਕਰੀਆਂ ਡਿਗਰੀਆਂ ਤਾਂ ਵੀ ਨਾ ਮੱਤ ਆਈ, ਲੱਛਣ ਦੇਖ ਲਓ ਸ਼ੋਹਦੀਆਂ ਪਾੜ੍ਹੀਆਂ ਦੇ।
ਲੈ ਕੇ 'ਹਰਾ ਕਾਰਡ' ਅੱਖਾਂ ਫੇਰ ਲਈਆਂ, ਲਹੂ ਹੋ ਗਿਆ ਚਿੱਟਾ ਵਿਚ ਨਾੜੀਆਂ ਦੇ।
ਬਾਹੀਂ ਚੂੜਾ ਤੇ ਮੂੰਹੋਂ ਤਲਾਕ ਮੰਗਣ, ਮੁੱਢ ਬੱਝਦੇ ਕਿਸਮਤਾਂ ਮਾੜੀਆਂ ਦੇ।
ਮਾਰੇ ਸ਼ਰਮ ਦੇ ਹੁੰਦੇ ਨੇ ਰੋਣਹਾਕੇ, ਪਤੀ ਬਣਨ ਜੋ ਚਾਰ ਦਿਹਾੜੀਆਂ ਦੇ।
ਸਾਈਆਂ ਕਿਤੇ ਵਧਾਈਆਂ ਹੋਰ ਪਾਸੇ, ਮਾਪੇ ਦੁਖੀ ਜਹਾਜ਼ ਵਿਚ ਚਾੜ੍ਹੀਆਂ ਦੇ।
ਏਅਰਪੋਰਟ 'ਤੇ ਪਹੁੰਚ ਕੇ 'ਗੁੰਮ' ਹੋਵਣ, ਲੱਖ ਲਾਹਣਤਾਂ ਐਸੀਆਂ ਲਾੜੀਆਂ ਦੇ!

# ਫਿਰ ਉਠਣ ਲੱਗੀ ਕਿਰਤੀਆਂ ਦੀ ਕਾਂਗ

**ਹਰਜਿੰਦਰ ਦੁਸਾਂਝ**

ਟਿਊਨੀਸ਼ੀਆ ਅਤੇ ਮਿਸਰ ਵਿਚ ਹੋਈ ਰਾਜਸੀ ਤੇ ਸਮਾਜਕ ਤਬਦੀਲੀ ਨੂੰ ਭਾਵੇਂ ਅੱਧਾ-ਪਚੱਧਾ ਇਨਕਲਾਬ ਹੀ ਕਿਹਾ ਜਾਂਦਾ ਹੈ ਪਰ ਇਸ ਨੇ ਅਰਬ ਰਾਜਨੀਤੀ ਦੀਆਂ ਗਹਿਰਾਈਆਂ ਵਿਚ ਜਿਹੜੀ ਸੁਨਾਮੀ ਲਿਆਂਦੀ ਹੈ, ਉਸ ਦੀਆਂ ਛੱਲਾਂ ਦੇ ਛਿੱਟੇ ਪੂਰੀ ਦੁਨੀਆਂ ਉਤੇ ਪੈ ਰਹੇ ਹਨ। ਅਮਰੀਕਾ ਦੀਆਂ ਟੀ.ਵੀ. ਸਕਰੀਨਾਂ ਉਤੇ ਅਰਬ ਦੇ ਦ੍ਰਿਸ਼ ਹੀ ਦਿਖਾਈ ਦਿੰਦੇ ਹਨ। ਦੇਸ਼ ਵਿਚ ਵਾਪਰ ਰਹੀਆਂ ਕਈ ਅਹਿਮ ਘਟਨਾਵਾਂ ਅਰਬੀ ਘਟਨਾਵਾਂ ਦੇ ਪ੍ਰਛਾਵੇਂ ਥੱਲੇ ਹੀ ਧੁੰਦਲੀਆਂ ਪੈ ਗਈਆਂ ਹਨ।

ਪਿਛਲੇ ਦਿਨੀਂ ਇਕ ਅਹਿਮ ਘਟਨਾ ਵਾਪਰੀ ਜਦੋਂ ਵਿਸਕਾਨਸਿਨ ਦੀ ਰਿਪਬਲੀਕਨ ਬਹੁਗਿਣਤੀ ਵਾਲੀ ਵਿਧਾਨ ਸਭਾ ਨੇ ਕਾਮਿਆਂ ਦੀਆਂ ਯੂਨੀਅਨਾਂ ਨੂੰ ਹੋਰ ਨਕਾਰਾ ਕਰਨ ਵਾਲਾ ਬਿਲ ਪਾਸ ਕੀਤਾ। ਇਸ ਨਾਲ ਸਭ ਤੋਂ ਵੱਧ ਤਾਂ ਭਾਵੇਂ ਸਰਕਾਰੀ ਮੁਲਾਜ਼ਮ ਪ੍ਰਭਾਵਤ ਹੋਣਗੇ ਪਰ ਗ਼ੈਰ-ਸਰਕਾਰੀ ਕਾਮਿਆਂ ਦੀਆਂ ਯੂਨੀਅਨਾਂ ਵੀ ਇਸ ਤੋਂ ਬਚ ਨਹੀਂ ਸਕਣਗੀਆਂ। ਇਸ ਕਾਨੂੰਨ ਦਾ ਸਿੱਧਾ ਅਸਰ ਉਨ੍ਹਾਂ ਦੀ ਤਨਖਾਹ ਅਤੇ ਡਾਕਟਰੀ ਸਹੂਲਤਾਂ 'ਤੇ ਪਏਗਾ।

ਓਹਾਇਓ, ਨਿਊ ਜਰਸੀ, ਇੰਡੀਆਨਾ ਤੇ ਆਇਓਆ ਸਮੇਤ ਕਈ ਹੋਰ ਰਾਜਾਂ ਦੀਆਂ ਵਿਧਾਨ ਸਭਾਵਾਂ ਵੀ ਅਜਿਹੇ ਬਿਲ ਪਾਸ ਕਰਨ ਦੇ ਰੌਂਅ ਵਿਚ ਹਨ ਪਰ ਦੇਸ਼ ਦੇ ਸਾਧਾਰਨ ਸਮਾਜ ਨੇ ਇਸ ਨੂੰ ਸਿਰੇ ਤੋਂ ਨਕਾਰਿਆ ਹੈ। ਯੂਨੀਅਨ ਵੱਲੋਂ ਆਪਣੇ ਮਾਲਕਾਂ ਨਾਲ ਕੀਤੇ ਸਮਝੌਤਿਆਂ ਨੂੰ ਨਵਿਆਉਣ ਮੌਕੇ ਕੀਤੀ ਜਾਂਦੀ ਸੌਦੇਬਾਜ਼ੀ ਦੇ ਹੱਕ-ਹਕੂਕ ਤੋੜਨ ਨੂੰ ਮੂਲੋਂ ਗ਼ਲਤ ਗਰਦਾਨਿਆ ਗਿਆ ਹੈ। ਵਿਸਕਾਨਸਿਨ ਵਿਚ ਆਏ ਬਿਲ ਬਾਰੇ ਸਰਵੇਖਣ ਵਿਚ 61% ਲੋਕਾਂ ਨੇ ਬਿਲ ਖ਼ਿਲਾਫ਼ ਮਤ ਦਿੱਤਾ ਜਦਕਿ 33% ਉਸ ਦੇ ਹੱਕ ਵਿਚ ਹਨ। ਵਿਸਕਾਨਸਿਨ ਦੇ ਰਿਪਬਲੀਕਨ ਗਵਰਨਰ ਸਕਾਟ ਵਾਕਰ ਦੇ ਨਾਂ 'ਤੇ ਬਣੇ 'ਵਾਕਰ ਪਲੈਨ' ਦੇ ਖ਼ਿਲਾਫ਼ ਰਾਜਧਾਨੀ ਵਾਲੇ ਮੈਡੀਸਨ ਸ਼ਹਿਰ ਵਿਚ ਹਜ਼ਾਰਾਂ ਲੋਕ ਪਿਛਲੇ ਦੋ ਹਫ਼ਤਿਆਂ ਤੋਂ ਮੁਜ਼ਾਹਰਾ ਕਰ ਰਹੇ ਹਨ। ਅਦਾਲਤ ਨੇ ਵੀ ਵਰਕਰਾਂ ਦਾ ਵਿਧਾਨ ਸਭਾ ਅੱਗੇ ਮੁਜਾਹਰਾ ਕਰਨ ਦਾ ਹੱਕ ਮੰਨਿਆ ਹੈ।

ਡੈਮੋਕਰੈਟਿਕ ਪਾਰਟੀ ਦੀ ਲੀਡਰਸ਼ਿਪ ਦਾ ਵੱਡਾ ਹਿੱਸਾ ਮੁਜ਼ਾਹਰਾਕਾਰੀਆਂ ਦੇ ਨਾਲ ਹੈ। ਲੋਕਾਂ ਦੇ ਰੋਹ ਨੂੰ ਦੇਖ ਕੇ ਗਵਰਨਰ ਖ਼ੁਦ ਭੈਅਭੀਤ ਹੈ। ਉਹ ਕਹਿ ਰਿਹਾ ਹੈ ਕਿ ਉਸ ਦਾ ਪਲੈਨ ਵਰਕਰਾਂ ਦੇ ਹਕੂਕ ਮਾਰਨ ਵਿਰੁਧ ਨਹੀਂ ਹੈ, ਤੇ ਨਾ ਹੀ ਉਹ ਯੂਨੀਅਨਾਂ ਤੋੜਨਾ ਚਾਹੁੰਦੇ ਹਨ। ਉਹ ਵਰਕਰਾਂ ਦੇ ਕੰਮ ਦੀ ਸੁਰੱਖਿਆ ਦੇ ਹੱਕ ਵਿਚ ਹਨ। ਕਿਸੇ ਨੂੰ ਗ਼ਲਤ ਢੰਗ ਨਾਲ ਕੰਮ ਤੋਂ ਕੱਢਣ ਦੇ ਖ਼ਿਲਾਫ਼ ਹਨ। ਇਸ ਦੇ ਨਾਲ ਗ਼ਲਤ ਤਰੀਕੇ ਕਾਮਿਆਂ ਦੀ ਭਰਤੀ ਅਤੇ ਅਨੁਸ਼ਾਸਨ ਦੇ ਨਾਂ 'ਤੇ ਧੱਕਾ ਕਰਨ ਦੇ ਵੀ ਵਿਰੁਧ ਹਨ, ਪਰ ਉਹ ਆਪਣੇ ਪਲੈਨ ਤੋਂ ਪਿੱਛੇ ਨਹੀਂ ਹਟਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਸਮਝੌਤੇ ਦੀ ਗੱਲਬਾਤ ਚੰਗੀ ਭਾਵਨਾ ਨਾਲ ਹੀ ਸ਼ੁਰੂ ਹੋ ਸਕਦੀ ਹੈ। ਚੰਗੀ ਭਾਵਨਾ ਤਾਂ ਹੀ ਹੋ ਸਕਦੀ ਹੈ, ਜੇ ਉਨ੍ਹਾਂ ਕੋਲ ਕੁਝ ਦੇਣ ਨੂੰ ਹੋਵੇ। ਉਨ੍ਹਾਂ ਦਾ ਬਜਟ ਘਾਟੇ ਵਿਚ ਹੈ, ਉਹ ਕੁਝ ਨਹੀਂ ਦੇ ਸਕਦੇ।

ਦੂਜੇ ਪਾਸੇ, ਵਰਕਰਾਂ ਦਾ ਵਧਦਾ ਦਬਾਅ ਦੇਖ ਕੇ ਰਾਜ ਵਿਧਾਨ ਸਭਾ ਦੇ ਬਹੁਤ ਸਾਰੇ ਮੈਂਬਰ ਰਾਜ ਤੋਂ ਬਾਹਰ ਚਲੇ ਗਏ ਹਨ ਅਤੇ ਉਹ ਵਿਧਾਨ ਸਭਾ ਸੈਸ਼ਨ ਵਿਚੋਂ ਗ਼ੈਰ-ਹਾਜ਼ਰ ਰਹਿਣ ਦੀ ਤਾਕ ਵਿਚ ਹਨ। ਜਿਹੜੇ ਰਾਜਾਂ ਵਿਚ ਯੂਨੀਅਨਾਂ ਦੇ ਹੱਕਾਂ ਉਤੇ ਕੁਹਾੜਾ ਚੱਲਣ ਦਾ ਖ਼ਦਸ਼ਾ ਹੈ, ਉਥੇ ਪਹਿਲਾਂ ਹੀ ਮੁਜ਼ਾਹਰੇ ਸ਼ੁਰੂ ਹੋਏ ਗਏ ਹਨ। ਇਨ੍ਹਾਂ ਵਿਚ ਕੋਲੰਬਸ (ਓਹਾਇਓ), ਡੈਸ ਮੋਇਨਜ਼ (ਆਇਓਆ) ਅਤੇ ਮੌਂਟਪਿਲਰ (ਵਰਮੌਂਟ) ਦੇ ਮੁਜ਼ਾਹਰੇ ਖ਼ਾਸੇ ਇਕੱਠ ਵਾਲੇ ਹਨ। ਇੰਡੀਆਨਾ ਵਿਚ ਮੁਜ਼ਾਹਰਿਆਂ ਕਾਰਨ ਰਾਜ ਦੇ ਚੌਦਾਂ ਡੈਮੋਕਰੈਟਿਕ ਵਿਧਾਇਕ ਸੂਬੇ ਵਿਚੋਂ ਗ਼ਾਇਬ ਹਨ।

ਜਦੋਂ ਤਕ ਇਹ ਸਤਰਾਂ ਪਾਠਕਾਂ ਤਕ ਜਾਣਗੀਆਂ, ਤਦ ਤਕ ਇਨ੍ਹਾਂ ਮੁਜ਼ਾਹਰਿਆਂ ਦੀ ਰੂਪ-ਰੇਖਾ ਤੇ ਸਰਕਾਰੀ ਰਣਨੀਤੀ ਦੋਵਾਂ ਵਿਚ ਹੀ ਭਾਰੀ ਫੇਰਬਦਲ ਹੋ ਚੁੱਕਾ ਹੋਵੇਗਾ। ਜੇਕਰ ਕਾਮਿਆਂ ਦੇ ਸੰਘਰਸ਼ ਜਾਂ ਲਾਮਬੰਦੀ ਦੀ ਗੱਲ ਕਰਨੀ ਹੋਵੇ ਤਾਂ ਪਾਠਕਾਂ ਨੂੰ ਪਤਾ ਹੀ ਹੈ ਕਿ ਸ਼ਿਕਾਗੋ ਦੁਨੀਆਂ ਭਰ ਦੇ ਕਾਮਿਆਂ ਦਾ ਮੱਕਾ ਹੈ ਜਿਥੋਂ ਦੇ ਹੇਅ ਮਾਰਕੀਟ ਚੌਕ ਵਿਚ ਕੰਮ ਕਰਨ ਲਈ ਅੱਠ ਘੰਟੇ ਦੀ ਦਿਹਾੜੀ ਮੁਕੱਰਰ ਕਰਨ ਵਰਗੀਆਂ ਮੁਢਲੀਆਂ ਮੰਗਾਂ ਕਰ ਰਹੇ ਕਿਰਤੀਆਂ ਅਤੇ ਪੁਲਿਸ ਵਿਚਾਲੇ ਹੋਏ ਟਕਰਾਅ ਵਿਚ 3 ਮਈ 1886 ਨੂੰ ਕਈ ਕਾਮੇ ਤੇ ਪੁਲਿਸ ਵਾਲੇ ਮਾਰੇ ਗਏ ਸਨ। ਉਸ ਵੇਲੇ ਮਾਰੇ ਗਏ ਮਜ਼ਦੂਰਾਂ ਨੂੰ ਅੱਜ ਤੱਕ ਵੀ ਸ਼ਿਕਾਗੋ ਦੇ ਸ਼ਹੀਦਾਂ ਕਰਕੇ ਜਾਣਿਆ ਜਾਂਦਾ ਹੈ ਅਤੇ ਪਹਿਲੀ ਮਈ ਦਾ ਮਜ਼ਦੂਰ ਦਿਵਸ ਭਾਰਤ ਸਮੇਤ ਬਹੁਤ ਸਾਰੇ ਦੇਸ਼ਾਂ ਵਿਚ ਉਨ੍ਹਾਂ ਦੀ ਯਾਦ ਵਿਚ ਹੀ ਮਨਾਇਆ ਜਾਂਦਾ ਹੈ। ਇਸ ਘਟਨਾ ਵਿਚ ਇਕ ਕਿਰਤੀ ਵੀਰਾਂਗਣਾਂ ਦਾ ਦੁੱਧ ਚੁੰਘਦਾ ਬੱਚਾ ਵੀ ਪੁਲਿਸ ਗੋਲੀ ਨਾਲ ਮਰ ਗਿਆ ਸੀ। ਉਸ ਬੱਚੇ ਦੇ ਖ਼ੂਨ ਨਾਲ ਲਿਬੜਿਆ ਮਾਂ ਦੇ ਸਿਰ ਦੇ ਕੱਪੜੇ ਦਾ ਟੋਟਾ ਪੂਰੀ ਦੁਨੀਆਂ ਦੇ ਮਿਹਨਤਕਸ਼ ਲੋਕਾਂ ਲਈ ਮਜੀਠੀਏ ਰੰਗਾ ਪਰਚਮ ਬਣ ਗਿਆ। ਉਤਰੀ ਅਮਰੀਕਾ ਦੇ ਇਤਿਹਾਸ ਵਿਚ ਇਸ ਘਟਨਾ ਨੂੰ ਕੁਝ ਉਪਦਰੀਆਂ ਵੱਲੋਂ ਕੀਤੀ ਹੁੱਲੜਬਾਜ਼ੀ ਵਜੋਂ ਦਰਜ ਕੀਤਾ ਗਿਆ ਹੈ। ਕਿਹਾ ਗਿਆ ਕਿ ਕੁਝ ਲੋਕਾਂ ਨੇ ਮਜ਼ਦੂਰਾਂ ਨੂੰ ਵਰਗਲਾ ਕੇ ਪੁਲਿਸ 'ਤੇ ਹਮਲਾ ਕਰਵਾ ਦਿੱਤਾ ਸੀ ਜਿਸ ਦੇ ਸਿੱਟੇ ਵਜੋਂ ਪੁਲਿਸ ਵਾਲੇ ਸ਼ਹੀਦ ਹੋਏ ਤੇ ਜਵਾਬੀ ਹਮਲੇ ਵਿਚ ਕੁਝ ਮੁਜ਼ਾਹਰਾਕਾਰੀ ਮਾਰੇ ਗਏ। ਇਸ ਘਟਨਾ ਦੇ ਦੋਸ਼ੀ ਸਮਝੇ ਜਾਂਦੇ ਕੁਝ ਬੰਦਿਆਂ ਨੂੰ ਮੌਤ ਦੀ ਸਜ਼ਾ ਵੀ ਦਿੱਤੀ ਗਈ।

ਇਸ ਘਟਨਾ ਦੇ ਜ਼ਿਕਰ ਦਾ ਮਤਲਬ ਸਿਰਫ਼ ਇੰਨਾ ਹੀ ਹੈ ਕਿ ਲੋਕਾਂ ਨੇ ਸਰਕਾਰਾਂ ਤੋਂ ਕਿਰਤ ਕਾਨੂੰਨ ਤੇ ਕਿਰਤ ਭਲਾਈ ਦੇ ਪ੍ਰੋਗਰਾਮ ਬਣਾਉਣ ਤੋਂ ਲੈ ਕੇ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਜਥੇਬੰਦੀਆਂ (ਯੂਨੀਅਨਾਂ) ਬਣਾਉਣ ਲਈ ਲੰਮਾ ਸੰਘਰਸ਼ ਛੇੜਿਆ। ਫਿਰ ਅਜਿਹਾ ਸਮਾਂ ਵੀ ਆਇਆ ਜਦੋਂ ਦੁਨੀਆਂ ਭਰ ਵਿਚ ਬਹੁਤ ਸਾਰੀਆਂ ਯੂਨੀਅਨਾਂ ਉਤੇ ਵਿਹਲੜ ਤੇ ਨਿਕੰਮੇ ਕਿਸਮ ਦੇ ਬੰਦਿਆਂ ਦੇ ਕਬਜ਼ੇ ਹੋਣ ਲੱਗੇ। ਇਥੋਂ ਤਕ ਕਿ ਬਹੁਤ ਸਾਰੀਆਂ ਯੂਨੀਅਨਾਂ ਉਤੇ ਕਾਬਜ਼ ਭ੍ਰਿਸ਼ਟ ਲੀਡਰਸ਼ਿਪ ਆਪਣੇ ਸਾਥੀ ਕਾਮਿਆਂ ਨਾਲ ਹੀ ਦਗ਼ਾ ਕਮਾਉਣ ਲੱਗੀ। ਆਪਣੇ ਮੁਫ਼ਾਦ ਖ਼ਾਤਰ ਕਾਮਿਆਂ ਦੇ ਹਿਤਾਂ ਦੀ ਬਲੀ ਦੇ ਕੇ ਮਾਲਕਾਂ ਦੇ ਹਿਤਾਂ ਵਾਲੇ ਸਮਝੌਤੇ ਕਰਨਾ ਆਮ ਗੱਲ ਬਣ ਗਿਆ। ਕਈ ਯੂਨੀਅਨਾਂ ਸੇਵਾ ਭਾਵਨਾ ਖ਼ਤਮ ਹੋਣ ਕਰਕੇ ਵਪਾਰਕ ਅਦਾਰੇ ਬਣ ਗਏ। ਯੂਨੀਅਨ ਦੇ ਕੰਮ ਕਰਨ ਦੇ ਬਹਾਨੇ ਕੰਮ ਨਾ ਕਰਨ ਨੂੰ ਹੱਕ ਬਣਾ ਲਿਆ ਗਿਆ। ਦੂਜੇ ਪਾਸੇ ਯੂਨੀਅਨ ਆਗੂਆਂ ਨੇ ਆਪਣੀਆਂ ਤਨਖ਼ਾਹਾਂ ਤੇ ਭੱਤੇ ਮਿਥ ਲਏ। ਨਵੀਂ ਭਰਤੀ ਵੇਲੇ ਲਿਆਕਤ ਨੂੰ ਛਿੱਕੇ ਟੰਗ ਕੇ ਭਾਈ-ਭਤੀਜਾਵਾਦ ਦੀ ਪਹੁੰਚ ਅਪਨਾਈ ਜਾਣ ਲੱਗੀ ਜਿਸ ਦਾ ਕੰਮ-ਕਾਜ ਉਤੇ ਅਸਰ ਹੋਣ ਲੱਗਾ। ਯੂਨੀਅਨਾਂ ਜਦੋਂ ਗ਼ਲਤ ਬੰਦਿਆਂ ਦੀ ਮਦਦ ਕਰਨ ਲੱਗੀਆਂ। ਸਿੱਟੇ ਵਜੋਂ ਬਹੁਤ ਸਾਰੇ ਕਾਮੇ ਖ਼ੁਦ ਹੀ ਯੂਨੀਅਨਾਂ ਤੋੜਨ ਦੇ ਰਾਹ ਤੁਰ ਪਏ। ਜਦੋਂ ਦੇਸ਼ ਵਿਚ ਕੰਪਿਊਟਰ ਉਦਯੋਗ ਦਾ ਉਭਾਰ ਆਇਆ ਤਾਂ ਇਸ ਨਵੇਂ ਉਦਯੋਗ ਨੇ ਆਪਣੇ ਕਾਰਿੰਦਿਆਂ ਨੂੰ ਲੋਹੜੇ ਦੇ ਫਾਇਦੇ ਦੇ ਕੇ ਕਿਹਾ ਕਿ ਜੇਕਰ ਉਹ ਯੂਨੀਅਨ ਤੋਂ ਬਿਨਾਂ ਸਭ ਕੁਝ ਦੇ ਰਹੇ ਹਨ ਤਾਂ 'ਯੂਨੀਅਨ' ਦੀ ਕੀ ਲੋੜ ਹੈ। ਇਸ ਦਾ ਨਤੀਜਾ ਨਿਕਲਿਆ-ਕਾਮਿਆਂ ਦੀ ਮਗਰਲੀ ਉਮਰ ਦੀ ਖੱਜਲ-ਖ਼ੁਆਰੀ ਕਿਉਂਕਿ ਬਹੁਤ ਸਾਰੇ ਵਰਕਰ ਪੰਤਾਲੀਆਂ ਤੋਂ ਉਪਰ ਹੋ ਕੇ ਬਿਨਾ ਕਿਸੇ ਸਹੂਲਤ ਤੋਂ ਕੰਮ ਤੋਂ ਵਾਂਝੇ ਹੋ ਗਏ ਜਾਂ ਕਰ ਦਿੱਤੇ ਗਏ। ਅਮਰੀਕਾ ਵਿਚ 'ਬੇਬੀ ਬੂਮ' ਵਜੋਂ ਜਾਣੀ ਜਾਂਦੀ ਪੀੜ੍ਹੀ ਜਿਹੜੀ ਹੁਣੇ ਜਿਹੇ ਸੇਵਾਮੁਕਤ ਹੋਈ ਹੈ ਜਾਂ ਹੋ ਰਹੀ ਹੈ, ਵਿਚੋਂ ਬਹੁਗਿਣਤੀ ਕੋਲ ਦੋਹਰੀ ਪੈਨਸ਼ਨ ਹੈ। ਇਕ ਯੂਨੀਅਨ ਦੀ ਅਤੇ ਦੂਜੀ ਸੋਸ਼ਲ ਸਕਿਉਰਟੀ। ਅਗਲੀ ਪੀੜ੍ਹੀ ਦੀ ਵਾਰੀ ਆਉਣ ਤਕ ਸੋਸ਼ਲ ਸਕਿਉਰਟੀ ਦੇ ਭਾਂਡੇ ਤਾਂ ਲੱਗਦਾ ਹੈ, ਉਂਜ ਹੀ ਮੂਧੇ ਹੋ ਜਾਣੇ ਹਨ ਤੇ ਯੂਨੀਅਨ ਵਾਲੀ ਪੈਨਸ਼ਨ (ਯੂਨੀਅਨਾਂ ਨਾ ਬਣਾਉਣ ਜਾਂ ਕਮਜ਼ੋਰ ਕਰ ਦਿੱਤੇ ਜਾਣ ਕਰਕੇ) ਉਨ੍ਹਾਂ ਜੋੜੀ ਨਹੀਂ।

ਅਮਰੀਕਾ ਵਿਚ ਜੇਕਰ ਯੂਨੀਅਨਾਂ ਦੇ ਹੱਕ ਵਿਚ ਮੁੜ ਲਹਿਰ ਬਣ ਰਹੀ ਹੈ ਤਾਂ ਯੂਨੀਅਨਾਂ ਨੂੰ ਸਵੈ-ਪੜਚੋਲ ਕਰਨੀ ਪਵੇਗੀ ਤੇ ਆਪਣਾ ਜਾਇਜ਼ ਦਾਇਰਾ ਮਿਥਣਾ ਪਵੇਗਾ। ਇਕ ਬਹੁਤ ਵੱਡੀ ਯੂਨੀਅਨ ਨਾਲ ਕੰਮ ਕਰਨ ਕਰਕੇ ਮੇਰਾ ਆਪਣਾ ਤਜਰਬਾ ਹੈ ਕਿ ਕਈ ਵਾਰ ਯੂਨੀਅਨਾਂ ਦੀ ਅੜੀ ਅਤੇ ਹੱਦੋਂ ਵੱਧ ਮੰਗਾਂ ਕਾਮਿਆਂ ਦਾ ਹੀ ਨੁਕਸਾਨ ਕਰਦੀਆਂ ਹਨ। ਦੇਸ਼ ਦੀ ਆਟੋ-ਇੰਡਸਟਰੀ ਦਾ ਬੇੜਾ ਗਰਕ ਕਰਨ ਵਿਚ ਕਿਸੇ ਹੱਦ ਤਕ ਯੂਨੀਅਨਾਂ ਦਾ ਵੀ ਰੋਲ ਹੈ। ਇਸ ਸਨਅਤ ਵਿਚ ਹਾਈ ਸਕੂਲ ਫੇਲ੍ਹ ਬੰਦਾ, ਇੰਜੀਨੀਅਰ ਤੋਂ ਵੱਧ ਪੈਸੇ ਬਣਾਉਂਦਾ ਸੀ। ਜਦ-ਜਦ ਆਟੋ ਇੰਡਸਟਰੀ ਦਾ ਭੱਠਾ ਬੈਠਿਆ ਤਾਂ ਸਦਾ ਵੱਧ ਵੇਤਨ ਦੀ ਮੰਗਣ ਵਾਲੀਆਂ ਆਟੋ-ਇੰਡਸਟਰੀ ਯੂਨੀਅਨਾਂ ਖ਼ੁਦ ਹੀ ਤਨਖ਼ਾਹ ਘਟਾਉਣ ਦੇ ਰਾਹ ਤੁਰ ਪਈਆਂ। ਇਸੇ ਤਰ੍ਹਾਂ ਅਮਰੀਕਾ ਦੇ ਪੋਸਟਲ ਵਿਭਾਗ ਵਿਚ ਕੰਮ ਕਰਨ ਵਾਲਿਆਂ ਨੂੰ ਪਤਾ ਹੈ ਕਿ ਯੂਨੀਅਨ ਦੀ ਆੜ ਵਿਚ ਕਈ ਬਹਾਨੇ ਲਾ ਕੇ ਪੂਰਾ ਕੰਮ ਨਾ ਕਰਦਿਆਂ ਯੂਨੀਅਨ ਆਗੂ ਪੂਰੀਆਂ ਸਹੂਲਤਾਂ ਦਾ ਆਨੰਦ ਮਾਣ ਰਹੇ ਹਨ। ਅਮਰੀਕਨ ਪੋਸਟਲ ਵਿਭਾਗ ਦੇ ਨਿਜੀਕਰਨ ਵੱਲ ਤੁਰਨ ਦਾ ਇਹ ਵੀ ਇਕ ਕਾਰਨ ਹੈ।

ਮੈਂ ਖ਼ੁਦ ਯੂਨੀਅਨਾਂ ਦੇ ਹੱਕ ਵਿਚ ਵਕਾਲਤ ਕਰਨ ਵਾਲਾ ਬੰਦਾ ਹਾਂ ਪਰ ਦੁੱਖ ਉਦੋਂ ਹੁੰਦਾ ਹੈ ਜਦੋਂ ਯੂਨੀਅਨਾਂ ਖ਼ੁਦ ਹੀ ਦਸਤਾ ਬਣ ਕੇ ਜੰਗਲ ਵੱਢਣ ਤੁਰ ਪੈਣ। ਮੈਨੂੰ ਯਾਦ ਹੈ ਕਿ ਮੇਰੇ ਸਕੂਲ ਦੇ ਦਿਨਾਂ ਵਿਚ ਮਾਲਵਾ ਖੇਤਰ ਵਿਚ ਕੁਝ ਨਕਸਲੀ ਜਥੇਬੰਦੀਆਂ ਨੇ ਭੱਠਾ ਮਜ਼ਦੂਰਾਂ ਦੀਆਂ ਮੰਗਾਂ ਦੇ ਹੱਕ ਵਿਚ ਹੜਤਾਲ ਕਰਵਾ ਦਿੱਤੀ। ਭੱਠਿਆਂ ਦੇ ਮਾਲਕ ਕਾਫ਼ੀ ਮੰਗਾਂ ਮੰਨਣ ਨੂੰ ਤਿਆਰ ਹੋ ਗਏ ਪਰ ਜੁਝਾਰੂ ਇਨਕਲਾਬੀ ਆਗੂ ਮੰਗਾਂ ਦੀ ਲਿਸਟ ਹੋਰ ਲੰਮੀ ਕਰਦੇ ਗਏ ਅਤੇ ਇਹ ਗੱਲ ਭੁੱਲ ਗਏ ਕਿ ਜਿਸ ਬੰਦੇ ਨੇ ਉਦਯੋਗ ਲਾਇਆ ਹੈ, ਜੇਕਰ ਉਸ ਨੂੰ ਕੁਝ ਨਹੀਂ ਬਚੇਗਾ ਤਾਂ ਉਹ ਕੰਮ ਬੰਦ ਕਰ ਕੇ ਕਿਸੇ ਨਵੀਂ ਥਾਂ ਨਵਾਂ ਉਦਯੋਗ ਲਾ ਲਵੇਗਾ। ਆਖ਼ਰ, ਇਹੋ ਹੋਇਆ। ਭੱਠਾ ਮਾਲਕ ਭੱਠੇ ਬੰਦ ਕਰ ਗਿਆ ਅਤੇ ਹਰਿਆਣਾ ਵਿਚ ਜਾ ਕੇ ਕਿਤੇ ਹੋਰ ਕੰਮ ਕਰਨ ਲੱਗ ਪਿਆ। ਭੱਠਿਆਂ ਉਤੇ ਕੰਮ ਕਰਨ ਵਾਲੇ ਮਜ਼ਦੂਰ ਬੇਕਾਰ ਹੋ ਗਏ। ਮਜ਼ਦੂਰਾਂ ਦੀ ਭਲਾਈ ਕਰਦਿਆਂ ਅਚੇਤ-ਸੁਚੇਤ ਉਨ੍ਹਾਂ ਨੂੰ ਹੋਰ ਨਰਕ ਵਿਚ ਧੱਕਣ ਵਾਲੇ ਕਈ ਨਕਸਲੀ ਆਗੂਆਂ ਨੂੰ, ਬਾਅਦ ਵਿਚ ਉਠੀ ਖ਼ਾਲਿਸਤਾਨੀ ਲਹਿਰ ਦੌਰਾਨ ਉਨ੍ਹਾਂ ਦੀ ਭਲਾਈ ਖ਼ਾਲਿਸਤਾਨ ਦੀ ਪ੍ਰਾਪਤੀ ਵਿਚ ਦਿਸਣ ਲੱਗੀ। ਇਨ੍ਹਾਂ ਵਿਚੋਂ ਕਈ ਗ਼ਰੀਬ ਘਰਾਂ ਦੇ ਮੁੰਡਿਆਂ ਦੇ ਹੱਥੀਂ ਬੰਦੂਕਾਂ ਫੜਾ ਕੇ ਖ਼ੁਦ ਵਿਦੇਸ਼ਾਂ ਵਿਚ ਆ ਵਸੇ। ਬਾਕੀ ਜੋ ਹੋਇਆ, ਉਹ ਪੰਜਾਬੀਆਂ ਨੇ ਦੇਖਿਆ-ਹੰਢਾਇਆ ਹੀ ਹੈ।

ਯੂਨੀਅਨ ਦੀ ਆੜ ਵਿਚ ਅੱਜ ਕੱਲ੍ਹ ਨਿਊ ਯਾਰਕ ਵਿਚ ਇਕ ਸਿੱਖ ਆਪਣੀ ਪੱਗ ਉਤੇ ਉਹ ਬੈਜ ਨਹੀਂ ਲਾ ਰਿਹਾ ਜਿਹੜਾ ਉਸ ਦੇ ਵਿਭਾਗ ਦੀ ਵਰਦੀ ਦਾ ਹਿੱਸਾ ਹੈ। ਇਹ ਗੁਰਸਿੱਖ ਆਪਣੇ ਵਿਭਾਗ ਦੀ ਯੂਨੀਅਨ ਦਾ ਆਗੂ ਹੈ। ਬੈਜ ਨਾ ਲਾਉਣ ਨੂੰ ਉਹ ਆਪਣੀਆਂ ਧਾਰਮਿਕ ਭਾਵਨਾਵਾਂ ਦੇ ਵਿਰੁਧ ਦੱਸ ਰਿਹਾ ਹੈ। ਉਹ ਦਲੀਲ ਦੇ ਰਿਹਾ ਹੈ ਕਿ ਅੱਜ ਉਸ ਦਾ ਵਿਭਾਗ ਉਸ ਨੂੰ ਵਿਭਾਗ ਦਾ ਚਿੰਨ੍ਹ ਪੱਗ ਉਤੇ ਲਾਉਣ ਲਈ ਕਹਿ ਰਿਹਾ ਹੈ, ਕੱਲ੍ਹ ਨੂੰ ਜੇਕਰ ਕੋਈ ਸਿੱਖ ਮੁਰਗੇ ਵੱਡਣ ਦੀ ਫੈਕਟਰੀ ਵਿਚ ਕੰਮ ਕਰੇਗਾ ਤਾਂ ਉਸ ਨੂੰ ਮੁਰਗੇ ਕੱਟਣ ਦਾ ਨਿਸ਼ਾਨ ਲਾਉਣ ਲਈ ਕਹਿਣਗੇ। ਖ਼ੈਰ, ਇਹ ਉਸ ਦਾ ਨਿਜੀ ਧਾਰਮਿਕ ਮਸਲਾ ਤੇ ਦਲੀਲ ਹੈ। ਦੂਜੇ ਪਾਸੇ, ਉਸ ਨਾਲ ਸਹਿਮਤ ਨਾ ਹੋਣ ਵਾਲੇ ਕਹਿ ਰਹੇ ਹਨ ਕਿ ਜੇਕਰ ਭਾਰਤ, ਇੰਗਲੈਂਡ, ਕੈਨੇਡਾ, ਮਲੇਸ਼ੀਆ, ਸਿੰਗਾਪੁਰ, ਫ਼ਿਜੀ ਤੇ ਅਫ਼ਰੀਕਾ ਵਗ਼ੈਰਾ ਵਿਚ ਸਿੱਖ ਆਪਣੀਆਂ ਪੱਗਾਂ ਉਤੇ ਪੁਲਿਸ, ਫ਼ੌਜ ਜਾਂ ਹੋਰ ਵਿਭਾਗੀ ਬੈਜ ਲਾ ਸਕਦੇ ਹਨ ਤਾਂ ਉਹ ਕਿਉਂ ਨਹੀਂ ਲਾ ਸਕਦਾ? ਇਥੋਂ ਤਕ ਕਿ ਪਾਕਿਸਤਾਨ ਦੀ ਫ਼ੌਜ ਅਤੇ ਪੁਲਿਸ ਵਿਚ ਭਰਤੀ ਹੋਏ ਸਿੱਖ ਪਾਕਿਸਤਾਨ ਦਾ ਰਾਸ਼ਟਰੀ ਚਿੰਨ੍ਹ ਚੰਦ ਅਤੇ ਤਾਰਾ ਆਪਣੀਆਂ ਪੱਗਾਂ ਉਤੇ ਲਾ ਰਹੇ ਹਨ।

ਕੁਝ ਪੰਜਾਬੀ ਵਕੀਲਾਂ ਉਤੇ ਵੀ ਇਲਜ਼ਾਮ ਲੱਗ ਰਿਹਾ ਹੈ ਕਿ ਉਹ ਆਪਣਾ ਬਿਜ਼ਨਸ ਚਮਕਾਉਣ ਦੇ ਚੱਕਰ ਵਿਚ ਇਸ ਸਿੱਖ ਦੀ ਧਾਰਮਿਕ ਆਜ਼ਾਦੀ ਦਾ ਰੌਲਾ ਪਾ ਰਹੇ ਹਨ। ਆਲੋਚਕ ਕਹਿ ਰਹੇ ਹਨ ਕਿ ਜੇਕਰ ਕੋਈ ਅਫ਼ਸਰ ਜਾਂ ਵਰਕਰ ਵਰਦੀ ਨਹੀਂ ਪਾਵੇਗਾ ਤਾਂ ਉਸ ਦੀ ਉਹਦੇ ਵਿਭਾਗ ਦੇ ਅਧਿਕਾਰੀ ਜਾਂ ਵਰਕਰ ਵਜੋਂ ਪਛਾਣ ਕਿਵੇਂ ਹੋਵੇਗੀ ਪਰ ਸੱਚਾਈ ਇਹ ਹੈ ਕਿ ਜੇਕਰ ਯੂਨੀਅਨਾਂ ਵਰਕਰਾਂ ਦੇ ਜਾਇਜ਼ ਹੱਕਾਂ ਦੀ ਰਾਖੀ ਦੇ ਨਾਲ-ਨਾਲ ਕਿਰਤ ਸਭਿਆਚਾਰ ਅਤੇ ਕਿਰਤੀ ਦੇ ਫ਼ਰਜ਼ਾਂ ਨੂੰ ਨਹੀਂ ਉਭਾਰਨਗੀਆਂ ਤਾਂ ਯੂਨੀਅਨਾਂ ਕਾਰਗਰ ਸਾਬਤ ਨਹੀਂ ਹੋਣਗੀਆਂ।

ਹਾਲ ਹੀ ਵਿਚ ਅਮਰੀਕਾ ਦੀਆਂ ਕੁਝ ਰਾਜ ਸਰਕਾਰਾਂ ਅਤੇ ਯੂਨੀਅਨਾਂ ਵਿਚ ਜੋ ਰੇੜਕਾ ਚੱਲ ਰਿਹਾ ਹੈ, ਉਸ ਵਿਚ ਭਾਵੇਂ ਜ਼ਿਆਦਾਤਰ ਰਿਪਬਲੀਕਨ ਗਵਰਨਰ ਸ਼ਾਮਲ ਹਨ ਪਰ ਡੈਮੋਕਰੈਟ ਵੀ ਉਸ ਤੋਂ ਬਚ ਨਹੀਂ ਸਕਣਗੇ। ਕੁਝ ਸਰਕਾਰਾਂ ਟੱਸ ਤੋਂ ਮੱਸ ਨਾ ਹੋਣ ਦੀਆਂ ਅਤੇ ਕੁਝ ਵਿਚਕਾਰਲਾ ਰਸਤਾ ਲੱਭਣ ਦੀਆਂ ਗੱਲਾਂ ਕਰਦੀਆਂ ਹਨ। ਦੇਖੋ, ਊਠ ਕਿਸ ਕਰਵਟ ਬੈਠਦਾ ਹੈ! ਤਾਜ਼ੀ ਖ਼ਬਰ ਮੁਤਾਬਕ ਓਹਾਇਓ ਦੇ ਗਵਰਨਰ ਨੇ ਕਹਿ ਦਿੱਤਾ ਹੈ ਕਿ ਉਹ ਵਰਕਰਾਂ ਦੀ ਯੂਨੀਅਨ ਦੇ ਖ਼ਿਲਾਫ਼ ਨਹੀਂ ਪਰ ਹੋਰ ਸਹੂਲਤਾਂ ਦੇਣ ਲਈ ਉਨ੍ਹਾਂ ਕੋਲ ਹੋਰ ਪੈਸੇ ਹੀ ਨਹੀਂ ਹਨ।

# ਪ੍ਰਣਬ ਮੁਖਰਜੀ ਦੇ ਬਜਟ ਵਿਚ ਧਨਾਢਾਂ ਨੂੰ ਗੱਫੇ

**ਦੇਸ਼ ਦਰਪਣ**

**ਗੋਬਿੰਦ ਠੁਕਰਾਲ**

***ਵਿੱਤ ਮੰਤਰੀ ਨੇ ਬੇਕਾਬੂ ਮਹਿੰਗਾਈ ਦੇ ਸਵਾਲ ਨੂੰ ਗੰਭੀਰ ਰੂਪ ਵਿਚ ਮੁਖਾਤਿਬ ਹੋਣ ਦਾ ਮੌਕਾ ਗੁਆ ਲਿਆ ਹੈ ਜੋ ਆਏ ਦਿਨ ਵੱਧ ਤੋਂ ਵੱਧ ਲੋਕਾਂ ਦੀ ਹਾਲਤ ਪਤਲੀ ਕਰ ਰਹੀ ਹੈ। ਇਹ ਮਹਿੰਗਾਈ ਬਹੁਗਿਣਤੀ ਭਾਰਤੀਆਂ ਦੀ ਜ਼ਿੰਦਗੀ ਤਰਸਯੋਗ ਬਣਾ ਰਹੀ ਹੈ। ਫਿਰ ਕਾਲੇ ਧਨ ਦੇ ਵਰਤਾਰੇ ਨੂੰ ਠੱਲ੍ਹ ਪਾਉਣ ਜਾਂ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ .ਗੈਰ-ਕਾਨੂੰਨੀ ਧਨ ਨੂੰ ਵਾਪਸ ਲਿਆਉਣ ਲਈ ਵੀ ਕੋਈ ਗੰਭੀਰ ਯਤਨ ਨਹੀਂ ਕੀਤਾ ਗਿਆ।***

ਮੁੱਖ ਧਾਰਾ ਦੇ ਮੀਡੀਆ ਦਾ ਵੱਡਾ ਹਿੱਸਾ ਵਿੱਤ ਮੰਤਰੀ ਪ੍ਰਣਬ ਮੁਖਰਜੀ ਦੀ ਇਸ ਲਈ ਸਿਫ਼ਤਾਂ ਦੇ ਪੁਲ ਬੰਨ੍ਹ ਰਿਹਾ ਹੈ ਕਿ ਉਨ੍ਹਾਂ ਨੇ ਸੰਸਦ ਵਿਚ ਪੇਸ਼ ਕੀਤੇ ਬਜਟ (2011-12) ਵਿਚ ਬਹੁਤ ਸਾਰੇ ਚੰਗੇ ਐਲਾਨ ਕੀਤੇ ਹਨ। ਪਹਿਲਾ ਇਹ ਕਿ ਉਨ੍ਹਾਂ ਨੇ ਬਜਟ ਘਾਟਾ ਘਟਾਇਆ ਹੈ ਜਿਸ ਦਾ ਅਰਥ ਬੇਕਾਬੂ ਮਹਿੰਗਾਈ ਨੂੰ ਠੱਲ੍ਹ ਪਾਉਣਾ ਹੈ। ਉਨ੍ਹਾਂ ਨੇ ਆਮਦਨ ਕਰ ਵਿਚ ਰਾਹਤ ਦਿੱਤੀ ਹੈ ਅਤੇ 80 ਸਾਲ ਤੋਂ ਉਪਰ ਉਮਰ ਦੇ ਵਿਅਕਤੀਆਂ ਲਈ ਸੁਪਰ ਸੀਨੀਅਰ ਸਿਟੀਜ਼ਨ ਵਰਗ ਦਾ ਪ੍ਰਬੰਧ ਕੀਤਾ ਹੈ ਜਿਨ੍ਹਾਂ ਦੀ ਗਿਣਤੀ ਸਿਰਫ਼ 15 ਹਜ਼ਾਰ ਹੈ। ਉਨ੍ਹਾਂ ਨੇ ਆਂਗਣਵਾੜੀ ਵਰਕਰਾਂ ਦੀ ਤਨਖਾਹ 1500 ਰੁਪਏ ਤੋਂ ਵਧਾ ਕੇ 3000 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਹੈ। ਹੁਣ ਕਿਸਾਨ ਬੈਂਕਾਂ ਤੋਂ 4 ਫ਼ੀਸਦੀ ਦੀ ਸਾਲਾਨਾ ਵਿਆਜ ਦਰ 'ਤੇ ਕਰਜ਼ਾ ਲੈ ਸਕਣਗੇ। ਇਹ ਐਲਾਨ ਕਾਫੀ ਨਹੀਂ ਹਨ। ਬਜਟ ਘਾਟਾ ਉਚੀ ਸਿੱਕਾ ਪਾਸਾਰ ਦਰ (ਮਹਿੰਗਾਈ) ਕਾਰਨ ਘਟਿਆ ਹੈ, ਨਾ ਕਿ ਖਰਚੇ 'ਤੇ ਕਾਬੂ ਪਾਉਣ ਕਾਰਨ।

ਪਰ ਇਸ ਤੋਂ ਪਰੇ ਕੀ ਹੈ? ਇਹ ਨਿਰਾ ਨਿਰ-ਉਤਸ਼ਾਹੀ ਬਜਟ ਹੈ। ਵਿੱਤ ਮੰਤਰੀ ਨੇ ਬੇਕਾਬੂ ਮਹਿੰਗਾਈ ਦੇ ਸਵਾਲ ਨੂੰ ਗੰਭੀਰ ਰੂਪ ਵਿਚ ਮੁਖਾਤਿਬ ਹੋਣ ਦਾ ਮੌਕਾ ਗੁਆ ਲਿਆ ਹੈ ਜੋ ਆਏ ਦਿਨ ਵੱਧ ਤੋਂ ਵੱਧ ਲੋਕਾਂ ਦੀ ਹਾਲਤ ਪਤਲੀ ਕਰ ਰਹੀ ਹੈ। ਇਹ ਮਹਿੰਗਾਈ ਬਹੁਗਿਣਤੀ ਭਾਰਤੀਆਂ ਦੀ ਜ਼ਿੰਦਗੀ ਤਰਸਯੋਗ ਬਣਾ ਰਹੀ ਹੈ। ਫਿਰ ਕਾਲੇ ਧਨ ਦੇ ਵਰਤਾਰੇ ਨੂੰ ਠੱਲ੍ਹ ਪਾਉਣ ਜਾਂ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਗ਼ੈਰ-ਕਾਨੂੰਨੀ ਧਨ ਨੂੰ ਵਾਪਸ ਲਿਆਉਣ ਲਈ ਵੀ ਕੋਈ ਗੰਭੀਰ ਯਤਨ ਨਹੀਂ ਕੀਤਾ ਗਿਆ। ਕਾਲੇ ਧਨ ਦਾ ਸਿਰਫ਼ 10 ਫ਼ੀਸਦੀ ਹਿੱਸਾ ਵਿਦੇਸ਼ੀ ਬੈਂਕਾਂ ਵਿਚ ਜਮ੍ਹਾ ਹੈ। ਬਾਕੀ 90 ਫ਼ੀਸਦੀ ਇਥੇ ਹੀ ਲੁਕਾਇਆ ਹੋਇਆ ਹੈ। ਇਹ ਵੀ ਕਿ ਬੇਹੱਦ ਧਨਾਢ ਲੋਕਾਂ, ਜੋ ਭਾਰੀ ਮੁਨਾਫ਼ੇ ਕਮਾ ਰਹੇ ਹਨ, ਉਤੇ ਕਰ ਲਾਉਣ ਦਾ ਕੋਈ ਪ੍ਰਤੱਖ ਸੰਕੇਤ ਨਹੀਂ ਦਿੱਤਾ ਗਿਆ।

ਪ੍ਰਬੰਧ ਵਿਚ ਕੁਸ਼ਲਤਾ ਅਤੇ ਸਰਕਾਰੀ ਧਨ ਦੀ ਘੱਟ ਤੋਂ ਘੱਟ ਭ੍ਰਿਸ਼ਟਾਚਾਰ ਨਾਲ ਸੁਚੱਜੀ ਵਰਤੋਂ ਲਈ ਵੀ ਕੋਈ ਯਤਨ ਨਹੀਂ ਕੀਤਾ ਗਿਆ। ਸਰਕਾਰ ਨੇ ਮੰਨਿਆ ਹੈ ਕਿ ਸਰਕਾਰੀ ਪ੍ਰਾਜੈਕਟਾਂ ਲਈ ਜਾਰੀ ਹੋਏ ਧਨ ਦਾ 50 ਫ਼ੀਸਦੀ ਤੋਂ ਵਧੇਰੇ ਹਿੱਸਾ ਅਫਸਰਾਂ, ਠੇਕੇਦਾਰਾਂ ਅਤੇ ਹੋਰ ਮਾਫ਼ੀਆ ਗਰੋਹਾਂ ਦੀ ਜੇਬ ਵਿਚ ਚਲੇ ਜਾਂਦਾ ਹੈ। ਪਿਛਲੇ ਬਜਟ ਵਿਚ ਐਲਾਨੇ ਪ੍ਰੋਗਰਾਮਾਂ ਦੇ ਅਮਲਾਂ ਬਾਰੇ ਮੁਖਰਜੀ ਵੱਲੋਂ ਲਿਖਤੀ ਰੂਪ ਵਿਚ ਦਿੱਤੀ ਗਈ ਸੰਖੇਪ ਜਾਣਕਾਰੀ ਦੱਸਦੀ ਹੈ ਕਿ 66 ਪ੍ਰੋਗਰਾਮਾਂ ਵਿਚੋਂ ਸਿਰਫ਼ 25 ਹੀ ਨੇਪਰੇ ਚੜ੍ਹੇ ਹਨ। ਇਨ੍ਹਾਂ ਵਿਚੋਂ ਬਹੁਤੇ ਅਜੇ ਕਾਗਜ਼ਾਂ ਦਾ ਹੀ ਸ਼ਿੰਗਾਰ ਬਣੇ ਹੋਏ ਹਨ। ਉਨ੍ਹਾਂ ਦੇ ਭ੍ਰਿਸ਼ਟਾਚਾਰ ਸਬੰਧੀ ਵਿਚਾਰ ਵੀ ਹਵਾਈ ਗੱਲਾਂ ਸਨ। ਹਾਲ ਹੀ ਵਿਚ, ਇਕ ਤੋਂ ਬਾਅਦ ਇਕ ਸਾਹਮਣੇ ਆਏ ਘਪਲਿਆਂ ਅਤੇ ਸਰਕਾਰੀ ਧਨ ਦੀ ਚੋਰੀ ਸਬੰਧੀ ਬਣੀ ਧਾਰਨਾ ਬਾਰੇ ਮੁਖਰਜੀ ਦਾ ਸਿਆਸੀ ਪ੍ਰਤੀਕਰਮ ਵੀ ਜ਼ੀਰੋ ਹੀ ਹੈ।

ਬਿਨਾ ਕਿਸੇ ਹਿੰਮਤੀ ਅਤੇ ਵੱਡੇ ਵਿਚਾਰਾਂ ਦੇ, ਉਨ੍ਹਾਂ ਨੇ ਸਰਕਾਰ ਵੱਲੋਂ ਵਿਦੇਸ਼ੀ ਬੈਂਕਾਂ ਵਿਚ ਗ਼ੈਰ-ਕਾਨੂੰਨੀ ਜਮ੍ਹਾਂ ਕਾਲੇ ਧਨ ਦੀ ਜਾਣਕਾਰੀ ਇਕੱਠੀ ਕਰਨ ਤੇ ਉਸ ਧਨ ਨੂੰ ਵਾਪਸ ਲਿਆਉਣ ਲਈ ਕੀਤੇ ਜਾ ਰਹੇ ਯਤਨਾਂ 'ਤੇ ਹੀ ਸੰਤੁਸ਼ਟੀ ਜ਼ਾਹਿਰ ਕੀਤੀ ਹੈ। ਉਹ ਕਹਿੰਦੇ ਹਨ ਕਿ ਕਰਾਂ ਸਬੰਧੀ ਜਾਣਕਾਰੀ ਦਾ ਵਟਾਂਦਰਾ ਕਰਨ ਅਤੇ ਦੋਹਰੇ ਕਰਾਂ ਤੋਂ ਬਚਣ ਲਈ ਦੂਜੇ ਦੇਸ਼ਾਂ ਨਾਲ ਸਮਝੌਤੇ ਸਬੰਧੀ ਗੱਲਬਾਤ ਕੀਤੀ ਜਾ ਰਹੀ ਹੈ। ਵਿਦੇਸ਼ੀ ਪੈਸਾ ਜਮ੍ਹਾਂ ਕਰਕੇ ਕਰ ਤੋਂ ਛੋਟ ਦੇਣ ਵਾਲੇ ਬੈਂਕਾਂ ਅਤੇ ਬੇਹਿਸਾਬੀ ਆਮਦਨ ਤੇ ਧਨ 'ਤੇ ਅਧਿਐਨ ਲਈ ਕੌਮਾਂਤਰੀ ਪੱਧਰ 'ਤੇ ਹੋ ਰਹੇ ਯਤਨਾਂ ਵਿਚ ਸਰਕਾਰ ਹਿੱਸਾ ਲੈ ਰਹੀ ਹੈ।

ਮੁਖਰਜੀ ਦੀ ਸਿਫ਼ਤ ਇਸ ਕਰਕੇ ਹੋ ਰਹੀ ਹੈ ਕਿ ਉਨ੍ਹਾਂ ਨੇ ਕਾਰਪੋਰੇਟ ਖੇਤਰ ਨੂੰ ਵੱਡੀ ਛੋਟ ਵੀ ਦਿੱਤੀ ਅਤੇ ਬਜਟ ਘਾਟੇ ਨੂੰ ਘਟਾਇਆ। ਸੱਚ ਇਹ ਹੈ ਕਿ ਸਾਂਝੇ ਪ੍ਰਗਤੀਸ਼ੀਲ ਮੋਰਚੇ ਨੇ ਅਮੀਰਾਂ ਤੇ ਹੋਰ ਕਰ ਦੇਣ ਯੋਗ ਵਰਗਾਂ ਤੋਂ ਕਰ ਲੈਣੇ ਬੰਦ ਕਰ ਦਿੱਤੇ ਹਨ। ਅਸਲੀ ਕੁੱਲ ਘਰੇਲੂ ਉਤਪਾਦਨ ਦੇ ਅਨੁਪਾਤ ਤੋਂ ਐਕਸਾਈਜ਼ ਆਮਦਨ ਹੁਣ 2005-06 ਨਾਲੋਂ ਤਕਰੀਬਨ ਅੱਧੀ ਹੈ।

ਸਾਈਕਲਾਂ ਅਤੇ ਸਿਲਾਈ ਮਸ਼ੀਨਾਂ 'ਤੇ ਟੈਕਸ ਲਾਉਂਦਿਆਂ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਵੱਡੇ ਸਨਅਤੀ ਵਰਗ ਦੀ ਕਿਵੇਂ ਮਦਦ ਕੀਤੀ, ਇਹ ਇਥੇ ਵਿਚਾਰਨ ਵਾਲੀ ਗੱਲ ਹੈ। 2010-11 ਦੇ ਆਰਥਿਕ ਸਰਵੇਖਣ ਅਨੁਸਾਰ ਐਕਸਾਈਜ਼ ਆਮਦਨ ਤੇ ਕੁੱਲ ਘਰੇਲੂ ਉਤਪਾਦਨ ਦੇ ਅਨੁਪਾਤ ਵਿਚ ਐਕਸਾਈਜ਼ ਤੋਂ ਆਮਦਨ ਘਟੀ ਹੈ। 2005-06 ਵਿਚ ਇਹ 3 ਫ਼ੀਸਦੀ ਸੀ, ਜਦੋਂ ਕਿ 2010-11 ਵਿਚ ਇਹ 1.7 ਫ਼ੀਸਦੀ ਰਹਿ ਗਈ ਹੈ। ਕੁੱਲ ਘਰੇਲੂ ਉਤਪਾਦਨ ਦੇ ਅਨੁਪਾਤ ਨਾਲੋਂ ਐਕਸਾਈਜ਼ ਆਮਦਨ 1.8 ਫ਼ੀਸਦੀ ਤੋਂ 1.5 ਫ਼ੀਸਦੀ ਹੋ ਗਈ ਹੈ।

ਮਾਹਿਰਾਂ ਦਾ ਅੰਦਾਜ਼ਾ ਹੈ ਕਿ 2005-06 ਦੇ ਕੁੱਲ ਘਰੇਲੂ ਉਤਪਾਦਨ ਦੇ ਅਨੁਪਾਤ ਵਿਚ ਸਰਕਾਰ ਨੇ 1,00,000 ਕਰੋੜ ਰੁਪਏ ਘੱਟ ਐਕਸਾਈਜ਼ ਡਿਊਟੀ ਵਸੂਲੀ ਹੈ ਅਤੇ 43,000 ਕਰੋੜ ਰੁਪਏ ਘੱਟ ਕਸਟਮ ਡਿਊਟੀ ਲਈ ਹੈ। ਇਹ ਕਟੌਤੀ ਕੁੱਲ ਮਿਲਾ ਕੇ 1,43,000 ਕਰੋੜ ਰੁਪਏ ਬਣ ਜਾਂਦੀ ਹੈ। ਐਕਸਾਈਜ਼ ਵਿਚ ਕਟੌਤੀ 2006-07 ਤੋਂ ਸ਼ੁਰੂ ਹੋਈ। 2006-07 ਵਿਚ ਇਹ 13,000 ਕਰੋੜ ਰੁਪਏ ਸੀ ਤੇ 2008-09 ਵਿਚ ਵਧ ਕੇ 63,000 ਕਰੋੜ ਰੁਪਏ ਹੋ ਗਈ ਸੀ, ਜਦੋਂ ਉਤਸ਼ਾਹ ਦੇਣ ਵਾਲੇ ਪੈਕੇਜਾਂ ਦੀ ਵਿਵਸਥਾ ਕੀਤੀ ਗਈ। 2009-10 ਵਿਚ ਇਹ 81,000 ਕਰੋੜ ਰੁਪਏ ਹੋ ਗਈ। ਉਤਸ਼ਾਹ ਦੇਣ ਵਾਲਾ ਵਿੱਤੀ ਪੈਕੇਜ ਵੀ ਦਿੱਤਾ ਗਿਆ, ਫਿਰ ਵੀ ਕਰ ਕਟੌਤੀ 43,000 ਕਰੋੜ ਰੁਪਏ ਹੈ। 2007-08 ਨੂੰ ਆਧਾਰ ਮੰਨ ਕੇ 59,000 ਕਰੋੜ ਰੁਪਏ ਦੀ ਐਕਸਾਈਜ਼ ਵਿਚ ਉਕਤ ਪੈਕੇਜ 51,000 ਕਰੋੜ ਰੁਪਏ ਦਾ ਸੀ ਅਤੇ ਇਸ ਵਿਚ ਕਸਟਮ ਛੋਟ 41,000 ਕਰੋੜ ਰੁਪਏ ਦੀ ਸੀ। ਇਸ ਦਾ ਅਰਥ ਹੈ ਕਿ ਸਾਂਝੇ ਪ੍ਰਗਤੀਸ਼ੀਲ ਗਠਜੋੜ ਨੇ ਸੌਖਿਆਂ ਹੀ ਉਚਿਤ ਕਰ ਲਾਉਣ ਤੋਂ ਨਾਂਹ ਕਰ ਦਿੱਤੀ ਪਰ ਵੱਡੀਆਂ ਕਰ ਕਟੌਤੀਆਂ ਦੇ ਬਾਵਜੂਦ ਮਹਿੰਗਾਈ ਅਸਮਾਨ ਛੂਹ ਰਹੀ ਹੈ। ਫਿਰ ਵੀ ਇਹ ਡਰ ਅਤੇ ਖ਼ਤਰਾ ਬਣਿਆ ਹੋਇਆ ਹੈ ਕਿ ਉਤਸ਼ਾਹ ਦੇਣ ਵਾਲੇ ਪੈਕੇਜਾਂ ਨੂੰ ਵਾਪਸ ਲੈਣਾ ਮਹਿੰਗਾਈ ਨੂੰ ਵਧਾਏਗਾ, ਇਸ ਲਈ ਇਹ ਪੈਕੇਜ ਜਾਰੀ ਹਨ। ਇਸ ਨੂੰ ਕਿਵੇਂ ਨਿਆਂਸੰਗਤ ਠਹਿਰਾਇਆ ਜਾਏਗਾ?

ਬਹੁਤੀਆਂ ਕੰਪਨੀਆਂ ਅਥਾਹ ਮੁਨਾਫ਼ਾ ਕਮਾਉਂਦੀਆਂ ਰਹੀਆਂ ਹਨ। ਇਨ੍ਹਾਂ ਨੂੰ 2005-06 ਵਿਚ 4.08 ਲੱਖ ਕਰੋੜ, 2007-08 ਵਿਚ 7.11 ਲੱਖ ਕਰੋੜ ਅਤੇ 2009-10 ਵਿਚ 8.24 ਲੱਖ ਕਰੋੜ ਰੁਪਏ ਦੇ ਟੈਕਸ ਲੱਗਣ ਦੇ ਬਾਵਜੂਦ



ਭਾਰੀ ਮੁਨਾਫ਼ਾ ਕਮਾਉਂਦੀਆਂ ਰਹੀਆਂ ਹਨ। 2009-10 ਵਿਚ ਇਨ੍ਹਾਂ ਨੂੰ ਬਹੁਤੇ ਵੱਡੇ ਮੁਨਾਫ਼ੇ ਹੋਏ (ਸਿਰਫ਼ ਇਕ ਸਾਲ ਵਿਚ ਇਸ ਮੁਨਾਫ਼ੇ ਵਿਚ 23.35 ਫ਼ੀਸਦੀ ਵਾਧਾ ਦਰਜ ਕੀਤਾ ਗਿਆ) ਸਪੱਸ਼ਟ ਤੌਰ 'ਤੇ ਇਹ ਮੁਨਾਫ਼ੇ ਉਤਸ਼ਾਹ ਦੇਣ ਵਾਲੀਆਂ ਟੈਕਸ ਕਟੌਤੀਆਂ ਕਰਕੇ ਸੰਭਵ ਹੋਏ ਪਰ ਇਹ ਲਾਭ ਹੇਠਾਂ ਲੋਕਾਂ ਤੱਕ ਨਹੀਂ ਪਹੁੰਚਾਏ ਗਏ। ਇਹ ਵੱਡੇ ਮੁਨਾਫ਼ੇ ਕਰ ਛੋਟ ਦੇ ਰੂਪ ਵਿਚ ਉਤਸ਼ਾਹ ਦੇਣ ਵਾਲੇ ਪੈਕੇਜਾਂ ਦੀ ਲੜੀ ਚਲਾ ਦਿੰਦੇ ਹਨ ਜੋ ਬੇਇਨਸਾਫ਼ੀ ਹੈ। ਕਹਾਣੀ ਇਥੇ ਹੀ ਖ਼ਤਮ ਨਹੀਂ ਹੁੰਦੀ। ਛੋਟਾਂ ਦੀ ਮਿਹਰਬਾਨੀ ਨਾਲ ਵੱਡੀਆਂ ਕੰਪਨੀਆਂ ਨੇ ਐਕਸਾਈਜ਼, ਕਸਟਮ ਅਤੇ ਆਮਦਨ ਕਰ ਦੀਆਂ ਕਾਨੂੰਨੀ ਦਰਾਂ ਤੋਂ ਕਿਤੇ ਜ਼ਿਆਦਾ ਘੱਟ ਕਰ ਅਦਾ ਕੀਤੇ ਹਨ।

ਇਸ ਤਰ੍ਹਾਂ ਸਰਕਾਰ ਵੱਲੋਂ ਟੈਕਸਾਂ ਨੂੰ ਅਣਡਿੱਠ ਕਰਨ ਦਾ ਵਰਤਾਰਾ 2005-06 ਤੋਂ ਲੈ ਕੇ ਆਏ ਸਾਲ ਵਧਦਾ ਹੀ ਗਿਆ ਹੈ। 2005-06 ਵਿਚ 50 ਫ਼ੀਸਦੀ ਅਤੇ 2010-11 ਵਿਚ 72 ਫ਼ੀਸਦੀ ਕਰ ਦੀ ਰਕਮ ਛੱਡ ਦਿੱਤੀ ਗਈ। ਸਾਲ 2010-11 ਲਈ ਐਕਸਾਈਜ਼ ਤੇ ਕਸਟਮ ਛੋਟਾਂ ਸਣੇ ਕਰ ਛੋਟਾਂ ਦੀ ਰਕਮ 3.62 ਲੱਖ ਕਰੋੜ ਰੁਪਏ ਬਣਦੀ ਹੈ ਜੋ ਹੁਣ 5.12 ਲੱਖ ਕਰੋੜ ਰੁਪਏ ਹੋ ਗਈ ਹੈ। ਇਕ ਲੱਖ ਕਰੋੜ ਰੁਪਏ ਦਾ ਉਤਸ਼ਾਹ ਦੇਣ ਵਾਲਾ ਕਟੌਤੀ ਪੈਕੇਜ ਅਤੇ 43000 ਕਰੋੜ ਰੁਪਏ ਘੱਟ ਕਰ ਵਸੂਲਣਾ ਕਰ ਛੋਟਾਂ ਵਿਚ ਸਭ ਤੋਂ ਉਪਰ ਹੈ। ਇਸ ਤੋਂ ਵਧ ਕੇ ਇਹ ਵੀ ਗੱਲ ਹੈ ਕਿ ਵੱਡੀਆਂ ਕੰਪਨੀਆਂ ਛੋਟੀਆਂ ਕੰਪਨੀਆਂ ਨਾਲੋਂ ਘੱਟ ਕਰ ਅਦਾ ਕਰਦੀਆਂ ਹਨ। ਜੇ ਉਹ ਸਹੀ ਤਰ੍ਹਾਂ ਕਰ ਅਦਾ ਕਰਦੀਆਂ ਤਾਂ 2010-11 ਵਿਚ ਕਰ ਅਦਾਇਗੀ ਦੀ ਵਾਧੂ ਰਕਮ 14,470 ਕਰੋੜ ਰੁਪਏ ਬਣਦੀ।

ਆਰਥਿਕ ਸਰਵੇਖਣ ਇਹ ਮੰਨਦਾ ਹੈ ਕਿ ਖੇਤੀ ਖੇਤਰ ਵਿਚ ਪੂੰਜੀ ਉਤਪਾਦਨ ਅਰਥਚਾਰੇ ਦੇ ਕੁੱਲ ਪੂੰਜੀ ਉਤਪਾਦਨ ਦਾ ਤਕਰੀਬਨ 7.5 ਫ਼ੀਸਦੀ 'ਤੇ ਹੀ ਖੜ੍ਹਾ ਹੈ। ਖੇਤੀ ਖੇਤਰ ਅਜੇ ਵੀ 58 ਫ਼ੀਸਦੀ ਭਾਰਤੀ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਂਦਾ ਹੈ। ਸਰਵੇਖਣ ਕਹਿੰਦਾ ਹੈ ਕਿ ਖੇਤੀ ਦੇ ਧੰਦੇ ਨੂੰ ਲਾਹੇਵੰਦ ਅਤੇ ਟਿਕਾਊ ਬਣਾਉਣ ਲਈ ਇਸ ਵਿਚ ਵੱਡਾ ਪੂੰਜੀ ਨਿਵੇਸ਼ ਲੋੜੀਂਦਾ ਹੈ। ਕੰਪਨੀਆਂ ਨੂੰ ਥੋੜ੍ਹੀਆਂ ਜਿੰਨੀਆਂ ਛੋਟਾਂ ਦੇਣ ਨਾਲ ਭਾਰਤੀ ਖੇਤੀ ਨੂੰ ਇਸ ਬਣੇ ਸੰਕਟ ਵਿਚੋਂ ਕੱਢਿਆ ਜਾ ਸਕਦਾ ਸੀ। ਇਹ ਕਦਮ ਖੇਤੀ ਖੇਤਰ ਵਿਚ ਨਵੀਂ ਰੂਹ ਫੂਕ ਸਕਦਾ ਸੀ ਅਤੇ ਗਰੀਬਾਂ ਦੀ ਮਦਦ ਕਰ ਸਕਦਾ ਸੀ। ਸਹੀ ਅਰਥਾਂ ਵਿਚ ਇਹੀ ਉਤਸ਼ਾਹ ਦੇਣ ਵਾਲਾ ਪੈਕੇਜ ਸੀ। ਬਜਟ ਬੇਇਨਸਾਫੀ ਭਰਪੂਰ ਹੈ ਅਤੇ ਅਸੀਂ ਫਿਰ ਵੀ ਇਹ ਐਲਾਨ ਕਰ ਰਹੇ ਹਾਂ ਕਿ ਇਹ ਬਜਟ ਆਮ ਆਦਮੀ ਲਈ ਹੈ।

# ਨਿਆਂਪਾਲਿਕਾ ਤੇ ਕਾਰਜਪਾਲਿਕਾ ਵਿਚਕਾਰ ਰੱਸਾਕਸ਼ੀ

**ਐਸ. ਦੀਪਾਂਕਰ**

ਪਾਕਿਸਤਾਨ ਦੇ ਮੁੱਖ ਜੱਜ ਇਫ਼ਤਿਖਾਰ ਮੁਹੰਮਦ ਚੌਧਰੀ ਨੇ ਹੈਦਰਾਬਾਦ ਵਿਚ ਹੋਈ ਰਾਸ਼ਟਰ ਮੰਡਲ ਕਾਨੂੰਨ ਕਾਨਫਰੰਸ ਵਿਚ ਇਕ ਦਿਲਚਸਪ ਨੁਕਤਾ ਉਭਾਰਿਆ। ਉਸ ਨੇ ਕਿਹਾ ਕਿ ਜਿਸ ਲੋਕਤੰਤਰੀ ਸਰਕਾਰ ਨੇ ਉਸ ਦੇ ਦੇਸ਼ ਵਿਚ ਸੈਨਿਕ ਸ਼ਾਸਨ ਦੀ ਥਾਂ ਮੱਲੀ ਹੈ, ਉਸ ਨੇ ਸੈਨਿਕ ਸ਼ਾਸਕਾਂ ਦੇ ਕੰਮਾਂ ਅਤੇ ਅਮਲਾਂ ਨੂੰ ਰੱਦ ਨਹੀਂ ਕੀਤਾ।

ਭਾਰਤ ਨੂੰ ਵੀ ਇਸ ਦਾ ਉਦੋਂ ਦਾ ਕੁਝ ਤਜਰਬਾ ਹੈ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸੰਵਿਧਾਨ 'ਚ ਸੋਧ ਕੀਤੀ ਸੀ ਅਤੇ ਐਮਰਜੈਂਸੀ ਸਮੇਂ ਗ਼ੈਰ-ਕਾਨੂੰਨੀ ਕਦਮ ਚੁੱਕੇ ਸਨ। ਚੋਣਾਂ ਵਿਚ ਉਸ ਨੂੰ ਹਰਾ ਕੇ ਜਦੋਂ ਜਨਤਾ ਪਾਰਟੀ ਸੱਤਾ ਵਿਚ ਆਈ ਤਾਂ ਉਸ ਨੇ ਇੰਦਰਾ ਗਾਂਧੀ ਦੁਆਰਾ ਕੀਤੇ ਗਏ ਪਰਿਵਰਤਨਾਂ ਨੂੰ ਰੱਦ ਕਰ ਦਿੱਤਾ ਸੀ। ਫਿਰ ਵੀ ਜਨਤਾ ਪਾਰਟੀ ਇੰਦਰਾ ਗਾਂਧੀ ਦੇ ਮੰਤਰੀ ਮੰਡਲ ਵਿਚਲੇ ਸਹਿਯੋਗੀਆਂ ਅਤੇ ਉਨ੍ਹਾਂ ਦੇ ਲਚਕਦਾਰ ਅਧਿਕਾਰੀਆਂ ਨੂੰ ਸਜ਼ਾ ਦੇਣ ਵਿਚ ਅਸਫਲ ਰਹੀ ਜੋ ਉਸ ਦੁਆਰਾ ਕੀਤੀਆਂ ਜ਼ਿਆਦਤੀਆਂ ਲਈ ਜ਼ਿੰਮੇਵਾਰ ਸਨ।

ਸ਼ਾਹ ਕਮਿਸ਼ਨ ਨੇ ਗ਼ਲਤੀਆਂ ਕਰਨ ਵਾਲਿਆਂ ਨੂੰ ਸਾਹਮਣੇ ਲਿਆ ਕੇ ਸ਼ਲਾਘਾਯੋਗ ਕੰਮ ਕੀਤਾ ਸੀ। ਇਸ ਨੇ ਜੁਰਮ ਕਰਨ ਵਾਲਿਆਂ ਦੇ ਨਾਂ ਵੀ ਉਜਾਗਰ ਕੀਤੇ ਸਨ। ਇਸ ਤੋਂ ਪਹਿਲਾਂ ਕਿ ਕੋਈ ਕਾਨੂੰਨੀ ਅਦਾਲਤ ਉਨ੍ਹਾਂ ਵਿਚੋਂ ਕਿਸੇ ਨੂੰ ਕੋਈ ਸਜ਼ਾ ਦੇ ਸਕਦੀ, ਉਸ ਤੋਂ ਪਹਿਲਾਂ ਹੀ ਇੰਦਰਾ ਗਾਂਧੀ ਦੁਬਾਰਾ ਸੱਤਾ ਵਿਚ ਆ ਗਈ ਸੀ। ਅਸਲ ਵਿਚ ਉਸ ਨੇ ਉਨ੍ਹਾਂ ਲੋਕਾਂ ਖਿਲਾਫ਼ ਕਾਰਵਾਈ ਕੀਤੀ ਜਿਨ੍ਹਾਂ ਨੇ ਐਮਰਜੈਂਸੀ ਦੌਰਾਨ ਉਸ ਦੇ ਪੁੱਤਰ ਸੰਜੇ ਗਾਂਧੀ ਦੇ ਅਸੰਵਿਧਾਨਕ ਅਧਿਕਾਰਾਂ ਦੀ ਪਾਲਣਾ ਨਹੀਂ ਕੀਤੀ ਸੀ।

ਗ਼ਲਤੀਆਂ ਦਾ ਨਿਵਾਰਣ ਹੀ ਸਾਰਾ ਕੁਝ ਨਹੀਂ ਹੈ। ਦੋਸ਼ੀਆਂ ਨੂੰ ਜ਼ਰੂਰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ, ਨਹੀਂ ਤਾਂ ਉਹ ਦੁਬਾਰਾ ਅਤਿਆਚਾਰ ਦਾ ਕਾਰਨ ਬਣਨਗੇ। ਹੂ-ਬ-ਹੂ ਅਜਿਹਾ ਹੀ ਉਦੋਂ ਹੋਇਆ ਸੀ ਜਦੋਂ 1980 ਵਿਚ ਸ੍ਰੀਮਤੀ ਇੰਦਰਾ ਗਾਂਧੀ ਦੂਜੀ ਵਾਰ ਸੱਤਾ ਵਿਚ ਆਈ ਸੀ। ਉਹ ਆਪਣੇ ਆਗਿਆਕਾਰੀ ਅਧਿਕਾਰੀਆਂ ਅਤੇ ਦਾਗ਼ੀ ਮੰਤਰੀਆਂ ਨੂੰ ਵਾਪਸ ਲਿਆਈ ਸੀ। ਉਨ੍ਹਾਂ ਵਿਚੋਂ ਕੁਝ ਅਜੇ ਵੀ ਮਨਮੋਹਨ ਸਿੰਘ ਦੀ ਸਰਕਾਰ ਵਿਚ ਮੌਜੂਦ ਹਨ।



ਪਾਕਿਸਤਾਨ ਦੇ ਮੁੱਖ ਜੱਜ ਚੌਧਰੀ ਦਾ ਇਸ ਗੱਲ 'ਤੇ ਜ਼ੋਰ ਦੇਣਾ ਸਹੀ ਹੀ ਸੀ ਕਿ ਪਾਕਿਸਤਾਨ ਵਿਚ ਨਿਆਂਪਾਲਿਕਾ ਨੇ ਸੰਵਿਧਾਨਕ ਥਿੜਕਣ ਨੂੰ ਖ਼ਤਮ ਕੀਤਾ ਹੈ ਅਤੇ ਕਾਨੂੰਨ ਦੇ ਸ਼ਾਸਨ ਦੀ ਬਹਾਲੀ ਕੀਤੀ ਹੈ। ਮੈਂ ਨਹੀਂ ਜਾਣਦਾ ਕਿ ਕਾਨੂੰਨ ਦੇ ਸ਼ਾਸਨ ਦੀ ਬਹਾਲੀ ਸਬੰਧੀ ਉਨ੍ਹਾਂ ਦਾ ਦਾਅਵਾ ਕਿੰਨਾ ਕੁ ਤਰਕਸੰਗਤ ਹੈ ਕਿਉਂਕਿ ਪਾਕਿਸਤਾਨ ਦੇ ਕੁਝ ਹਿੱਸਿਆਂ ਵਿਚ ਅਰਾਜਕਤਾ ਦਾ ਆਲਮ ਹੈ ਜੋ ਹਾਲਾਤ ਨੂੰ ਵਿਗਾੜ ਰਹੀ ਹੈ। ਫਿਰ ਵੀ ਦੋਸ਼ੀਆਂ ਨੂੰ ਸਜ਼ਾ ਨਹੀਂ ਦੇ ਸਕਦੇ। ਹੋ ਸਕਦਾ ਹੈ ਕਿ ਉਨ੍ਹਾਂ ਦਾ ਭਾਵ ਜਨਰਲ ਮੁਸ਼ੱਰਫ਼ ਵਿਰੁਧ ਕਾਰਵਾਈ ਤੋਂ ਹੋਵੇ ਜੋ ਰਾਸ਼ਟਰਪਤੀ ਹੋਣ ਕਾਰਨ ਸੰਵਿਧਾਨ ਵਿਚ ਮਿਲੀ ਛੋਟ ਸਦਕਾ ਸੁਤੰਤਰਤਾ ਦਾ ਅਨੰਦ ਲੈਂਦਾ ਸੀ ਪਰ ਅਜੇ ਵੀ ਮੁੱਖ ਜੱਜ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਕੁਝ ਕਦਮ ਚੁੱਕਣ ਦੀ ਸ਼ੁਰੂਆਤ ਕਰ ਸਕਦੇ ਹਨ। ਅਜਿਹਾ ਹੋਣ ਨਾਲ ਭਵਿੱਖ ਦੇ ਸ਼ਾਸਕਾਂ ਨੂੰ ਇਕ ਚਿਤਾਵਨੀ ਮਿਲ ਜਾਵੇਗੀ।

ਮੈਂ ਸੋਚਦਾ ਹਾਂ ਕਿ ਜਸਟਿਸ ਏ. ਕੇ. ਗਾਂਗੁਲੀ ਨੇ ਇਸ ਸਮੱਸਿਆ ਦੇ ਮੂਲ 'ਤੇ ਹਮਲਾ ਕੀਤਾ ਸੀ। ਸੁਪਰੀਮ ਕੋਰਟ ਦੀ ਇਕ ਸੁਣਵਾਈ ਦੌਰਾਨ ਉਸ ਨੇ ਇਹ ਟਿੱਪਣੀ ਕੀਤੀ ਕਿ ਕੋਈ ਵੀ ਸਰਕਾਰ ਸ਼ਕਤੀਸ਼ਾਲੀ ਨਿਆਂਪਾਲਿਕਾ ਨਹੀਂ ਚਾਹੁੰਦੀ। ਬਿਨਾ ਸ਼ੱਕ ਉਹ ਫ਼ੈਸਲਿਆਂ 'ਤੇ ਅਮਲ ਮੁਲਤਵੀ ਕਰਨ ਦੀ ਲਾਇਲਾਜ ਬਿਮਾਰੀ ਦਾ ਹਵਾਲਾ ਦੇ ਰਹੇ ਸਨ। ਇਕ ਫੋਨ ਟੈਪਿੰਗ ਕੇਸ ਵਿਚ ਸਿਰਫ ਇਕ ਗਵਾਹ ਤੋਂ ਪਿਛਲੇ ਚਾਰ ਸਾਲਾਂ ਵਿਚ ਪੁੱਛਗਿੱਛ ਕੀਤੀ ਗਈ। ਉਸ ਦੀ ਟਿੱਪਣੀ ਵਿਚ ਦਲੀਲ ਹੈ।

ਨਿਆਂਪਾਲਿਕਾ ਅਤੇ ਕਾਰਜਪਾਲਿਕਾ ਵਿਚਕਾਰ ਰੱਸਾਕਸ਼ੀ ਨਵੀਂ ਨਹੀਂ ਹੈ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਸਮੇਂ ਵੀ ਅਜਿਹਾ ਹੀ ਸੀ। ਉਹ ਉਦੋਂ ਲੋਹੇ-ਲਾਖੇ ਹੋ ਗਏ ਸਨ ਜਦੋਂ ਸੁਪਰੀਮ ਕੋਰਟ ਨੇ ਜ਼ਿਮੀਂਦਾਰੀ ਖ਼ਾਤਮਾ ਐਕਟ ਨੂੰ ਅਣ-ਉਚਿਤ ਐਲਾਨਿਆ ਸੀ। ਬਹੁਤਾ ਸਮਾਂ ਨਹੀਂ ਹੋਇਆ, ਜਦੋਂ ਤਤਕਾਲੀ ਲੋਕ ਸਭਾ ਸਪੀਕਰ ਸੋਮਨਾਥ ਚੈਟਰਜੀ ਨੇ ਸੁਪਰੀਮ ਕੋਰਟ ਦਾ ਨੋਟਿਸ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਅਦਾਲਤ ਨੂੰ ਉਸ ਮੁੱਦੇ ਦੀ ਛਾਣ-ਬੀਣ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਜੋ ਸੰਸਦ ਦੇ ਨਿਆਂਇਕ ਅਧਿਕਾਰ ਖੇਤਰ ਵਿਚ ਆਉਂਦੀ ਹੋਵੇ।

ਕੁਝ ਹਫ਼ਤੇ ਪਹਿਲਾਂ ਸਰਕਾਰ ਨੇ ਕਿਹਾ ਕਿ ਪੀ.ਜੇ. ਥਾਮਸ ਨੂੰ ਇਕ ਵਾਰ ਵਿਜੀਲੈਂਸ ਕਮਿਸ਼ਨਰ ਨਿਯੁਕਤ ਕਰਨ ਤੋਂ ਬਾਅਦ ਸੁਪਰੀਮ ਕੋਰਟ ਉਸ ਦੀ ਯੋਗਤਾ ਦੀ ਛਾਣ-ਬੀਣ ਨਹੀਂ ਕਰ ਸਕਦੀ। ਇਸ ਵਾਰ ਅਦਾਲਤ ਦਾ ਹੱਥ ਉਪਰ ਸੀ ਅਤੇ ਉਸ ਨੇ ਨਿਆਂਇਕ ਨਜ਼ਰਸਾਨੀ ਦੇ ਆਪਣੇ ਅਧਿਕਾਰ 'ਤੇ ਜ਼ੋਰ ਦਿੱਤਾ।

ਰਾਸ਼ਟਰ ਮੰਡਲ ਕਾਨੂੰਨ ਸੰਮੇਲਨ ਨੇ ਸਰਕਾਰ ਦੇ ਹੋਰ ਅੰਗਾਂ ਨੂੰ ਸੌਂਪੀ ਗਈ ਉਚਿਤ ਭੂਮਿਕਾ ਨੂੰ ਸੁਪਰੀਮ ਕੋਰਟ ਦੇ ਨਿਆਂਇਕ ਨਜ਼ਰਸਾਨੀ ਦੇ ਅਧਿਕਾਰ ਦੇ ਨਾਂ 'ਤੇ ਖੋਰਾ ਲਾਏ ਜਾਣ ਵਿਰੁਧ ਸਾਵਧਾਨ ਕੀਤਾ ਹੈ। ਅਸਲ ਵਿਚ ਸੰਸਦ ਸਰਬ ਉਚ ਹੈ ਕਿਉਂਕਿ ਇਹ ਲੋਕਾਂ ਦੀ ਪ੍ਰਤੀਨਿਧਤਾ ਕਰਦੀ ਹੈ ਪਰ ਨਿਆਂਪਾਲਿਕਾ ਦੀ ਆਜ਼ਾਦੀ ਨੂੰ ਵੀ ਕਿਸੇ ਲੋਕਤੰਤਰੀ ਸਮਾਜ ਵਿਚ ਘੱਟ ਨਹੀਂ ਸਮਝਿਆ ਜਾ ਸਕਦਾ। ਸਰਕਾਰ ਦਾ ਰੁਝਾਨ ਧੱਕੇਸ਼ਾਹੀ ਵਾਲਾ ਹੈ।


ਕਾਰਜਪਾਲਿਕਾ ਦੇ ਨਿਆਂਪਾਲਿਕਾ ਵਿਰੋਧੀ ਤੁਅੱਸਬ ਨੂੰ ਨਿਆਂਪਾਲਿਕਾ ਲਈ ਫੰਡਾਂ ਦੀ ਨਿਗੂਣੀ ਵਿਵਸਥਾ ਕਰਨ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਇਹ ਲੋੜੀਂਦੇ ਬਜਟ ਦਾ ਇਕ ਚੌਥਾਈ ਫ਼ੀਸਦੀ ਹਨ। ਇਕ ਤੋਂ ਬਾਅਦ ਇਕ ਮੁੱਖ ਜੱਜ ਦੁਆਰਾ ਅਦਾਲਤਾਂ ਵਿਚ ਸੁਣਵਾਈ ਅਧੀਨ ਪਏ ਢੇਰਾਂ ਕੇਸਾਂ ਦੇ ਨਿਬੇੜੇ ਲਈ ਜ਼ਿਆਦਾ ਅਦਾਲਤਾਂ ਬਣਾਉਣ ਦੀ ਬੇਨਤੀ ਕੀਤੀ ਗਈ ਹੈ। ਦੇਸ਼ ਵਿਚਲੀਆਂ 16 ਹਜ਼ਾਰ ਅਦਾਲਤਾਂ ਸੁਣਵਾਈ ਅਧੀਨ ਪਏ 2.4 ਕਰੋੜ ਕੇਸਾਂ ਨੂੰ ਕਿਵੇਂ ਨਿਬੇੜ ਸਕਦੀਆਂ ਹਨ?

ਦੂਸਰਾ ਨੁਕਤਾ ਜੋ ਜਸਟਿਸ ਚੌਧਰੀ ਨੇ ਉਭਾਰਿਆ ਸੀ, ਉਹ ਇਹ ਸੀ ਕਿ ਪੱਛਮ ਨੇ ਸਬਸਿਡੀਆਂ ਬਾਰੇ ਜੋ ਦੋਹਰਾ ਮਾਪਦੰਡ ਅਪਨਾਇਆ ਹੈ, ਉਹ ਸਾਡੇ ਸੰਸਾਰ ਦੇ ਹਿੱਸੇ ਲਈ ਢੁਕਵਾਂ ਨਹੀਂ ਹੈ। ਵਿਕਸਿਤ ਦੇਸ਼ ਜੋ ਸੰਸਾਰ ਵਪਾਰ ਸੰਸਥਾ ਅਤੇ ਕੌਮਾਂਤਰੀ ਮੁਦਰਾ ਕੋਸ਼ ਨੂੰ ਕੰਟਰੋਲ ਕਰਦੇ ਹਨ, ਅਕਸਰ ਵਿਕਾਸਸ਼ੀਲ ਦੇਸ਼ਾਂ ਵੱਲੋਂ ਖੇਤੀਬਾੜੀ ਖੇਤਰ ਨੂੰ ਦਿੱਤੀ ਜਾਂਦੀ ਸਬਸਿਡੀ ਦੀ ਆਲੋਚਨਾ ਕਰਦੇ ਹਨ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਵਿਕਸਿਤ ਦੇਸ਼ ਜਿਨ੍ਹਾਂ ਵਿਚ ਅਮਰੀਕਾ ਤੇ ਫਰਾਂਸ ਵੀ ਸ਼ਾਮਿਲ ਹੈ, ਆਪਣੇ ਕਿਸਾਨਾਂ ਨੂੰ ਅਰਬਾਂ ਡਾਲਰ ਦੀ ਸਬਸਿਡੀ ਦਿੰਦੇ ਹਨ।

ਬਹਿਸ ਸ਼ੁਰੂ ਕਰਦੇ ਹੋਏ ਭਾਰਤ ਦੇ ਮੁੱਖ ਜੱਜ ਐਸ.ਐਚ. ਕਪਾੜੀਆ ਨੇ ਕਿਹਾ ਕਿ ਇਕ ਘੱਟੋ-ਘੱਟ ਪਹੁੰਚ ਦੀ ਜ਼ਰੂਰਤ ਹੈ ਅਤੇ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਬੰਗਲਾਦੇਸ਼ ਦੇ ਵਕੀਲ ਕਮਲ ਹੁਸੈਨ ਨੇ ਆਪਣੀ ਗੱਲ ਬਿਨਾ ਸੰਕੋਚ ਤੋਂ ਕਹੀ। ਉਸ ਨੇ ਮਨੁੱਖੀ ਅਧਿਕਾਰਾਂ ਨੂੰ ਲੋਕਾਂ ਦੇ ਅਧਿਕਾਰ ਦੇ ਬਰਾਬਰ ਦੀ ਅਹਿਮੀਅਤ ਵਾਲੇ ਕਰਾਰ ਦਿੱਤਾ। ਮੈਂ ਸੋਚਦਾ ਹਾਂ ਕਿ ਪ੍ਰਧਾਨ ਮੰਤਰੀ ਦੇ ਇਹ ਸ਼ਬਦ ਵਾਜਿਬ ਸਨ ਕਿ ਕਾਨੂੰਨ ਦੇ ਸ਼ਾਸਨ 'ਤੇ ਆਧਾਰਤ ਇਕ ਠੋਸ ਕਾਨੂੰਨੀ ਢਾਂਚਾ ਢੁਕਵੇਂ ਵਿਸ਼ਾਲ ਆਰਥਿਕ ਵਿਕਾਸ ਲਈ ਫੈਸਲਾਕੁਨ ਹੈ।

# ਸਦਮਿਆਂ ਦਾ ਸਮੁੰਦਰ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ


ਪੁਰਾਤਨ ਗ੍ਰੰਥਾਂ ਵਿਚ ਭਲੇ ਹੀ ਇੰਦਰ ਨੂੰ ਵਰਖਾ ਦਾ ਦੇਵਤਾ ਕਿਹਾ ਗਿਆ ਹੋਵੇ ਅਤੇ ਉਸ ਦੇ ਹਰੇ-ਭਰੇ ਬਾਗ਼ਾਂ ਦੀ ਉਸਤਤਿ ਵਿਚ ਕਈ ਤਰ੍ਹਾਂ ਦੇ ਛੰਦ ਲਿਖੇ ਗਏ ਹੋਣ ਪਰ ਜਿਸ ਇੰਦਰ ਦੀ ਵਿਥਿਆ ਹਥਲੀ ਲਿਖਤ ਵਿਚ ਬਿਆਨੀ ਜਾ ਰਹੀ ਹੈ, ਉਹ ਤਾਂ ਵਿਚਾਰਾ ਗ਼ਮਾਂ-ਸਦਮਿਆਂ ਦਾ ਝੰਬਿਆ ਆਪਣੇ ਗਲ ਪਈ ਮਾਨਸ ਜੂਨ ਪੂਰੀ ਕਰ ਰਿਹਾ ਹੈ। ਜੋ ਕੁਝ ਉਹਦੇ ਨਾਲ ਹੱ-ਬੀਤ ਚੁੱਕਿਆ ਹੈ, ਕਿਸੇ ਪੜ੍ਹੇ-ਲਿਖੇ ਮਾਡਰਨ ਬੰਦੇ ਨਾਲ ਅਜਿਹਾ ਵਾਪਰਦਾ ਤਾਂ ਉਸ ਨੂੰ ਖ਼ੁਦਕੁਸ਼ੀ ਕੀਤਿਆਂ ਕਈ ਸਾਲ ਬੀਤ ਗਏ ਹੁੰਦੇ ਜਾਂ ਫਿਰ ਉਹ ਹੁਣ ਨੂੰ ਪਾਗਲ ਹੋ ਚੁੱਕਾ ਹੁੰਦਾ। ਕਈ ਖ਼ੁਸ਼ ਕਿਸਮਤਾਂ ਨੂੰ ਲੰਮੀ ਉਮਰ ਪਰਮਾਤਮਾ ਵੱਲੋਂ ਤੋਹਫ਼ੇ ਦੇ ਤੌਰ 'ਤੇ ਮਿਲੀ ਹੋਈ ਹੁੰਦੀ ਹੈ ਪਰ ਇੰਦਰ ਵਰਗਿਆਂ ਲਈ ਨਿਰਾ ਸਰਾਪ! ਉਹਦੇ ਦੁੱਖਾਂ ਦੀ ਪੰਡ ਦੇ ਵਾਕਫ਼ ਉਸ ਨੂੰ ਤੁਰਦਾ-ਫਿਰਦਾ ਦੇਖ ਕੇ ਰੱਬ 'ਤੇ ਹੀ ਗਿਲਾ ਕਰਦੇ ਨੇ ਕਿ ਹੇ ਦਾਤਿਆ! ਤੂੰ ਇਸ ਨੂੰ ਕਿਹੜੇ ਜਨਮ ਦੀ ਸਜ਼ਾ ਦਿੱਤੀ ਹੋਈ ਹੈ?

ਪਰਦੇਸੋਂ ਵਤਨ ਗਏ ਹੋਏ ਨੇ ਇਕ ਦਿਨ ਮੈਂ ਹੋਰ ਪਾਸਿਆਂ ਦੀ ਭੱਜ-ਦੌੜ ਛੱਡ ਆਪਣੇ ਪਿੰਡ ਵਿਚ ਹੀ ਘੁੰਮਣ ਦਾ ਵਿਚਾਰ ਬਣਾ ਲਿਆ। ਆਪਣੇ ਚੁਬਾਰੇ ਦੀ ਤਾਕੀ ਵਿਚੋਂ ਬਾਹਰ ਵੱਲ ਦੇਖਿਆ। ਲਹਿੰਦੇ ਪਾਸੇ ਇੰਦਰ ਚਾਚਾ ਆਪਣੇ ਵਿਹੜੇ ਵਿਚ ਇਕੱਲਾ ਬੈਠਾ ਚੁੱਪਚਾਪ ਧੁੱਪ ਸੇਕ ਰਿਹਾ ਸੀ। ਚੁੱਪਚਾਪ ਸਾਹਮਣੇ ਪਏ ਖੋਲਿਆਂ ਵੱਲ ਟਿਕਟਿਕੀ ਲਾਈ ਬੈਠਾ ਸੀ ਉਹ, ਜਿਵੇਂ ਢੱਠੇ ਹੋਏ ਖੋਲਿਆਂ ਵਿਚੋਂ ਆਪਣੇ ਟੱਬਰ ਦੇ ਜੀਆਂ ਦੇ ਨਕਸ਼ ਉਘਾੜ ਰਿਹਾ ਹੋਵੇ। ਸੋਚ ਰਿਹਾ ਹੋਵੇਗਾ ਕਿ ਇਸੇ ਵਿਹੜੇ ਵਿਚ ਬਣੀ ਲੰਮੀ ਖੁਰਲੀ 'ਤੇ ਕਿਸੇ ਸਮੇਂ ਹਾਥੀਆਂ ਵਰਗੀਆਂ ਮੱਝਾਂ ਬੱਝੀਆਂ ਹੁੰਦੀਆਂ ਸਨ। ਘਰ ਵਾਲੀ ਸੀਬੋ, ਮੱਝਾਂ ਨੂੰ ਨਿਆਣਿਆਂ ਵਾਂਗ ਨੁਹਾ-ਧੁਆ ਕੇ ਉਨ੍ਹਾਂ ਦੇ ਸਿੰਗਾਂ ਨੂੰ ਸਰ੍ਹੋਂ ਦੇ ਤੇਲ ਨਾਲ ਚੋਪੜ ਕੇ ਰੱਖਦੀ। ਵੱਡਾ ਮੁੰਡਾ ਤਰਸੇਮ ਸਕੂਲੋਂ ਆ ਕੇ ਮੱਖਣ ਨਾਲ ਰੋਟੀ ਖਾਂਦਾ। ਛੋਟੇ ਨੂੰ ਵੱਡੀ ਭੈਣ ਕੁੱਛੜੋਂ ਨਾ ਲਾਹੁੰਦੀ। ਇਸੇ ਵਿਹੜੇ ਵਿਚ ਤੁਰਦੀ-ਫਿਰਦੀ ਸੀਬੋ ਸ਼ਰਮਸਤੀਆਂ ਕਰ ਰਹੀਆਂ ਮੱਝਾਂ ਨੂੰ ਉਚੀ-ਉਚੀ ਦਬਕੇ ਮਾਰ ਕੇ ਘੂਰਦੀ ਰਹਿੰਦੀ। ਪਰ ਅੱਜ...ਉਹ ਸਾਰਾ ਕੁਝ ਨਿਰਾ ਸੁਫ਼ਨਾ ਹੋ ਚੁੱਕਾ ਹੈ। ਉਸ ਸੁਹਾਵਣੇ ਸੁਫ਼ਨੇ ਦਾ ਨਾਇਕ-ਇੰਦਰ, ਜੀਵਤ ਹੈ।

"ਚਾਚਾ, ਸਤਿ ਸ੍ਰੀ ਅਕਾਲ!" ਅਦਬ ਨਾਲ ਉਸ ਦੇ ਗੋਡੀਂ ਹੱਥ ਲਾ ਕੇ ਮੈਂ ਮੰਜੇ 'ਤੇ ਬਹਿ ਗਿਆ। ਬਿਨਾ ਭਰਵੱਟਿਆਂ 'ਤੇ ਹੱਥ ਰੱਖਿਆਂ ਉਸ ਨੇ ਮੇਰੇ ਵੱਲ ਦੇਖਦਿਆਂ ਕਿਹਾ, "ਤੂੰ ਤਲੋਚਨ ਸੋਹ ਐਂ ਮੱਲਿਆ?"

'ਆਹੋ ਚਾਚਾ' ਸੁਣ ਕੇ ਉਸ ਨੇ ਬੈਠੇ-ਬੈਠੇ ਨੇ ਮੈਨੂੰ ਕਲਾਵੇ ਵਿਚ ਲੈ ਕੇ ਮੇਰੀ ਪਿੱਠ ਪਲੋਸੀ। ਅਮਰੀਕਾ ਰਹਿੰਦੀ ਮੇਰੀ ਵੱਡੀ ਭੈਣ ਦੇ ਪਰਿਵਾਰ ਅਤੇ ਮੇਰੇ ਟੱਬਰ ਦੀ ਰਾਜ਼ੀ-ਖ਼ੁਸ਼ੀ ਪੁੱਛੀ। ਉਹ ਮੇਰੇ ਨਾਲ ਪਿੰਡ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਰਿਹਾ ਪਰ ਮੈਂ 'ਹੂੰ-ਆਹੋ-ਅੱਛਾ' ਕਰਦਿਆਂ ਇਸ ਵਿਹੜੇ ਵਿਚ ਮੌਤ ਦੇ ਫ਼ਰਿਸ਼ਤੇ ਦੀਆਂ ਉੱਤੋ-ੜਿੱਤੀ ਵੱਜਦੀਆਂ ਰਹੀਆਂ ਮਨਹੂਸ ਗੇੜੀਆਂ ਬਾਰੇ ਸੋਚੀ ਜਾ ਰਿਹਾ ਸਾਂ।

ਪੰਜਵੀਂ-ਛੇਵੀਂ ਵਿਚ ਸਾਡੇ ਨਾਲ ਪੜ੍ਹਦੇ ਤਰਸੇਮ ਨੂੰ ਐਸਾ ਬੁਖ਼ਾਰ ਚੜ੍ਹਿਆ ਕਿ ਉਹ ਲੁਧਿਆਣਿਓਂ ਲਾਸ਼ ਬਣ ਕੇ ਇਸ ਵਿਹੜੇ ਵਿਚ ਪਹੁੰਚਿਆ। ਚਾਚੀ ਸੀਬੋ ਦੇ ਆਸਮਾਨ ਚੀਰਵੇਂ ਕੀਰਨੇ ਹਰ ਇਕ ਨੂੰ ਭੁੱਬੀਂ ਰੁਆ ਰਹੇ ਸਨ। ਤਰਸੇਮ ਦਾ ਆਖ਼ਰੀ ਵਾਰ ਮੂੰਹ ਵੇਖਣ ਲਈ ਜਦ ਮੈਂ ਮੰਜੇ 'ਤੇ ਪਈ ਉਸ ਦੀ ਲਾਸ਼ ਵੱਲ ਵਧਿਆ ਤਾਂ ਚਾਚੇ ਇੰਦਰ ਨੇ ਦਿਲ ਚੀਰਵੀਂ ਧਾਹ ਮਾਰੀ ਸੀ, "ਓ ਮੇਰੇ ਪੁੱਤ ਨੇ ਕਿਹੜਾ ਹੁਣ ਸਕੂਲ ਨੂੰ ਜਾਣੈ!" ਵੱਡੇ ਮੁੰਡੇ ਦਾ ਹਾਲੇ ਸਿਵਾ ਠੰਢਾ ਵੀ ਨਹੀਂ ਸੀ ਹੋਇਆ ਕਿ ਛੋਟੇ ਮੁੰਡੇ ਪ੍ਰੇਮ ਨੂੰ ਵੀ ਮਾਮੂਲੀ ਜਿਹਾ ਬੁਖ਼ਾਰ ਹੋਣ 'ਤੇ ਜਮਦੂਤਾਂ ਨੇ ਆ ਘੇਰਿਆ। ਚਾਚੀ ਸੀਬੋ ਇਕ ਤਰ੍ਹਾਂ ਅਰਧ-ਪਾਗਲ ਜਿਹੀ ਹੋ ਗਈ। ਪਿੰਡ ਦੀਆਂ ਜ਼ਨਾਨੀਆਂ ਉਸ ਨੂੰ ਸਿਵਿਆਂ ਵਿਚੋਂ ਫੜ-ਫੜ ਕੇ ਲਿਆਉਂਦੀਆਂ। ਅਸੀਂ ਸਕੂਲ ਨੂੰ ਜਾਂਦੇ ਕਈ ਵਾਰੀ ਦੇਖਦੇ ਕਿ ਸੀਬੋ ਪਿੰਡ ਦੀ ਉਚੀ ਠੇਰੀ 'ਤੇ ਸਿਵਿਆਂ ਵੱਲ ਨੂੰ ਮੂੰਹ ਕਰ ਕੇ ਬੈਠੀ ਕੀਰਨੇ ਪਾ ਰਹੀ ਹੁੰਦੀ, "ਸੇਮ-ਪ੍ਰੇਮ ਦੀਏ ਜੋੜੀਏ, ਤੂੰ ਕਿੱਥੇ ਚਲੀ ਗਈ...ਮੈਨੂੰ ਨਿਕਰਮਣ ਨੂੰ ਕਾਹਨੂੰ 'ਕੱਲੀ ਛੱਡ ਗਏ ਵੇ ਪੁੱਤੋ ਮੇਰਿਓ!"



ਬਾਬਾ ਇੰਦਰ ਰਾਮ

ਆਪਣੀਆਂ ਅੱਖਾਂ ਸਾਹਵੇਂ ਤਿੰਨ ਪੁੱਤਾਂ ਦੀ ਮੌਤ ਹੁੰਦੀ ਦੇਖਣ ਵਾਲੀ ਮੇਰੀ ਮਾਂ, ਖ਼ੁਦ ਪਰਲ-ਪਰਲ ਹੰਝੂ ਕੇਰਦੀ ਉਸ ਨੂੰ ਬਾਹੋਂ ਫੜ ਕੇ ਘਰ ਨੂੰ ਲਿਆਉਂਦੀ। ਇਨ੍ਹਾਂ ਅਸਹਿ ਸਦਮਿਆਂ ਨੇ ਇੰਦਰ ਦਾ ਵੀ ਲੱਕ ਤੋੜ ਦਿੱਤਾ। ਕੱਟੀਆਂ-ਝੋਟੀਆਂ ਪਾਲ-ਪਾਲ ਕੇ ਮੱਝਾਂ ਅਤੇ ਦੁੱਧ-ਘਿਉ ਵੇਚਣ ਦਾ ਕਿੱਤਾ, ਹੁਣ ਉਹਦੇ ਕੋਲੋਂ ਜੀਅ-ਜਾਨ ਨਾਲ ਨਹੀਂ ਸੀ ਹੋ ਰਿਹਾ। ਉਹ ਮੱਝਾਂ ਲਈ ਪੱਠੇ-ਦੱਥੇ ਤਾਂ ਲਿਆਉਂਦਾ ਪਰ ਟੁੱਟੇ ਹੋਏ ਦਿਲ ਨਾਲ। ਸਰੀਰਕ ਤੌਰ 'ਤੇ ਉਹ ਭਾਵੇਂ ਜਮਾਂਦਰੂ ਹੀ ਕਮਜ਼ੋਰ ਜਿਹਾ ਸੀ ਪਰ ਦੋ ਪੁੱਤਾਂ ਦੇ ਵਿਛੋੜੇ ਨੇ ਉਸ ਨੂੰ ਜਮਾਂ ਈ ਨਿਢਾਲ ਕਰ ਦਿੱਤਾ। ਉਹ ਅਕਸਰ ਸ਼ਾਮ ਢਲਦਿਆਂ ਹੀ 'ਹਰੇ ਰਾਮ' ਕਹਿ ਕੇ ਮੰਜੇ 'ਤੇ ਢੇਰੀ ਹੋ ਜਾਂਦਾ।

ਇਸੇ ਅਰਸੇ ਦੌਰਾਨ ਕੁਦਰਤ ਨੇ ਇਸ ਦੁੱਖਾਂ ਮਾਰੇ ਟੱਬਰ ਨਾਲ ਇਕ ਹੋਰ ਮਜ਼ਾਕ ਕੀਤਾ। ਆਂਢ-ਗੁਆਂਢ ਵਿਚ ਗੱਲਾਂ ਹੋਣ ਲੱਗੀਆਂ ਕਿ ਸੀਬੋ ਨੂੰ ਬਾਲ-ਬੱਚਾ ਹੋਣ ਵਾਲਾ ਹੈ! ਇਹ ਸੂਚਨਾ ਹੌਲੀ-ਹੌਲੀ ਸਪਸ਼ਟ ਹੋਣ 'ਤੇ ਇੰਦਰ-ਸੀਬੋ ਦੇ ਮੂੰਹ 'ਤੇ ਵੀ ਅਤੇ ਅੱਗੇ-ਪਿੱਛੇ ਵੀ ਲੋਕ 'ਤਾਂਹ ਨੂੰ ਹੱਥ ਚੁੱਕ ਕੇ ਅਰਦਾਸਾਂ ਕਰਦੇ ਕਿ ਹੇ ਦਾਤਾ, ਜੇ ਪੁੱਤਰਾਂ ਦੀ ਜੋੜੀ ਦੇ ਕੇ ਖੋਹ ਲਈ ਸੀ ਤਾਂ ਹੁਣ ਜ਼ਰੂਰ ਕ੍ਰਿਪਾ ਕਰ ਦੇਈਂ। ਇਸ ਗ਼ਰੀਬਣੀ ਦੀ ਖ਼ਾਲੀ ਹੋਈ ਝੋਲੀ ਵਿਚ ਮਿੱਠੀ ਮੁਰਾਦ ਜ਼ਰੂਰ ਪਾ ਦੇ!! ਚਾਚਾ ਇੰਦਰ ਵੀ ਸੁਵੱਖਤੇ ਇਸ਼ਨਾਨ ਕਰ ਕੇ, 'ਕੱਠਾ ਕਰ ਕੇ ਰੱਖੇ ਬਿਸਤਰੇ ਦੀ ਢੋਹ ਲਾ ਕੇ ਬਹਿ ਜਾਂਦਾ ਤੇ ਕਿੰਨਾ-ਕਿੰਨਾ ਚਿਰ ਮੂੰਹ ਵਿਚ ਕੁਝ ਪੜ੍ਹਦਾ ਰਹਿੰਦਾ।

ਕਹਿੰਦੇ ਨੇ ਗਵਾਚੇ ਲਾਲ ਕਿਸਮਤ ਨਾਲ ਹੀ ਵਾਪਸ ਪਰਤਦੇ ਨੇ। ਕਾਦਰਯਾਰ ਦੇ ਕਿੱਸੇ ਅਨੁਸਾਰ ਜਦ ਰਾਜਾ ਸਲਵਾਨ, ਲੂਣਾ ਦੇ ਆਖੇ ਲੱਗ ਕੇ ਆਪਣੇ ਪੂਰਨ ਪੁੱਤ ਦੇ ਹੱਥ-ਪੈਰ ਵੱਢਣ ਲੱਗਾ ਤਾਂ ਇੱਛਰਾਂ ਧਾਹਾਂ ਮਾਰਦਿਆਂ ਕਹਿੰਦੀ ਹੈ:

'ਕਿਤੇ ਰੱਬ ਤੁੱਠੇ ਪੁੱਤ ਜੰਮਦੇ, ਰਾਜਿਆ ਹੱਥ ਅਕਲ ਨੂੰ ਮਾਰ!'

ਸਾਰਿਆਂ ਦੀਆਂ ਆਸਾਂ-ਅਰਦਾਸਾਂ ਦੇ ਉਲਟ ਸੀਬੋ ਦੇ ਇਕ ਕੁੜੀ ਹੋਰ ਜੰਮ ਪਈ। ਉਪਰੋਥਲੀ ਦੋ ਪੁੱਤਰਾਂ ਦੀ ਮੌਤ ਤੋਂ ਬਾਅਦ ਕੁੜੀ ਪੈਦਾ ਹੋਣ ਨੂੰ, ਇਕ ਹੋਰ ਪੁੱਤਰ ਦੀ 'ਮੌਤ' ਵਾਂਗ ਸਮਝਿਆ ਗਿਆ ਸੀ ਉਸ ਵੇਲੇ। ਚਾਚੇ ਇੰਦਰ ਨੇ ਇਸ ਭਾਣੇ ਨੂੰ ਤਾਂ ਸਤਿ ਕਰ ਕੇ ਮੰਨ ਲਿਆ ਪਰ ਹੁਣ ਉਨ੍ਹਾਂ 'ਤੇ ਕੁਦਰਤ ਨਵੇਂ ਸਿਰਿਓਂ ਕਹਿਰਵਾਨ ਹੋਣੀ ਸ਼ੁਰੂ ਹੋ ਗਈ। ਐਤਕੀਂ ਮੌਤ ਨੇ ਉਨ੍ਹਾਂ ਦੀ ਰੋਟੀ-ਰੋਜ਼ੀ ਝਪਟਣੀ ਸ਼ੁਰੂ ਕਰ ਦਿੱਤੀ। ਸੱਜਰ-ਸੂਈ ਭਾਰੀ ਮੱਝ ਖੁਰਲੀ 'ਤੇ ਖੜ੍ਹੀ-ਖੜ੍ਹੀ ਫੁੜਕ ਗਈ। ਹਫ਼ਤੇ ਦੇ ਵਿਚ-ਵਿਚ ਹੀ ਇਕ ਹੋਰ ਮੱਝ ਚੱਲ ਵਸੀ। ਫਿਰ ਲਾਗੇ ਦੇ ਪਿੰਡੋਂ ਅਧਿਆਰੇ ਲਿਆਂਦੀ ਸੂਣ ਵਾਲੀ ਝੋਟੀ ਪੂਰੇ ਦਿਨੀਂ ਜਾ ਕੇ ਐਸੀ ਡਿੰਗੀ ਕਿ ਸਾਡੇ ਸਾਹਮਣੇ ਤੜਫ-ਤੜਫ ਕੇ ਮਰੀ। ਚੋਫਾਲ ਡਿੱਗੀ ਪਈ ਜਦੋਂ ਉਹ ਉਤਾਂਹ ਨੂੰ ਗਰਦਨ ਚੁੱਕ ਕੇ ਅਰੜਾ ਰਹੀ ਸੀ, ਉਦੋਂ ਇੰਦਰ ਨੇ ਕੁਰਲਾਉਂਦਿਆਂ ਉਸ ਦੇ ਮੂੰਹ ਵਿਚ ਪਾਣੀ ਸੁੱਟਿਆ। ਉਸੇ ਵੇਲੇ ਉਸ ਦੇ ਪ੍ਰਾਣ ਪੰਖੇਰੂ ਉਡ ਗਏ। ਬਾਅਦ ਵਿਚ ਜਾਡਲੇ ਤੋਂ ਆਏ ਸਲੋਤਰੀ ਨੇ ਦੱਸਿਆ ਸੀ ਕਿ ਝੋਟੀ ਦੇ ਅੰਦਰ ਹੀ ਕਟੜੂ ਮਰਨ ਕਰਕੇ ਉਸ ਦੇ ਅੰਦਰ ਜ਼ਹਿਰ ਫੈਲ ਗਈ ਸੀ। ਗੱਲ ਕੀ, ਦੇਖਦਿਆਂ-ਦੇਖਦਿਆਂ ਇਨ੍ਹਾਂ ਦੀ ਖੁਰਲੀ ਵੀ ਪੂਰੀ ਤਰ੍ਹਾਂ ਸੁੰਨੀ ਹੋ ਗਈ।

ਇੰਦਰ ਨਾਲ ਗੱਲਾਂ ਕਰਦਿਆਂ ਮੈਂ ਭਉਂ ਕੇ ਪਿੱਛੇ ਨੂੰ ਦੇਖਿਆ ਤਾਂ ਲਾਗੇ-ਲਾਗੇ ਖੜ੍ਹੇ ਸ਼ਰੀਂਹ ਦੇ ਦੋ ਦਰਖ਼ਤਾਂ ਦੀ ਹੋਂਦ ਨੇ ਇਕ ਹੋਰ ਵੈਰਾਗ ਭਰਿਆ ਦ੍ਰਿਸ਼ ਵੀ ਯਾਦ ਕਰਵਾ ਦਿੱਤਾ। ਇਨ੍ਹਾਂ ਦੀ ਵੱਡੀ ਕੁੜੀ ਦਾ ਅਨੰਦ-ਕਾਰਜ ਇਸੇ ਵਿਹੜੇ ਵਿਚ ਮੈਂ ਹੀ ਕਰਵਾਇਆ ਸੀ। ਸ਼ਰੀਂਹ ਦੇ ਦਰਖ਼ਤਾਂ ਨਾਲ ਚੰਦੋਆ ਬੰਨ੍ਹ ਕੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕੀਤਾ ਗਿਆ ਸੀ। ਅਨੰਦ ਕਾਰਜ ਕਰਵਾਉਣ ਲਈ ਗਿਆਨੀ ਕਰਮ ਸਿੰਘ 'ਜੋਸ਼' ਰਾਹੋਂ ਵਾਲਿਆਂ ਦਾ ਕੀਰਤਨੀ ਜਥਾ ਪਹੁੰਚਿਆ ਹੋਇਆ ਸੀ। ਜਦੋਂ ਭਾਈ ਕਰਮ ਸਿੰਘ ਹੁਰੀਂ ਸੁਰੀਲੀ ਆਵਾਜ਼ ਵਿਚ ਇਹ ਗੀਤ ਛੋਹਿਆ ਸੀ:

'ਛੱਡ ਚੱਲੀ ਬਾਬਲਾ ਮੈਂ ਤੈਂਡੜੇ ਚੁਬਾਰੇ।
ਜੁੱਗ ਜੁੱਗ ਜੀਣ ਮੇਰੇ ਵੀਰਨੇ ਪਿਆਰੇ।'

ਤਾਂ ਸਾਰਾ ਮਾਹੌਲ ਕਰੁਣਾਮਈ ਹੋ ਗਿਆ ਸੀ। ਫੇਰਿਆਂ 'ਤੇ ਬੈਠੀ ਵਿਆਹੁੰਦੜ ਕੁੜੀ ਦਾ ਰੋਣਾ ਝੱਲਿਆ ਨਾ ਜਾਵੇ। ਨਾਲ ਬੈਠੀਆਂ ਜ਼ਨਾਨੀਆਂ ਨੇ ਉਸ ਨੂੰ ਬੜੀ ਮੁਸ਼ਕਲ ਨਾਲ ਸੰਭਾਲਿਆ ਸੀ। ਗੀਤ ਵਿਚ ਵੀਰਾਂ ਦਾ ਜ਼ਿਕਰ ਆਉਂਦਿਆਂ ਹੀ ਧੇਤਿਆਂ ਵੱਲ ਦੇ ਪਾਸੇ ਬੈਠੀ ਸਾਰੀ ਸੰਗਤ ਜਾਰੋ-ਜਾਰ ਰੋ ਰਹੀ ਸੀ। ਪੁਤੇਤਿਆਂ ਵੱਲ ਦੇ ਬਹੁਤੇ ਸੱਜਣਾਂ ਦੀਆਂ ਅੱਖਾਂ ਵੀ ਨਮ ਹੋ ਗਈਆਂ ਸਨ। ਸਮਾਪਤੀ 'ਤੇ ਗਿਆਨੀ ਜੋਸ਼ ਹੁਰੀਂ ਮੈਨੂੰ ਹੈਰਾਨ ਹੁੰਦਿਆਂ ਪੁੱਛਿਆ ਸੀ ਕਿ ਅਸੀਂ ਇਹ ਗੀਤ ਤਕਰੀਬਨ ਹਰ ਅਨੰਦ-ਕਾਰਜ ਮੌਕੇ ਸੁਣਾਈਦਾ ਹੈ ਪਰ ਇਹੋ ਜਿਹਾ ਕਰੁਣਾਮਈ ਮਾਹੌਲ ਕਦੇ ਕਿਤੇ ਨਹੀਂ ਬਣਿਆ! ਜਦ ਉਨ੍ਹਾਂ ਨੂੰ ਇਸ ਪਰਿਵਾਰ ਨਾਲ ਹੋਏ ਸਦਮਿਆਂ ਦੀ ਥੋੜ੍ਹੀ ਜਿਹੀ ਜਾਣਕਾਰੀ ਮਿਲੀ ਤਾਂ ਉਨ੍ਹਾਂ ਨੇ ਵੀ ਕੰਨਾਂ ਨੂੰ ਹੱਥ ਲਾਉਂਦਿਆਂ ਕਿਹਾ, "ਪਰਮਾਤਮਾ ਕਿਸੇ ਵੈਰੀ ਦੁਸ਼ਮਣ ਨਾਲ ਵੀ ਅਜਿਹਾ ਨਾ ਕਰੇ!"

ਇਸ ਨੂੰ ਟੈਲੀਪੈਥੀ ਦਾ ਕਮਾਲ ਹੀ ਕਿਹਾ ਜਾਣਾ ਚਾਹੀਦਾ ਹੈ ਕਿ ਮੈਨੂੰ ਆਪਣੇ ਘਰ ਦੇ ਖੰਡਰਾਂ ਤੇ ਵਿਹੜੇ ਵੱਲ ਨਜ਼ਰ ਘੁਮਾਉਂਦਿਆਂ ਦੇਖ ਕੇ ਚਾਚੇ ਇੰਦਰ ਨੇ ਡੂੰਘਾ ਹਉਕਾ ਲੈ ਕੇ ਆਖਿਆ, "ਸਾਡਾ ਸੇਮ ਤੇਰਾ ਜਮਾਤੀ 'ਤਾ ਮੱਲਿਆ!"

ਇਕ ਦਿਨ ਚਾਚੀ ਸੀਬੋ ਵੀ ਇਸ ਨੂੰ ਇਕੱਲਾ ਛੱਡ ਗਈ। ਹੁਣ ਇਸ ਦੀਆਂ ਦੋਵੇਂ ਧੀਆਂ ਆਪੋ-ਆਪਣੇ ਘਰੀਂ ਵਸਦੀਆਂ-ਰਸਦੀਆਂ ਨੇ। ਉਨ੍ਹਾਂ ਨੇ ਇਸ ਨੂੰ ਕਈ ਵਾਰ ਆਪਣੇ ਕੋਲ ਲਿਜਾਣ ਦੀ ਕੋਸ਼ਿਸ਼ ਕੀਤੀ ਹੈ ਲੇਕਿਨ ਪਰੰਪਰਾ ਦਾ ਪਾਬੰਦ ਚਾਚਾ ਇੰਦਰ ਜਿਉਂਦੇ ਜੀਅ ਧੀਆਂ ਦੇ ਦਰ 'ਤੇ ਬਹਿਣਾ ਨਹੀਂ ਚਾਹੁੰਦਾ। ਈਸਰ ਤੇ ਉਤਮ ਇਹਦੇ ਦੋ ਸਕੇ ਭਰਾ ਸਨ ਜਿਨ੍ਹਾਂ ਦੇ ਪੁੱਤ-ਪੋਤਿਆਂ ਦੇ ਅੱਗੇ ਸੁੱਖ ਨਾਲ ਦਸ-ਬਾਰਾਂ ਘਰ ਬਣੇ ਹੋਏ ਹਨ। ਉਹ ਹੀ ਇਸ ਬਜ਼ੁਰਗ ਦੀ ਦੇਖ-ਭਾਲ ਕਰਦੇ ਨੇ। ਇਹਦੀਆਂ ਕੁੜੀਆਂ ਦੇ ਦਿਨ ਦਿਹਾਰਾਂ 'ਤੇ ਵੀ ਜਾ ਕੇ ਖੜ੍ਹਦੇ ਹਨ। ਇੰਦਰ ਰੋਟੀ-ਪਾਣੀ ਆਪਣੇ ਭਰਾਵਾਂ ਦੇ ਪੁੱਤ-ਪੋਤਰਿਆਂ ਪਾਸ ਹੀ ਖਾਂਦਾ ਹੈ ਤੇ ਸੌਂਦਾ ਵੀ ਉਥੇ ਹੀ ਹੈ ਪਰ ਦੱਸਦੇ ਨੇ ਕਿ ਇਹ ਦਿਹਾੜੀ ਵਿਚ ਇਕ ਵਾਰ 'ਆਪਣੇ ਘਰ' ਦੇ ਖੰਡਰਾਂ ਵੱਲ ਜ਼ਰੂਰ ਗੇੜਾ ਮਾਰਦਾ ਹੈ।

ਮੁਲਕ ਮਾਹੀ ਦਾ ਵੱਸਦਾ
ਕੋਈ ਰੋਂਦਾ ਤੇ ਕੋਈ ਹੱਸਦਾ!

## ਹਰਿ ਪੇਖਨ ਕਉ ਸਿਮਰਤ ਮਨੁ ਮੇਰਾ

ੴ ਸਤਿਗੁਰ ਪ੍ਰਸਾਦਿ
ਗਉੜੀ ਮਹਲਾ 5
ਹਰਿ ਪੇਖਨ ਕਉ ਸਿਮਰਤ ਮਨੁ ਮੇਰਾ॥
ਆਸ ਪਿਆਸੀ ਚਿਤਵਉ ਦਿਨੁ ਰੈਨੀ
ਹੈ ਕੋਊ ਸੰਤੁ ਮਿਲਾਵੈ ਨੇਰਾ॥ ਰਹਾਉ॥
ਸੇਵਾ ਕਰਉ ਦਾਸ ਦਾਸਨ ਕੀ
ਅਨਿਕ ਭਾਂਤਿ ਤਿਸੁ ਕਰਉ ਨਿਹੋਰਾ॥
ਤੁਲਾ ਧਾਰਿ ਤੋਲੇ ਸੁਖ ਸਗਲੇ
ਬਿਨੁ ਹਰਿ ਦਰਸ ਸਭੋ ਹੀ ਥੋਰਾ॥
ਸੰਤ ਪ੍ਰਸਾਦਿ ਗਾਏ ਗੁਨ ਸਾਗਰ
ਜਨਮ ਜਨਮ ਕੋ ਜਾਤ ਬਹੋਰਾ॥
ਆਨਦ ਸੂਖ ਭੇਟਤ ਹਰਿ ਨਾਨਕ
ਜਨਮੁ ਕ੍ਰਿਤਾਰਥੁ ਸਫਲੁ ਸਵੇਰਾ॥

ਇਸ ਸ਼ਬਦ ਅੰਦਰ ਸਤਿਗੁਰ ਅਰਜਨ ਦੇਵ ਉਸ ਜੀਵ ਆਤਮਾ ਦਾ ਵਰਣਨ ਕਰਦੇ ਹਨ ਜੋ ਪ੍ਰਭੂ ਮਿਲਾਪ ਲਈ ਅਤਿ ਵਿਆਕੁਲ ਹੈ ਅਤੇ ਪ੍ਰਭੂ ਮਿਲਾਪ ਲਈ ਅਨੇਕ ਤਰ੍ਹਾਂ ਦੇ ਯਤਨ ਕਰਦੀ ਹੈ:

ਹਰਿ ਪੇਖਨ ਕਉ ਸਿਮਰਤ ਮਨੁ ਮੇਰਾ॥
ਆਸ ਪਿਆਸੀ ਚਿਤਵਉ ਦਿਨੁ ਰੈਨੀ
ਹੈ ਕੋਊ ਸੰਤੁ ਮਿਲਾਵੈ ਨੇਰਾ॥ ਰਹਾਉ॥

ਹੇ ਮੇਰੀ ਸਖੀਓ, ਉਸ ਪ੍ਰਭ ਪ੍ਰੀਤਮ ਦੇ ਦਰਸ਼ਨ ਕਰਨ ਲਈ ਹੀ ਮੇਰਾ ਮਨ ਉਸ ਦਾ ਸਿਮਰਨ ਕਰ ਰਿਹਾ ਹੈ ਅਤੇ ਉਸ ਦੇ ਦਰਸ਼ਨਾਂ ਲਈ ਵਿਆਕੁਲ ਮੈਂ ਦਿਨੇ-ਰਾਤ ਸਵਾਸ-ਸਵਾਸ ਉਸ ਨੂੰ ਯਾਦ ਕਰਦੀ ਹਾਂ ਕਿ ਮੈਨੂੰ ਕੋਈ ਐਸਾ ਸੰਤ ਭਾਵ ਪੂਰਨ ਗੁਰੂ ਮਿਲ ਪਵੇ ਜੋ ਉਸ ਪ੍ਰਭੂ ਨਾਲ ਮੇਰਾ ਛੇਤੀ ਮਿਲਾਪ ਕਰਾ ਦੇਵੇ ਤਾਂ ਮੈਂ ਉਸ ਪ੍ਰੀਤਮ ਦੇ ਦਰਸ਼ਨ ਕਰ ਕੇ ਤ੍ਰਿਪਤ ਹੋ ਜਾਵਾਂ।

ਸੇਵਾ ਕਰਉ ਦਾਸ ਦਾਸਨ ਕੀ
ਅਨਿਕ ਭਾਂਤਿ ਤਿਸੁ ਕਰਉ ਨਿਹੋਰਾ॥
ਤੁਲਾ ਧਾਰਿ ਤੋਲੇ ਸੁਖ ਸਗਲੇ
ਬਿਨੁ ਹਰਿ ਦਰਸ ਸਭੋ ਹੀ ਥੋਰਾ॥

ਹੇ ਸਖੀ! ਜੇ ਉਹ ਪੂਰਾ ਗੁਰੂ ਮੈਨੂੰ ਮਿਲ ਪਵੇ ਤਾਂ ਮੈਂ ਗੁਰੂ ਦੇ ਸੇਵਕਾਂ ਦੀ ਵੀ ਨਿਮਾਣੀ

### ਗੁਰਬਾਣੀ ਗਿਆਨ

ਜਿਹੀ ਸੇਵਕ ਬਣ ਕੇ ਸੇਵਾ ਕਰਾਂ ਅਤੇ ਅਨੇਕ ਤਰ੍ਹਾਂ ਦੀਆਂ ਜੋਦੜੀਆਂ ਵੀ ਕਰਾਂ। ਹੇ ਸਖੀ, ਮੈਂ ਇਸ ਦੁਨੀਆਂ ਦੇ ਸਾਰੇ ਹੀ ਸੁੱਖ ਤੱਕੜੀ 'ਤੇ ਰੱਖ ਕੇ ਤੋਲੇ ਹਨ ਪਰ ਉਸ ਪ੍ਰਭੂ ਪ੍ਰੀਤਮ ਦੇ ਦੀਦਾਰ ਦੇ ਵੱਟੇ ਇਹ ਸਾਰੇ ਦੁਨਿਆਵੀ ਸੁੱਖ ਹੌਲੇ ਹਨ। ਇਸੇ ਲਈ ਮੈਂ ਉਸ ਅਕਾਲ ਪੁਰਖ ਦੇ ਦੀਦਾਰ ਲਈ ਦਿਨ-ਰਾਤ ਸਿਮਰਨ ਕਰਦੀ ਹਾਂ।

ਸੰਤ ਪ੍ਰਸਾਦਿ ਗਾਏ ਗੁਨ ਸਾਗਰ
ਜਨਮ ਜਨਮ ਕੋ ਜਾਤ ਬਹੋਰਾ॥
ਆਨਦ ਸੂਖ ਭੇਟਤ ਹਰਿ ਨਾਨਕ
ਜਨਮੁ ਕ੍ਰਿਤਾਰਥੁ ਸਫਲੁ ਸਵੇਰਾ॥

ਹੇ ਭਾਈ! ਜੋ ਜੀਵ ਪੂਰੇ ਗੁਰੂ ਦੀ ਕ੍ਰਿਪਾ ਸਦਕਾ ਉਸ ਗੁਣਾਂ ਦੇ ਸਮੁੰਦਰ ਪ੍ਰਭੂ ਦੇ ਗੁਣ ਗਾਇਨ ਕਰਦਾ ਹੈ, ਪ੍ਰਮੇਸ਼ਵਰ ਆਪਣੀ ਮਿਹਰ ਨਾਲ ਜਨਮਾਂ ਜਨਮਾਂ ਤੋਂ ਭਟਕ ਰਹੇ ਉਸ ਪ੍ਰਾਣੀ ਨੂੰ ਜਨਮ-ਮਰਨ ਦੇ ਗੇੜ ਵਿਚੋਂ ਕੱਢ ਕੇ ਆਪਣੇ ਨਾਲ ਮਿਲਾ ਲੈਂਦਾ ਹੈ ਅਤੇ ਹੇ ਨਾਨਕ, ਉਸ ਪਰਮਾਤਮਾ ਨੂੰ ਮਿਲਦੇ ਸਾਰ ਹੀ ਜੀਵ ਨੂੰ ਬੇਅੰਤ ਸੁੱਖ ਅਤੇ ਆਨੰਦ ਦੀ ਪ੍ਰਾਪਤ ਹੋ ਜਾਂਦੇ ਹਨ ਤੇ ਇਸ ਜੀਵਨ ਦਾ ਮਾਨਸ ਜਨਮ ਵੀ ਸਫ਼ਲ ਹੋ ਜਾਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ,*
*ਫੋਨ:916-687-3536.*

### ਪੁਸਤਕ ਰਿਵੀਊ

**ਲੇਖਕ:ਸ਼ਿਵਚਰਨ ਜੱਗੀ 'ਕੁੱਸਾ'**
**ਪ੍ਰਕਾਸ਼ਕ:ਲਾਹੌਰ ਬੁੱਕ ਸ਼ਾਪ, ਲੁਧਿਆਣਾ**
**ਮੁੱਲ:200 ਰੁਪਏ, ਸਫ਼ੇ:304**

## ਨਾਵਲ 'ਸੱਜਰੀ ਪੈੜ ਦਾ ਰੇਤਾ'

### *ਇੰਗਲੈਂਡ ਦੀ ਸਮਾਜਿਕ ਅਤੇ ਸੱਭਿਆਚਾਰਕ ਜ਼ਿੰਦਗੀ ਦਾ ਯਥਾਰਥਵਾਦੀ ਚਿਤਰਨ*

'ਸੱਜਰੀ ਪੈੜ ਦਾ ਰੇਤਾ' ਇੰਗਲੈਂਡ ਦੀ ਸਮਾਜਿਕ ਅਤੇ ਸੱਭਿਆਚਾਰਕ ਜ਼ਿੰਦਗੀ ਦਾ ਯਥਾਰਥਵਾਦੀ ਚਿਤਰਨ ਪੇਸ਼ ਕਰਨ ਵਾਲਾ ਨਾਵਲ ਹੈ ਜਿਸ ਵਿਚ ਲੇਖਕ ਨੇ ਪ੍ਰਵਾਸੀਆਂ ਦੀ ਬਰਤਾਨੀਆ ਵਿਚ ਜੰਮੀ-ਪਲੀ ਔਲਾਦ ਦੇ ਆਪਣੇ ਮਾਪਿਆਂ ਪ੍ਰਤੀ ਵਤੀਰੇ ਅਤੇ ਉਥੋਂ ਦੇ ਸੱਭਿਆਚਾਰਕ ਸਰੋਕਾਰਾਂ ਕਾਰਨ ਉਪਜੇ ਦਵੰਦਾਂ ਨੂੰ ਰੁਮਾਂਚਿਕ ਸ਼ੈਲੀ ਰਾਹੀਂ ਰੂਪਮਾਨ ਕੀਤਾ ਹੈ।

ਨਾਵਲ ਦੀ ਨਾਇਕਾ ਪੰਜਾਬ ਦੇ ਪੇਂਡੂ ਖੇਤਰ ਵਿਚੋਂ ਇੰਗਲੈਂਡ ਗਈ ਹਨਿੰਦਰ (ਹਨੀ) ਹੈ ਜਿਸ ਦੀ ਜੀਵਨ ਗਾਥਾ ਨੂੰ ਰੁਮਾਂਸ ਦੀ ਚਾਸ਼ਨੀ ਦੇ ਕੇ ਇਸ ਨਾਵਲ ਦੀ ਸਿਰਜਣਾ ਕੀਤੀ ਗਈ ਹੈ। ਹਨੀ ਦੇ ਗੁਆਂਢ ਵਿਚ ਰਹਿੰਦੀ 21-22 ਵਰ੍ਹਿਆਂ ਦੀ ਇੰਗਲੈਂਡ ਦੀ ਧਰਤੀ 'ਤੇ ਜੰਮੀ ਸੀਤਲ ਨਾਂ ਦੀ ਮੁਟਿਆਰ ਇਸ ਨਾਵਲ ਦਾ ਇਕ ਹੋਰ ਪਾਤਰ ਹੈ ਜੋ ਆਪਣੇ ਮਾਂ-ਬਾਪ ਤੋਂ ਬਾਹਰੀ ਹੋ ਕੇ ਆਪਣੇ ਨਾਲ ਕਾਲਜ ਵਿਚ ਪੜ੍ਹਦੇ ਇਮਰਾਨ ਨਾਂ ਦੇ ਮੁਸਲਮਾਨ ਲੜਕੇ ਦੇ




ਪਿਆਰ ਵਿਚ ਪਾਗਲ ਹੋ ਕੇ ਅਜਿਹਾ ਕੁਝ ਕਰਦੀ ਹੈ ਜੋ ਸਾਡੇ ਸਮਾਜ ਵਿਚ ਵਰਜਿਤ ਹੈ। ਇਮਰਾਨ ਸੀਤਲ ਨੂੰ ਵਿਆਹ ਕਰਵਾਉਣ ਲਈ ਪਾਕਿਸਤਾਨ ਲੈ ਜਾਂਦਾ ਹੈ ਤੇ ਉਸ ਨੂੰ ਧੋਖਾ ਦੇ ਕੇ ਵੇਸਵਾਵਾਂ ਦੇ ਕੋਠੇ 'ਤੇ ਛੱਡ ਕੇ ਦੌੜ ਜਾਂਦਾ ਹੈ, ਜਿਥੇ ਉਹ ਨਰਕ ਭਰਿਆ ਜੀਵਨ ਜਿਉਂਦੀ ਹੈ। ਉਸ ਦੇ 'ਕੋਠੇ' ਵਾਲੇ ਜੀਵਨ ਨੂੰ ਨਾਵਲਕਾਰ ਨੇ ਅਤਿ ਰੋਚਕ ਅਤੇ ਯਥਾਰਥਵਾਦੀ ਸ਼ੈਲੀ ਵਿਚ ਪੇਸ਼ ਕੀਤਾ ਹੈ।

ਸ਼ਿਵਚਰਨ ਜੱਗੀ ਕੁੱਸਾ ਵਿਲੱਖਣ ਸ਼ੈਲੀ ਦਾ ਮਾਲਕ ਹੈ। ਉਸ ਨੂੰ ਲੋਕ ਮੁਹਾਵਰੇ ਅਤੇ ਲੋਕ ਸੱਭਿਆਚਾਰ ਦੀ ਪਛਾਣ ਹੈ। ਉਹ ਆਪਣੀ ਸ਼ੈਲੀ ਵਿਚ ਅਜਿਹੇ ਲੋਕ ਟੋਟਕਿਆਂ ਦੀ ਵਰਤੋਂ ਕਰਦਾ ਹੈ, ਜੋ ਪਾਠਕ ਦੇ ਧੁਰ ਅੰਦਰ ਤੱਕ ਅਨੂਠਾ ਰਸ ਘੋਲ ਦਿੰਦੇ ਹਨ। ਆਸ ਹੈ ਵਿਲੱਖਣ ਸ਼ੈਲੀ ਵਿਚ ਰਚਿਆ ਇਹ ਨਾਵਲ ਪੰਜਾਬੀ ਪਾਠਕ ਬੜੀ ਦਿਲਚਸਪੀ ਨਾਲ ਪੜ੍ਹਨਗੇ।

*-ਸੁਖਦੇਵ ਮਾਦਪੁਰੀ*

# ਗੰਦੀ ਔਲਾਦ ਕਰਕੇ ਭੁਗਤਣ ਵਾਲੀ ਭਾਰਤ ਮਾਂ

## ਸਿਆਸਤ ਦਾ ਪਿੜ

**ਭਾਰਤ ਮਾਂ, ਸਾਹਿਰ ਲੁਧਿਆਣਵੀ ਨੇ ਕਦੇ ਤਾਜ ਮਹੱਲ ਬਾਰੇ ਇਹ ਕਿਹਾ ਸੀ ਕਿ 'ਏਕ ਸ਼ਹਿਨਸ਼ਾਹ ਨੇ ਦੌਲਤ ਕਾ ਸਹਾਰਾ ਲੇ ਕਰ, ਹਮ ਗਰੀਬੋਂ ਕੀ ਮੁਹੱਬਤ ਕਾ ਉੜਾਇਆ ਹੈ ਮਜ਼ਾਕ'। ਅੱਜ ਸਾਨੂੰ ਕਹਿਣਾ ਪੈ ਰਿਹਾ ਹੈ ਕਿ ਭਾਵੇਂ ਭਾਜਪਾ ਦਾ ਨਿਤਿਨ ਗਡਕਰੀ ਹੋਵੇ ਤੇ ਭਾਵੇਂ ਦਿੱਲੀ ਦੇ ਇੱਕ ਕਾਂਗਰਸੀ ਅਤੇ ਇੱਕ ਬਸਪਾ ਵਾਲੇ ਆਗੂ ਦੀ ਕੁੜਮਾਚਾਰੀ, ਦੋਵਾਂ ਵਿਆਹਾਂ ਨੇ ਉਨ੍ਹਾਂ ਆਮ ਲੋਕਾਂ ਦਾ ਮਜ਼ਾਕ ਉਡਾ ਦਿੱਤਾ ਹੈ, ਜਿਹੜੇ ਅੱਜ ਵੀ ਧਰੇਕ ਦੀ ਛਾਂਵੇਂ ਕੁੜੀ ਦੇ ਫੇਰੇ ਦੇ ਦੇਂਦੇ ਹਨ।**

**ਜਤਿੰਦਰ ਪਨੂੰ**

ਹੇ ਪਿਆਰੀ ਭਾਰਤ ਮਾਂ! ਕਦੇ ਤੂੰ 'ਸੋਨੇ ਦੀ ਚਿੜੀ' ਹੁੰਦੀ ਸੀ, ਤੇ ਓਦੋਂ ਹੁੰਦੀ ਸੀ, ਜਦੋਂ ਹਾਲੇ ਅੱਧੇ ਤੋਂ ਵੱਧ ਦੁਨੀਆਂ ਵਾਲੇ ਤਨ ਢੱਕਣਾ ਨਹੀਂ ਸਨ ਜਾਣਦੇ, ਜੰਗਲਾਂ ਵਿਚ ਨੰਗੇ ਫਿਰਦੇ ਹੁੰਦੇ ਸਨ। ਓਦੋਂ ਦੁਨੀਆਂ ਭਰ ਵਿਚੋਂ ਲੁਟੇਰਿਆਂ ਦੇ ਲਸ਼ਕਰ ਤੇਰੇ ਵੱਲ ਬੁਰੀ ਨਜ਼ਰ ਨਾਲ ਵੇਖ ਕੇ ਹਮਲੇ ਕਰਨ ਲੱਗ ਪਏ ਸਨ। ਉਹ ਆਉਂਦੇ ਤੇ ਲੁੱਟ ਕੇ ਮੁੜ ਜਾਂਦੇ ਸਨ, ਤੇਰੇ ਪੁੱਤਰਾਂ ਤੋਂ ਆਪਣਾ ਘਰ ਨਹੀਂ ਸੀ ਸੰਭਾਲਿਆ ਜਾ ਸਕਿਆ। ਏਥੇ ਪ੍ਰਿਥਵੀ ਰਾਜ ਚੌਹਾਨਾਂ ਅਤੇ ਜੈ ਚੰਦਾਂ ਦੀ ਲੜਾਈ ਬਾਹਰਲਿਆਂ ਦਾ ਕੰਮ ਸੌਖਾ ਕਰ ਦੇਂਦੀ ਸੀ। ਸਦੀਆਂ ਲੰਘ ਜਾਣ ਪਿੱਛੋਂ ਵੀ ਪ੍ਰਿਥਵੀ ਰਾਜ ਚੌਹਾਨ ਤਾਂ ਤੇਰਾ ਵਤਨਪ੍ਰਸਤ ਪੁੱਤਰ ਮੰਨਿਆ ਜਾਂਦਾ ਹੈ, ਜੈ ਚੰਦ ਦੇ ਸਿਰੋਂ ਗੱਦਾਰੀ ਦਾ ਫੱਟਾ ਨਹੀਂ ਲੱਥ ਸਕਿਆ। ਉਂਜ ਉਹ ਦੋਵੇਂ ਸਕੀ ਮਾਸੀ ਦੇ ਪੁੱਤਰ ਸਨ। ਕਦੇ ਕਿਸੇ ਨੇ ਇਹ ਨਹੀਂ ਸੋਚਿਆ ਕਿ ਜੈ ਚੰਦ ਗੱਦਾਰੀ ਦੇ ਰਾਹ ਪਿਆ ਕਿਉਂ ਸੀ? ਇਸ ਲਈ ਕਿ ਉਸ ਦੀ ਧੀ ਦਾ ਵਿਆਹ ਹੋਣਾ ਸੀ ਤੇ ਭਰੇ ਪੰਡਾਲ ਵਿਚੋਂ ਕੁੜੀ ਨੂੰ ਜੈ ਚੰਦ ਦਾ ਮਾਸੀ ਦਾ ਪੁੱਤ ਪ੍ਰਿਥਵੀ ਰਾਜ ਚੌਹਾਨ ਧੱਕੇ ਨਾਲ ਚੁੱਕ ਕੇ ਲੈ ਗਿਆ ਸੀ। 'ਹਰਖ ਦਾ ਮਾਰਿਆ ਨਰਕ ਨੂੰ ਜਾਵੇ' ਦੇ ਹਾਲ ਵਿਚ ਜੈ ਚੰਦ ਬਦਲਾ ਲੈਣ ਲਈ ਬਾਹਰਲੀ ਤਾਕਤ ਨਾਲ ਜੁੜ ਕੇ ਪਹਿਲਾਂ ਮਸੇਰ ਦੀ ਮੌਤ ਦਾ ਕਾਰਨ ਬਣਿਆ ਤੇ ਫਿਰ ਆਪ ਵੀ ਮਾਰਿਆ ਗਿਆ ਸੀ। ਓਦੋਂ ਤੋਂ ਤਬਾਹੀ ਦੇ ਰਾਹ ਪਿਆ 'ਗਣ', ਯਾਨਿ 'ਲੋਕਾਂ ਦੀ ਰਾਏ ਦਾ ਰਾਜ' ਅੱਜ ਤੱਕ ਲੀਹ ਉਤੇ ਨਹੀਂ ਆ ਸਕਿਆ, ਤੇ ਹਾਲੇ ਆਉਂਦਾ ਵੀ ਨਹੀਂ ਜਾਪਦਾ।

ਭਾਰਤ ਮਾਂ ਇਸ ਕਰ ਕੇ 'ਸੋਨੇ ਦੀ ਚਿੜੀ' ਅਖਵਾਉਂਦੀ ਸੀ ਕਿ ਇਸ ਕੋਲ ਦੌਲਤ ਦੇ ਅੰਬਾਰ ਸਨ ਪਰ ਇਹ ਅੰਬਾਰ ਆਮ ਆਦਮੀ ਦੇ ਕੋਲ ਨਹੀਂ ਸਨ। ਦੌਲਤ ਆਮ ਆਦਮੀ ਕੋਲ ਕਦੇ ਹੁੰਦੀ ਹੀ ਨਹੀਂ। ਇਹ ਓਦੋਂ ਵੀ ਸ਼ਕਤੀਸ਼ਾਲੀ ਰਾਜਿਆਂ ਕੋਲ ਜਾਂ ਉਨ੍ਹਾਂ ਨੂੰ ਸ਼ਕਤੀ ਦਾ ਵਰ ਦੇਣ ਵਾਲੇ ਸ਼ਰਧਾ ਦੇ ਕੇਂਦਰਾਂ ਵਿਚ ਪਈ ਹੁੰਦੀ ਸੀ। ਜਦੋਂ ਬਾਹਰੀ ਲੁਟੇਰੇ ਆਉਂਦੇ ਸਨ, ਦੌਲਤ ਨਾਲ ਐਸ਼ ਕਰਨ ਵਾਲੇ ਰਾਜਸੀ ਅਤੇ ਧਾਰਮਿਕ ਤਖਤਾਂ ਦੇ ਸਵਾਮੀ ਇਹ ਸੋਚ ਕੇ ਨੀਵੀਂ ਪਾ ਲੈਂਦੇ ਸਨ ਕਿ ਲੜਨ ਦੀ ਲੋੜ ਨਹੀਂ, ਜੇ ਇਹ ਲੈ ਵੀ ਜਾਣਗੇ ਤਾਂ ਲੋਕਾਂ ਤੋਂ ਹੋਰ ਬਥੇਰੀ ਦੌਲਤ ਫਿਰ ਸਾਡੇ ਕੋਲ ਆ ਜਾਣੀ ਹੈ। ਕਈ ਤਾਂ ਲੁਟੇਰਿਆਂ ਦੇ ਨਾਲ ਵੀ ਰਲ ਜਾਂਦੇ ਹੋਣਗੇ।

ਸਦੀਆਂ ਬੀਤ ਗਈਆਂ, ਸਮੇਂ ਬਦਲ ਗਏ ਪਰ ਭਾਰਤ ਮਾਂ ਦਾ ਨਸੀਬਾ ਨਹੀਂ ਬਦਲਿਆ। ਇੰਜ ਲੱਗਦਾ ਹੈ ਕਿ ਇਹ ਉਨੀ-ਇੱਕੀ ਦੇ ਫੇਰ-ਬਦਲ ਨਾਲ ਹਾਲੇ ਵੀ ਪੁਰਾਣੇ ਕਿੱਸੇ ਹੀ ਦੁਹਰਾਈ ਜਾ ਰਹੀ ਹੈ। ਅੱਜ ਵੀ ਭਾਰਤ ਦੇ ਪੱਲੇ ਏਨੀ ਦੌਲਤ ਹੈ ਕਿ ਉਸ ਦੇ ਲੇਖੇ ਇਸ ਦੇ ਆਪਣੇ ਖਾਤਿਆਂ ਵਿਚ ਹੀ ਨਹੀਂ, ਦੂਰ ਦੂਜੇ ਦੇਸ਼ਾਂ ਦੇ ਬੈਂਕਾਂ ਵਿਚ ਵੀ ਗਿਣੇ ਜਾਣ ਤੋਂ ਪਰੇ ਪਹੁੰਚੇ ਹੋਏ ਹਨ। ਜਿਸ ਭਾਰਤ ਵਿਚ ਅਖਾਣ ਸੀ ਕਿ 'ਚੋਰੀ ਲੱਖ ਦੀ ਵੀ ਹੁੰਦੀ ਹੈ ਤੇ ਕੱਖ ਦੀ ਵੀ', ਉਸ ਵਿਚ ਅੱਜ ਇੱਕ ਜੱਜ ਨੂੰ ਇਹ ਕਹਿ ਕੇ ਬੋਫੋਰਜ਼ ਤੋਪ ਵਾਲਾ ਕੇਸ ਬੰਦ ਕਰਨਾ ਪੈ ਗਿਆ ਕਿ ਚੌਹਠ ਕਰੋੜ ਰੁਪਏ ਦੇ ਘਾਲੇ-ਮਾਲੇ ਨੇ ਢਾਈ ਸੌ ਕਰੋੜ, ਆਪਣੀ ਔਕਾਤ ਨਾਲੋਂ ਚਾਰ ਗੁਣੇ, ਹੋਰ ਖਾ ਲਏ ਹਨ, ਤੇ ਲੱਭਦਾ ਕੁਝ ਹੈ ਨਹੀਂ, ਇਸ ਲਈ ਇਸ ਨੂੰ ਬੰਦ ਕਰ ਦੇਣਾ ਠੀਕ ਰਹੇਗਾ। ਇਹ ਇੱਕ ਸ਼ੁਰੂਆਤ ਹੈ। ਅਗਲੇ ਸਾਲਾਂ ਵਿਚ ਜੱਜ ਇਹ ਵੀ ਕਹਿ ਸਕਦੇ ਹਨ ਕਿ ਪਿਛਲਿਆਂ ਦਾ ਖੁਰਾ ਲੱਭਾ ਨਹੀਂ, ਨਵਿਆਂ ਦਾ ਲੱਭਣਾ ਨਹੀਂ, ਜਿਹੜੇ ਕੇਸ ਦੇ ਪੱਕੇ ਸਬੂਤ ਹੋਣ, ਉਹ ਲੈ ਕੇ ਆ ਜਾਵੋ, ਤੇ ਬਾਕੀਆਂ ਦੀ ਫਾਈਲ ਓਥੇ ਹੀ ਬੰਦ ਕਰ ਦਿਆ ਕਰੋ, ਅਦਾਲਤਾਂ ਨੂੰ ਹੋਰ ਵੀ ਸੌ ਕੰਮ ਹਨ। ਇਨ੍ਹਾਂ 'ਹੋਰ' ਸੌ ਕੰਮਾਂ ਵਿਚ ਕੋਈ ਜਸਟਿਸ ਨਿਰਮਲ ਯਾਦਵ ਦਿੱਲੀ ਦੇ ਕਿਸੇ ਵਪਾਰੀ ਤੋਂ ਚਾਰ ਕੁ ਛਿੱਲੜ (ਉਨ੍ਹਾਂ ਦੀ ਗਿਣਤੀ ਵਿਚ 'ਪੰਦਰਾਂ ਲੱਖ ਰੁਪਏ' ਵੀ ਏਨੇ ਕੁ ਹੁੰਦੇ ਹਨ) ਮੰਗਾ ਕੇ ਕੋਈ ਜਾਇਦਾਦ ਉਸ ਹਿਮਾਚਲ ਪ੍ਰਦੇਸ਼ ਵਿਚ ਖਰੀਦ ਸਕਦਾ ਹੈ, ਜਿਸ ਵਿਚ ਓਦਾਂ ਬਾਹਰ ਦੇ ਲੋਕਾਂ ਨੂੰ ਖਰੀਦਣ ਦੀ ਆਗਿਆ ਨਹੀਂ ਹੁੰਦੀ। ਕੋਈ ਜਸਟਿਸ ਬਾਲਾਕ੍ਰਿਸ਼ਨਨ ਭਾਰਤ ਦੀ ਨਿਆਂਪਾਲਿਕਾ ਦਾ ਮੁਖੀ ਬਣ ਕੇ ਆਪਣੇ ਦੋ ਜਵਾਈਆਂ ਅਤੇ ਦੋ ਭਾਈਆਂ ਨੂੰ ਕੱਖਪਤੀ ਤੋਂ ਲੱਖਪਤੀ ਨਹੀਂ, ਦਿਨਾਂ ਵਿਚ ਕਰੋੜਪਤੀ ਬਣਨ ਵਿਚ ਮਦਦ ਕਰ ਸਕਦਾ ਹੈ। ਭਾਰਤ ਦੀ ਸਭ ਤੋਂ ਵੱਡੀ ਅਦਾਲਤ ਦੇ ਜੱਜ ਸਾਹਿਬਾਨ ਇਹ ਠੀਕ ਫੈਸਲਾ ਕਰ ਸਕਦੇ ਹਨ ਕਿ ਇੱਕ ਦਾਗੀ ਬੰਦਾ ਜੇ ਦੇਸ਼ ਦਾ ਮੁੱਖ ਚੌਕਸੀ ਕਮਿਸ਼ਨਰ ਲਾਇਆ ਹੈ ਤਾਂ ਉਸ ਦੀ ਨੌਕਰੀ ਉਤੇ ਕਾਟਾ ਮਾਰ ਦਿੱਤਾ ਜਾਵੇ ਪਰ ਉਹ ਇੱਕ ਕੰਮ ਹੋਰ ਕਰ ਸਕਦੇ ਹੁੰਦੇ ਵੀ ਨਹੀਂ ਕਰਦੇ ਕਿ ਜਸਟਿਸ ਨਿਰਮਲ ਯਾਦਵ ਨੂੰ ਉਸ ਦੇ ਕੇਸ ਦਾ ਫੈਸਲਾ ਹੋਣ ਤੱਕ ਅਦਾਲਤ ਦਾ ਕੰਮ ਕਰਨ ਤੋਂ ਰੋਕ ਦੇਣ। ਨਤੀਜੇ ਵਜੋਂ ਭ੍ਰਿਸ਼ਟਾਚਾਰ ਦੇ ਕੇਸ ਵਿਚ ਫਸੀ ਹੋਈ ਜੱਜ ਬੀਬੀ ਦੂਜੇ ਲੋਕਾਂ ਦੇ ਭ੍ਰਿਸ਼ਟਾਚਾਰ ਸਮੇਤ ਸਾਰੇ ਕੇਸ ਸੁਣਦੀ ਅਤੇ 'ਫੈਸਲੇ' ਸੁਣਾਉਣ ਲੱਗੀ ਰਹਿੰਦੀ ਹੈ।

ਉਂਜ ਭਾਰਤ ਮਾਂ ਦੀ ਗੋਦ ਦਾ ਨਿੱਘ ਮਾਣਨ ਵਾਲੇ ਲੋਕਾਂ ਵਿਚ ਲਾਲੂ ਪ੍ਰਸਾਦ ਵੀ ਹੈ, ਜਿਸ ਨੇ ਇੱਕ ਹਜ਼ਾਰ ਕਰੋੜ ਰੁਪਏ ਦੇ ਚਾਰਾ ਘੋਟਾਲੇ ਵਿਚ ਬਦਨਾਮੀ ਪੱਲੇ ਪੁਆ ਲਈ ਸੀ ਪਰ ਹੁਣ ਉਹ ਕਿਸੇ ਗਿਣਤੀ ਵਿਚ ਹੀ ਨਹੀਂ। ਗਿਣਤੀ ਵਿਚ ਨਾ ਹੋਣ ਦਾ ਮਤਲਬ ਇਹ ਨਹੀਂ ਕਿ ਉਹ ਰਾਜ-ਭਾਗ ਤੋਂ ਦੂਰ ਹੈ, ਸਗੋਂ ਇਹ ਹੈ ਕਿ ਉਸ ਨਾਲੋਂ ਵੱਡੇ ਘਪਲੇ-ਘੱਪ ਜੰਮ ਪਏ ਹਨ। ਅਕਬਰ ਨੇ ਲਕੀਰ ਖਿੱਚ ਕੇ ਬੀਰਬਲ ਨੂੰ ਕਿਹਾ ਸੀ ਕਿ ਇਸ ਨੂੰ ਏਧਰੋਂ-ਓਧਰੋਂ ਛੇੜਨ ਬਿਨਾ ਛੋਟੀ ਕਰ ਕੇ ਵਿਖਾ। ਬੀਰਬਲ ਨੇ ਗਿੱਠ ਲੰਮੀ ਲਕੀਰ ਲਾਗੇ ਦੋ ਗਿੱਠਾਂ ਲੰਮੀ ਲਕੀਰ ਖਿੱਚ ਦਿੱਤੀ ਸੀ। ਜਿਵੇਂ ਅਕਬਰ ਦੀ ਲਕੀਰ ਬੀਰਬਲ ਵਾਲੀ ਦੇ ਸਾਹਮਣੇ ਛੋਟੀ ਹੋ ਗਈ ਸੀ, ਲਾਲੂ ਦਾ ਇੱਕ ਹਜ਼ਾਰ ਵਾਲਾ ਮਾਮਲਾ ਵੀ ਗਰੀਬ ਲੋਕਾਂ ਅਤੇ ਅਮੀਰ ਆਗੂਆਂ ਵਾਲੇ ਰਾਜ ਝਾਰਖੰਡ ਦੇ ਮੁੱਖ ਮੰਤਰੀ ਮਧੂ ਕੋਡਾ ਨੇ ਇੱਕੋ ਵਾਰ ਚਾਰ ਹਜ਼ਾਰ ਕਰੋੜ ਦਾ ਕਲੰਕ ਖੱਟ ਕੇ ਛੋਟਾ ਕਰ ਦਿੱਤਾ ਸੀ।

ਫਿਰ ਮਹਾਂਰਾਸ਼ਟਰ ਵਾਲੇ ਮੁੱਖ ਮੰਤਰੀ ਅਸ਼ੋਕ ਚਵਾਨ, ਕਰਨਾਟਕਾ ਵਾਲੇ ਯੇਦੂਰੱਪਾ ਅਤੇ ਕਈ ਹੋਰਨਾਂ ਨੇ ਲਾਲੂ ਨੂੰ ਬੌਣਾ ਕਰ ਛੱਡਿਆ। ਰਾਜਸਥਾਨ ਦੀ ਮੁੱਖ ਮੰਤਰੀ ਹੁੰਦਿਆਂ ਭਾਜਪਾ ਦੀ ਬੀਬੀ ਵਸੁੰਧਰਾ ਰਾਜੇ ਨੇ ਬਾਈ ਹਜ਼ਾਰ ਕਰੋੜ ਰੁਪਏ ਦਾ ਹੇਰ-ਫੇਰ ਕੀਤਾ ਹੋਣ ਦਾ ਦੋਸ਼ ਕਿਸੇ ਬਾਹਰ ਦੇ ਬੰਦੇ ਨੇ ਨਹੀਂ, ਭਾਜਪਾ ਦੇ ਆਪਣੇ ਮਰਹੂਮ ਆਗੂ ਅਤੇ ਸਾਬਕਾ ਉਪ ਰਾਸ਼ਟਰਪਤੀ ਭੈਰੋਂ ਸਿੰਘ ਸ਼ੇਖਾਵਤ ਨੇ ਲਾਇਆ ਸੀ। ਪਾਰਟੀ ਵਿਚ ਧਮੱਚੜ ਪਿਆ ਤਾਂ ਬੀਬੀ ਕੋਲੋਂ ਵਿਰੋਧੀ ਧਿਰ ਦੇ ਆਗੂ ਦੀ ਪਦਵੀ ਛੁਡਾ ਲਈ ਗਈ ਪਰ ਦੋ ਸਾਲ ਲੰਘ ਗਏ, ਉਸ ਦੀ ਥਾਂ ਕੋਈ ਉਸ ਕੁਰਸੀ ਉਤੇ ਬੈਠਣ ਦਾ ਹੌਸਲਾ ਨਹੀਂ ਸੀ ਕਰ ਸਕਿਆ ਤੇ 'ਵੱਖਰੀ ਨਿਆਰੀ ਪਾਰਟੀ' ਭਾਜਪਾ ਨੂੰ ਓਹੋ ਬੀਬੀ ਫਿਰ ਉਸੇ ਕੁਰਸੀ 'ਤੇ ਬਿਠਾਉਣੀ ਪੈ ਗਈ ਹੈ।

ਲੀਡਰਾਂ ਨੂੰ ਛੱਡ ਦੇਈਏ, ਇਨ੍ਹਾਂ ਦਾ ਤਾਂ ਹੁਣ ਕੋਈ ਦੀਨ-ਈਮਾਨ ਹੀ ਨਹੀਂ ਰਹਿ ਗਿਆ ਜਾਪਦਾ ਪਰ ਜਿਹੜੇ ਕਾਰਖਾਨੇਦਾਰ ਇਹ ਕਹਿੰਦੇ ਹਨ ਕਿ ਉਹ ਦੇਸ਼ ਦੀ ਤਰੱਕੀ ਲਈ ਅਮਿਣਵਾਂ ਯੋਗਦਾਨ ਪਾ ਰਹੇ ਹਨ, ਇਸ ਕਰ ਕੇ ਉਨ੍ਹਾਂ ਨੂੰ ਪਦਮ ਭੂਸ਼ਣ ਅਤੇ ਕਈ ਹੋਰ ਖਿਤਾਬ ਦਿੱਤੇ ਜਾਂਦੇ ਹਨ, ਉਨ੍ਹਾਂ ਦਾ ਪੱਲਾ ਵੀ ਸਾਫ ਨਹੀਂ। ਇੱਕ ਵੱਡਾ ਨਾਂ ਹੁੰਦਾ ਸੀ ਰਤਨ ਟਾਟਾ ਦਾ, ਜਿਸ ਨੇ 'ਤਰਸ ਕਰ ਕੇ ਗਰੀਬ ਆਦਮੀ ਲਈ' ਸਸਤੀ ਕਾਰ ਬਣਾਈ ਸੀ। ਇਹ ਤਰਸ ਦੀ ਗੱਲ ਨਹੀਂ ਸੀ, ਅੰਦਾਜ਼ਾ ਸੀ ਕਿ ਗਰੀਬ ਐਨੇ ਕੁ ਪੈਸੇ ਖਰਚ ਸਕਦਾ ਹੈ, ਮਾਲ ਵਾਹਵਾ ਵਿਕ ਜਾਵੇਗਾ ਤੇ ਫਿਰ ਕਮਾਈ ਵੀ ਚੋਖੀ ਹੋ ਜਾਵੇਗੀ। ਉਹ ਵੀ ਸਾਰੀ ਉਮਰ ਇਮਾਨਦਾਰੀ ਦੀਆਂ ਫੜ੍ਹਾਂ ਮਾਰਦਾ ਰਿਹਾ ਪਰ ਜਦੋਂ ਸਾਬਕਾ ਮੰਤਰੀ ਏ. ਰਾਜਾ ਵਾਲਾ ਸਪੈਕਟਰਮ ਦਾ ਸਿਆਪਾ ਪਿਆ ਤਾਂ ਇੱਕ ਦਲਾਲੀ ਕਰਨ ਵਾਲੀ ਬੀਬੀ ਨੀਰਾ ਰਾਡੀਆ ਨਾਲ ਉਸ ਦੀਆਂ ਟੈਲੀਫੋਨ ਉਤੇ ਕੀਤੀਆਂ ਗੱਲਾਂ ਨੇ ਗੰਢੇ ਦੀਆਂ ਛਿੱਲਾਂ ਲਾਹ ਦਿੱਤੀਆਂ। ਹੁਣ ਉਹ ਕਹਿ ਰਿਹਾ ਹੈ ਕਿ 'ਮੇਰੀ ਨਿੱਜਤਾ ਦਾ ਸਵਾਲ ਹੈ, ਉਹ ਟੇਪਾਂ ਜ਼ਾਹਰ ਹੋਣ ਤੋਂ ਰੋਕੀਆਂ ਜਾਣ।' ਇੱਕ ਹੋਰ ਅੰਬਾਨੀ ਘਰਾਣੇ ਵਾਲਾ ਛੋਟਾ ਮੁੰਡਾ ਇਸ ਦੇਸ਼ ਦਾ ਦੂਜਾ ਵੱਡਾ ਪੂੰਜੀਪਤੀ ਕਈ ਸਾਲ ਬਣਿਆ ਰਿਹਾ, ਹੁਣ ਵੀ ਚੌਥੇ ਥਾਂ ਸੁਣੀਂਦਾ ਹੈ। ਪਿਛਲੇ ਦਿਨੀਂ ਆਪਣੀ



ਕੰਪਨੀ ਦੇ ਸਪੈਕਟਰਮ ਦੀ ਸਫਾਈ ਦੇਣ ਉਹ ਜਾਂਚ ਏਜੰਸੀ ਦੇ ਦਫਤਰ ਵਿਚ ਅਗਲੇ ਦਰਵਾਜ਼ੇ ਤੋਂ ਹੱਸਦਾ ਹੋਇਆ ਗਿਆ ਤੇ ਪਿਛਲੇ ਪਾਸਿਓਂ ਨੀਵੀਂ ਪਾ ਕੇ ਖਿਸਕਿਆ ਸੀ। ਏਦਾਂ ਦਾ ਇੱਕ ਹੋਰ ਹੈ, ਜਿਹੜਾ ਭੋਪਾਲ ਦੇ ਗੈਸ ਕਾਂਡ ਵਾਲੀ ਯੂਨੀਅਨ ਕਾਰਬਾਈਡ ਕੰਪਨੀ ਦਾ ਭਾਰਤ ਦਾ ਕਾਰ-ਮੁਖਤਾਰ ਸੀ। ਉਸ ਨੂੰ ਇਸ ਕੇਸ ਵਿਚ ਸਜ਼ਾ ਵੀ ਹੋ ਗਈ ਪਰ ਭਾਰਤ ਦਾ ਮੀਡੀਆ ਵੀ ਉਸ ਦੀ ਕੰਪਨੀ ਤੋਂ ਇਸ਼ਤਿਹਾਰ ਮਿਲਦੇ ਹੋਣ ਕਾਰਨ ਉਸ ਬਾਰੇ ਚੁੱਪ ਹੈ। ਮੀਡੀਆ ਹੁਣ ਚੋਰਾਂ ਦੇ ਮੂੰਹਾਂ ਉਤੋਂ ਨਕਾਬ ਲਾਹੁਣ ਦੀ ਥਾਂ ਇਸ਼ਤਿਹਾਰਾਂ ਦੇ ਰੂਪ ਵਿਚ ਆਪਣੀ ਹਿੱਸਾ-ਪੱਤੀ ਵਸੂਲ ਕੇ ਚੁੱਪ ਵੱਟ ਜਾਣ ਦੇ ਲਾਭ ਗਿਣਨੇ ਸਿੱਖ ਗਿਆ ਹੈ।

ਜਿਸ ਦੇਸ਼ ਵਿਚ ਜੱਜਾਂ ਦਾ ਇਹ ਹਾਲ ਹੈ, ਲੀਡਰਾਂ ਦਾ ਉਸ ਤੋਂ ਪਹਿਲਾਂ ਹੋ ਚੁੱਕਾ ਸੀ, ਕਾਰਖਾਨੇਦਾਰਾਂ ਦੀ ਕਰਤੂਤ ਵੀ ਕਿਸੇ ਤੋਂ ਲੁਕੀ ਹੋਈ ਨਹੀਂ, ਇਸੇ ਵਿਚ ਕਦੇ ਇੱਕ ਹਾਜੀ ਮਸਤਾਨ ਹੁੰਦਾ ਸੀ, ਫਿਰ ਇੱਕ ਦਾਊਦ ਦਾ ਨਾਂ ਚੱਲਦਾ ਰਿਹਾ ਅਤੇ ਅੱਜ ਕੱਲ੍ਹ ਇੱਕ ਹਸਨ ਅਲੀ ਦੀਆਂ ਧੁੰਮਾਂ ਪੈਂਦੀਆਂ ਹਨ। ਹਸਨ ਅਲੀ ਨਾਂ ਵਾਲੇ ਇਸ ਬੰਦੇ ਬਾਰੇ ਭਾਰਤ ਦੀ ਸਰਕਾਰ ਪਾਰਲੀਮੈਂਟ ਵਿਚ ਮੰਨ ਚੁੱਕੀ ਹੈ ਕਿ ਉਸ ਤੋਂ ਸੱਤਰ ਹਜ਼ਾਰ ਕਰੋੜ ਰੁਪਏ ਤਾਂ ਟੈਕਸਾਂ ਦੇ ਬਕਾਏ ਵਜੋਂ ਹੀ ਲੈਣੇ ਹਨ। ਟੈਕਸਾਂ ਦਾ ਬਕਾਇਆ ਤਾਂ ਜਾਣੇ ਜਾਂਦੇ ਕਾਰੋਬਾਰ ਦੇ ਹਿਸਾਬ ਤੋਂ ਗਿਣਿਆ ਜਾਂਦਾ ਹੈ, ਬਿਨਾਂ ਜਾਣੇ ਜਾਂਦੇ 'ਕਾਰੋਬਾਰ' ਦਾ ਇਸ ਤੋਂ ਕਈ ਗੁਣਾਂ ਵੱਧ ਹੋਵੇਗਾ। ਭਾਰਤ ਦਾ ਪਿਛਲੇ ਸਾਲ ਸਾਰੇ ਦੇਸ਼ਵਾਸੀਆਂ ਲਈ ਸਿਹਤ ਦਾ ਬਜਟ ਸਿਰਫ ਛੱਬੀ ਹਜ਼ਾਰ ਕਰੋੜ ਰੁਪਏ ਸੀ, ਜੇ ਹਸਨ ਅਲੀ ਤੋਂ ਇਹੋ 'ਬਕਾਇਆ' ਵਸੂਲ ਲਿਆ ਜਾਵੇ ਤਾਂ ਸਾਰੇ ਦੇਸ਼ ਦੇ ਲੋਕਾਂ ਨੂੰ ਢਾਈ ਕੁ ਸਾਲ ਸਿਹਤ ਦੀ ਸੇਵਾ ਦਿੱਤੀ ਜਾ ਸਕਦੀ ਹੈ। ਜਿਸ ਸਰਕਾਰ ਨੇ ਅਲੀ ਬਾਰੇ ਇਹ ਕਬੂਲ ਕੀਤਾ, ਉਸ ਨੇ ਕਬੂਲ ਕੇ ਵੀ ਉਸ ਨੂੰ ਢਾਈ ਸਾਲ ਤੱਕ ਕਿਸੇ ਦਫਤਰ ਵਿਚ ਆ ਕੇ ਪੇਸ਼ੀ ਭਰਨ ਨੂੰ ਨਹੀਂ ਸੀ ਕਿਹਾ। ਹੁਣ ਜਦੋਂ ਸੁਪਰੀਮ ਕੋਰਟ ਨੇ ਬਾਂਹ ਮਰੋੜੀ ਹੈ ਤਾਂ ਨੋਟਿਸ ਜਾਰੀ ਕਰਨ ਦੀ ਰਸਮ ਨਿਭਾ ਦਿੱਤੀ ਹੈ। ਇਹ ਵੀ ਰਸਮ ਹੈ, ਜਿਸ ਦੇ ਬਾਅਦ ਉਹ ਕਿਸੇ ਛੋਟੀ ਜਿਹੀ ਅਦਾਲਤ ਵਿਚ ਜਾ ਕੇ ਸਟੇਅ ਆਰਡਰ ਪ੍ਰਾਪਤ ਕਰ ਲਵੇਗਾ ਅਤੇ ਉਸ ਆਰਡਰ ਨੂੰ ਉਤਲੀ ਅਦਾਲਤ ਤੋਂ ਖਾਰਜ ਕਰਵਾਉਣ ਵਿਚ ਕਈ ਸਾਲ ਹੋਰ ਲੱਗ ਜਾਣਗੇ। ਪਿਛਲੇ ਸਾਲ ਵਿਚ ਉਸ ਦੇ ਚਾਰ ਖਾਤੇ ਸਵਿਟਜ਼ਰਲੈਂਡ ਦੇ ਬੈਂਕਾਂ ਵਿਚ ਚੱਲਦੇ ਹੋਣ ਦਾ ਪਤਾ ਲੱਗ ਗਿਆ ਤਾਂ ਕਿਸੇ ਨੇ ਕੋਈ ਕਾਰਵਾਈ ਨਹੀਂ ਸੀ ਕੀਤੀ ਤੇ ਹੁਣ ਉਸ ਨੇ ਉਹ ਚਾਰ ਖਾਤੇ ਬੰਦ ਕਰਵਾ ਲਏ ਹਨ। ਉਸ ਦੇ ਇਹੋ ਜਿਹੇ ਖਾਤੇ ਸੰਸਾਰ ਦੇ ਕਈ ਦੇਸ਼ਾਂ ਵਿਚ ਚੱਲੀ ਜਾਂਦੇ ਹਨ, ਜਿਨ੍ਹਾਂ ਦੀ ਚਰਚਾ ਚੱਲਦੀ ਹੈ, ਇਸ ਤੋਂ ਵੱਧ ਕੁਝ ਨਹੀਂ ਹੁੰਦਾ। ਆਖਰ ਉਹ ਹਸਨ ਅਲੀ ਹੈ। ਇੱਕ ਰਿਟਾਇਰ ਹੋ ਚੁੱਕਾ ਇਨਕਮ ਟੈਕਸ ਅਧਿਕਾਰੀ ਵਿਸ਼ਵ ਬੰਧੂ ਗੁਪਤਾ ਕੂਕ ਕੇ ਕਹਿ ਰਿਹਾ ਹੈ ਕਿ ਵਾਜਪਾਈ ਸਰਕਾਰ ਵੇਲੇ ਜਦੋਂ ਭਾਰਤੀ ਹਵਾਈ ਜਹਾਜ਼ ਅਗਵਾ ਕਰ ਕੇ ਕੰਧਾਰ ਨੂੰ ਲਿਜਾਇਆ ਗਿਆ ਸੀ, ਉਸ ਮਾਮਲੇ ਵਿਚ ਵੀ ਹਸਨ ਅਲੀ ਦੀ ਕੰਪਨੀ ਦੇ ਕੁਝ ਲੋਕ ਸ਼ਾਮਲ ਸਨ ਤੇ ਇਹ ਗੱਲ ਉਸ ਵਕਤ ਦੇ ਵਿਦੇਸ਼ ਮੰਤਰੀ ਜਸਵੰਤ ਸਿੰਘ ਨੂੰ ਵੀ ਪਤਾ ਹੈ। ਨਾ ਕੋਈ ਇਸ ਨੂੰ ਮੰਨਦਾ ਹੈ ਤੇ ਨਾ ਖੰਡਨ ਹੀ ਕਰਦਾ ਹੈ।

ਲੋਕਾਂ ਨੂੰ ਦੱਸਿਆ ਜਾਂਦਾ ਹੈ ਕਿ ਭਾਰਤ ਮਾਂ ਦੀ ਗੋਦ ਵਿਚ ਵੱਸਦੇ ਸਾਰੇ 'ਨਾਗਰਿਕ' ਬਰਾਬਰ ਦਾ ਦਰਜਾ ਰੱਖਦੇ ਹਨ। ਇਹ ਗੱਲ ਆਪਣੇ ਆਪ ਵਿਚ ਇੱਕ ਵੱਡਾ ਝੂਠ ਹੈ। ਪਹਿਲੀ ਗੱਲ ਤਾਂ ਇਹ ਕਿ ਸਾਰੇ ਲੋਕ 'ਨਾਗਰਿਕ' ਹੀ ਨਹੀਂ। 'ਨਾਗਰਿਕ' ਦਾ ਅਰਥ ਹੈ 'ਨਗਰ ਵਿਚ ਵੱਸਣ ਵਾਲਾ' ਪਰ ਜਿਹੜੇ ਜੰਗਲਾਂ ਵਿਚ ਵੀ ਆਪਣੀ ਝੌਂਪੜੀ ਬਚਾਉਣ ਲਈ ਲੜੀ ਜਾਂਦੇ ਹਨ, ਜਿਹੜੇ ਦਿੱਲੀ, ਮੁੰਬਈ ਵਰਗੇ ਮਹਾਂਨਗਰਾਂ ਦੇ ਗੰਦੇ ਨਾਲੇ ਕੰਢੇ ਆਪਣੀ ਝੁੱਗੀ ਵੱਲ ਆ ਰਹੇ ਬੁਲਡੋਜ਼ਰ ਅੱਗੇ ਲੰਮੇ ਪੈ ਕੇ ਪੁਲਿਸ ਦੀ ਕੁੱਟ ਖਾਂਦੇ ਹਨ, ਉਨ੍ਹਾਂ ਨੂੰ 'ਨਾਗਰਿਕ' ਜਾਂ 'ਨਗਰ ਦੇ ਵਾਸੀ' ਕਹਿ ਦੇਣਾ ਆਪਣੇ ਆਪ ਵਿਚ ਇੱਕ ਮਜ਼ਾਕ ਹੈ।

'ਨਾਗਰਿਕਾਂ' ਦੀਆਂ ਕਈ ਪੌੜੀਆਂ ਦੇ ਸਿਖਰ ਉਤੇ ਵੇਖੀਏ ਤਾਂ ਕੋਈ ਨਿਤਿਨ ਗਡਕਰੀ ਦਿਖਾਈ ਦੇਵੇਗਾ, ਜਿਸ ਨੇ ਆਪਣੀ ਔਲਾਦ ਦੇ ਵਿਆਹ ਉਤੇ ਡੇਢ ਸੌ ਕਰੋੜ ਰੁਪਏ ਖਰਚ ਕਰ ਕੇ ਸਾਰੇ ਭਾਰਤ ਦੇ ਲੋਕਾਂ ਦੀਆਂ ਅੱਖਾਂ ਚੁੰਧਿਆ ਦਿੱਤੀਆਂ ਸਨ। ਬਾਹਲੇ ਦਿਨ ਨਹੀਂ ਸੀ ਲੰਘ ਸਕੇ ਤੇ ਇਸ ਪੱਖੋਂ ਵੀ 'ਬੀਰਬਲ ਵਾਲੀ ਲਕੀਰ' ਵੱਜ ਗਈ ਸੀ। ਦਿੱਲੀ ਦੇ ਦੋ ਵੱਡੇ ਲੀਡਰਾਂ ਨੇ ਆਪੋ ਵਿਚ ਕੁੜਮਾਚਾਰੀ ਕੀਤੀ ਤਾਂ ਵਿਆਹ ਦਾ ਖਰਚ ਢਾਈ ਸੌ ਕਰੋੜ ਤੋਂ ਟੱਪ ਗਿਆ, ਜਿਸ ਵਿਚ ਲਾੜੇ ਨੂੰ ਦਿੱਤਾ ਗਿਆ ਪੰਜਤਾਲੀ ਕਰੋੜ ਰੁਪਏ ਦਾ ਹੈਲੀਕਾਪਟਰ ਵੀ ਸ਼ਾਮਲ ਸੀ ਤੇ ਇੱਕ ਮੰਦਰ ਨੂੰ ਦਿੱਤਾ ਗਿਆ ਇਕੱਤਰ ਲੱਖ ਰੁਪਏ ਦਾ ਦਾਨ ਵੀ। ਪਿਆਰੀ ਭਾਰਤ ਮਾਂ, ਇਹ ਦਾਨ ਦੇਣ ਵਾਲੇ ਉਹ ਲੋਕ ਹਨ, ਜਿਨ੍ਹਾਂ ਦੇ ਵੱਡਿਆਂ ਨੂੰ ਮੰਦਰਾਂ ਦੇ ਨੇੜਿਓਂ ਨਹੀਂ ਸੀ ਲੰਘਣ ਦਿੱਤਾ ਜਾਂਦਾ। ਭਾਰਤ ਮਾਂ, ਸਾਹਿਰ ਲੁਧਿਆਣਵੀ ਨੇ ਕਦੇ ਤਾਜ ਮਹੱਲ ਬਾਰੇ ਇਹ ਕਿਹਾ ਸੀ ਕਿ 'ਏਕ ਸ਼ਹਿਨਸ਼ਾਹ ਨੇ ਦੌਲਤ ਕਾ ਸਹਾਰਾ ਲੇ ਕਰ, ਹਮ ਗਰੀਬੋਂ ਕੀ ਮੁਹੱਬਤ ਕਾ ਉੜਾਇਆ ਹੈ ਮਜ਼ਾਕ'। ਅੱਜ ਸਾਨੂੰ ਕਹਿਣਾ ਪੈ ਰਿਹਾ ਹੈ ਕਿ ਭਾਵੇਂ ਭਾਜਪਾ ਦਾ ਨਿਤਿਨ ਗਡਕਰੀ ਹੋਵੇ ਤੇ ਭਾਵੇਂ ਦਿੱਲੀ ਦੇ ਇੱਕ ਕਾਂਗਰਸੀ ਅਤੇ ਇੱਕ ਬਸਪਾ ਵਾਲੇ ਆਗੂ ਦੀ ਕੁੜਮਾਚਾਰੀ, ਦੋਵਾਂ ਵਿਆਹਾਂ ਨੇ ਉਨ੍ਹਾਂ ਆਮ ਲੋਕਾਂ ਦਾ ਮਜ਼ਾਕ ਉਡਾ ਦਿੱਤਾ ਹੈ, ਜਿਹੜੇ ਅੱਜ ਵੀ ਧਰੇਕ ਦੀ ਛਾਂਵੇਂ ਕੁੜੀ ਦੇ ਫੇਰੇ ਦੇ ਦੇਂਦੇ ਹਨ।

ਪਿਆਰੀ ਭਾਰਤ ਮਾਂ, ਜਦੋਂ ਗੱਲ ਇਹ ਚੱਲੀ ਹੈ ਕਿ ਦੋ ਦੌਲਤਮੰਦ ਆਗੂਆਂ ਦੀ ਕੁੜਮਾਚਾਰੀ ਵੇਲੇ ਇੱਕ ਮੰਦਰ ਨੂੰ ਇਕੱਤਰ ਲੱਖ ਰੁਪਏ ਦਾ ਦਾਨ ਦਿੱਤਾ ਗਿਆ ਹੈ ਤਾਂ ਇਹ ਵੀ ਦੱਸ ਦੇਈਏ ਕਿ ਪਿਛਲੇ ਦਿਨੀਂ ਇੱਕ ਮੰਦਰ ਦੀ ਦੌਲਤ ਨੇ ਵੀ ਦੇਸ਼ ਦੇ ਲੋਕਾਂ ਦੀਆਂ ਅੱਖਾਂ ਚੁੰਧਿਆ ਦਿੱਤੀਆਂ ਹਨ। ਓਥੇ ਇੱਕ ਥਾਂ ਉਸਾਰੀ ਵੇਲੇ ਇੱਕ ਤਹਿਖਾਨੇ ਵਿਚੋਂ ਚਾਂਦੀ ਦੀਆਂ ਇੱਟਾਂ ਨਿਕਲੀਆਂ, ਜਿਹੜੀਆਂ ਚਾਰ ਸੌ ਕਰੋੜ ਰੁਪਏ ਦੀ ਕੀਮਤ ਦੀਆਂ ਦੱਸੀਆਂ ਗਈਆਂ ਹਨ। ਹਾਲੇ ਤਹਿਖਾਨੇ ਦੇ ਸਿਰਫ ਇੱਕ ਕਮਰੇ ਦਾ ਭੇਦ ਖੁੱਲ੍ਹਾ ਹੈ, ਓਥੇ ਇਹੋ ਜਿਹੇ ਕਈ ਕਮਰੇ ਦੱਸੇ ਜਾਂਦੇ ਹਨ, ਜਿਨ੍ਹਾਂ ਦੀ ਗਿਣਤੀ ਵੀ ਕਿਸੇ ਨੂੰ ਪਤਾ ਨਹੀਂ। ਜਿਸ ਕਮਰੇ ਦਾ ਭੇਦ ਖੁੱਲ੍ਹਾ, ਉਸ ਵਿਚ ਵੀ ਕਈ ਟਰੰਕਾਂ ਵਿਚੋਂ ਇੱਕ ਟਰੰਕ ਖਾਲੀ ਸੀ, ਜਾਂ ਸ਼ਾਇਦ ਖਾਲੀ ਕਰ ਦਿੱਤਾ ਗਿਆ ਸੀ। ਲੋਕ ਜਾਣਨਾ ਚਾਹੁੰਦੇ ਹਨ ਕਿ ਏਨਾ ਪੈਸਾ ਕਿੱਥੋਂ ਆਇਆ? ਜਾਣਨ ਦੀ ਲੋੜ ਨਹੀਂ, ਅੰਦਾਜ਼ਾ ਲਾ ਲਿਆ ਕਾਫੀ ਹੈ।

ਕਈ ਸਾਲ ਪਹਿਲਾਂ ਪੰਜਾਬ ਦੇ ਇੱਕ ਪਿੰਡ ਵਿਚ ਇੱਕ ਆਮ ਜਿਹੇ ਬੰਦੇ ਨੂੰ ਕਿਸੇ ਧਰਮ ਅਸਥਾਨ ਦਾ ਸੈਕਟਰੀ ਲਾ ਦਿੱਤਾ ਗਿਆ। ਬੰਦਾ ਇਮਾਨਦਾਰ ਸੀ ਪਰ ਲੋਕਾਂ ਨੂੰ ਹਜ਼ਮ ਨਹੀਂ ਸੀ ਹੁੰਦਾ। ਮੱਥਾ ਟੇਕਣ ਆਈ ਇੱਕ ਰਿਸ਼ਤੇਦਾਰ ਬੀਬੀ ਉਸ ਨੂੰ ਲੋਕਾਂ ਦੀ ਚਰਚਾ ਤੋਂ ਬਚ ਕੇ 'ਕਾਰੋਬਾਰ' ਕਰਨ ਦੀ ਸਮਝਾਉਣੀ ਦੇਣ ਲੱਗੀ। ਉਸ ਨੇ ਹੱਸ ਕੇ ਪੁੱਛਿਆ ਕਿ ਬੀਬੀ, 'ਤੇਰੇ ਗਿਲਾਸ ਵਿਚ ਕੀ ਹੈ?' ਬੀਬੀ ਨੇ ਦੱਸਿਆ, 'ਇਸ ਵਿਚ ਜਲ ਹੈ, ਇਸ ਧਰਮ ਅਸਥਾਨ ਤੋਂ ਮੱਥਾ ਟੇਕ ਕੇ ਲਿਆ ਹੈ।' ਉਸ ਨੇ ਦੂਜਾ ਸਵਾਲ ਪੁੱਛ ਲਿਆ, 'ਲੈ ਕੇ ਕੀ ਆਈ ਸੀ?' ਬੀਬੀ ਨੇ ਦੱਸ ਦਿੱਤਾ, 'ਦੁੱਧ ਲਿਆਈ ਸੀ ਗਿਲਾਸ ਵਿਚ।' ਉਹ ਹੱਸ ਕੇ ਬੋਲਿਆ, 'ਇਸ ਤੋਂ ਵਧੀਆ ਕਾਰੋਬਾਰ ਕਿਹੜਾ ਹੋ ਸਕਦਾ ਹੈ, ਜਿਸ ਵਿਚ ਲੋਕ ਦੁੱਧ ਦੇ ਜਾਂਦੇ ਹਨ ਤੇ ਪਾਣੀ ਲੈ ਕੇ ਮੁੜ ਜਾਂਦੇ ਹਨ?' ਧਰਮ ਅਸਥਾਨਾਂ ਵਿਚ ਵੀ ਕੋਈ ਐਵੇਂ ਚੜ੍ਹਾਵੇ ਨਹੀਂ ਚਾੜ੍ਹਦਾ। ਪਹਿਲਾਂ ਪਾਪ ਕਰਦੇ ਹਨ, ਜਦੋਂ ਕੀਤੇ ਪਾਪ ਡਰਾਉਣ ਤਾਂ ਮੱਥੇ ਰਗੜਨ ਤੁਰ ਜਾਂਦੇ ਹਨ। ਕਾਰੋਬਾਰ ਵਾਹਵਾ ਕਮਾਈ ਵਾਲਾ ਹੈ, ਜਿੱਥੇ ਆਏ ਲੋਕ ਮਾਇਆ ਚੜ੍ਹਾਉਂਦੇ ਤੇ ਮੁਕਤੀ ਦਾ ਲਾਰਾ ਲੈ ਕੇ ਮੁੜ ਜਾਂਦੇ ਹਨ। ਨਤੀਜੇ ਵਜੋਂ ਓਥੇ ਦੌਲਤਾਂ ਦੇ ਢੇਰ ਲੱਗੀ ਜਾਂਦੇ ਹਨ।

ਸਭ ਨੂੰ ਪਤਾ ਹੈ ਕਿ ਜਿੱਥੇ ਗੁੜ ਹੋਵੇ, ਮੱਖੀਆਂ ਵੀ ਓਥੇ ਹੀ ਆਉਂਦੀਆਂ ਹਨ। ਜਦੋਂ ਕਿਤੇ ਦੌਲਤ ਦੇ ਢੇਰ ਲੱਗ ਜਾਣ ਤਾਂ ਚੋਰ, ਲੁਟੇਰੇ ਅਤੇ ਡਾਕੂ ਵੀ ਓਧਰ ਨੂੰ ਮੁਹਾਰਾਂ ਮੋੜ ਲੈਂਦੇ ਹਨ। ਭਾਰਤ ਮਾਂ ਕਈ ਸਦੀਆਂ ਪਿੱਛੇ ਵੀ 'ਸੋਨੇ ਦੀ ਚਿੜੀ' ਹੁੰਦੀ ਸੀ, ਅੱਜ ਵੀ 'ਸੋਨੇ ਦੀ ਚਿੜੀ' ਹੈ ਪਰ ਓਦੋਂ ਨਾਲੋਂ ਅੱਜ ਦੇ ਸਮੇਂ ਵਿਚ ਇੱਕ ਵੱਡਾ ਫਰਕ ਆ ਗਿਆ ਹੈ। ਭਾਰਤ ਮਾਂ, ਤੈਨੂੰ ਪਤਾ ਹੈ ਕਿ ਬਲਾਤਕਾਰ ਸਾਰੀ ਦੁਨੀਆਂ ਵਿਚ ਹੁੰਦੇ ਹਨ ਤੇ ਜਿੱਥੇ ਵੀ ਕਿਤੇ ਹੋਵੇ, ਬਲਾਤਕਾਰ ਦੀ ਸ਼ਿਕਾਰ ਨੂੰ ਕਦੇ ਮਿਹਣਾ ਨਹੀਂ ਦਿੱਤਾ ਜਾਂਦਾ ਪਰ ਤੇਰੇ ਮਾਮਲੇ ਵਿਚ ਅਜਿਹਾ ਨਹੀਂ ਹੈ। ਜਿਸ ਮਾਂ ਦਾ ਢਿੱਡੋਂ ਜਾਇਆ ਉਸ ਦੀ ਇੱਜ਼ਤ ਨੂੰ ਬੁਰੀ ਨਜ਼ਰ ਨਾਲ ਝਾਕਣ ਲੱਗ ਪਵੇ, ਉਸ ਨੂੰ ਇਹ ਮਿਹਣਾ ਵੱਜ ਜਾਂਦਾ ਹੈ ਕਿ ਇਹ ਗੰਦੀ ਔਲਾਦ ਵੀ ਤੂੰ ਹੀ ਪੈਦਾ ਕੀਤੀ ਸੀ। ਕਈ ਸਦੀਆਂ ਪਹਿਲਾਂ ਤੈਨੂੰ ਲੁੱਟਣ ਲਈ ਬਾਹਰੋਂ ਲੁਟੇਰਿਆਂ ਦੇ ਲਸ਼ਕਰ ਆਉਂਦੇ ਸਨ, ਹੁਣ ਕਿਸੇ ਗੌਰੀ ਜਾਂ ਗਜ਼ਨਵੀ ਨੂੰ ਖੇਚਲ ਕਰਨ ਦੀ ਲੋੜ ਨਹੀਂ, ਤੇਰੀ ਦੌਲਤ ਵੀ ਤੇ ਤੇਰੀ ਇੱਜ਼ਤ ਵੀ ਅੱਜ ਜਿਹੜੇ ਲੋਕ ਲੁੱਟ ਰਹੇ ਹਨ, ਉਹ ਗੰਦੀ ਔਲਾਦ ਵੀ ਤੇਰੀ ਆਪਣੀ ਪੈਦਾ ਕੀਤੀ ਹੋਈ ਹੈ। ਭਾਰਤ ਮਾਂ, ਇਹ ਤੇਰੀ ਹੀ ਔਲਾਦ ਹੈ, ਕਿਸੇ ਹੋਰ ਦੀ ਨਹੀਂ। ਫਿਰ ਵੀ ਤੂੰ ਸਿਦਕ ਰੱਖ, ਸਾਰਾ ਕੁਝ ਰੁੜ੍ਹ ਨਹੀਂ ਗਿਆ, ਅਜੇ ਵੀ ਇਹੋ ਜਿਹੇ ਲੋਕ ਹਨ, ਜਿਹੜੇ ਕੁਝ ਕਰਨ ਜੋਗੇ ਭਾਵੇਂ ਨਹੀਂ ਜਾਪਦੇ, ਤੇਰੀ ਹਾਲਤ ਉਤੇ ਹਾਅ ਦਾ ਨਾਹਰਾ ਮਾਰਨ ਦੀ ਹਿੰਮਤ ਕਰੀ ਜਾਂਦੇ ਹਨ। ਤੂੰ ਉਸ ਦਿਨ ਦੀ ਉਡੀਕ ਕਰ, ਜਿਸ ਦਿਨ ਖੇਤਾਂ ਦੇ ਪੁੱਤ, ਮਿੱਲਾਂ ਦੇ ਕਾਮੇ ਤੇ ਝੁੱਗੀਆਂ ਦੀ ਜੂਨ ਹੰਢਾਉਣ ਵਾਲੇ ਲੋਕ ਆਪਣੀ ਨੀਂਦ ਛੱਡਣਗੇ ਤੇ ਪੁਰਾਣੇ ਜ਼ਮਾਨੇ ਵਿਚ ਜਾਲ ਸਮੇਤ ਉਡ ਜਾਣ ਵਾਲੇ ਕਬੂਤਰਾਂ ਵਾਂਗ ਸਾਂਝਾ ਹੰਭਲਾ ਮਾਰ ਕੇ ਸ਼ਿਕਾਰੀਆਂ ਨੂੰ ਭਾਜੜਾਂ ਪਾ ਦੇਣਗੇ। ਕਦੇ ਤਾਂ ਆਵੇਗਾ ਉਹ ਦਿਨ।

## ਹੋ ਗਈ ਹੈ ਪੀੜ ਪਰਬਤ ਸੀ, ਪਿਘਲਨੀ ਚਾਹੀਏ...

**ਨਾਰੀ ਦਿਵਸ 'ਤੇ ਵਿਸ਼ੇਸ਼**

# ਮਾਦਾ ਭਰੂਣ ਹੱਤਿਆ:ਇਤਿਹਾਸ, ਵਰਤਮਾਨ ਤੇ ਭਵਿੱਖ

**ਡਾ. ਹਰਸ਼ਿੰਦਰ ਕੌਰ**

*ਪੰਜਾਬ ਵੱਲ ਝਾਤ ਮਾਰੀਏ ਤਾਂ ਪਿਛਲੇ ਸਾਲ ਦੀਆਂ ਭਰੂਣ ਹੱਤਿਆਵਾਂ ਦੀ ਗਿਣਤੀ ਹੁਣ ਤਕ ਹੋਏ ਕਤਲਾਂ ਨੂੰ ਸਪਸ਼ਟ ਕਰ ਦੇਵੇਗੀ। ਸੰਨ 2010 ਵਿਚ ਜਿੰਨੀਆਂ ਕੁ ਗਰਭਵਤੀ ਔਰਤਾਂ ਰਜਿਸਟਰ ਹੋਈਆਂ ਉਨ੍ਹਾਂ ਵਿਚੋਂ 75,000 ਮਾਦਾ ਭਰੂਣ ਗ਼ਾਇਬ ਹੋ ਗਏ ਸਨ। ਜੋ ਗਰਭਵਤੀ ਔਰਤਾਂ ਰਜਿਸਟਰ ਨਹੀਂ ਹੋਈਆਂ ਉਨ੍ਹਾਂ ਬਾਰੇ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਅੰਮ੍ਰਿਤਸਰ ਵਿਚ 8320, ਫਿਰੋਜ਼ਪੁਰ ਵਿਚ 7652, ਲੁਧਿਆਣਾ ਵਿਚ 6550 ਅਤੇ ਸਭ ਤੋਂ ਵੱਧ ਪਟਿਆਲਾ ਵਿਚ 10,650 ਮਾਦਾ ਭਰੂਣ ਕਤਲ ਦਰਜ ਕੀਤੇ ਗਏ। ਯੂਨੀਸੈਫ਼ ਰਿਪੋਰਟ ਮੁਤਾਬਕ 15 ਸਾਲਾਂ ਬਾਅਦ ਸੱਠ ਲੱਖ ਪੰਜਾਬੀ ਮੁੰਡੇ ਕੁਆਰੇ ਰਹਿਣਗੇ।*

ਗੁਰੂ ਨਾਨਕ ਦੇਵ ਜੀ ਵੱਲੋਂ ਔਰਤ ਜ਼ਾਤ ਦੇ ਹੱਕ ਵਿਚ ਅਵਾਜ਼ ਚੁੱਕਣ ਤੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਔਰਤ ਜ਼ਾਤ ਨੂੰ ਉਸ ਸਮੇਂ ਬਹੁਤ ਨੀਵਾਂ ਸਮਝਿਆ ਜਾਂਦਾ ਸੀ। ਰਹਿਤਨਾਮਿਆਂ ਵਿਚ ਇਹ ਲਿਖਿਆ ਮਿਲਣਾ ਕਿ ਕੁੜੀਮਾਰਾਂ ਨਾਲ ਰਿਸ਼ਤਾ ਨਹੀਂ ਰੱਖਣਾ, ਵੀ ਸਾਬਿਤ ਕਰਦਾ ਹੈ ਕਿ ਕੁੜੀਆਂ ਨੂੰ ਜੰਮਣ ਤੋਂ ਬਾਅਦ ਮਾਰਨ ਦਾ ਸਿਲਸਿਲਾ ਇੰਨੇ ਵੱਡੇ ਪਧੱਰ ਉਤੇ ਜਾਰੀ ਸੀ ਕਿ ਇਸ ਜ਼ੁਲਮ ਦੇ ਖ਼ਿਲਾਫ਼ ਅਵਾਜ਼ ਚੁੱਕਣ ਦੀ ਲੋੜ ਪਈ।

ਲੈਲਾ ਵਿਲਿਅਮਸਨ ਅਤੇ ਜੋਜ਼ਫ ਬਰਡਸੈਲ ਨੇ ਪੱਥਰ ਯੁੱਗ ਵਿਚ ਬਹੁਤ ਸਾਰੇ ਨਿੱਕੇ ਨਿੱਕੇ ਬੱਚਿਆਂ ਦੇ ਵੱਢੇ ਹੋਏ ਸਿਰ ਮਿਲਣ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਉਸ ਸਮੇਂ ਦੀਆਂ ਔਰਤਾਂ ਦੀ ਔਸਤ ਲੰਬਾਈ ਮਰਦਾਂ ਨਾਲੋਂ ਕਾਫ਼ੀ ਘੱਟ ਦੱਸੀ ਹੈ। ਉਸ ਸਮੇਂ ਦੀਆਂ ਔਰਤਾਂ ਵਿਚ ਭੁੱਖਮਰੀ ਦੀਆਂ ਨਿਸ਼ਾਨੀਆਂ ਵੀ ਸਨ। ਖੋਜਾਂ ਰਾਹੀਂ ਸਾਹਮਣੇ ਲਿਆਂਦੇ ਗਏ ਤੱਥਾਂ ਮੁਤਾਬਕ ਪੱਥਰ ਯੁੱਗ ਵਿਚ ਜਦ ਤੱਕ ਆਦਮ ਜ਼ਾਤ ਨੂੰ ਖੇਤੀ ਬਾੜੀ ਦਾ ਤਰੀਕਾ ਨਹੀਂ ਸੀ ਆਇਆ, ਭੁੱਖਮਰੀ ਸਮੇਂ ਘਰ ਵਿਚਲੇ ਬੱਚਿਆਂ ਨੂੰ ਹੀ ਵੱਢ ਕੇ ਖਾ ਲਿਆ ਜਾਂਦਾ ਸੀ ।

ਪੰਜਾਹ ਫ਼ੀਸਦੀ ਨਵਜੰਮੀਆਂ ਕੁੜੀਆਂ ਨੂੰ ਉਨ੍ਹਾਂ ਦੇ ਮਾਪੇ ਹੀ ਮਾਰ ਦਿੰਦੇ ਸਨ ਤਾਂ ਜੋ ਖ਼ੁਰਾਕ ਦਾ ਘਾਟਾ ਪੂਰਾ ਕੀਤਾ ਜਾ ਸਕੇ। ਉਸ ਸਮੇਂ ਵੀ ਨਰ ਬੱਚੇ ਨੂੰ ਤਰਜੀਹ ਦਿੱਤੀ ਜਾਂਦੀ ਸੀ ਕਿਉਂਕਿ ਉਸਨੇ ਸ਼ਿਕਾਰ ਕਰ ਕੇ ਟੱਬਰ ਦਾ ਢਿੱਡ ਭਰਨ ਲਈ ਜੰਗਲਾਂ ਵਿਚ ਜਾਣਾ ਹੁੰਦਾ ਸੀ। ਔਰਤਾਂ ਨੂੰ ਉਸ ਸਮੇਂ ਵੀ ਘੱਟ ਖਾਣ ਨੂੰ ਦਿੱਤਾ ਜਾਂਦਾ ਸੀ। ਪੱਥਰਾਂ ਉਤੇ ਜਿਹੜੀਆਂ ਨਿੱਕੀਆਂ ਮਾਰੀਆਂ ਗਈਆਂ ਬੱਚੀਆਂ ਦੇ ਛਾਪੇ ਮਿਲੇ ਹਨ, ਉਹ ਆਪਣੀ ਉਮਰ ਦੇ ਨਰ ਬੱਚਿਆਂ ਨਾਲੋਂ ਲੰਬਾਈ ਵਿਚ ਅੱਧ ਤੋਂ ਵੀ ਛੋਟੀਆਂ ਸਨ। ਉਸ ਸਮੇਂ ਮਰਦਾਂ ਦੀ ਗਿਣਤੀ ਔਰਤਾਂ ਦੀ ਗਿਣਤੀ ਨਾਲੋਂ ਤਿੰਨ ਗੁਣਾਂ ਵੱਧ ਸੀ।

ਗੀਜ਼ਰ ਵਿਚਲੀ ਖੁਦਾਈ ਤੋਂ ਪਤਾ ਲੱਗਿਆ ਕਿ ਬੇਬੀਲੋਨੀਅਨ ਰੱਬੀ ਅਵਤਾਰ ਨੂੰ ਖ਼ੁਸ਼ ਕਰਨ ਲਈ ਨਿੱਕੇ ਬੱਚੇ ਵੱਡੀ ਮਾਤਰਾ ਵਿਚ ਵੱਢੇ ਗਏ ਸਨ। ਤਿੰਨ ਹਜ਼ਾਰ ਨਿੱਕੇ ਬੱਚਿਆਂ ਦੀਆਂ ਵੱਢੀਆਂ ਗਈਆਂ ਹੱਡੀਆਂ ਮਿਲੀਆਂ ਸਨ ਜਿਨ੍ਹਾਂ ਵਿਚੋਂ ਬਹੁਤੀਆਂ ਕੁੜੀਆਂ ਦੀਆਂ ਸਨ।

ਕਾਰਥਾਜੀਨੀਅਨ, ਫੋਨੀਸ਼ੀਅਨ, ਕਾਨਾਈਟਸ, ਮੋਬਾਈਟਸ ਵੀ ਆਪੋ ਆਪਣੇ ਸਮੇਂ ਨਵਜੰਮੇਂ ਬੱਚੇ ਵੱਢਦੇ ਟੁਕਦੇ ਰਹੇ ਸਨ। ਈਸਾ ਮਸੀਹ ਤੋਂ 950 ਸਾਲ ਪਹਿਲਾਂ ਮਿਸਰ ਵਿਚ ਨਿੱਕੇ ਬੱਚਿਆਂ ਨੂੰ ਵੱਢਣ ਟੁੱਕਣ ਦਾ ਕੰਮ ਸਿਖ਼ਰ ਉਤੇ ਸੀ।

ਪੁਰਾਤਨ ਮਿਸਰ ਵਿਚ ਕਈ ਲੋਕਾਂ ਵੱਲੋਂ ਕੂੜੇ ਦੇ ਢੇਰ ਉਤੇ ਸੁੱਟੇ ਨਵਜੰਮੇ ਬੱਚੇ ਜਿਨ੍ਹਾਂ ਵਿਚੋਂ ਬਹੁਤੀਆਂ ਕੁੜੀਆਂ ਹੁੰਦੀਆਂ ਸਨ, ਬਚਾ ਕੇ ਗੁਲਾਮ ਬਣਾ ਲਏ ਜਾਂਦੇ ਸਨ। ਉਨ੍ਹਾਂ ਨੂੰ 'ਕੋਰਪੋ' ਦਾ ਨਾਂ ਦਿੱਤਾ ਜਾਂਦਾ ਸੀ ਤਾਂ ਕਿ ਸਭ ਨੂੰ ਪਤਾ ਲੱਗੇ ਕਿ ਇਨ੍ਹਾਂ ਨੂੰ ਕੂੜੇ ਦੇ ਢੇਰ ਉੱਤੋਂ ਬਚਾਇਆ ਗਿਆ ਸੀ। ਪੁਰਾਤਨ ਮਿਸਰ ਵਿਚ ਵੀ ਭੁੱਖਮਰੀ ਸਮੇਂ ਕੁਝ ਨਵਜੰਮੀਆਂ ਬੱਚੀਆਂ ਨੂੰ ਵੱਢ ਕੇ ਖਾਣ ਦੇ ਸਬੂਤ ਮਿਲੇ ਹਨ। ਬੀਟਰਿਕਸ ਰੇਨ ਅਨੁਸਾਰ ਈਸਾ ਮਸੀਹ ਤੋਂ 2150 ਸਾਲ ਪਹਿਲਾਂ ਵੀ ਅਜਿਹਾ ਕੁਝ ਹੁੰਦਾ ਸੀ।

ਕਾਰਥਾਜੀਨੀਅਨ ਰੱਬ ਨੂੰ ਖ਼ੁਸ਼ ਕਰਨ ਲਈ ਉਸਦੀ ਮੂਰਤੀ ਅੱਗੇ ਆਪਣੇ ਨਿੱਕੇ ਬੱਚੇ ਅੱਗ ਦੀਆਂ ਭੱਠੀਆਂ ਵਿਚ ਸੁੱਟ ਦਿਆ ਕਰਦੇ ਸਨ ਤੇ ਇਨ੍ਹਾਂ ਵਿਚੋਂ ਵੀ ਬਹੁਤਾਤ ਕੁੜੀਆਂ ਦੀ ਹੁੰਦੀ ਸੀ। ਸ਼ੈਲਬੇ ਬਰਾਊਨ ਨੇ ਖੁਦਾਈ ਵਿਚ ਅਜਿਹੀਆਂ 20,000 ਭੱਠੀਆਂ ਦਾ ਜ਼ਿਕਰ ਕੀਤਾ ਹੈ ਜਿੱਥੇ ਬੱਚਿਆਂ ਦੀਆਂ ਸੜੀਆਂ ਹੱਡੀਆਂ ਦਾ ਢੇਰ ਮਿਲਿਆ ਸੀ।

ਡਿਓਡੋਰਸ ਸਿਕੁਲਸ ਮੁਤਾਬਕ 'ਬਾਲ ਹੈਮਨ ਦੇਵਤੇ' ਸਾਹਮਣੇ ਬਾਲੇ ਅਗਨ ਕੁੰਡ ਵਿਚ ਵੀ ਅਜਿਹਾ ਹੀ ਵਾਪਰਦਾ ਰਿਹਾ ਸੀ। ਪੁਰਾਣੇ ਸਮੇਂ ਦੇ ਯੂਨਾਨ ਵਿਚ ਨਵਜੰਮੀਂ ਬੱਚੀ ਪਿਓ ਦੇ ਰਹਿਮ-ਓ-ਕਰਮ ਉਤੇ ਹੋਇਆ ਕਰਦੀ ਸੀ। ਉਸੇ ਦੀ ਇੱਛਾ ਦੇ ਆਧਾਰ ਉਤੇ ਨਵਜੰਮੀ ਬੱਚੀ ਨੂੰ ਘਰੋਂ ਬਾਹਰ ਕੁਦਰਤੀ ਮੌਤ ਮਰਨ ਲਈ ਸੁੱਟ ਦਿੱਤਾ ਜਾਂਦਾ ਸੀ। ਯੂਨਾਨ ਦੇ ਕੁਝ ਹਿੱਸਿਆਂ ਵਿਚ ਨਵਜੰਮਿਆ ਬੱਚਾ ਮਾਂ ਵੱਲੋਂ ਪਿਓ ਨੂੰ ਵਿਖਾਇਆ ਜਾਂਦਾ ਸੀ। ਪਿਓ ਨੂੰ ਸ਼ਕਲ ਪਸੰਦ ਆਉਂਦੀ ਤਾਂ ਬੱਚਾ ਰੱਖਿਆ ਜਾਂਦਾ ਸੀ, ਨਹੀਂ ਤਾਂ ਮਾਰ ਦਿੱਤਾ ਜਾਂਦਾ ਸੀ। ਇਨ੍ਹਾਂ ਵਿਚ ਵੀ ਟਾਵਾਂ ਹੀ ਬੱਚਾ ਨਰ ਹੁੰਦਾ ਸੀ। ਇਹ ਸਿਰਫ਼ ਆਪਣੇ ਮਨ ਉਤੇ ਬੋਝ ਪਾਏ ਬਗ਼ੈਰ ਕੁੜੀ ਨੂੰ ਪਾਸੇ ਕਰਨ ਦਾ ਇਕ ਤਰੀਕਾ ਸੀ।

ਰੋਮ ਵਿਚ ਤਾਂ ਹਾਲੇ ਤੱਕ ਪੁਰਾਤਨ ਚਿੱਠੀਆਂ ਸਾਂਭੀਆਂ ਪਈਆਂ ਹਨ ਜਿਨ੍ਹਾਂ ਵਿਚ ਈਸਾ ਮਸੀਹ ਤੋਂ ਇਕ ਵਰ੍ਹਾ ਪਹਿਲਾਂ ਇਕ ਪਤੀ ਨੇ ਆਪਣੀ ਪਤਨੀ ਨੂੰ ਚਿੱਠੀ ਭੇਜੀ ਕਿ ਉਹ ਹਾਲੇ ਅਲੈਗਜ਼ਾਂਡਰੀਆ ਵਿਚ ਹੈ। ਜੇ ਮੁੰਡਾ ਪੈਦਾ ਹੋਇਆ ਤਾਂ ਖ਼ੁਸ਼ੀ ਮਨਾਉਣਗੇ ਪਰ ਕੁੜੀ ਪੈਦਾ ਹੋਈ ਤਾਂ ਉਸ ਦੇ ਆਉਣ ਤੋਂ ਪਹਿਲਾਂ ਹੀ ਬਾਹਰ ਸੁੱਟ ਆਵੇ। ਇਤਿਹਾਸਕਾਰਾਂ ਅਨੁਸਾਰ ਫਿਲੋ ਹੀ ਪਹਿਲਾ ਫ਼ਿਲਾਸਫ਼ਰ ਸੀ ਜਿਸਨੇ ਰੋਮ ਵਿਚ ਭਾਰੀ ਗਿਣਤੀ ਵਿਚ ਹੋ ਰਹੇ ਕੁੜੀਆਂ ਦੇ ਕਤਲਾਂ ਵਿਰੁੱਧ ਬੋਲਣ ਦੀ ਹਿੰਮਤ ਕੀਤੀ। ਸੰਨ 374 ਵਿਚ ਰੋਮ ਵਿਚ ਨਵਜੰਮੀਆਂ ਕੁੜੀਆਂ ਨੂੰ ਮਾਰਨ ਤੋਂ ਰੋਕਣ ਲਈ ਕਾਨੂੰਨ ਬਣਾਇਆ ਗਿਆ ਪਰ ਇਤਿਹਾਸ ਵਿਚ ਇਕ ਵੀ ਅਜਿਹਾ ਕੇਸ ਸਾਹਮਣੇ ਨਹੀਂ ਆਇਆ ਜਿੱਥੇ ਅਜਿਹਾ ਕਾਰਾ ਕਰਦੇ ਮਾਪਿਆਂ ਨੂੰ ਸਜ਼ਾ ਮਿਲੀ ਹੋਵੇ। ਇਸ ਲਈ ਉਸ ਸਮੇਂ ਤਿੱਬਰ ਨਦੀ ਵਿਚ ਨਵਜੰਮੀਆਂ ਕੁੜੀਆਂ ਨੂੰ ਸੁੱਟਣ ਦਾ ਕੰਮ ਜਾਰੀ ਰਿਹਾ ਸੀ।


ਟੈਕੀਟਸ ਨੇ ਆਪਣੀ ਕਿਤਾਬ ਜਰਮੇਨੀਆ ਵਿਚ ਵੀ ਨਵਜੰਮੀਆਂ ਕੁੜੀਆਂ ਨੂੰ ਮਾਰਨ ਉਤੇ ਪਾਬੰਦੀ ਦਾ ਜ਼ਿਕਰ ਕੀਤਾ ਹੈ ਕਿਉਂਕਿ ਉਸ ਸਮੇਂ ਇਹ ਪ੍ਰਥਾ ਉਤੇ ਵੀ ਵੱਡੀ ਪੱਧਰ ਉਤੇ ਸੀ। ਸਵੀਡਨ ਵਿਚ ਵੀ ਅਜਿਹਾ ਹੋਣ ਦਾ ਜ਼ਿਕਰ ਹੈ। ਅਰਬ ਵਿਚ ਜਨਸੰਖਿਆ ਨੂੰ ਕਾਬੂ ਵਿਚ ਰੱਖਣ ਲਈ ਇਹ ਤਰੀਕਾ ਲੱਭਿਆ ਗਿਆ ਸੀ ਕਿ ਜੇ ਨਵਜੰਮੀਆਂ ਬੱਚੀਆਂ ਨੂੰ ਮਾਰ ਦਿੱਤਾ ਜਾਵੇ ਤਾਂ ਕੁੱਖਾਂ ਆਪੇ ਹੀ ਘੱਟ ਹੋ ਜਾਣਗੀਆਂ ਤੇ ਭੁੱਖੇ ਮਰਨ ਦੀ ਨੌਬਤ ਵੀ ਨਹੀਂ ਆਏਗੀ।

ਮੁੱਢਲੇ ਸਮਿਆਂ ਵਿਚ ਅਰਬ ਮੁਲਕਾਂ ਵਿਚ ਨਵਜੰਮੀ ਬੱਚੀ ਨੂੰ ਜ਼ਮੀਨ ਵਿਚ ਦੱਬ ਕੇ ਮਾਰਿਆ ਜਾਂਦਾ ਸੀ। ਰੂਸ ਵਿਚ ਪਿੰਡਾਂ ਵਿਚ ਵਸਦੇ ਲੋਕ ਆਪ ਹੀ ਪਗਾਨ ਦੇਵਤੇ ਅੱਗੇ ਆਪਣੇ ਬੱਚੇ ਅਰਪਣ ਕਰ ਦਿੰਦੇ ਸਨ। ਉਨ੍ਹਾਂ ਨੂੰ ਵੱਢ ਕੇ ਰੱਬ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕਰਦੇ ਸਨ। ਉਹ ਵਗਦੇ ਪਾਣੀ ਵਿਚ ਨਵਜੰਮੀ ਬੱਚੀ ਸੁੱਟ ਦਿੰਦੇ ਸਨ। ਉਸ ਸਮੇਂ ਗਿਰਜਾਘਰ ਵੱਲੋਂ ਇਸ ਦੀ ਮਨਾਹੀ ਕੀਤੀ ਗਈ ਪਰ ਲੋਕਾਂ ਨੇ ਇਹ ਹੁਕਮ ਨਾ ਮੰਨਿਆ।

ਸਾਈਬੇਰੀਆ ਵਿਚ ਨਵਜੰਮੀਆਂ ਬੱਚੀਆਂ ਨੂੰ ਕੁੱਤਿਆਂ ਅੱਗੇ ਸੁੱਟ ਦਿੱਤਾ ਜਾਂਦਾ ਸੀ। ਚੀਨ ਵਿਚ ਨਵਜੰਮੀਂ ਬੱਚੀ ਨੂੰ ਠੰਢੇ ਪਾਣੀ ਵਿਚ ਡੁਬੋ ਦਿੱਤਾ ਜਾਂਦਾ ਸੀ। ਇਸ ਨੂੰ ਪਵਿੱਤਰ ਜਲ ਮੰਨਿਆ ਜਾਂਦਾ ਸੀ। ਇਸ ਨੂੰ 'ਬੇਰੀ ਵਾਟਰ' ਕਿਹਾ ਜਾਂਦਾ ਸੀ। ਜਪਾਨ ਵਿਚ ਨਵਜੰਮੀ ਬੱਚੀ ਨੂੰ ਮਾਰਨ ਦੇ ਕੰਮ ਨੂੰ 'ਮਬੀਕੀ' ਕਿਹਾ ਜਾਂਦਾ ਸੀ। ਇਸ ਦਾ ਮਤਲਬ ਸੀ ਕਿ ਬਗ਼ੀਚੇ ਵਿਚੋਂ ਫਾਲਤੂ ਜੜ੍ਹੀ ਬੂਟੀ ਨੂੰ ਪੁੱਟ ਸੁੱਟਣਾ! ਵੀਹਵੀਂ ਸਦੀ ਤਕ ਦੇ ਅਜਿਹੇ ਕਈ ਕਿੱਸੇ ਸਾਹਮਣੇ ਆਏ ਸਨ ਜਿੱਥੇ ਨਵਜੰਮੀ ਬੱਚੀ ਦੇ ਗਲੇ ਵਿਚ ਗਿੱਲੇ ਕਾਗਜ਼ ਫਸਾ ਕੇ ਉਸਨੂੰ ਮਾਰਿਆ ਜਾਂਦਾ ਸੀ।

ਖੋਜੀ ਫਿਰਿਸ਼ਤਾ ਨੇ ਲਿਖਿਆ ਹੈ ਕਿ ਭਾਰਤ ਵਿਚ ਸ਼ਾਰਕਾਂ ਹੱਥੋਂ ਮਰਨ ਲਈ ਨਵਜੰਮੀਆਂ ਬੱਚੀਆਂ ਗੰਗਾ ਵਿਚ ਸੁੱਟ ਦਿੱਤੀਆਂ ਜਾਂਦੀਆਂ ਸਨ। ਅਫ਼ਰੀਕਾ ਵਿਚ ਵੀ ਦੇਵਤੇ ਨੂੰ ਖ਼ੁਸ਼ ਕਰਨ ਲਈ ਨਵਜੰਮੀਆਂ ਕੁੜੀਆਂ ਦੀ ਬਲੀ ਦਿੱਤੀ ਜਾਂਦੀ ਸੀ। 'ਹੈਂਡਬੁੱਕ ਆਫ਼ ਨਾਰਥ ਅਮੈਰੀਕਨ ਇੰਡੀਅਨ' ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਅਲਾਸਕਾ ਵਿਚ ਨਵਜੰਮੀ ਬੱਚੀ ਦੇ ਗਲੇ ਵਿਚ ਘਾਹ ਫਸਾ ਕੇ ਮਰਨ ਲਈ ਬਾਹਰ ਸੁੱਟ ਦਿੱਤਾ ਜਾਂਦਾ ਸੀ। ਬਰਨਲ ਡਾਇਆਜ਼ ਨੇ ਮੈਕਸੀਕੋ ਬਾਰੇ ਲਿਖਿਆ ਹੈ ਕਿ ਉਤੇ ਇਕ ਮੰਦਰ ਬਣਿਆ ਹੋਇਆ ਸੀ ਜਿੱਥੇ ਪਹਿਲੇ ਜੰਮੇ ਬੱਚਿਆਂ ਦੀ ਛਾਤੀ ਵਿਚੋਂ ਚਾਕੂ ਨਾਲ ਦਿਲ ਕੱਢ ਕੇ ਦੇਵਤੇ ਦੀ ਮੂਰਤੀ ਅੱਗੇ ਅਰਪਣ ਕੀਤਾ ਜਾਂਦਾ ਸੀ ਤੇ ਉਸਨੂੰ ਲਹੂ ਨਾਲ ਨੁਹਾ ਕੇ ਉਸਦੀ ਪੂਜਾ ਕੀਤੀ ਜਾਂਦੀ ਸੀ। ਪੀਰੂ, ਪੈਰਾਗੁਏ, ਬੋਲੀਵੀਆ, ਦੱਖਣੀ ਅਮਰੀਕਾ ਵਿਚ ਵੀ ਨਵਜੰਮੀਆਂ ਕੁੜੀਆਂ ਨੂੰ ਮਾਰਿਆ ਜਾਂਦਾ ਸੀ। ਵੀਹਵੀਂ ਸਦੀ ਦੇ ਅਖ਼ੀਰ ਤੱਕ ਇਨ੍ਹਾਂ ਥਾਵਾਂ ਉਤੇ ਬੱਚੀਆਂ ਨੂੰ ਜ਼ਮੀਨ ਹੇਠਾਂ ਦੱਬ ਕੇ ਮਾਰਨ ਦੀਆਂ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ।

ਭਰੂਣ ਹੱਤਿਆ ਨੂੰ ਮਾਨਤਾ ਦੇਣ ਲਈ ਦੱਸੇ ਜਾਂਦੇ ਕਾਰਨਾਂ ਨੂੰ ਵੀ ਜਾਣਨਾ ਜ਼ਰੂਰੀ ਹੈ। 'ਮੇਡੀਆ ਸਿੰਡਰੋਮ' ਇਬਾਰਤ ਮੁਤਾਬਕ ਰੋਮ ਵਿਚ ਇਕ ਔਰਤ ਮੇਡੀਆ ਨੂੰ ਜਦੋਂ ਆਪਣੇ ਪਤੀ ਦੇ ਦੂਜੀਆਂ ਔਰਤਾਂ ਨਾਲ ਸਬੰਧਾਂ ਬਾਰੇ ਪਤਾ ਲੱਗਿਆ ਤਾਂ ਉਸ ਨੇ ਬਦਲੇ ਦੀ ਭਾਵਨਾ ਤਹਿਤ ਆਪਣੇ ਬੱਚਿਆਂ ਨੂੰ ਮਾਰ ਦਿੱਤਾ ਤਾਂ ਕਿ ਉਸ ਦੇ ਪਤੀ ਦਾ ਅੱਗੋਂ ਕੋਈ ਨਿਸ਼ਾਨ ਨਾ ਰਹੇ। ਬਾਅਦ ਵਿਚ ਢੇਰਾਂ ਦੇ ਢੇਰ ਬੱਚੇ ਦੁਸ਼ਮਣੀ ਤਹਿਤ ਕਤਲ ਹੋਣ ਲੱਗੇ।



ਈਸਾ ਮਸੀਹ ਤੋਂ ਤਕਰੀਬਨ ਦੋ ਹਜ਼ਾਰ ਸਾਲ ਪਹਿਲਾਂ ਜਰਮਨੀ ਦੇ ਇਲਾਕੇ ਵਿਚ ਬਹੁਤ ਵੱਡੀ ਖਾਈ ਲੱਭੀ ਗਈ ਜਿਸ ਵਿਚ ਨਿੱਕੇ ਬੱਚਿਆਂ ਦੇ ਸਰੀਰਾਂ ਦੇ ਅੰਸ਼ ਮਿਲੇ। ਬਹੁਤ ਵਾਰ ਮੀਂਹ ਦੇ ਦੇਵਤੇ ਨੂੰ ਖ਼ੁਸ਼ ਕਰਨ ਲਈ ਅਜਿਹਾ ਕੀਤਾ ਜਾਂਦਾ ਸੀ। ਸੰਨ 1843 ਤਕ ਲੋਕ ਪਹਿਲੇ ਬੱਚਿਆਂ ਨੂੰ ਕੰਧ ਵਿਚ ਚਿਣ ਦਿੰਦੇ ਸਨ ਜਾਂ ਵੱਡੀ ਇਮਾਰਤ ਦੀ ਨੀਂਹ ਵਿਚ ਦਫ਼ਨ ਕਰ ਦਿੰਦੇ ਸਨ।

ਯੂਨਾਨ ਦੇ ਪੁਰਤਾਨ ਫ਼ਿਲਾਸਫ਼ਰ ਜਨਸੰਖਿਆ ਨੂੰ ਕਾਬੂ ਵਿਚ ਰੱਖਣ ਦਾ ਵਧੀਆ ਤਰੀਕਾ ਨਵਜੰਮੀਆਂ ਬੱਚੀਆਂ ਨੂੰ ਜੰਮਦੇ ਸਾਰ ਮਾਰ ਦੇਣਾ ਗਿਣਦੇ ਸਨ। ਵਿਲੀਅਮ ਡਾਈਵੇਲ ਤੇ ਐਮ.ਹੈਰਿਸ ਨੇ 1976 ਵਿਚ ਖੁਲਾਸਾ ਕੀਤਾ ਕਿ ਪੁਰਾਣੇ ਸਮਿਆਂ ਵਿਚ 393 ਵਿਚੋਂ 208 ਜਾਤੀਆਂ ਕਬੀਲਿਆਂ ਦੀ ਗਿਣਤੀ ਕਾਬੂ ਵਿਚ ਰੱਖਣ ਲਈ ਆਪਣੀਆਂ ਨਵਜੰਮੀਆਂ ਬੱਚੀਆਂ ਮਾਰਦੇ ਸਨ।

ਨਿਕੋਲਸ ਨੇ 1991 ਵਿਚ ਦੱਸਿਆ ਕਿ ਨਵਜੰਮੀਆਂ ਬੱਚੀਆਂ ਨੂੰ ਕਤਲ ਕਰਨ ਵਿਚ ਭਾਰਤ-ਚੀਨ ਨੇ ਅਤਿ ਚੁੱਕੀ ਹੋਈ ਹੈ। ਇਸ ਬਿਆਨ ਬਾਰੇ ਬਹੁਤ ਰੌਲਾ ਪੈਣ 'ਤੇ 1998 ਵਿਚ ਮਿਲਨਰ ਨੇ ਕੁਝ ਸਬੂਤ ਲਿਆ ਧਰੇ ਕਿ ਮੁੰਬਈ ਦੇ ਇਕ ਕਲੀਨਿਕ ਵਿਚ ਸਾਲ ਵਿਚ 8000 ਭਰੂਣ ਡੇਗੇ ਗਏ ਜਿਨ੍ਹਾਂ ਵਿਚੋਂ 7999 ਮਾਦਾ ਸਨ। ਪ੍ਰੋਫ਼ੈਸਰ ਰੈਡਿੰਗ ਨੇ 2007 ਵਿਚ ਸਪੱਸ਼ਟ ਲਿਖ ਦਿੱਤਾ ਕਿ 1970 ਤੋਂ 1980 ਦੌਰਾਨ 10 ਕਰੋੜ ਕੁੜੀਆਂ ਦੁਨੀਆਂ ਭਰ ਵਿਚੋਂ ਖ਼ਤਮ ਹੋ ਗਈਆਂ ਸਨ। ਪਿਛਲੇ 20 ਸਾਲਾਂ ਵਿਚ 1 ਕਰੋੜ ਹੋਰ ਕੁੜੀਆਂ ਮਾਰ ਦਿੱਤੀਆਂ ਗਈਆਂ। ਪ੍ਰੋਫ਼ੈਸਰ ਰੈਡਿੰਗ ਨੇ ਕਿਹਾ ਕਿ ਦੁਨੀਆਂ ਭਰ ਵਿਚ ਸਭ ਤੋਂ ਵੱਧ ਕੁੜੀਆਂ ਭਾਰਤ ਵਿਚ ਮਾਰੀਆਂ ਜਾ ਰਹੀਆਂ ਹਨ ਜਿੱਥੇ ਰੱਬ ਦੀ ਸ਼ਕਲ ਵਿਚ ਔਰਤ ਦੀ ਪੂਜਾ ਵੀ ਕੀਤੀ ਜਾਂਦੀ ਹੈ!

ਇੰਨੇ ਕਤਲ ਵੇਖਦੇ ਹੋਏ ਲਗਪਗ ਹਰ ਧਰਮ ਵਿਚੋਂ ਅਵਾਜ਼ ਉਠਣੀ ਸ਼ੁਰੂ ਹੋਈ ਕਿ ਇਹ ਕਤਲ ਬੰਦ ਹੋ ਜਾਣੇ ਚਾਹੀਦੇ ਹਨ। ਇਸ ਮਗਰੋਂ ਇਹ ਕਤਲ ਲੁਕ ਛਿਪ ਕੇ ਹੋਣੇ ਸ਼ੁਰੂ ਹੋ ਗਏ। ਅੱਜ ਦੇ ਯੁੱਗ ਵਿਚ ਝਾਤ ਮਾਰਨ 'ਤੇ ਪਤਾ ਲੱਗਦਾ ਹੈ ਕਿ ਜਿੰਨਾ ਘਾਣ ਔਰਤ ਜਾਤੀ ਦਾ ਅਲਟਰਾਸਾਊਂਡ ਨੇ ਕੀਤਾ ਹੈ, ਉਸਦੀ ਕੋਈ ਮਿਸਾਲ ਨਹੀਂ ਹੈ। ਸੰਸਾਰ ਸਿਹਤ ਸੰਸਥਾ ਮੁਤਾਬਕ 2005 ਤੱਕ 5 ਕਰੋੜ ਚੀਨੀ ਕੁੜੀਆਂ ਦਾ ਸਫ਼ਾਇਆ ਹੋ ਚੁੱਕਿਆ ਸੀ। ਜੋਜ਼ਫ ਫਾਰਾ ਮੁਤਾਬਕ ਇਸ ਨੂੰ ਇਨਸਾਨੀ ਇਤਿਹਾਸ ਵਿਚ ਸਭ ਤੋਂ ਵੱਡਾ ਘੱਲੂਘਾਰਾ ਕਰਾਰ ਦੇਣਾ ਚਾਹੀਦਾ ਹੈ। ਪਾਕਿਸਤਾਨ ਵਿਚ ਵੀ ਕੁੜੀਆਂ ਮਾਰਨ ਦਾ ਰੁਝਾਨ ਵਧ ਰਿਹਾ ਹੈ। ਪਾਕਿਸਤਾਨ ਚੈਰਿਟੀ ਆਰਗੇਨਾਈਜ਼ੇਸ਼ਨ ਨੇ ਸੰਨ 2009 ਵਿਚ ਇਹ ਖ਼ੁਲਾਸਾ ਕੀਤਾ।

ਭਾਰਤ ਵਿਚ ਭਰੂਣ ਹੱਤਿਆਵਾਂ ਅਤੇ ਜੰਮਦੀਆਂ ਕੁੜੀਆਂ ਨੂੰ ਮਾਰਨ ਉਤੇ ਪਾਬੰਦੀ ਹੈ ਪਰ ਯੂਨੀਸੈਫ਼ ਮੁਤਾਬਕ ਹੁਣ ਤੱਕ 5 ਕਰੋੜ ਭਾਰਤੀ ਕੁੜੀਆਂ ਮਾਰੀਆਂ ਜਾ ਚੁੱਕੀਆਂ ਹਨ। ਗੁਜਰਾਤ, ਜੈਪੁਰ, ਮੁੰਬਈ, ਉਤਰ ਪ੍ਰਦੇਸ਼, ਤਾਮਿਲਨਾਡੂ, ਹਰਿਆਣਾ, ਜੰਮੂ-ਕਸ਼ਮੀਰ ਅਤੇ ਪੰਜਾਬ ਨਾਲ ਸਬੰਧਤ ਬਹੁਤ ਸਾਰੀਆਂ ਖ਼ਬਰਾਂ ਕੌਮਾਂਤਰੀ ਪੱਧਰ ਉਤੇ ਛਪ ਚੁੱਕੀਆਂ ਹਨ ਕਿ ਕਿਵੇਂ ਉਤੇ ਧੀਆਂ ਨੂੰ ਕੁੱਖ ਵਿਚ ਕਤਲ ਕੀਤਾ ਜਾ ਰਿਹਾ ਹੈ।

ਜੇ ਪੰਜਾਬ ਵੱਲ ਝਾਤ ਮਾਰੀਏ ਤਾਂ ਪਿਛਲੇ ਸਾਲ ਦੀਆਂ ਭਰੂਣ ਹੱਤਿਆਵਾਂ ਦੀ ਗਿਣਤੀ ਹੁਣ ਤਕ ਹੋਏ ਕਤਲਾਂ ਨੂੰ ਸਪਸ਼ਟ ਕਰ ਦੇਵੇਗੀ। ਸੰਨ 2010 ਵਿਚ ਜਿੰਨੀਆਂ ਕੁ ਗਰਭਵਤੀ ਔਰਤਾਂ ਰਜਿਸਟਰ ਹੋਈਆਂ ਉਨ੍ਹਾਂ ਵਿਚੋਂ 75,000 ਮਾਦਾ ਭਰੂਣ ਗ਼ਾਇਬ ਹੋ ਗਏ ਸਨ। ਜੋ ਗਰਭਵਤੀ ਔਰਤਾਂ ਰਜਿਸਟਰ ਨਹੀਂ ਹੋਈਆਂ ਉਨ੍ਹਾਂ ਬਾਰੇ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਅੰਮ੍ਰਿਤਸਰ ਵਿਚ 8320, ਫਿਰੋਜ਼ਪੁਰ ਵਿਚ 7652, ਲੁਧਿਆਣਾ ਵਿਚ 6550 ਅਤੇ ਸਭ ਤੋਂ ਵੱਧ ਪਟਿਆਲਾ ਵਿਚ 10,650 ਮਾਦਾ ਭਰੂਣ ਕਤਲ ਦਰਜ ਕੀਤੇ ਗਏ। ਯੂਨੀਸੈਫ਼ ਰਿਪੋਰਟ ਮੁਤਾਬਕ 15 ਸਾਲਾਂ ਬਾਅਦ ਸੱਠ ਲੱਖ ਪੰਜਾਬੀ ਮੁੰਡੇ ਕੁਆਰੇ ਰਹਿਣਗੇ। ਹਸਪਤਾਲਾਂ ਵਿਚ ਟੀਕਾਕਰਣ ਵਾਸਤੇ ਵੀ ਕੁੜੀਆਂ ਘੱਟ ਆ ਰਹੀਆਂ ਹਨ।

ਜੇ ਭਵਿੱਖ ਬਾਰੇ ਧਿਆਨ ਕਰਨਾ ਹੋਵੇ ਤਾਂ ਜਿੰਨੀਆਂ ਵੀ ਖੋਜਾਂ ਭਰੂਣ ਹੱਤਿਆ ਰੋਕਣ ਲਈ ਦੁਨੀਆਂ ਵਿਚ ਕੀਤੀਆਂ ਗਈਆਂ, ਉਨ੍ਹਾਂ ਵਿਚੋਂ ਕੋਈ ਵੀ ਬਹੁਤੀ ਕਾਰਗਰ ਸਾਬਤ ਨਹੀਂ ਹੋਈ। ਇਟਲੀ, ਅਮਰੀਕਾ, ਚੀਨ ਆਦਿ ਦੇਸ਼ਾਂ ਵਿਚ ਅਨਾਥ ਆਸ਼ਰਮ ਖੋਲ੍ਹੇ ਗਏ ਪਰ ਅਰਬਾਂ ਦੀ ਗਿਣਤੀ ਵਿਚ ਮਾਰੀਆਂ ਜਾ ਰਹੀਆਂ ਕੁੜੀਆਂ ਵਿਚੋਂ ਸਿਰਫ਼ ਕੁਝ ਉਂਗਲਾਂ ਉਤੇ ਗਿਣੀਆਂ ਜਾ ਸਕਣ ਵਾਲੀਆਂ ਕੁੜੀਆਂ ਹੀ ਬਚੀਆਂ ਹਨ ਜਿਨ੍ਹਾਂ ਵਿਚੋਂ ਬਹੁਤੀਆਂ ਦਾ ਭਵਿੱਖ ਸੁਰੱਖਿਅਤ ਨਹੀਂ। ਦੂਜੇ ਪਾਸੇ ਮਾਪੇ ਵੀ ਧੀਆਂ ਦਾ ਖੁਰਾ ਖੋਜ ਮਿਟਾਉਣ ਨੂੰ ਹੀ ਤਰਜੀਹ ਦਿੰਦੇ ਹਨ। ਭਰੂਣ ਹੱਤਿਆ ਰੋਕਣ ਲਈ ਦੁਨੀਆਂ ਭਰ ਵਿਚ ਕਾਨੂੰਨ ਬਣੇ ਹੋਣ ਦੇ ਬਾਵਜੂਦ ਕਿਤੇ ਕੋਈ ਠੱਲ੍ਹ ਪਈ ਨਹੀਂ ਦਿਸਦੀ ਕਿਉਂਕਿ ਅੰਦਰਖਾਤੇ ਸਭ ਪਹਿਲਾਂ ਵੀ ਚੱਲਦਾ ਸੀ ਤੇ ਹੁਣ ਵੀ ਚਾਲੂ ਹੈ। ਮਾਦਾ ਭਰੂਣ ਹੱਤਿਆ ਨੂੰ ਉਕਸਾਉਣ ਵਾਲੇ ਕਾਰਨਾਂ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਔਰਤ ਨੂੰ ਮਰਦ ਨਾਲ ਬਰਾਬਰੀ ਦਾ ਦਰਜਾ ਦੇਣਾ ਚਾਹੀਦਾ ਹੈ। ਜਦੋਂ ਤਕ ਔਰਤ ਘਰੇਲੂ ਹਿੰਸਾ, ਆਪਸੀ ਦੁਸ਼ਮਣੀ, ਜਿਸਮਾਨੀ ਵਧੀਕੀਆਂ ਦਾ ਸ਼ਿਕਾਰ ਹੁੰਦੀ ਰਹੇਗੀ, ਉਦੋਂ ਤਕ ਉਸਨੂੰ ਬਰਾਬਰੀ ਦਾ ਦਰਜਾ ਮਿਲਣ ਬਾਰੇ ਗੱਲ ਕਰਨਾ ਮਜ਼ਾਕ ਲੱਗਦਾ ਹੈ।

ਮਾਦਾ ਭਰੂਣ ਹੱਤਿਆ ਰੋਕਣ ਵਿਚ ਜੁਟੇ ਸਾਰੇ ਵਿਅਕਤੀਆਂ ਨੇ ਦਾਜ ਪ੍ਰਥਾ ਦਾ ਡਟ ਕੇ ਵਿਰੋਧ ਕੀਤਾ ਹੈ। ਦਾਜ ਅਤੇ ਵਿਆਹਾਂ ਉਤੇ ਹੁੰਦੇ ਖਰਚੇ ਬਾਰੇ ਤਾਂ ਏਥੋਂ ਤਕ ਕਿਹਾ ਗਿਆ ਹੈ ਕਿ ਜਿਸ ਇਲਾਕੇ ਜਾਂ ਸੂਬੇ ਵਿਚ ਵਿਆਹਾਂ ਦੇ ਅਡੰਬਰ ਰਚੇ ਜਾ ਰਹੇ ਹੋਣ, ਉਤੇ ਮਾਦਾ ਭਰੂਣ ਹੱਤਿਆ ਰੋਕਣ ਦੇ ਹਰ ਕਿਸਮ ਦੇ ਕਾਰਜ ਸਰਕਾਰੀ ਜਾਂ ਗ਼ੈਰ ਸਰਕਾਰੀ ਨਿਰਾ ਪਾਖੰਡ ਹੀ ਹਨ।

ਇਸ ਲਈ ਸਭ ਤੋਂ ਵਧ ਜ਼ਰੂਰੀ ਹੈ ਔਰਤ ਨੂੰ ਬਰਾਬਰ ਦਾ ਮਾਣ ਦੇਣਾ ਅਤੇ ਅਜਿਹਾ ਮਾਹੌਲ ਸਿਰਜਣਾ, ਜਿੱਥੇ ਔਰਤ ਆਪ ਹੀ ਆਪਣੀ ਬੇਟੀ ਦੇ ਹੱਕਾਂ ਉਤੇ ਪਹਿਰਾ ਦੇਵੇ! ਜਦੋਂ ਤਕ ਅਜਿਹਾ ਸੰਭਵ ਨਹੀਂ, ਮਾਦਾ ਭਰੂਣ ਹੱਤਿਆ ਕਦੇ ਨਹੀਂ ਰੁਕ ਸਕਦੀ।

ਕੁਦਰਤ ਨੇ ਔਰਤ ਜ਼ਾਤ ਨੂੰ ਇਨਸਾਨੀ ਜੂਨ ਦੀ ਰਚਣਹਾਰ ਬਣਾ ਕੇ ਭੇਜਿਆ ਪਰ ਜ਼ੁਲਮ ਦੀ ਹੱਦ ਵੇਖੋ ਕਿ ਮਰਦ ਵੱਲੋਂ ਉਸੇ ਔਰਤ ਜ਼ਾਤ ਦਾ ਘਾਣ ਕਰਦਿਆਂ ਕਈ ਸਦੀਆਂ ਬੀਤਣ ਦੇ ਬਾਵਜੂਦ ਕਿਤੇ ਬਰਾਬਰੀ ਵਰਗੀ ਗੱਲ ਨਜ਼ਰ ਨਹੀਂ ਆਈ।

ਅੱਜ ਤੋਂ ਬਾਅਦ ਇਸ ਅਸਲ ਮੁੱਦੇ ਨੂੰ ਜਾਣੇ ਬਗ਼ੈਰ ਜੇ ਕੋਈ ਸਿਰਫ਼ ਇਸ ਗੱਲ ਉਤੇ ਕ੍ਰੇਂਦਿਤ ਹੈ ਕਿ ਪੰਜਾਬੀ, ਹਰਿਆਣਵੀ, ਹਿੰਦੂ, ਮੁਸਲਮਾਨ, ਸਿੱਖ, ਈਸਾਈ ਵਿਚੋਂ ਕੌਣ ਪਹਿਲੇ ਨੰਬਰ ਉਤੇ ਕੁੜੀਆਂ ਮਾਰ ਰਹੇ ਹਨ ਜਾਂ ਇਕੱਲੇ ਅੰਕੜੇ ਇਕੱਠੇ ਕਰ ਕੇ ਵਧੀਆ ਸੁਰਖ਼ੀ ਤਿਆਰ ਕਰਨ ਦੇ ਚੱਕਰ ਵਿਚ ਹਨ, ਤਾਂ ਅਫ਼ਸੋਸ ਕਿ ਉਹ ਸਿਰਫ਼ ਗੋਗਲੂਆਂ ਉਤੋਂ ਮਿੱਟੀ ਹੀ ਝਾੜ ਰਹੇ ਹੋਣਗੇ!

ਕੁੜੀਆਂ ਦੀ ਜਨਮ ਦਰ ਰਤਾ ਕੁ ਵਧਣ ਜਾਂ ਘਟਣ ਨਾਲ ਵੱਡੀ ਪਧੱਰ ਉਤੇ ਕੋਈ ਖ਼ਾਸ ਫ਼ਾਇਦਾ ਨਹੀਂ ਹੋਣ ਲੱਗਿਆ ਕਿਉਂਕਿ ਜਨਮ ਤੋਂ ਬਾਅਦ ਮਾਰਨ ਦੀਆਂ ਘਟਨਾਵਾਂ ਵਿਚ ਕੋਈ ਰੋਕਥਾਮ ਨਹੀਂ ਦਿਸਦੀ ਹੈ! ਮੈਨੂੰ ਤਾਂ ਹੁਣ ਸਿਰਫ਼ ਇਹ ਡਰ ਸਤਾ ਰਿਹਾ ਹੈ ਕਿ ਸਦੀਆਂ ਤੋਂ ਦੱਬੀ ਕੁਚਲੀ ਔਰਤ ਜੇ ਬਗ਼ਾਵਤ ਉਤੇ ਉਤਰ ਆਈ ਤਾਂ ਪੈਪੂਆ ਤੇ ਨਿਊ ਗਿਨੀ ਦੀਆਂ ਔਰਤਾਂ ਵਾਂਗ ਹੁਣ ਆਪਣੇ ਨਵਜੰਮੇ ਮੁੰਡਿਆਂ ਨੂੰ ਆਪਣੇ ਪਤੀ ਦੀਆਂ ਵਧੀਕੀਆਂ ਦਾ ਸ਼ਿਕਾਰ ਨਾ ਬਣਾ ਦੇਵੇ!

ਸ਼ੁਕਰ ਹੈ ਰੱਬ ਦਾ ਜਿਸ ਸਦਕਾ ਔਰਤ ਜ਼ਾਤ ਦਾ ਏਨਾ ਘਾਣ ਹੋਣ ਦੇ ਬਾਵਜੂਦ ਉਸਦਾ ਵਜੂਦ ਹਾਲੇ ਵੀ ਧਰਤੀ ਉਤੇ ਕਾਇਮ ਹੈ। ਮੈਨੂੰ ਢਹਿੰਦੀ ਕਲਾ ਵਾਲੇ ਵਿਚਾਰ ਪਸੰਦ ਨਹੀਂ। ਇਸ ਲਈ ਭਰੂਣ ਹੱਤਿਆ ਰੋਕਣ ਵਿਚ ਲੱਗੇ ਹਰ ਇਨਸਾਨ ਨੂੰ ਮੈਂ ਚੜ੍ਹਦੀ ਕਲਾ ਵਿਚ ਰੱਖਣਾ ਚਾਹੁੰਦੀ ਹਾਂ ਕਿ ਡਟੇ ਰਹੋ। ਪਤਝੜ ਤੋਂ ਬਾਅਦ ਬਹਾਰ ਆਉਣੀ ਹੀ ਹੁੰਦੀ ਹੈ। ਫੈਸ਼ਨ ਵੀ ਬਦਲ ਕੇ ਦੁਬਾਰਾ ਪੁਰਾਣੇ ਆਉਂਦੇ ਰਹਿੰਦੇ ਹਨ। ਧੀਆਂ ਦੀ ਘਾਟ ਹਰ ਸਦੀ ਵਿਚ ਆਉਂਦੀ ਰਹੀ ਹੈ ਤੇ ਉਸ ਸਮੇਂ ਵੀ ਸੁਹਿਰਦ ਲੋਕਾਂ ਦੀ ਜੱਦੋ-ਜਹਿਦ ਸਦਕਾ ਧੀਆਂ ਜੰਮਦੀਆਂ ਰਹੀਆਂ ਸਨ। ਹੁਣ ਵੀ ਬਦਲਾਓ ਜ਼ਰੂਰ ਆਏਗਾ। ਕੁੜੀਆਂ ਲਈ ਇਹੀ ਸੁਨੇਹਾ ਬਹੁਤ ਹੈ:

ਜੋ ਹੋਣਾ ਸੀ ਹੋ ਚੁੱਕਿਆ
ਹੁਣ ਹੋਰ ਨਾ ਅਨਹੋਣੀਆਂ ਹੋਣਗੀਆਂ
ਹੁਣ ਸ਼ੇਰਨੀਆਂ ਪੰਜਾਬ ਦੀਆਂ
ਗਿੱਦੜਾਂ ਨੂੰ ਰੱਸੇ ਪਾਉਣਗੀਆਂ
ਮਿਸਾਲ ਕੌਮ ਨੂੰ ਦੇਣੀ ਐਸੀ ਕਿ
ਧੀਆਂ ਕੁੱਖ 'ਚ ਨਾ ਕਤਲ ਹੋਣਗੀਆਂ
ਕਰ ਕੇ ਖ਼ਾਤਮਾ ਨਸ਼ਿਆਂ ਦਾ
ਧੀਆਂ ਹੁਣ ਘਰ ਵਸਾਉਣਗੀਆਂ
ਜੋ ਲੁੱਟਦੇ ਪਤ ਏਨ੍ਹਾਂ ਦੇਵੀਆਂ ਦੀ
ਸਬਕ ਉਨ੍ਹਾਂ ਨੂੰ ਸਿਖਾਉਣਗੀਆਂ
ਹੁਣ ਸ਼ੇਰਨੀਆਂ ਪੰਜਾਬ ਦੀਆਂ
ਗਿੱਦੜਾਂ ਨੂੰ ਫਾਹੇ ਲਾਉਣਗੀਆਂ।

(ਸਿਮਰਨ)

***ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ***

All Star Auto Care
Grand Opening
27165 Mission Blvd, HAYWARD CA 94544 (Next to Tandoor Restaurant)



Guljender Dhami
Master Technician
ASE Certified
Master Auto Technician

Oil Change
Special
Look
Up to 5Qts
10-30 or 10-40 Oil
$19.95
Plus disposal fee.
Free Safety Check.
Cash Only
With this coupon only most Cars.
Light Trucks & Vans Extra.

Tune-up Package
Starting at $89 Reg. $145
Spark Plugs, Cap & Rotor, Most Cars,
Light Trucks & Vans extra.

Brake Special
Front or Rear
Starting at $89.99 Reg. $130
Free Tire Rotation
Turn Rotors or Brakes Extra.
With this coupon.

Phone:510-885-0666


# ਸੁਜਾਤਾ ਸਚਦੇਵਾ ਦੇ ਗਹਿਣਿਆਂ ਦੀ ਹੋਵੇਗੀ ਨਿਲਾਮੀ

**ਮਿਲਵਾਕੀ:** ਇਥੋਂ ਦੀ ਇਕ ਫ਼ਰਮ ਨਾਲ ਧੋਖਾਧੜੀ ਕਰਨ ਦੇ ਦੋਸ਼ ਵਿਚ ਜ਼ੇਲ੍ਹ ਵਿਚ ਬੰਦ ਭਾਰਤੀ ਮੂਲ ਦੀ ਅਮਰੀਕੀ ਔਰਤ ਸੁਜਾਤਾ ਸੱਚਦੇਵਾ ਦੀ ਦੇਣਦਾਰੀ ਲਾਹੁਣ ਲਈ ਅਧਿਕਾਰੀਆਂ ਨੇ ਉਸ ਦੇ ਹੀਰਿਆਂ ਦੇ ਗਹਿਣੇ ਤੇ ਹੋਰ ਮਹਿੰਗੇ ਕੱਪੜੇ ਵੇਚਣ ਦਾ ਫੈਸਲਾ ਕੀਤਾ ਹੈ।

ਇਹ ਔਰਤ ਹੈਡ ਫੋਨ ਕੰਪਨੀ ਕੌਸ ਕੌਰਪ 'ਚ ਮੁੱਖ ਕਾਰਜਕਾਰੀ ਅਧਿਕਾਰੀ ਵਜੋਂ ਅਹੁਦੇ 'ਤੇ ਤਾਇਨਾਤ ਸੀ। ਇਸ ਕੋਲ 300 ਤੋਂ ਵੱਧ ਡਾਇਮੰਡ ਦੇ ਗਹਿਣੇ ਘੜੀਆਂ, 18 ਕੈਰੇਟ ਚਿੱਟੇ ਸੋਨੇ ਦਾ ਨੈਕਲੈਸ, 7 ਕੈਰੇਟ ਦੀ ਪਲਾਟੀਨਮ ਸੋਨੇ ਦੀ ਮੁੰਦਰੀ ਤੇ ਡਾਇਮੰਡ ਦੀ ਘੜੀ ਦੀ ਅਧਿਕਾਰੀਆਂ ਵੱਲੋਂ 19 ਮਾਰਚ ਨੂੰ ਨਿਲਾਮੀ ਕੀਤੀ ਜਾਵੇਗੀ। ਹੈਡ ਫੋਨ ਕੰਪਨੀ ਕੌਸ ਕੌਰਪ ਨਾਲ 31 ਮਿਲੀਅਨ ਡਾਲਰ ਦੀ ਧੋਖਾਧੜੀ ਕਰਨ ਦੇ ਦੋਸ਼ ਵਿਚ ਜ਼ੇਲ੍ਹ 'ਚ ਬੰਦ ਸੁਜਾਤਾ ਦੀ ਜਾਇਦਾਦ ਸਬੰਧਤ ਵਿਭਾਗ ਨੇ ਜ਼ਬਤ ਕਰ ਲਈ ਸੀ।


M.K. Nijjar DDS
Ruchi Nijjar DDS
Laser Dentistry
No shots, No Drill,
No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



Are Worries Keeping You Awake?
Watch Your Business AnyTime Any Place.




Attention Business Owners!!
Are You Worried About Your Business When You`re Not There?
Watch your business from anywhere on iPhone with our new technology
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566 www.dvrunlimited.com



G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  » New License Plates & Renewals
- Interstate & Intrastate Permits
  » DOT #, MC #, CA #
  » IFTA, UCR, MCP
  » NM, KY, NY, OR Permits
  » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawrenceins.com

ਟਰੱਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210

ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ

# ਸੈਕਰਾਮੈਂਟੋ ਵਿਚ ਪੀ ਸੀ ਐਸ ਦਾ ਵਿਸਾਖੀ ਮੇਲਾ 16 ਅਪਰੈਲ ਨੂੰ

**ਸੈਕਰਾਮੈਂਟੋ:** ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਵਲੋਂ ਇਸ ਸਾਲ ਆਪਣਾ ਵਿਸਾਖੀ ਮੇਲਾ ਆਉਂਦੀ 16 ਅਪਰੈਲ ਨੂੰ ਐਸ ਈ ਐਸ ਹਾਲ, ਐਲਕ ਗਰੂਵ ਵਿਚ ਕਰਾਇਆ ਜਾਏਗਾ। ਇਹ ਸੁਸਾਇਟੀ ਦਾ 22ਵਾਂ ਵਿਸਾਖੀ ਮੇਲਾ ਹੋਵੇਗਾ।



ਸੁਸਾਇਟੀ ਦੀ ਇਥੇ ਲੰਘੇ ਸਨਿਚਰਵਾਰ ਨੂੰ ਸ. ਅਵਤਾਰ ਸਿੰਘ ਡੋਡ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਸ੍ਰੀ ਰਛਪਾਲ ਸਿੰਘ ਫਰਵਾਲਾ ਨੇ ਪਿਛਲੇ ਸਾਲ ਦੇ ਆਮਦਨ ਅਤੇ ਖਰਚ ਦਾ ਵੇਰਵਾ ਸੁਸਾਇਟੀ ਦੇ ਮੈਂਬਰਾਂ ਨਾਲ ਸਾਂਝਾ ਕੀਤਾ ਜੋ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨ ਕੀਤਾ। ਮੇਲੇ ਨੂੰ ਇਸ ਵਾਰ ਪਹਿਲਾਂ ਤੋਂ ਵੀ ਵੱਧ ਪ੍ਰਭਾਵਸ਼ਾਲੀ ਬਣਾਉਣ ਲਈ ਵਿਚਾਰ ਹੋਈ। ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜੀ ਰੱਖਣ ਲਈ ਹੋਰ ਚੰਗੀ ਟਰੇਨਿੰਗ ਦੇ ਕੇ ਸਟੇਜ ਉਤੇ ਲਿਆਂਦਾ ਜਾਵੇਗਾ ਜਿਥੇ ਉਹ ਗੀਤ-ਸੰਗੀਤ, ਗਿੱਧੇ, ਭੰਗੜੇ ਅਤੇ ਹਾਸ ਰਸ ਦੇ ਪ੍ਰੋਗਰਾਮ ਪੇਸ਼ ਕਰਨਗੇ। ਇਸ ਤੋਂ ਇਲਾਵਾ ਮੇਲੇ ਵਿਚ ਇਲਾਕੇ ਦੀਆਂ ਮਾਣਯੋਗ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ ਜਾਏਗਾ। ਮੇਲੇ ਲਈ ਕੋਈ ਦਾਖਲਾ ਫੀਸ ਨਹੀਂ ਰੱਖੀ ਗਈ ਅਤੇ ਸਕਿਉਰਿਟੀ ਦਾ ਵੀ ਸਖਤ ਪ੍ਰਬੰਧ ਹੋਵੇਗਾ। ਸਟੇਜ ਸੈਕਟਰੀ ਜਸਵੰਤ ਸਿੰਘ ਸ਼ਾਦ ਹੋਣਗੇ ਅਤੇ ਵੀਡੀਓ ਐਮ ਐਸ ਚਾਹਲ ਤੇ ਸਾਊਂਡ ਸਰਵਿਸ ਸੁਰੇਸ਼ ਸ਼ਸ਼ੀ ਦੀ ਹੋਵੇਗੀ।

ਇਸ ਮੀਟਿੰਗ ਵਿਚ ਸ੍ਰੀ ਡੋਡ ਅਤੇ ਸ੍ਰੀ ਫਰਵਾਲਾ ਤੋਂ ਇਲਾਵਾ ਸੁਰਿੰਦਰ ਬਿੰਦਰਾ, ਹਰਜਿੰਦਰ ਸਿੰਘ ਪੰਧੇਰ, ਪਵਿਤਰ ਨਾਹਲ, ਕਮਲ ਸਿੰਘ, ਤ੍ਰਿਪਤ ਸਿੰਘ ਭੱਟੀ, ਸੁਖਰਾਜ ਔਲਖ, ਰਣਜੀਤ ਸਿੰਘ ਧਾਲੀਵਾਲ, ਹਰਿੰਦਰ ਸਿੰਘ ਸੁੱਖੀ, ਹਰਜੀਤ ਸਿੰਘ, ਮਨਜਿੰਦਰ ਸਿੰਘ, ਅਜੈਬ ਸਿੰਘ, ਰਾਜਾ ਸਿੰਘ, ਮੋਤਾ ਸਿੰਘ, ਮਨਜੀਤ ਸਿੰਘ ਢਿੱਲੋਂ, ਹਰਪ੍ਰੀਤ ਸਿੰਘ, ਨਿਰਵੈਲ ਸਿੰਘ, ਵਰਿੰਦਰ ਸਿੰਘ, ਹਾਕਮ ਸਿੰਘ, ਜੇਸਨ ਸਿੰਘ, ਅੰਮ੍ਰਿਤ ਸਿੰਘ, ਐਮ ਐਸ ਚਾਹਲ ਅਤੇ ਅਮਰ ਸਿੰਘ ਨੇ ਹਿੱਸਾ ਲਿਆ।

ਇਥੇ ਜ਼ਿਕਰਯੋਗ ਹੈ ਕਿ ਸੁਸਾਇਟੀ ਵਲੋਂ ਸਾਲ ਵਿਚ 2 ਸਭਿਆਚਾਰਕ ਮੇਲੇ-ਵਿਸਾਖੀ ਮੇਲਾ ਅਤੇ ਤੀਆਂ ਦਾ ਮੇਲਾ ਕਰਵਾਏ ਜਾਂਦੇ ਹਨ ਅਤੇ ਇਹ ਦੋਵੇਂ ਮੇਲੇ ਨਿਰੋਲ, ਨਰੋਏ ਪੰਜਾਬੀ ਸਭਿਆਚਾਰ ਨੂੰ ਸਮਰਪਿਤ ਹੁੰਦੇ ਹਨ। ਹੋਰ ਜਾਣਕਾਰੀ ਲਈ ਫੋਨ 916-880-0531 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬੌਬੀ ਜਿੰਦਲ ਦੀ ਪਤਨੀ ਦੀ ਖੈਰਾਇਤੀ ਸੰਸਥਾ ਵੱਲ ਉਂਗਲ ਉਠੀ

ਹਿਊਸਟਨ: ਲੂਸੀਆਨਾ ਦੇ ਭਾਰਤੀ ਮੂਲ ਦੇ ਗਵਰਨਰ ਬੌਬੀ ਜਿੰਦਲ ਦੀ ਪਤਨੀ ਸੁਪ੍ਰਿਯਾ ਵੱਲੋਂ ਬੱਚਿਆਂ ਲਈ ਬਣਾਈ ਖੈਰਾਇਤੀ ਸੰਸਥਾ ਨੇ ਕਾਰਪੋਰੇਸ਼ਨਾਂ ਪਾਸੋਂ 7,90,000 ਅਮਰੀਕੀ ਡਾਲਰ ਦਾ ਦਾਨ ਹਾਸਲ ਕੀਤਾ ਸੀ। ਵਾਸ਼ਿੰਗਟਨ ਆਧਾਰਤ ਇਕ ਨਿਗਰਾਨ ਗਰੁੱਪ ਨੇ ਇਹ ਦਾਅਵਾ ਕਰਦਿਆਂ ਕਿਹਾ ਕਿ ਇਨ੍ਹਾਂ ਕਾਰਪੋਰੇਸ਼ਨਾਂ ਨੇ ਹੀ ਰਿਪਬਲਿਕ ਉਮੀਦਵਾਰ ਬੌਬੀ ਜਿੰਦਲ ਦੀ ਚੋਣ ਮੁਹਿੰਮ ਵਿਚ ਪੈਸਾ ਲਾਇਆ ਸੀ।

'ਸਿਟੀਜ਼ਨ ਫਾਰ ਰਿਸਪੌਂਸੀਬਿਲਿਟੀ ਐਂਡ ਐਥਿਕਸ' ਨੇ ਆਪਣੀ ਰਿਪੋਰਟ ਵਿਚ ਦੋਸ਼ ਲਾਇਆ ਕਿ ਲੂਸੀਆਨਾ ਦੀ ਪ੍ਰਥਮ ਮਹਿਲਾ ਦੀ ਫਾਊਂਡੇਸ਼ਨ ਸਿਰਫ ਕਾਰਪੋਰੇਸ਼ਨਾਂ ਵੱਲੋਂ ਗਵਰਨਰ ਦਾ ਪੱਖ ਪੂਰਨ ਦਾ ਜ਼ਰੀਆ ਹੈ, ਤਾਂ ਕਿ ਚੋਣ ਮੁਹਿੰਮ ਵਿਚ ਯੋਗਦਾਨ ਪਾਉਣ ਦੀ ਹੱਦ ਤੈਅ ਹੋਣ ਕਾਰਨ ਕਿਸੇ ਹੋਰ ਤਰੀਕੇ ਨਾਲ ਪੈਸਾ ਦਿੱਤਾ ਜਾ ਸਕੇ। ਜ਼ਿਕਰਯੋਗ ਹੈ ਕਿ ਲੂਸੀਆਨਾ ਦੇ ਕਾਨੂੰਨ ਮੁਤਾਬਕ ਇਕ ਚੋਣ ਚੱਕਰ ਦੌਰਾਨ ਕੋਈ ਵਿਅਕਤੀ ਜਾਂ ਕਾਰਪੋਰੇਸ਼ਨ ਸਿਆਸੀ ਉਮੀਦਵਾਰ ਦੀ ਮੁਹਿੰਮ ਵਿਚ 5,000 ਅਮਰੀਕੀ ਡਾਲਰ ਤੱਕ ਦਾ ਹੀ ਯੋਗਦਾਨ ਪਾ ਸਕਦੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਲੂਸੀਆਨਾ ਸੂਬੇ ਦੇ ਸਕੂਲਾਂ ਵਿਚ ਤਕਨਾਲੋਜੀ ਦੇ ਵਿਸਤਾਰ ਲਈ ਕੰਮ ਕਰਦੀ ਸੁਪ੍ਰਿਯਾ ਜਿੰਦਲ ਦੀ ਫਾਊਂਡੇਸ਼ਨ ਨੂੰ ਕਾਰਪੋਰੇਟ ਦਾਨੀਆਂ ਨੇ ਵੱਡੇ ਫੰਡ ਦਿੱਤੇ। ਇਸ ਨਿਗਰਾਨ ਗਰੁੱਪ ਦੇ ਕਾਰਜਕਾਰੀ ਡਾਇਰੈਕਟਰ ਤੇ ਸਾਬਕਾ ਵਕੀਲ ਮੈਲਿਨੀ ਸਲੋਨ ਨੇ ਕਿਹਾ ਕਿ ਇਹ ਦਾਨ ਨਾ ਸਿਰਫ ਬੱਚਿਆਂ ਲਈ ਸੀ, ਸਗੋਂ ਇਸ ਦਾ ਮੰਤਵ ਸਿਆਸੀ ਸੀ।

ਇਸ ਵਿਚ ਏ.ਟੀ. ਐਂਡ ਟੀ. ਕੰਪਨੀ ਵੱਲੋਂ 2,50,000 ਅਮਰੀਕੀ ਡਾਲਰ ਦਾ ਯੋਗਦਾਨ ਦਿੱਤਾ ਗਿਆ। ਇਸ ਕੰਪਨੀ ਨੂੰ ਕੇਬਲ ਟੈਲੀਵਿਜ਼ਨ ਸੇਵਾਵਾਂ ਦੇਣ ਦੀ ਇਜਾਜ਼ਤ ਲਈ ਮਤੇ 'ਤੇ ਜਿੰਦਲ ਦੇ ਦਸਤਖਤਾਂ ਦੀ ਲੋੜ ਸੀ। ਮੈਰਾਥਨ ਆਇਲ ਕੰਪਨੀ, ਜਿਸ ਨੇ ਆਪਣੇ ਲੂਸੀਆਨਾ ਪਲਾਂਟ ਲਈ ਪਿਛਲੇ ਸਾਲ ਤੇਲ ਸੋਧਣ ਦਾ ਕੋਟਾ ਵਧਾਉਣ ਦੀ ਮਨਜ਼ੂਰੀ ਹਾਸਲ ਕੀਤੀ ਸੀ, ਨੇ ਵੀ ਢਾਈ ਲੱਖ ਡਾਲਰ ਦਾਨ ਦਿੱਤਾ।

ਇਸ ਸਬੰਧੀ ਗਵਰਨਰ ਦੇ ਬੁਲਾਰੇ ਨੇ ਕਿਹਾ ਕਿ ਉਨ੍ਹਾਂ ਨਿਜੀ ਤੌਰ 'ਤੇ ਕਿਸੇ ਵੀ ਦਾਨੀ ਨੂੰ ਖੈਰਾਤ ਦੇਣ ਲਈ ਨਹੀਂ ਕਿਹਾ। ਬੌਬੀ ਜਿੰਦਲ ਦੇ ਪ੍ਰੈਸ ਸਕੱਤਰ ਕੇਲ ਪਲੌਟਕਿਨ ਨੇ ਕਿਹਾ ਕਿ ਪ੍ਰਥਮ ਮਹਿਲਾ ਵੱਲੋਂ ਬਣਾਈ ਸੰਸਥਾ ਪੂਰੀ ਤਰ੍ਹਾਂ ਗੈਰ-ਸਿਆਸੀ ਹੈ।

## ਲੂਸੀਆਨਾ 'ਚ ਭਾਰੀ ਤੂਫਾਨ

**ਹਿਊਸਟਨ:** ਭਾਰਤੀ ਮੂਲ ਦੇ ਲੂਸੀਆਨਾ ਦੇ ਰਾਜਪਾਲ ਬੌਬੀ ਜਿੰਦਲ ਨੇ ਸੂਬੇ ਵਿਚ ਆਏ ਭਿਅੰਕਰ ਤੂਫਾਨਾਂ ਕਾਰਨ ਐਮਰਜੈਂਸੀ ਲਾਗੂ ਕਰ ਦਿੱਤੀ ਹੈ। ਤੂਫਾਨ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 12 ਜ਼ਖਮੀ ਹੋ ਚੁੱਕੇ ਹਨ।

ਅਧਿਕਾਰੀਆਂ ਨੇ ਕਿਹਾ ਕਿ 500 ਤੋਂ ਵੱਧ ਲੋਕਾਂ ਨੂੰ ਦੱਖਣੀ ਲੂਸੀਆਨਾ 'ਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ। ਸੂਬਾਈ ਅਧਿਕਾਰੀਆਂ ਨੇ ਦੱਸਿਆ ਕਿ ਅਕਾਡੀਆ, ਟੈਰੀਬੋਨ ਅਤੇ ਜੈਫਰਸਨ ਪੈਰਿਸਜ਼ ਵਿਚ 100 ਤੋਂ ਵੱਧ ਘਰ ਤੇ ਕਾਰੋਬਾਰੀ ਥਾਵਾਂ ਦਾ ਨੁਕਸਾਨ ਹੋਇਆ।













ਸ਼ਹੀਦੋਂ ਕੀ ਚਿਤਾਉਂ ਪੇ ਲਗੇਂਗੇ ਹਰ ਬਰਸ ਮੇਲੇ, ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ



# ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ
## ਗਦਰੀ ਬਾਬਿਆਂ ਦੀ ਯਾਦ ਵਿਚ



# 11ਵਾਂ ਸਲਾਨਾ 'ਮੇਲਾ ਗਦਰੀ ਬਾਬਿਆਂ ਦਾ'

March 19th, 2011, Saturday 12:00 Pm to 07:00 pm

Regency Palac (Praise Event Center) 1600 Willow Avenue, CLOVIS, CA 93612

**ਮੁੱਖ ਮਹਿਮਾਨ**

**ਡਾ. ਸਾਧੂ ਸਿੰਘ ਕਨੇਡਾ**

ਪ੍ਰਸਿੱਧ ਬੁਲਾਰਾ ਤੇ ਲੇਖਕ

**ਡਾ. ਐਸ ਐਲ ਵਿਰਦੀ**

ਬੁਲਾਰਾ



ਮੇਵਾ ਸਿੰਘ ਲੋਪੋਕੇ



ਤਾਰਕ ਨਾਥ ਦਾਸ



ਰਾਮ ਸਿੰਘ ਧੁਲੇਤਾ

**ਮੁਫਤ ਦਾਖਲਾ**

### ਪ੍ਰੋਗਰਾਮ

* ਲੋਕ ਗਾਇਕ ਸੁਖਵਿੰਦਰ ਪੰਛੀ, ਰਾਜ ਬਰਾੜ, ਸੁਖਦੇਵ ਸਾਹਿਲ ਅਤੇ ਮਿੱਕੀ ਸਰਾਂ ਸੱਭਿਆਚਾਰਕ ਗੀਤ ਪੇਸ਼ ਕਰਨਗੇ।
* ਕੂਲ ਪੰਜਾਬੀ ਵਿਰਸਾ ਅਕੈਡਮੀ ਸਟਾਕਟਨ ਦੇ ਪਰਮਜੀਤ ਅਤੇ ਰੇਨੂੰ ਸਿੰਘ ਇਕ ਖੂਬਸੂਰਤ ਨਾਟਕ 'ਬੇਗਮੋ ਦੀ ਧੀ' ਪੇਸ਼ ਕਰਨਗੇ।
* ਕਵਿਤਾ, ਭੰਗੜਾ, ਗਿੱਧਾ ਅਤੇ ਹੋਰ ਦਿਲਚਸਪ ਆਈਟਮਾਂ।
* ਹਾਈ ਸਕੂਲ ਦੇ (4.0 ਜੀ. ਪੀ. ਏ.) ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

| ਗੁਰਦੀਪ ਸਿੰਘ ਗਿੱਲ ਘੋਲੀਆ | ਜਸਵੰਤ ਸਿੰਘ ਮਾਨ | ਸੁਰਿੰਦਰ ਸਿੰਘ ਮੰਢਾਲੀ |
|---|---|---|
| (ਪ੍ਰਧਾਨ) | (ਖਜਾਨਚੀ) | (ਸੈਕਟਰੀ) |
| (559-360-4268) | (559-486-4138) | (559-473-9269) |

**ਮੋਗਾ ਵੀਡੀਓ ਵਲੋਂ**

ਮੁਫਤ ਪਰਿਵਾਰਕ ਫੋਟੋ 11:00 ਤੋਂ 01:00

www.mogavideo.com

## ਮੇਲਾ ਕਮੇਟੀ

ਸ਼ਰਨਜੀਤ ਧਾਲੀਵਾਲ (**email : sharandhaliwal7@yahoo.com**), ਸਿਮਰਨ ਹੇਅਰ, ਰੂਬੀ ਸੰਘਾ, ਰਾਜ ਅਲੀ, ਹਰਿੰਦਰ ਮੰਢਾਲੀ, ਕੁਲਵੀਰ ਸੇਖੋਂ, ਬਲਦੇਵ ਧਾਲੀਵਾਲ (240-3868),ਪ੍ਰੀਤਮ ਗਿੱਲ ਪ੍ਰਧਾਨ ਸਵਾਗਤੀ ਕਮੇਟੀ (307-5700), ਮਹਿੰਦਰ ਢਾਅ (430-7902), ਗੁਰਪ੍ਰੀਤ ਖਾਨਖਾਨਾ, ਗੁਰਮੀਤ ਗਾਜੀਆਣਾ (801-8200), ਗੁਰਦੀਪ ਸਿੰਘ ਅਣਖੀ, ਨਵਦੀਪ ਧਾਲੀਵਾਲ ਵਾਈਸ ਪ੍ਰਧਾਨ (287-0822), ਕੁਲਵੀਰ ਹੇਅਰ (907 6544), ਉਦੇਦੀਪ ਸਿੱਧੂ (355-4065), ਜਗਰੂਪ ਧਾਲੀਵਾਲ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਢਾਲੀ, ਸੁਰਿੰਦਰ ਸਿੰਘ ਥਿੰਦ, ਮਾਸਟਰ ਸੁੱਚਾ ਸਿੰਘ ਦਿਓਲ, ਬਲਵੰਤ ਸਿੰਘ ਡੁਮੇਲੀ, ਹਰਨੇਕ ਸਿੰਘ ਸੰਘੇੜਾ, ਮਿੱਕੀ ਸਰਾਂ, ਪਰਮਜੀਤ ਧਾਲੀਵਾਲ, ਬਲਬੀਰ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਸ਼ੌਕਤ ਅਲੀ, ਮਨਜੀਤ ਕੌਰ ਗੁਰਮ , ਸ਼ਬੀਨਾ ਜੌਹਲ, ਭੁਪਿੰਦਰ ਕੌਰ ਬਦੇਸ਼ਾ, ਸੁਖਜਿੰਦਰ ਕੌਰ ਢਿੱਲੋਂ, ਦੀਵਾਨ ਸਿੰਘ ਸੇਖੋਂ, ਮੇਜਰ ਸਿੰਘ ਢਾਹ, ਮੇਜਰ ਸਿੰਘ ਪੁਆਰੀ, ਇਕਬਾਲ ਸਿੰਘ ਰਣੀਆ, ਹਰਵਿੰਦਰ ਕੌਰ ਜੌਹਲ, ਬਲਰਾਜ ਸਿੰਘ ਢਿੱਲੋਂ, ਰਣਧੀਰ ਸਿੰਘ ਲਤਾਲਾ, ਜਰਨੈਲ ਸਿੰਘ ਵਕੀਲ, ਦਲਜੀਤ ਸਿੰਘ ਰਿਆੜ, ਪਰਮਜੀਤ ਸਿੰਘ ਢਿੱਲੋਂ , ਹਰਜਿੰਦਰ ਢੇਸੀ, ਪਰਮਜੀਤ ਸਿੰਘ ਬਾਸੀ, ਅਮਨਦੀਪ ਖਹਿਰਾ।

**4.0 G. P. A** ਕਮੇਟੀ: ਸ਼ਰਨਜੀਤ ਧਾਲੀਵਾਲ, ਰੂਬੀ ਸੰਘਾ, ਕਿਰਨ ਸੰਘਾ।

ਈ ਮੇਲ:sharandhaliwal7@yahoo.com,
indoamericanheritageforumfresno@yahoo.com

ਸਾਰਾ ਦਿਨ ਲੰਗਰ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

### ਸਪਾਂਸਰਸ

ਡਾ. ਜਗਦੇਵ ਸਿੰਘ, ਸੁਦਰਸ਼ਨ ਸ਼ਰਮਾਂ, ਜੀ ਬੀ ਟੀ ਇੰਕ. ਗਿੱਲ ਬ੍ਰਦਰਜ਼, ਗਿੱਲ ਇੰਸ਼ੋਰੈਂਸ, ਡਾ. ਤਰਲੋਚਨ ਟੈਗੋਰ, ਜਸਵਿੰਦਰ ਸਿੰਘ ਰਾਏ, ਸੁੱਖੀ ਆਟੋ (ਗੈਸ ਐਂਡ ਫੂਡ), ਕੁਇਕ ਫੂਡ ਸਟੋਰ, ਦਵਿੰਦਰ ਸਿੰਘ ਢਿੱਲੋਂ, ਪਾਲ ਸਹੋਤਾ, ਜੋਗਾ ਸਿੰਘ ਹੈਨ ਫੋਰਡ, ਡਾ. ਵਰਿੰਦਰ ਕਾਲਿਕਾ, ਤਰਲੋਕ ਸਿੰਘ, ਸ. ਹਾਕਮ ਸਿੰਘ, ਮੇਜਰ ਟਰਾਂਸਪੋਰਟੇਸ਼ਨ, ਲਖਵੀਰ ਗਿੱਲ, ਟਹਿਲ ਸਿੰਘ ਥਾਂਦੀ, ਯੂਨਾਈਟਿਡ ਟਰੱਕ ਡਰਾਈਵਿੰਗ ਸਕੂਲ, ਏ ਵਨ ਰੀਐਲਿਟੀ, ਕੋਸਟ ਟੂ ਕੋਸਟ ਕਾਰਗੋ ਇੰਕ, ਤਾਰਾ ਸਿੰਘ ਬੱਲ, ਨਰਿੰਦਰ ਸਿੰਘ ਸਹੋਤਾ, ਗੁਰਦੀਪ ਸਿੰਘ ਚੌਹਾਨ, ਡਾ. ਗੁਰਦੀਪ ਐਸ ਰਾਨੂੰ, ਸੰਘੇੜਾ ਕੈਰੀਅਰਸ, ਫਾਈਵ ਰਿਵਰ ਟਰੱਕ ਡਰਾਈਵਿੰਗ, ਪਰਲਾਦ ਸਿੰਘ ਕੋਲੇ, ਸੰਧੂ ਬ੍ਰਦਰਜ਼, ਬਰਾੜ ਕੰਸਟਰਕਸ਼ਨ (ਲਖਵਿੰਦਰ), ਨਿੱਝਰ ਬ੍ਰਦਰਜ਼, ਗੈਟ ਐਨ ਗੋ ਫੂਡ ਐਂਡ ਲਿਕਰ, ਨਵਦੀਪ ਸਿੰਘ ਸਰਾਂ, ਗਿੱਲ ਮੋਟਰਸ ਇੰਕ, ਬਲਬੀਰ ਸਿੰਘ ਦਿਓਲ, ਐਮ ਆਰ ਏ ਟਰਾਂਸਪੋਰਟ, ਕੇ ਐਸ ਟਰਾਂਸਪੋਰਟ, ਕੇ ਐਸ ਟਰਾਂਸ ਸਰਵਿਸ ਕੰਪਨੀ, ਅਟਵਾਲ ਬਰਦਰਜ਼ ਫਾਰਮ, ਸਰਬਜੀਤ ਸਿੰਘ ਅਟਵਾਲ, ਸੁਖਪਾਲ ਸਿੰਘ ਮਾਨ, ਪਰਮਜੀਤ ਸਿੰਘ ਬਾਸੀ, ਵੈਲੀ ਨੈਸ਼ਨਲ, ਡੀ ਟੀ ਐਲ ਦੋਸਾਂਝ ਟਰੱਕ ਲਾਈਨ, ਜਗਦੀਸ਼ ਸਿੰਘ ਖੰਗੂੜਾ, ਜਿਫੀ ਮਾਰਟ (ਚੋਚਿਲਾ), ਬਾਪੂ ਫਾਰਮਿੰਗ ਕੰਪਨੀ, ਇਨਟਰੇਡ ਇੰਡਸਟਰੀ, ਨਿਊ ਇੰਡੀਆ ਸਵੀਟਸ ਐਂਡ ਸਪਾਈਸਸ, ਨਾਜਰ ਸਿੰਘ ਸਹੋਤਾ, ਗੁਰਚਰਨ ਸਿੰਘ ਰੰਕੜ, ਕੁਲਦੀਪ ਸਿੰਘ ਕਾਲਿਕਾ।



## ਮੀਡੀਆ ਸਪਾਂਸਰ: ਪੰਜਾਬੀ ਪ੍ਰੈੱਸ ਕਲੱਬ ਫਰਿਜ਼ਨੋਂ



ਸੁਖਵਿੰਦਰ ਪੰਛੀ



ਮਿੱਕੀ ਸਰਾਂ



ਰਾਜ ਬਰਾੜ



ਪਰਮਜੀਤ ਸਿੰਘ



ਰੇਨੂੰ ਸਿੰਘ



ਸੁਖਦੇਵ ਸਾਹਿਲ

ਆਓ ਸਭ ਪਰਿਵਾਰਾਂ ਸਮੇਤ ਇਕੱਠੇ ਹੋ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰੀਏ ਅਤੇ ਬੱਚਿਆਂ ਨੂੰ ਉਸ ਸ਼ਾਨਾਮੱਤੇ ਇਤਿਹਾਸ ਤੋਂ ਜਾਣੂੰ ਕਰਵਾਈਏ

**ਆਪਣਾ ਅਰਜੈਂਟ ਕੇਅਰ ਵਾਲੇ**

ਡਾ. ਗੁਰਦਾਵਰ ਸਿੰਘ ਧਾਲੀਵਾਲ ਵਲੋਂ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ।

## Directions :-

**From Sacramento/San jose :**
Take Freeway 99 South to Fresno, Exit at Shaw Ave and take right (go east), take left on Willow Ave. Hall is on the left side (behind the home depot).

**From Bakersfield/LA :**
Take Freewy 99 north, take 41 north, Exit on Shaw Ave and take right, take left on Willow Ave. Hall is on the left side.


ਸੋਨੀਆਂ ਗਾਂਧੀ


ਰਾਹੁਲ ਗਾਂਧੀ


ਮਨਮੋਹਨ ਸਿੰਘ

# ਵਫਾਦਾਰੀ, ਇਮਾਨਦਾਰੀ, ਦ੍ਰਿੜਤਾ ਅਤੇ ਸਥਿਰਤਾ ਦਾ ਸੰਗਮ


ਜਗਮੀਤ ਬਰਾੜ

ਨੂੰ ਕਾਂਗਰਸ ਪਾਰਟੀ ਦੀ ਵਰਕਿੰਗ ਕਮੇਟੀ ਦਾ ਸਥਾਈ ਮੈਂਬਰ ਬਣਾਉਣ ਅਤੇ ਗੋਆ, ਦਮਨ ਤੇ ਦਿਓ ਤੇ ਦਾਦਰਾ ਅਤੇ ਨਗਰ ਹਵੇਲੀ ਸੂਬਿਆਂ ਦਾ ਇੰਜਾਰਜ ਲਗਾਉਣ ਤੇ ਕਾਂਗਰਸ ਹਾਈ ਕਮਾਂਡ ਦਾ

# ਬਹੁਤ ਬਹੁਤ ਧੰਨਵਾਦ

ਵਲੋਂ

# ਜੀ. ਐਫ. ਐਸ

ਨਵੀ ਭੰਗੂ 661.903.0151

ਦਲਜੀਤ ਭੰਗੂ 661-378-7944



ਸੋਨੀਆਂ ਗਾਂਧੀ



ਰਾਹੁਲ ਗਾਂਧੀ



ਮਨਮੋਹਨ ਸਿੰਘ

ਵਫਾਦਾਰੀ, ਇਮਾਨਦਾਰੀ, ਦ੍ਰਿੜਤਾ ਅਤੇ ਸਥਿਰਤਾ ਦਾ ਸੰਗਮ



ਜਗਮੀਤ ਬਰਾੜ

ਨੂੰ ਕਾਂਗਰਸ ਪਾਰਟੀ ਦੀ ਵਰਕਿੰਗ ਕਮੇਟੀ ਦਾ ਸਥਾਈ ਮੈਂਬਰ ਬਣਾਉਣ ਅਤੇ ਗੋਆ, ਦਮਨ ਤੇ ਦਿਉ ਤੇ ਦਾਦਰਾ ਅਤੇ ਨਗਰ ਹਵੇਲੀ ਸੂਬਿਆਂ ਦਾ ਇੰਜਾਰਜ ਲਗਾਉਣ ਤੇ ਕਾਂਗਰਸ ਹਾਈ ਕਮਾਂਡ ਦਾ

ਬਹੁਤ ਬਹੁਤ ਧੰਨਵਾਦ

ਵਲੋਂ

ਐਨ.ਆਰ.ਆਈ ਸਭਾ, ਅਮਰੀਕਾ

ਜੋਬਨਜੀਤ ਸਿੰਘ
ਚੇਅਰਮੈਨ ਐਨ.ਆਰ.ਆਈ ਸਭਾ ਅਮਰੀਕਾ

ਤੇਜਪਾਲ ਨਿਕਸਨ
ਸਕੱਤਰ ਜਨਰਲ, ਅਮਰੀਕਾ

ਜਗਦੀਸ਼ ਢਿੱਲੋਂ
ਵਾਈਸ ਚੇਅਰਮੈਨ , ਅਮਰੀਕਾ

ਮਨਜੀਤ ਸਿੰਘ
ਜਨਰਲ ਸਕੱਤਰ, ਅਮਰੀਕਾ

ਸੁੱਖੀ ਘੁੰਮਣ ਮਨਜੋਤ ਰਾਏ ਭਰਪੂਰ ਬਰਾੜ ਰਸ਼ਪਾਲ ਬਰਾੜ

ਜਾਰੀ ਕਰਤਾ : ਮਾਨ ਮਨਦੀਪ (ਮੀਡੀਆ ਸਲਾਹਕਾਰ, ਅਮਰੀਕਾ)
661-889-1927

# ਸੁਪਰੀਮ ਕੋਰਟ ਵੱਲੋਂ ਯੂ.ਪੀ.ਏ. ਸਰਕਾਰ ਨੂੰ ਇਕ ਹੋਰ ਝਟਕਾ

## ਥੌਮਸ ਦੀ ਨਿਯੁਕਤੀ ਰੱਦ, ਪ੍ਰਧਾਨ ਮੰਤਰੀ ਦੀ ਖਿਚਾਈ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਕੇਂਦਰ ਵਿਚਲੀ ਯੂ.ਪੀ.ਏ. ਸਰਕਾਰ ਦੀਆਂ ਇਕ ਤੋਂ ਬਾਅਦ ਇਕ ਗਲਤੀਆਂ ਸਾਹਮਣੇ ਆ ਰਹੀਆਂ ਹਨ ਜਿਸ ਨਾਲ ਵਾਰ-ਵਾਰ 'ਸਾਊ' ਕਹੇ ਜਾਣ ਵਾਲੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸ਼ਰਮਸਾਰ ਹੋਣਾ ਪੈ ਰਿਹਾ ਹੈ। 2-ਜੀ ਸਪੈਕਟ੍ਰਮ ਘੁਟਾਲੇ ਦੀ ਜਾਂਚ ਲਈ ਜੇ.ਪੀ.ਸੀ. ਬਣਾ ਕੇ ਕੁਝ ਰਾਹਤ ਮਹਿਸੂਸ ਕਰ ਰਹੇ ਪ੍ਰਧਾਨ ਮੰਤਰੀ ਨੂੰ ਵਿਰੋਧੀ ਧਿਰ ਦੀ ਅਲੋਚਨਾ ਦਾ ਉਸ ਵੇਲੇ ਮੁੜ ਸਾਹਮਣਾ ਕਰਨਾ ਪੈ ਗਿਆ ਜਦੋਂ ਸੁਪਰੀਮ ਕੋਰਟ ਨੇ ਸੈਂਟਰਲ ਵਿਜੀਲੈਂਸ ਕਮਿਸ਼ਨਰ ਵਜੋਂ ਪੀ.ਜੇ. ਥੌਮਸ ਦੀ ਨਿਯੁਕਤੀ ਰੱਦ ਕਰ ਦਿੱਤੀ। ਇਸ ਮੌਕੇ ਸੁਪਰੀਮ ਕੋਰਟ ਨੇ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਉੱਚ ਪੱਧਰੀ ਕਮੇਟੀ (ਐਚ.ਪੀ. ਸੀ.) ਦੀ ਵੀ ਜ਼ੋਰਦਾਰ ਆਲੋਚਨਾ ਕੀਤੀ ਜਿਸ ਨੇ ਫ਼ੌਜਦਾਰੀ ਕੇਸ ਦਾ ਸਾਹਮਣਾ ਕਰ ਰਹੇ ਵਿਅਕਤੀ ਦੀ ਨਿਯੁਕਤੀ ਕੀਤੀ ਸੀ।

ਅਦਾਲਤ ਦਾ ਕਹਿਣਾ ਸੀ ਕਿ ਸੀ.ਵੀ.ਸੀ. ਦੀ ਨਿਯੁਕਤੀ ਦਾ ਮੁੱਖ ਆਧਾਰ 'ਸੰਸਥਾਗਤ ਦਿਆਨਦਾਰੀ' ਦੇ ਨਾਲ-ਨਾਲ ਉਮੀਦਵਾਰ ਦੀ ਆਪਣੀ ਦਿਆਨਤਦਾਰੀ ਵੀ ਹੁੰਦੀ ਹੈ। 'ਸਬੰਧਤ ਸਮੱਗਰੀ' ਦੀ ਅਣਦੇਖੀ ਕਰਕੇ ਆਪਹੁਦਰੇ ਢੰਗ ਨਾਲ ਥੌਮਸ (60) ਦੀ ਸੀ.ਵੀ.ਸੀ. ਵਜੋਂ ਨਿਯੁਕਤੀ ਦੀ ਸਿਫ਼ਾਰਸ਼ ਕਰਨ ਦੇ ਐਚ.ਪੀ.ਸੀ. ਦੇ ਫ਼ੈਸਲੇ ਨੂੰ ਵੀ ਅਦਾਲਤ ਨੇ ਨੁਕਸਦਾਰ ਕਿਹਾ। ਚੀਫ਼ ਜਸਟਿਸ ਐਸ.ਐਚ. ਕਪਾਡੀਆ ਦੀ ਅਗਵਾਈ 'ਚ ਤਿੰਨ ਮੈਂਬਰੀ ਬੈਂਚ ਨੇ ਥੌਮਸ ਤੇ ਸਰਕਾਰ ਦੀ ਇਹ ਦਲੀਲ ਖ਼ਾਰਜ ਕਰ ਦਿੱਤੀ ਕਿ ਸੀ.ਵੀ.ਸੀ. ਦੀ ਨਿਯੁਕਤੀ ਨਿਆਂਇਕ ਜਾਇਜ਼ੇ ਅਧੀਨ ਨਹੀਂ ਲਿਆਂਦੀ ਜਾ ਸਕਦੀ। ਅਦਾਲਤ ਨੇ ਕਿਹਾ ਕਿ ਸਿਫ਼ਾਰਸ਼ ਨੂੰ ਕਾਨੂੰਨੀ ਪੱਖੋਂ ਬਿਲਕੁਲ ਜਾਂਚਿਆ-ਪੜਤਾਲਿਆ ਜਾ ਸਕਦਾ ਹੈ। ਐਚ.ਪੀ.ਸੀ. ਦੇ ਫ਼ੈਸਲੇ ਦੀ ਕਰੜਾਈ ਨਾਲ ਨਿੰਦਾ ਕਰਦਿਆਂ ਅਦਾਲਤ ਨੇ ਕਿਹਾ ਕਿ ਭਵਿੱਖ 'ਚ ਸੀ.ਵੀ.ਸੀ. ਦਾ ਅਹੁਦਾ ਕੇਵਲ ਨੌਕਰਸ਼ਾਹਾਂ ਤੱਕ ਹੀ ਮਹਿਦੂਦ ਨਹੀਂ ਰੱਖਿਆ ਜਾਣਾ ਚਾਹੀਦਾ ਬਲਕਿ ਹੋਰ ਖੇਤਰਾਂ ਦੇ ਬੇਦਾਗ਼ ਰਿਕਾਰਡ ਵਾਲੇ ਦਿਆਨਦਾਰ ਲੋਕਾਂ ਨੂੰ ਵੀ ਇਸ ਲਈ ਵਿਚਾਰਿਆ ਜਾਣਾ ਚਾਹੀਦਾ ਹੈ।




1973 ਦੇ ਬੈਚ ਦੇ ਸਾਬਕਾ ਆਈ.ਏ.ਐਸ. ਅਧਿਕਾਰੀ ਥੌਮਸ ਨੂੰ ਪਿਛਲੇ ਸਾਲ 7 ਸਤੰਬਰ ਨੂੰ ਸੀ.ਵੀ.ਸੀ. ਨਿਯੁਕਤ ਕੀਤਾ ਗਿਆ ਸੀ ਹਾਲਾਂਕਿ ਐਚ.ਪੀ.ਸੀ. ਦੀ ਮੈਂਬਰ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਅਸਹਿਮਤੀ ਦਰਜ ਕਰਵਾਈ ਸੀ। ਥੌਮਸ 'ਤੇ ਕੇਰਲਾ ਦੀ ਅਦਾਲਤ 'ਚ ਤਾੜ ਦੀ ਦਰਾਮਦ ਨੂੰ ਲੈ ਕੇ ਹੋਏ ਘੁਟਾਲੇ 'ਚ ਭ੍ਰਿਸ਼ਟਾਚਾਰ ਦਾ ਕੇਸ ਚੱਲ ਰਿਹਾ ਹੈ। ਤਾੜ ਦੇ ਤੇਲ ਦੀ ਦਰਾਮਦ ਵੇਲੇ ਥੌਮਸ ਕੇਰਲਾ ਸਰਕਾਰ 'ਚ ਖੁਰਾਕ ਸਕੱਤਰ ਸੀ ਤੇ ਉਸ ਵੇਲੇ ਦੇ ਮੁੱਖ ਮੰਤਰੀ ਕੇ. ਕਰੁਨਾਕਰਨ ਕੇਸ 'ਚ ਇਕ ਹੋਰ ਮੁਲਜ਼ਮ ਸਨ ਜਿਸ ਦੀ ਹਾਲ ਹੀ 'ਚ ਮੌਤ ਹੋਈ ਹੈ। ਇਕ ਐਨ.ਜੀ.ਓ. ਸੀ.ਪੀ.ਆਈ.ਐਲ. ਤੇ ਸਾਬਕਾ ਮੁੱਖ ਚੋਣ ਕਮਿਸ਼ਨਰ ਜੇ.ਐਮ. ਲਿੰਗਦੋਹ ਸਮੇਤ ਹੋਰਾਂ ਵੱਲੋਂ ਦਾਇਰ ਜਨਹਿਤ ਪਟੀਸ਼ਨ ਦਾ ਨਿਬੇੜਾ ਕਰਦਿਆਂ ਅਦਾਲਤ ਨੇ ਕਿਹਾ ਕਿ 3 ਸਤੰਬਰ 2010 ਦੀ ਐਚ.ਪੀ.ਸੀ. ਦੀ ਪੀ.ਜੇ. ਥੌਮਸ ਦੇ ਨਾਂ ਦੀ 2003 ਦੇ ਐਕਟ ਦੀ ਧਾਰਾ 4(1) ਅਧੀਨ ਸੀ.ਵੀ.ਸੀ. ਲਾਏ ਜਾਣ ਦੀ ਸਿਫ਼ਾਰਸ਼ ਦੀ ਕਾਨੂੰਨ ਅਨੁਸਾਰ ਕੋਈ ਹੋਂਦ ਨਹੀਂ ਹੈ ਤੇ ਇਸ ਕਰਕੇ ਉਸ ਦੀ ਸੀ.ਵੀ.ਸੀ. ਵਜੋਂ ਇਤਰਾਜ਼ਯੋਗ ਨਿਯੁਕਤੀ ਖਾਰਜ ਕੀਤੀ ਜਾਂਦੀ ਹੈ।" ਜਸਟਿਸ ਕਪਾਡੀਆ ਵੱਲੋਂ ਲਿਖੇ 71 ਸਫ਼ਿਆਂ ਦੇ ਫ਼ੈਸਲੇ 'ਚ ਕਿਹਾ ਗਿਆ ਕਿ ਨਾ ਕੇਵਲ ਥੌਮਸ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਮਾਮਲਾ ਚੱਲ ਰਿਹਾ ਸੀ, ਬਲਕਿ 2000 ਤੋਂ 2004 ਤੱਕ ਪ੍ਰਸੋਨਲ ਤੇ ਟਰੇਨਿੰਗ ਵਿਭਾਗ (ਡੀ.ਓ.ਪੀ.ਟੀ.) ਵੱਲੋਂ ਵਾਰ-ਵਾਰ ਦਰਜ ਨੋਟਾਂ 'ਚ ਉਸ ਦੇ ਵਿਰੁੱਧ ਸਜ਼ਾ ਦੀ ਕਾਰਵਾਈ ਕੀਤੇ ਜਾਣ ਦੀ ਸਿਫ਼ਾਰਸ਼ ਕੀਤੀ ਗਈ ਸੀ

ਉਧਰ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਤਿਕਾਰ ਕਰਦੇ ਹਨ ਤੇ ਆਪਣੀ ਜ਼ਿੰਮੇਵਾਰੀ ਸਵੀਕਾਰਦੇ ਹਨ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਏ ਜਾਣ ਦੀ ਲੋੜ ਹੈ ਕਿ ਅਜਿਹੀਆਂ ਗੱਲਾਂ ਦੁਬਾਰੇ ਨਾ ਵਾਪਰਨ। ਦੂਜੇ ਪਾਸੇ ਸੁਪਰੀਮ ਕੋਰਟ ਵੱਲੋਂ ਪੀ.ਜੇ. ਥੌਮਸ ਦੀ ਸੀ.ਵੀ.ਸੀ. ਵਜੋਂ ਨਿਯੁਕਤੀ ਰੱਦ ਕਰਨ ਮਗਰੋਂ ਵਿਰੋਧੀ ਧਿਰ ਨੇ ਸਰਕਾਰ ਨੂੰ ਘੇਰ ਲਿਆ ਹੈ। ਉਸ ਨੇ ਜਿਥੇ ਇਸ ਨੂੰ ਸਰਕਾਰ ਲਈ ਵੱਡਾ ਝਟਕਾ ਕਰਾਰ ਦਿੱਤਾ ਹੈ ਉਥੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੁੱਛਿਆ ਹੈ ਕਿ ਉਹ ਦੱਸਣ ਕਿ ਇਸ ਸਭ ਲਈ ਜ਼ਿੰਮੇਵਾਰ ਕੌਣ ਹੈ? ਸੀ.ਪੀ.ਆਈ. ਨੇ ਗ੍ਰਹਿ ਮੰਤਰੀ ਪੀ. ਚਿਦੰਬਰਮ ਤੋਂ ਅਸਤੀਫ਼ੇ ਦੀ ਮੰਗ ਕੀਤੀ ਹੈ ਕਿਉਂਕਿ ਉਹ ਥੌਮਸ ਦੀ ਨਿਯੁਕਤੀ ਨੂੰ ਸਹੀ ਠਹਿਰਾਉਂਦੇ ਰਹੇ।

# ਸ਼ਾਇਰ ਚਿੱਤਰਕਾਰ ਸੋਹਨ ਕਾਦਰੀ ਨਹੀਂ ਰਹੇ

**ਟੋਰਾਂਟੋ:** ਵਿਸ਼ਵ ਪੱਧਰ 'ਤੇ ਆਪਣੀ ਪਛਾਣ ਬਣਾਉਣ ਵਾਲੇ ਪੰਜਾਬੀ ਸ਼ਾਇਰ ਤੇ ਚਿੱਤਰਕਾਰ ਸੋਹਨ ਕਾਦਰੀ (78 ਸਾਲ) ਦਾ ਇਥੋਂ ਦੇ ਹਸਪਤਾਲ 'ਚ ਤਿੰਨ ਮਾਰਚ ਨੂੰ ਦੇਹਾਂਤ ਹੋ ਗਿਆ।ਪਿੰਡ ਚਾਚੋਕੀ (ਜਲੰਧਰ) 'ਚ ਦੋ ਨਵੰਬਰ 1932 ਨੂੰ ਜਨਮੇ ਮੋਹਨ ਕਾਦਰੀ ਦਾ ਅਸਲ ਨਾਂ ਸੋਹਨ ਸਿੰਘ ਬੜਿੰਗ ਸੀ। ਉਨ੍ਹਾਂ ਦੀਆਂ ਦੋ ਧੀਆਂ ਤੇ ਇਕ ਪੁੱਤਰ ਹੈ।



ਉਨ੍ਹਾਂ ਦੀ ਸ਼ਾਇਰ ਅਮਰਜੀਤ ਚੰਦਨ ਨਾਲ ਲੰਮੀ ਗੱਲਬਾਤ ਵਾਲੀ ਕਿਤਾਬ 'ਹੁਣ-ਖਿਣ' 2000 'ਚ ਛਪੀ ਸੀ। ਸੋਹਨ ਕਾਦਰੀ ਪਿਛਲੇ ਤਿੰਨ ਦਹਾਕਿਆਂ ਤੋਂ ਡੈਨਮਾਰਕ ਦੇ ਸ਼ਹਿਰ ਕੋਪਨਹੈਗਨ ਰਹਿ ਰਹੇ ਸਨ ਪਰ ਆਪਣੀ ਚਿੱਤਰਕਾਰੀ ਲਈ ਉਨ੍ਹਾਂ ਏਸ਼ੀਆ, ਅਫਰੀਕਾ ਤੇ ਉਤਰੀ ਅਮਰੀਕਾ ਦੇ ਕਈ ਦੇਸ਼ ਗਾਹੇ। ਚੜ੍ਹਦੀ ਉਮਰ 'ਚ ਉਨ੍ਹਾਂ ਯੋਗ ਅਭਿਆਸ ਲਈ ਭੀਖਮ ਗਿਰੀ ਦੀ ਸ਼ਾਗਿਰਦੀ ਕੀਤੀ। ਫਿਰ ਉਹ ਸੂਫੀ ਸੰਤ ਅਹਿਮਦ ਅਲੀ ਸ਼ਾਹ ਕਾਦਰੀ ਦੇ ਪ੍ਰਭਾਵ ਹੇਠ ਆ ਗਏ।

ਕਲਾ ਦੀ ਪੜ੍ਹਾਈ ਲਈ ਉਹ 1957 'ਚ ਸ਼ਿਮਲਾ ਦੇ 'ਸ਼ਿਮਲਾ ਕਾਲਜ ਆਫ ਆਰਟ' 'ਚ ਦਾਖਲ ਹੋ ਗਏ। ਉਨ੍ਹਾਂ ਦੀ ਪ੍ਰਤਿਭਾ ਦੀ ਪਛਾਣ ਉੱਘੇ ਲੇਖਕ ਮੁਲਕ ਰਾਜ ਆਨੰਦ ਨੇ ਕੀਤੀ। ਪੰਜਾਬ ਦੇ ਸਾਹਿਤਕ ਤੇ ਕਲਾ ਦੇ ਖੇਤਰ 'ਚ ਉਨ੍ਹਾਂ ਖਾਸੀ ਪਛਾਣ ਬਣਾਈ ਤੇ 1966 'ਚ ਉਹ ਨੈਰੋਬੀ (ਕੀਨੀਆ) ਚਲੇ ਗਏ। ਉਥੇ ਅਫਰੀਕੀ ਸਭਿਆਚਾਰਕ ਕਾਮੇ ਈਮੀਲੋ ਨਜਾਊ ਨਾਲ ਰਲ ਕੇ ਕੰਮ ਕੀਤਾ। ਕੋਪਨਹੈਗਨ ਵਸਣ ਤੋਂ ਪਹਿਲਾਂ ਉਹ ਕਲਾਕਾਰਾਂ ਦੇ ਮੱਕੇ ਪੈਰਿਸ 'ਚ ਵੀ ਕੁਝ ਸਾਲ ਰਹੇ। ਆਧੁਨਿਕ ਚਿੱਤਰਕਲਾ ਦੇ ਪਿੜ 'ਚ ਉਨ੍ਹਾਂ ਦਾ ਨਾਂ ਐਮ.ਐਫ. ਹੁਸੈਨ, ਸਈਅਦ ਹੈਦਰ ਰਜ਼ਾ, ਆਰ.ਰਾਮ ਕੁਮਾਰ ਤੇ ਸੈਲੋਜ਼ ਮੁਖਰਜੀ ਦੇ ਬਰਾਬਰ ਵੱਜਦਾ ਹੈ।

## *ਰਿਚਰਡ ਵਰਮਾ ਨੇ ਅਹੁਦਾ ਤਿਆਗਿਆ*

**ਵਾਸ਼ਿੰਗਟਨ:** ਅਮਰੀਕਾ ਦੇ ਵਿਦੇਸ਼ ਵਿਭਾਗ ਵਿਚ ਵਿਧਾਨਕ ਮਾਮਲਿਆਂ ਬਾਰੇ ਉੱਚ ਅਹੁਦੇ 'ਤੇ ਸਹਾਇਕ ਸਕੱਤਰ ਵਜੋਂ ਨਿਯੁਕਤ ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਰਿਚਰਡ ਵਰਮਾ ਨੇ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਇਹ ਅਹੁਦਾ ਪ੍ਰਾਈਵੇਟ ਸੈਕਟਰ ਵਿਚ ਜਾਣ ਲਈ ਤਿਆਗਿਆ ਹੈ। ਵਿਦੇਸ਼ੀ ਮੰਤਰੀ ਹਿਲੇਰੀ ਕਲਿੰਟਨ ਵੱਲੋਂ ਉਨ੍ਹਾਂ ਦੇ ਮਾਣ ਵਿਚ ਵਿਦਾਇਗੀ ਪਾਰਟੀ ਦਿੱਤੀ ਗਈ।

ਦੱਸਣਯੋਗ ਹੈ ਕਿ ਰੂਸ ਨਾਲ ਹਥਿਆਰਾਂ ਦੇ ਨਿਸ਼ਸਤਰੀਕਰਨ ਸੰਧੀ ਮੌਕੇ ਅਹਿਮ ਗੱਲਬਾਤ ਵਿਚ ਇਸ ਵਿਭਾਗ ਦਾ ਅਹਿਮ ਰੋਲ ਸੀ। ਵਿਦੇਸ਼ ਵਿਭਾਗ ਦੇ ਬੁਲਾਰੇ ਪੀ.ਜੇ. ਕਰਾਊਲੀ ਅਨੁਸਾਰ ਉਨ੍ਹਾਂ ਦਾ ਵਿਭਾਗ ਵਿਚ ਪੰਜ ਮਾਰਚ ਨੂੰ ਆਖ਼ਰੀ ਦਿਨ ਸੀ ਤੇ ਉਨ੍ਹਾਂ ਬੀਤੇ ਵਰ੍ਹੇ ਵਿਚ ਸ਼ਾਨਦਾਰ ਢੰਗ ਨਾਲ ਸੇਵਾਵਾਂ ਨਿਭਾਈਆਂ। ਉਹ ਪੇਸ਼ੇ ਵਜੋਂ ਵਕੀਲ ਵੀ ਰਹੇ ਹਨ ਤੇ ਉਨ੍ਹਾਂ ਨੂੰ ਕੌਮੀ ਸੁਰੱਖਿਆ ਤੇ ਹੋਰ ਖੇਤਰਾਂ ਦਾ ਮਾਹਿਰ ਮੰਨਿਆ ਜਾਂਦਾ ਹੈ।

# ਦੇਸ਼ ਵਿਚਲਾ ਕੱਟੜਵਾਦ ਬਾਰੂਦ:ਜ਼ਰਦਾਰੀ

**ਵਾਸ਼ਿੰਗਟਨ:** ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ ਹਾਲ 'ਚ ਹੀ ਹੋਏ ਸਿਆਸੀ ਕਤਲਾਂ ਲਈ ਧਾਰਮਿਕ ਕੱਟੜਤਾ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਚਿਤਾਵਨੀ ਦਿੱਤੀ ਹੈ ਕਿ ਦੇਸ਼ ਵਿਚਲਾ ਕੱਟੜਵਾਦ ਬਾਰੂਦ ਵਾਂਗ ਹੈ ਜੋ ਕਿਸੇ ਵੇਲੇ ਵੀ ਫੱਟ ਸਕਦਾ ਹੈ।ਉਨ੍ਹਾਂ ਨਾਲ ਹੀ ਅਮਰੀਕਾ ਨੂੰ ਕਿਹਾ ਹੈ ਕਿ ਉਹ ਡੇਵਿਸ ਮਾਮਲੇ ਨੂੰ ਲੈ ਕਿ ਉਨ੍ਹਾਂ ਨਾਲ ਭਿੜਨ ਦੀ ਬਜਾਏ ਦਹਿਸ਼ਤਵਾਦ ਖ਼ਿਲਾਫ਼ ਜੰਗ ਵਿਚ ਉਨ੍ਹਾਂ ਨਾਲ ਮਿਲ ਕੇ ਕੰਮ ਕਰੇ।

'ਵਾਸ਼ਿੰਗਟਨ ਪੋਸਟ' 'ਚ ਜਨਾਬ ਜ਼ਰਦਾਰੀ ਨੇ ਕਿਹਾ ਹੈ ਕਿ ਇਨ੍ਹਾਂ ਸਿਆਸੀ ਕਤਲਾਂ ਪਿੱਛੇ ਧਾਰਮਿਕ ਕੱਟੜਤਾ ਚੰਗਿਆੜੀ ਵਾਂਗ ਹੈ ਜੋ ਕਿਸੇ ਵੇਲੇ ਵੀ ਧਮਾਕਾ ਕਰ ਸਕਦੀ ਹੈ। ਇਨ੍ਹਾਂ ਚੰਗਿਆੜੀਆਂ ਨੂੰ ਉਨ੍ਹਾਂ ਮੌਕਾਪ੍ਰਸਤਾਂ ਵੱਲੋਂ ਹਵਾ ਦਿੱਤੀ ਜਾ ਰਹੀ ਹੈ ਜੋ ਘਰੇਲੂ ਸਿਆਸੀ ਜੰਗ ਤੋਂ ਲਾਹਾ ਖੱਟਣਾ ਚਾਹੁੰਦੇ ਹਨ।ਉਨ੍ਹਾਂ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਇਨ੍ਹਾਂ ਤੱਤਾਂ ਅੱਗੇ ਨਹੀਂ ਝੁਕੇਗੀ ਸਗੋਂ ਦਹਿਸ਼ਤਵਾਦ ਖ਼ਿਲਾਫ਼ ਆਪਣੀ ਦ੍ਰਿੜ੍ਹ ਤੇ ਸਮਰੱਥ ਜ਼ਿੰਮੇਵਾਰੀ ਨਿਭਾਏਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਰਾਜਪਾਲ ਸਲਮਾਨ ਤਸੀਰ ਤੇ ਪੀ.ਪੀ.ਪੀ. ਦੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਸ਼ਹਿਬਾਜ਼ ਭੱਟੀ ਦੀਆਂ ਹੱਤਿਆਵਾਂ ਲਈ ਉਹੀ ਤੱਤ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਉਨ੍ਹਾਂ ਦੀ ਪਤਨੀ ਬੇਨਜ਼ੀਰ ਭੁੱਟੋ ਦਾ ਕਤਲ ਕੀਤਾ।



ਉਨ੍ਹਾਂ ਨੇ ਬੇਨਜ਼ੀਰ ਦੇ ਸ਼ਬਦਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਮੁਲਕ ਵਿਚਲੀ ਲੜਾਈ ਦਾ ਕਾਰਨ ਮੁਸਲਿਮ ਧਿਰਾਂ ਵਿਚਾਲੇ ਪੈਦਾ ਹੋਇਆ ਆਪਸੀ ਕਲੇਸ਼ ਹੈ।ਇਸੇ ਕਲੇਸ਼ ਕਾਰਨ ਹੀ ਇਸਲਾਮ ਤੇ ਪੱਛਮ ਵਿਚਾਲੇ ਤਕਰਾਰ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਦਹਿਸ਼ਤਗਰਦਾਂ ਨੇ ਮੇਰੀ ਪਤਨੀ ਤੇ ਦੋਸਤਾਂ ਦਾ ਕਤਲ ਕੀਤਾ, ਉਨ੍ਹਾਂ ਨੇ ਹੀ ਇਸਲਾਮਾਬਾਦ ਵਿਚ 'ਮਾਰੀਅਟ ਹੋਟਲ' ਉਡਾਇਆ ਤੇ ਸਵਾਤ ਘਾਟੀ ਵਿਚ ਕੁੜੀਆਂ ਦੇ ਸਕੂਲ ਤਬਾਹ ਕੀਤੇ। ਸ੍ਰੀ ਜ਼ਰਦਾਰੀ ਨੇ ਕਿਹਾ ਕਿ ਦਹਿਸ਼ਤਵਾਦ ਤੇ ਧਾਰਮਕ ਕੱਟੜਤਾ ਖ਼ਿਲਾਫ਼ ਜੰਗ 'ਤੇ ਅਸਰ ਪੈ ਸਕਦਾ ਹੈ ਜੇਕਰ ਅਮਰੀਕਾ ਤੇ ਪਾਕਿਸਤਾਨ ਵਿਚਾਲੇ ਮਤਭੇਦ ਪੈਦਾ ਹੁੰਦੇ ਹਨ। ਉਨ੍ਹਾਂ ਡੇਵਿਸ ਮਾਮਲੇ ਵਿਚ ਆਈ ਖੜੋਤ ਦਾ ਹਵਾਲਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਡੇਵਿਸ ਮਾਮਲੇ ਨੂੰ ਗ਼ਲਤ ਰੰਗਤ ਦੇਣ ਵਿਚ ਕਿਸੇ ਦਾ ਵੀ ਹਿੱਤ ਨਹੀਂ ਹੈ। ਉਨ੍ਹਾਂ ਦੀ ਸਰਕਾਰ ਕਮਜ਼ੋਰ ਕਰਨ ਤੇ ਦੇਸ਼ ਵਿਚ ਅਮਰੀਕਾ ਦੀ ਦਿੱਖ ਨੂੰ ਖਰਾਬ ਕਰਨ ਦੀ ਚਾਲ ਚੱਲੀ ਜਾ ਰਹੀ ਹੈ। ਡੇਵਿਸ ਮਾਮਲੇ ਨੂੰ ਕਾਨੂੰਨ ਮੁਤਾਬਕ ਹੱਲ ਕਰਨਾ ਚਾਹੁੰਦੇ ਹਨ ਇਸ ਲਈ ਅਮਰੀਕਾ ਤੇ ਪਾਕਿਸਤਾਨ ਨੂੰ ਸਿਆਸੀ ਘਟਨਾਵਾਂ ਨੂੰ ਨਜ਼ਰਅੰਦਾਜ਼ ਕਰਨਾ ਚਾਹੀਦਾ ਹੈ।

# ਕਾਂਗਰਸੀ ਆਗੂ ਅਰਜੁਨ ਸਿੰਘ ਦਾ ਦੇਹਾਂਤ

**ਨਵੀਂ ਦਿੱਲੀ:** ਤਿੰਨ ਵਾਰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ ਕਾਂਗਰਸੀ ਆਗੂ ਅਰਜੁਨ ਸਿੰਘ ਦਾ ਚਾਰ ਮਾਰਚ ਨੂੰ ਲੰਮੀ ਬਿਮਾਰੀ ਪਿੱਛੋਂ ਦੇਹਾਂਤ ਹੋ ਗਿਆ। ਪੰਜਾਬ ਦੇ ਰਾਜਪਾਲ ਰਹੇ ਅਰਜੁਨ ਸਿੰਘ ਨੇ ਹੀ ਅਕਾਲੀ ਆਗੂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਪਰੇਰ ਕੇ ਰਾਜੀਵ-ਲੌਂਗੋਵਾਲ ਸਮਝੌਤਾ ਨੇਪਰੇ ਚੜ੍ਹਵਾਇਆ ਸੀ। ਇਸ 81 ਸਾਲਾ ਆਗੂ ਨੂੰ ਕੁਝ ਦਿਨ ਪਹਿਲਾਂ ਛਾਤੀ ਦੇ ਦਰਦ ਕਾਰਨ ਏਮਜ਼ ਵਿਚ ਦਾਖ਼ਲ ਕਰਵਾਇਆ ਗਿਆ ਸੀ।

ਗਾਂਧੀ ਪਰਿਵਾਰ ਦੇ ਵਫਾਦਾਰ ਸਮਝੇ ਜਾਂਦੇ ਰਹੇ ਅਰਜੁਨ ਸਿੰਘ 1980 ਤੋਂ 1985 ਤੱਕ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ। ਜਦੋਂ ਦੂਜੀ ਵਾਰ ਉਨ੍ਹਾਂ ਨੇ ਸੂਬੇ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਤਾਂ ਅਗਲੇ ਦਿਨ ਹੀ ਉਨ੍ਹਾਂ ਨੂੰ ਪੰਜਾਬ ਦਾ ਰਾਜਪਾਲ ਲਾ ਦਿੱਤਾ ਗਿਆ ਤੇ ਖਾੜਕੂਵਾਦ ਦੀ ਸਿਖਰ ਵੇਲੇ ਉਹ ਇਸ ਸੂਬੇ ਦੇ ਰਾਜਪਾਲ ਬਣ ਗਏ। ਉਨ੍ਹਾਂ ਨੇ ਨੌਜਵਾਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਅਕਾਲੀ ਦਲ ਦੇ ਆਗੂ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਾਲੇ ਰਾਜੀਵ-ਲੌਂਗੋਵਾਲ ਸਮਝੌਤੇ ਵਜੋਂ ਮਸ਼ਹੂਰ ਸਮਝੌਤਾ ਕਰਾਇਆ। ਕੇਂਦਰ 'ਚ ਵੀ ਉਹ ਵਣਜ ਤੇ ਸੰਚਾਰ ਮੰਤਰੀ ਤੇ ਮਾਨਵ ਸਰੋਤ ਮੰਤਰੀ ਜਿਹੇ ਵਕਾਰੀ ਅਹੁਦਿਆਂ 'ਤੇ ਰਹੇ। ਧਰਮ ਨਿਰਪੱਖ ਕਦਰਾਂ-ਕੀਮਤਾਂ ਦਾ ਧਾਰਨੀ ਇਹ ਆਗੂ 1992 'ਚ ਬਾਬਰੀ ਮਸਜਿਦ ਢਾਹੇ ਜਾਣ ਮਗਰੋਂ ਨਰਸਿਮਹਾ ਰਾਓ ਦਾ ਵਿਰੋਧੀ ਬਣ ਗਿਆ ਸੀ।

# *ਸਿੰਗਾਪੁਰ ਫ਼ੌਜ ਦਾ ਸਿੱਖ ਜਰਨੈਲ*

**ਸਿੰਗਾਪੁਰ:** ਸਿੰਗਾਪੁਰ ਵਿਚ ਬ੍ਰਿਗੇਡੀਅਰ ਜਨਰਲ ਰਵਿੰਦਰ ਸਿੰਘ ਨੂੰ ਫ਼ੌਜ ਦਾ ਅਗਲਾ ਮੁਖੀ ਥਾਪਿਆ ਗਿਆ ਹੈ। ਇਹ 30 ਸਾਲਾਂ ਦੌਰਾਨ ਦੇਸ਼ ਦੀ ਫ਼ੌਜ ਦੀ ਵਾਗਡੋਰ ਸੰਭਾਲਣ ਵਾਲੇ ਪਹਿਲੇ ਸਿੱਖ ਜਰਨੈਲ ਹੋਣਗੇ। ਜਨਰਲ ਰਵਿੰਦਰ ਸਿੰਘ (41) ਮੇਜਰ ਜਨਰਲ ਚਾਨ ਚੁਨ ਸਿੰਗ ਦੀ ਥਾਂ 25 ਮਾਰਚ ਨੂੰ ਅਹੁਦਾ ਸੰਭਾਲਣਗੇ। ਇਹ ਰਿਪੋਰਟ 'ਸਟਰੇਟ ਟਾਈਮਜ਼' ਨੇ ਛਾਪੀ ਹੈ।

ਭਾਰਤੀ ਮੂਲ ਦੇ ਜਨਰਲ ਰਵਿੰਦਰ ਸਿੰਘ ਇਸ ਵੇਲੇ ਦੇਸ਼ ਦੇ ਰੱਖਿਆ ਮੰਤਰਾਲੇ ਵਿਚ ਡਿਪਟੀ ਸੈਕਟਰੀ (ਤਕਨਾਲੋਜੀ) ਹਨ। ਉਹ ਦਸੰਬਰ 1982 ਵਿਚ ਸਿੰਗਾਪੁਰ ਹਥਿਆਰਬੰਦ ਫੌਜ 'ਚ ਸ਼ਾਮਲ ਹੋਏ ਸਨ। ਇਸ ਤੋਂ ਪਹਿਲਾਂ ਉਹ ਐਸਿਸਟੈਂਟ ਚੀਫ ਆਫ ਜਨਰਲ ਸਟਾਫ (ਯੋਜਨਾ), ਜੁਆਇੰਟ ਕਮਿਊਨੀਕੇਸ਼ਨਜ਼ ਤੇ ਇਨਫਰਮੇਸ਼ਨ ਸਿਸਟਮਜ਼ ਵਿਭਾਗ ਦੇ ਮੁਖੀ ਤੇ ਚੀਫ ਆਫ ਸਟਾਫ ਜੁਆਇੰਟ ਸਟਾਫ ਵਜੋਂ ਵੀ ਸੇਵਾ ਨਿਭਾ ਚੁੱਕੇ ਹਨ। ਉਹ ਬੀਤੇ ਤੀਹ ਸਾਲਾਂ ਦੌਰਾਨ ਦੇਸ਼ ਦੇ ਅਜਿਹੇ ਪਹਿਲੇ ਫ਼ੌਜੀ ਮੁਖੀ ਹੋਣਗੇ ਜੋ ਚੀਨੀ ਮੂਲ ਦੇ ਨਹੀਂ ਹਨ। ਰਿਪੋਰਟ ਮੁਤਾਬਕ ਇਸ ਤੋਂ ਪਹਿਲਾਂ 1982 'ਚ ਕਰਨਲ ਮਨਚਰਨ ਸਿੰਘ ਗਿੱਲ ਨੇ ਸਿੰਗਾਪੁਰੀ ਫ਼ੌਜ ਦੇ ਮੁਖੀ ਦੀ ਪਹਿਲੇ ਗੈਰ ਚੀਨੀ ਵਜੋਂ ਜ਼ਿੰਮੇਵਾਰੀ ਸੰਭਾਲੀ ਸੀ। ਮੇਜਰ ਜਨਰਲ ਚਾਨ (ਮੌਜੂਦਾ ਮੁਖੀ) ਦੀ ਸੇਵਾ ਮੁਕਤੀ ਦਾ ਰੱਖਿਆ ਮੰਤਰਾਲੇ ਵੱਲੋਂ ਐਲਾਨ ਕੀਤਾ ਜਾ ਚੁੱਕਾ ਹੈ ਤੇ ਮੀਡੀਆਂ ਵੱਲੋਂ ਕਿਆਸ ਲਾਏ ਜਾ ਰਹੇ ਹਨ ਕਿ ਉਹ ਜਨਰਲ ਚਾਨ ਹੁਣ ਸਿਆਸਤ ਵਿਚ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਦੇ ਆਗਾਮੀ ਸੰਸਦੀ ਚੋਣਾਂ 'ਚ ਹਾਕਮ ਪੀਪਲਜ਼ ਐਕਸ਼ਨ ਪਾਰਟੀ ਵੱਲੋਂ ਚੋਣ ਲੜਨ ਦੇ ਆਸਾਰ ਹਨ।

# ਕੈਨੇਡੀ ਦੇ ਕਾਤਲ ਨੂੰ 42 ਵਰ੍ਹਿਆਂ ਬਾਅਦ ਵੀ ਪੈਰੋਲ ਦੀ ਉਡੀਕ

**ਨਿਊਯਾਰਕ:** ਰਾਬਰਟ ਐਫ. ਕੈਨੇਡੀ ਦੇ ਕਾਤਲ ਸਿਰਹਾਨ ਸਿਰਹਾਨ ਨੂੰ 42 ਸਾਲ ਜੇਲ੍ਹ 'ਚ ਬਿਤਾਉਣ ਦੇ ਬਾਵਜੂਦ ਪੈਰੋਲ ਨਹੀਂ ਮਿਲ ਸਕੀ ਕਿਉਂਕਿ ਕੈਲੀਫੋਰਨੀਆ ਪ੍ਰਾਂਤ ਦੀ ਇਕ ਕਮੇਟੀ ਨੇ ਆਖਿਆ ਕਿ ਉਸ ਨੇ ਕਤਲ 'ਤੇ ਪਛਤਾਵਾ ਨਹੀਂ ਕੀਤਾ। ਫਲਸਤੀਨ ਦਾ ਜੰਮਪਲ ਸਿਰਹਾਨ ਹੁਣ 66 ਸਾਲ ਦਾ ਹੋ ਗਿਆ ਹੈ ਤੇ ਉਸ ਨੇ ਕਬੂਲ ਕੀਤਾ ਸੀ ਕਿ ਉਸ ਨੇ ਆਪਣੀ ਜ਼ਿੰਦਗੀ ਦਾ ਹਰ ਦਿਨ ਪਛਤਾਵੇ 'ਚ ਬਿਤਾਇਆ ਹੈ ਪਰ ਤਾਂ ਵੀ ਕਮੇਟੀ ਨੇ ਉਸ ਦੀ ਪੈਰੋਲ ਨਾਮਨਜ਼ੂਰ ਕਰ ਦਿੱਤੀ।

ਕਮੇਟੀ ਦੇ ਮੁਖੀ ਮਾਈਕ ਪ੍ਰਿਜ਼ਮਿਕ ਨੇ ਆਖਿਆ ਕਿ ਇਹ ਅਪਰਾਧ ਇੰਨਾ ਵੱਡਾ ਹੈ ਕਿ ਇਸ ਨੇ ਸਿਆਸਤਦਾਨਾਂ ਦੇ ਲੋਕਾਂ ਨਾਲ ਮਿਲਣ-ਵਰਤਣ ਦਾ ਢੰਗ ਹੀ ਬਦਲ ਦਿੱਤਾ ਸੀ। ਸਿਰਹਾਨ ਨੇ ਅਦਾਲਤ 'ਚ ਸ਼ਿਕਾਇਤ ਕੀਤੀ ਸੀ ਕਿ 9/11 ਹਮਲੇ ਤੋਂ ਬਾਅਦ ਉਸ ਨੂੰ ਜੇਲ੍ਹ 'ਚ ਸਾਰਿਆਂ ਨਾਲੋਂ ਵੱਖਰਾ ਕਰ ਦਿੱਤਾ ਗਿਆ। ਉਹ ਹੋਰਾਂ ਕੈਦੀਆਂ ਦੀ ਨਫ਼ਰਤ ਦਾ ਇਸ ਕਰਕੇ ਨਿਸ਼ਾਨਾ ਬਣ ਗਿਆ ਸੀ ਕਿਉਂਕਿ ਉਹ ਸੋਚਦੇ ਸਨ ਕਿ ਉਹ ਮੁਸਲਿਮ ਸੀ। ਸਿਰਹਾਨ ਨੂੰ 1968 'ਚ ਲਾਸ ਏਂਜਲਸ ਦੇ ਅੰਬੈਸਡਰ ਹੋਟਲ 'ਚ ਕੈਨੇਡੀ ਦੀ ਹੱਤਿਆ ਕਰਨ ਤੇ ਪੰਜ ਹੋਰਾਂ ਨੂੰ ਜ਼ਖ਼ਮੀ ਕਰਨ ਦੇ ਦੋਸ਼ 'ਚ ਇਸ ਅਦਾਲਤ ਨੇ ਕੈਨੇਡੀ ਪਰਿਵਾਰ ਦੀ ਇਸ ਅਪੀਲ ਦੇ ਬਾਵਜੂਦ ਸਜ਼ਾ ਸੁਣਾਈ ਸੀ ਕਿ ਉਹ ਹੋਰ ਕਤਲੋਗਾਰਤ ਦੇਖਣਾ ਨਹੀਂ ਚਾਹੁੰਦਾ। ਅਮਰੀਕੀ ਸੁਪਰੀਮ ਕੋਰਟ ਵੱਲੋਂ 1972 'ਚ ਮੌਤ ਦੀ ਸਜ਼ਾ ਕੁਝ ਸਮੇਂ ਲਈ ਗੈਰ-ਕਾਨੂੰਨ ਕਰਾਰ ਦੇਣ ਕਰਕੇ ਉਸ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰ ਦਿੱਤੀ ਸੀ।

# ਸੁਜਾਤਾ ਸਚਦੇਵਾ ਦੇ ਗਹਿਣਿਆਂ ਦੀ ਹੋਵੇਗੀ ਨਿਲਾਮੀ

**ਬੋਸਟਨ:** ਧੋਖਾਧੜੀ ਕਰਨ ਦੇ ਦੋਸ਼ 'ਚ ਜ਼ੇਲ੍ਹ 'ਚ ਬੰਦ ਭਾਰਤੀ ਮੂਲ ਦੀ ਅਮਰੀਕੀ ਔਰਤ ਦੀ ਦੇਣਦਾਰੀ ਲਾਹੁਣ ਲਈ ਅਧਿਕਾਰੀਆਂ ਨੇ ਉਸ ਦੇ ਹੀਰਿਆਂ ਦੇ ਗਹਿਣੇ ਤੇ ਹੋਰ ਮਹਿੰਗੇ ਕੱਪੜੇ ਵੇਚਣ ਦਾ ਫੈਸਲਾ ਕੀਤਾ ਹੈ। ਇਹ ਔਰਤ ਇਕ ਕੰਪਨੀ 'ਚ ਮੁੱਖ ਕਾਰਜਕਾਰੀ ਅਧਿਕਾਰੀ ਵਜੋਂ ਅਹੁਦੇ 'ਤੇ ਤਾਇਨਾਤ ਸੀ। ਇਸ ਕੋਲ 300 ਤੋਂ ਵੱਧ ਹੀਰਿਆਂ ਦੇ ਗਹਿਣੇ, ਘੜੀਆਂ, 18 ਕੈਰੇਟ ਚਿੱਟੇ ਸੋਨੇ ਦਾ ਨੈਕਲੈਸ, ਸੱਤ ਕੈਰੇਟ ਦੀ ਪਲਾਟੀਨਮ ਸੋਨੇ ਦੀ ਮੁੰਦਰੀ ਤੇ ਡਾਇਮੰਡ ਦੀ ਘੜੀ ਦੀ ਅਧਿਕਾਰੀਆਂ ਵੱਲੋਂ 19 ਮਾਰਚ ਨੂੰ ਨਿਲਾਮੀ ਕੀਤੀ ਜਾਵੇਗੀ।

ਇਸ ਔਰਤ ਦਾ ਨਾਂ ਸੁਜਾਤਾ ਸਚਦੇਵਾ ਹੈ ਤੇ ਇਸ ਨੂੰ ਸੂ ਕਰ ਕੇ ਵੀ ਜਾਣਿਆ ਜਾਂਦਾ ਹੈ। ਮਿਲਵਾਇਕੀ ਦੀ ਹੈੱਡ ਫੋਨ ਕੰਪਨੀ ਕੋਸ ਕੌਰਪ ਨਾਲ 340 ਲੱਖ ਡਾਲਰ ਦੀ ਧੋਖਾਧੜੀ ਕਰਨ ਦੇ ਦੋਸ਼ ਵਿਚ ਜ਼ੇਲ੍ਹ 'ਚ ਬੰਦ ਸੁਜਾਤਾ ਦੀ ਜਾਇਦਾਦ ਸਬੰਧਤ ਵਿਭਾਗ ਨੇ ਜ਼ਬਤ ਕਰ ਲਈ ਸੀ।

# ਯਾਦਸ਼ਕਤੀ ਵਾਲੇ ਸੈੱਲ ਵਿਕਸਤ ਕਰਨ ਦਾ ਦਾਅਵਾ

**ਲੰਡਨ:** ਅਲਜ਼ਾਈਮਰ (ਯਾਦਸ਼ਕਤੀ ਨੂੰ ਨੁਕਸਾਨ) ਦੀ ਬਿਮਾਰੀ ਤੋਂ ਪੀੜਤਾਂ ਲਈ ਇਹ ਖ਼ੁਸ਼ੀ ਵਾਲੀ ਗੱਲ ਹੈ ਕਿ ਵਿਗਿਆਨੀਆਂ ਨੇ ਇਸ ਬਿਮਾਰੀ ਦੇ ਹਮਲੇ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਦਿਮਾਗ ਦੇ ਯਾਦਦਾਸ਼ਤ ਵਾਲੇ ਸੈੱਲ ਪੈਦਾ ਕਰਨ ਦਾ ਦਾਅਵਾ ਕੀਤਾ ਹੈ। ਵਿਗਿਆਨੀਆਂ ਦੀ ਟੀਮ ਨੇ ਚਮੜੀ ਤੋਂ ਪੈਦਾ ਹੋਣ ਵਾਲੀ ਮੂਲ ਕੋਸ਼ਿਕਾਂ ਨੂੰ ਦਿਮਾਗ ਦੇ ਅਜਿਹੇ ਤੰਤੂਆਂ ਵਿਚ ਤਬਦੀਲ ਕਰ ਲਿਆ ਹੈ ਜੋ ਕਿਸੇ ਗੱਲ ਨੂੰ ਯਾਦ ਰੱਖਣ ਲਈ ਜ਼ਰੂਰੀ ਹੁੰਦੇ ਹਨ। ਵਿਗਿਆਨੀਆਂ ਅਨੁਸਾਰ ਇਸ ਖੋਜ ਨਾਲ ਇਸ ਬਿਮਾਰੀ ਵਿਰੁੱਧ ਲੜਨ ਵਾਲੀਆਂ ਨਵੀਆਂ ਦਵਾਈਆਂ ਵਿਕਸਤ ਕਰਨ ਤੇ ਦਿਮਾਗ ਦੇ ਨੁਕਸਾਨੇ ਹਿੱਸੇ ਨੂੰ ਬਦਲਣ ਦੀ ਦਿਸ਼ਾ ਵਿਚ ਨਵਾਂ ਰਾਹ ਖੁੱਲ੍ਹਿਆ ਹੈ।

ਅਲਜ਼ਾਈਮਰ ਬਿਮਾਰੀ ਦੇ ਸ਼ੁਰੂ ਵਿਚ ਅਚੇਤ 'ਚ ਪਈਆਂ ਗੱਲਾਂ ਨੂੰ ਸੁਚੇਤ ਵਿਚ ਲਿਆਉਣ ਦੀ ਸਮਰੱਥਾ ਖ਼ਤਮ ਹੋ ਜਾਂਦੀ ਹੈ ਨਾ ਕਿ ਯਾਦਾਂ ਖ਼ਤਮ ਹੁੰਦੀਆਂ ਹਨ। ਇਸ ਦਾ ਕਾਰਨ ਹੈ ਕਿ ਦਿਮਾਗ ਦੇ ਮੂਹਰਲੇ ਹਿੱਸੇ ਦੇ ਕੁਝ ਅਹਿਮ ਤੰਤੂ ਖ਼ਤਮ ਹੋ ਜਾਂਦੇ ਹਨ। ਦਿਮਾਗ ਵਿਚ ਇਨ੍ਹਾਂ ਤੰਤੂਆਂ ਦੀ ਗਿਣਤੀ ਘੱਟ ਹੁੰਦੀ ਹੈ ਤੇ ਇਨ੍ਹਾਂ ਦੇ ਖ਼ਤਮ ਹੋਣ ਦਾ ਕਿਸੇ ਗੱਲ ਨੂੰ ਸੁਚੇਤ 'ਚ ਲਿਆਉਣ ਦੀ ਸਮਰੱਥਾ 'ਤੇ ਕਾਫੀ ਬੁਰਾ ਪ੍ਰਭਾਵ ਪੈਂਦਾ ਹੈ। 'ਦਿ ਡੇਲੀ ਟੈਲੀਗ੍ਰਾਫ਼' ਦੀ ਰਿਪੋਰਟ ਮੁਤਾਬਕ ਜੇ ਵਿਗਿਆਨੀ ਇਨ੍ਹਾਂ ਸੈੱਲਾਂ ਦੇ ਸੀਮਤ ਗਿਣਤੀ ਵਿਚ ਮੁੜ ਪੈਦਾ ਕਰਨ ਦੇ ਨਾਲ-ਨਾਲ ਖ਼ਤਮ ਹੋਣ ਤੋਂ ਬਚਾਉਣ 'ਚ ਕਾਮਯਾਬ ਰਹੇ ਤਾਂ ਅਲਜ਼ਾਈਮਰ ਤੋਂ ਪੀੜਤਾਂ ਦੇ ਦਿਮਾਗ ਵਿਚ ਇਨ੍ਹਾਂ ਸੈੱਲਾਂ ਨੂੰ ਬਦਲਣ ਦੀ ਦਿਸ਼ਾ 'ਚ ਕਦਮ ਚੁੱਕੇ ਜਾਣਗੇ। ਸ਼ਿਕਾਗੋ ਦੀ ਨਾਰਥਵੈਸਟਰਨ ਯੂਨੀਵਰਸਿਟੀ ਦੇ ਡਾ. ਜੈਕ ਕੈਸਲਰ ਨੇ ਕਿਹਾ ਕਿ ਹੁਣ ਸੈੱਲਾਂ ਨੂੰ ਮੁੜ ਪੈਦਾ ਕਰਨਾ ਸਿੱਖ ਲਿਆ ਹੈ ਤੇ ਇਸ ਨਾਲ ਅਗਲੀਆਂ ਖੋਜਾਂ ਵਿਚ ਮਦਦ ਮਿਲੇਗੀ।

## ਮੇਜਰ ਨੂੰ ਸਜ਼ਾ-ਏ-ਮੌਤ ਦੀ ਸਿਫਾਰਸ਼

**ਵਾਸ਼ਿੰਗਟਨ:** ਅਮਰੀਕੀ ਫੌਜ ਦੇ ਇਕ ਕਮਾਂਡਰ ਨੇ ਮੇਜਰ ਨਿਦਾਲ ਹਸਨ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦੀ ਸਿਫਾਰਸ਼ ਕੀਤੀ ਹੈ ਜਿਸ ਨੇ 2009 ਵਿਚ ਫੋਰਟ ਹੁੱਡ ਫੌਜੀ ਅੱਡੇ ਉਤੇ 13 ਵਿਅਕਤੀਆਂ ਨੂੰ ਮਾਰ ਮੁਕਾਇਆ ਸੀ।

'ਨਿਊਯਾਰਕ ਟਾਈਮਜ਼' ਦੀ ਰਿਪੋਰਟ ਮੁਤਾਬਕ ਇਹ ਸਿਫਾਰਸ਼ ਫੋਰਟ ਹੁੱਡ ਬ੍ਰਿਗੇਡ ਕਮਾਂਡਰ ਕਰਨਲ ਮੋਰਗਨ ਲੈਬ ਨੇ ਕੀਤੀ ਹੈ ਅਤੇ ਹੁਣ ਉਸ ਦੇ ਕੋਰਟ ਮਾਰਸ਼ਲ ਦਾ ਮਾਮਲਾ ਅੱਡੇ ਦੇ ਕਮਾਂਡਰ ਲੈਫਟੀਨੈਂਟ ਜਨਰਲ ਰਾਬਰਟ ਕੋਨ ਕੋਲ ਜਾਵੇਗਾ। ਉਹ ਫੈਸਲਾ ਕਰਨਗੇ ਕਿ ਕੀ ਕੋਰਟ ਮਾਰਸ਼ਲ ਦੀ ਕਾਰਵਾਈ ਇਸੇ ਅੱਡੇ ਵਿਚ ਕੀਤੀ ਜਾਵੇ ਜਾਂ ਇਸ ਨੂੰ ਕਿਸੇ ਹੋਰ ਫੌਜੀ ਬੇਸ ਵਿਚ ਭੇਜਿਆ ਜਾਵੇ।

## ਚੀ ਗੁਏਰਾ ਦੇ ਕਰੀਬੀ ਸਾਥੀ ਗ੍ਰਨੈਡੋ ਦਾ ਦੇਹਾਂਤ

**ਲੰਡਨ:** ਅਰਜਨਟੀਨਾ ਦੇ ਮਿਸਾਲੀ ਇਨਕਲਾਬੀ ਆਗੂ ਅਰਨੈਸਟੋ ਚੀ ਗੁਏਰਾ ਦੇ ਸਾਥੀ ਅਲਬਰਟੋ ਗ੍ਰਨੈਡੋ ਦਾ ਕਿਊਬਾ ਦੀ ਰਾਜਧਾਨੀ ਹਵਾਨਾ ਵਿਚ ਦੇਹਾਂਤ ਹੋ ਗਿਆ। ਉਹ 88 ਵਰ੍ਹਿਆਂ ਦਾ ਸੀ। ਇਹ ਦੋਵੇਂ ਜਣੇ ਮੋਟਰਸਾਈਕਲ ਉਤੇ ਇਕੱਠੇ 8 ਮਹੀਨੇ ਲਾਤੀਨੀ ਅਮਰੀਕਾ ਵਿਚ ਘੁੰਮੇ ਸਨ। ਉਸ ਦੀ ਆਖਰੀ ਇੱਛਾ ਮੁਤਾਬਕ ਉਸ ਦੀਆਂ ਅਸਥੀਆਂ ਕਿਊਬਾ, ਅਰਜਨਟੀਨਾ ਅਤੇ ਵੈਨਜ਼ੁਏਲਾ ਵਿਚ ਪ੍ਰਵਾਹ ਕੀਤੀਆਂ ਜਾਣਗੀਆਂ।

ਚੀ ਗੁਏਰਾ ਅਤੇ ਗ੍ਰਨੈਡੋ ਨੇ ਆਪਣੀ 8 ਮਹੀਨੇ ਦੀ ਮੋਟਰਸਾਈਕਲ ਯਾਤਰਾ 1951 ਵਿਚ ਸ਼ੁਰੂ ਕੀਤੀ ਸੀ। ਉਦੋਂ ਦੋਵੇਂ ਡਾਕਟਰੀ ਦੀ ਪੜ੍ਹਾਈ ਕਰ ਰਹੇ ਸਨ ਪਰ ਯਾਤਰਾ ਦੌਰਾਨ ਉਨ੍ਹਾਂ ਜੋ ਗੁਰਬਤ ਅਤੇ ਸਮਾਜਿਕ ਅਨਿਆਂ ਦੇਖਿਆ, ਚੀ ਗੁਏਰਾ ਸੰਸਾਰ ਵਿਚ ਇਨਕਲਾਬ ਲਿਆਉਣ ਲਈ ਤਿਆਰ ਹੋਣ ਲੱਗਿਆ। 1959 ਵਿਚ ਕਿਊਬਾ ਵਿਚ ਇਨਕਲਾਬੀ ਸਰਕਾਰ ਦੀ ਕਾਇਮੀ ਪਿੱਛੋਂ ਚੀ ਗੁਏਰਾ ਨੇ ਗ੍ਰਨੈਡੋ ਨੂੰ ਕਿਊਬਾ ਆਉਣ ਦਾ ਸੱਦਾ ਦਿੱਤਾ ਅਤੇ ਉਹ 1961 ਵਿਚ ਕਿਊਬਾ ਗਿਆ। ਕਿਊਬਾ ਦੀ ਯੂਨੀਵਰਸਿਟੀ ਵਿਚ ਉਸ ਨੇ ਬਾਇਓ-ਕੈਮਿਸਟਰੀ ਪੜ੍ਹਾਈ।



# ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**

**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**RAM Commercial Insurance**

**High Five Plaza #204**
**19625 Harlan Rd Lathrop CA 95330**
**Exactly on I-5 and Luise Exit Opposite to Dennis Restaurant**

## Global Multi Services

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

Financing Available For Buying Trucks

**Cell:(510) 557-6988, Ph:209-982-9996**



# ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


**ਚਿਹਰੇ ਦੀ ਸੁੰਦਰਤਾ** | **ਮੋਟਾਪਾ ਘਟਾਓ** | **ਸਿਹਤ ਬਣਾਓ**
**ਵਾਲਾਂ ਦਾ ਝੜਨਾ** | **ਸ਼ੂਗਰ ਕੰਟਰੋਲ** | **ਇਸਤਰੀ ਰੋਗ**

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

## Surajvanshi Pharmacy (R)

*MANUFACTURE & EXPORTER OF HERBAL PRODUCTS*

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



# Quik Signs

Signs * Graphics * Wraps



**ਅਸੀਂ ਹਰ ਸਾਈਜ਼ ਦੇ ਸਾਈਨ ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ**



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

**ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ**

**Specialized in English, Spanish, Hindi & Punjabi**



# ਜੰਮੂ-ਕਸ਼ਮੀਰ ਦੇ ਲੋਕਾਂ ਦਾ ਸਿਆਸੀ ਅਤੇ ਭਾਵੁਕ ਵਿਰੋਧ ਵਾਜਬ

## ਡਾ. ਮਨਮੋਹਨ ਸਿੰਘ ਵੱਲੋਂ ਖੁੱਲ੍ਹੀ ਗੱਲਬਾਤ ਦਾ ਸੱਦਾ

**ਜੰਮੂ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਜਿੱਥੇ ਪਾਕਿਸਤਾਨ ਨੂੰ ਜੰਮੂ-ਕਸ਼ਮੀਰ ਸਮੇਤ ਸਾਰੇ ਮਸਲਿਆਂ ਦੇ ਹੱਲ ਲਈ ਆਪਸੀ ਗੱਲਬਾਤ ਦਾ ਸੱਦਾ ਦਿੱਤਾ ਉਥੇ ਜੰਮੂ-ਕਸ਼ਮੀਰ ਦੇ ਲੋਕਾਂ ਦੇ ਸਿਆਸੀ ਤੇ ਭਾਵੁਕ ਵਿਰੋਧ ਨੂੰ ਵਾਜਬ ਕਰਾਰ ਦਿੰਦਿਆਂ ਕਿਹਾ ਕਿ ਇਸ ਮਸਲੇ ਦੇ ਹੱਲ ਲਈ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਧਿਆਨ 'ਚ ਰੱਖਿਆ ਜਾਵੇਗਾ। ਡਾ. ਮਨਮੋਹਨ ਸਿੰਘ ਨੇ ਜੰਮੂ ਯੂਨੀਵਰਸਿਟੀ 'ਚ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਤੇ ਪਾਕਿਸਤਾਨ ਉਸ ਵਕਤ ਤੱਕ ਵਿਕਾਸ ਦੀਆਂ ਬੁਲੰਦੀਆਂ ਨੂੰ ਨਹੀਂ ਛੋਹ ਸਕਦੇ ਜਿੰਨੀ ਦੇਰ ਤੱਕ ਉਨ੍ਹਾਂ ਦੇ ਆਪਸੀ ਸਬੰਧ ਠੀਕ ਨਹੀਂ ਹੁੰਦੇ।

ਉਨ੍ਹਾਂ ਕਿਹਾ ਕਿ ਅਸੀਂ ਪਾਕਿਸਤਾਨ ਨੂੰ ਖੁੱਲ੍ਹੇ ਦਿਲ ਨਾਲ ਗੱਲਬਾਤ ਦਾ ਸੱਦਾ ਦਿੰਦੇ ਹਾਂ ਤੇ ਇਹ ਚਾਹੁੰਦੇ ਹਾਂ ਕਿ ਦੋਸਤਾਨਾ ਢੰਗ ਨਾਲ ਜੰਮੂ-ਕਸ਼ਮੀਰ ਸਮੇਤ ਸਾਰੇ ਮਸਲਿਆਂ ਦਾ ਹੱਲ ਕੱਢਿਆ ਜਾਵੇ। ਉਨ੍ਹਾਂ ਕਿਹਾ ਕਿ ਮੁੰਬਈ ਹਮਲੇ ਨੂੰ ਭੁਲਾਇਆ ਨਹੀਂ ਜਾ ਸਕਦਾ ਤੇ ਪਾਕਿਸਤਾਨ ਨੂੰ ਚਾਹੀਦਾ ਹੈ ਕਿ ਹਮਲੇ 'ਚ ਸ਼ਾਮਲ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਵੇ। ਉਨ੍ਹਾਂ ਕਿਹਾ ਹੈ ਕਿ ਕੇਂਦਰ ਸਰਕਾਰ ਜੰਮੂ-ਕਸ਼ਮੀਰ ਦੇ ਲੋਕਾਂ ਦੀਆਂ ਵਾਜਬ ਸਿਆਸੀ ਤੇ ਭਾਵੁਕ ਵਿਰੋਧ ਨੂੰ ਸਮਝਦੀ ਹੈ ਤੇ ਉਹ ਸੂਬੇ ਵਿਚ ਸ਼ਾਂਤੀ ਲਿਆਉਣ ਲਈ ਸਾਰੇ ਮੁੱਦਿਆਂ 'ਤੇ ਸੰਵਿਧਾਨਕ ਦਾਇਰੇ ਵਿਚ ਰਹਿ ਕੇ ਵਿਚਾਰ-ਵਟਾਂਦਰਾ ਕਰਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਅਸੀਂ ਜੰਮੂ-ਕਸ਼ਮੀਰ ਦੇ ਲੋਕਾਂ ਦੇ ਮਾਣ-ਸਤਿਕਾਰ, ਭਲਾਈ ਤੇ ਸੂਬੇ ਵਿਚ ਸ਼ਾਂਤੀ ਲਿਆਉਣ ਬਾਰੇ ਸਾਰੇ ਮੁੱਦਿਆਂ 'ਤੇ ਵਿਚਾਰ-ਵਟਾਂਦਰੇ ਦੇ ਇੱਛੁਕ ਹਾਂ। ਉਨ੍ਹਾਂ ਕਿਹਾ ਕਿ ਅਗਾਂਹ ਕੋਈ ਰਾਹ ਨਜ਼ਰ ਨਹੀਂ ਆਉਂਦਾ ਪਰ ਮੇਰਾ ਮੰਨਣਾ ਹੈ ਕਿ ਸੰਵਿਧਾਨਕ ਦਾਇਰੇ ਵਿਚ ਰਹਿ ਕੇ ਲਗਾਤਾਰ ਗੱਲਬਾਤ ਨਾਲ ਅਸੀਂ ਸਾਰੀਆਂ ਸਮੱਸਿਆਵਾਂ ਦਾ ਅਜਿਹਾ ਹੱਲ ਕੱਢ ਸਕਦੇ ਹਾਂ ਜੋ ਸਾਰਿਆਂ ਲਈ ਸਵੀਕਾਰਨਯੋਗ ਹੋਵੇ।

ਜੰਮੂ-ਕਸ਼ਮੀਰ ਵਿਚ ਕੇਂਦਰ ਸਰਕਾਰ ਵੱਲੋਂ ਚੁੱਕੇ ਕਦਮ ਦਾ ਹਵਾਲਾ ਦਿੰਦਿਆਂ ਪ੍ਰਧਾਨ ਮੰਤਰੀ ਨੇ ਆਖਿਆ ਕਿ ਪਿਛਲੇ ਸਾਲ ਸੂਬੇ ਵਿਚ ਸਰਬ ਪਾਰਟੀ ਵਫ਼ਦ ਨੂੰ ਕੁਝ ਅਹਿਮ



ਸਮੱਸਿਆਵਾਂ 'ਤੇ ਕੌਮੀ ਸਹਿਮਤੀ ਬਣਾਉਣ ਦੇ ਇਰਾਦੇ ਨਾਲ ਭੇਜਿਆ ਗਿਆ। ਉਨ੍ਹਾਂ ਕਿਹਾ "ਅਸੀਂ ਲੋਕਾਂ ਦੇ ਵਾਜਬ ਸਿਆਸੀ, ਸਮਾਜਕ ਤੇ ਭਾਵੁਕ ਵਿਰੋਧ ਨੂੰ ਮੰਨਦੇ ਹਾਂ ਤੇ ਅਸੀਂ ਇਨ੍ਹਾਂ ਮੁੱਦਿਆਂ ਦੇ ਹੱਲ ਦੀ ਇਮਾਨਦਾਰੀ ਨਾਲ ਕੋਸ਼ਿਸ਼ ਕਰ ਰਹੇ ਹਾਂ। ਉਨ੍ਹਾਂ ਮੰਨਿਆ ਕਿ ਜੰਮੂ-ਕਸ਼ਮੀਰ ਦੀ ਸਮੱਸਿਆ ਕਾਫੀ ਗੁੰਝਲਦਾਰ ਹੈ ਤੇ ਸੂਬੇ ਦੇ ਹਰ ਖਿੱਤੇ ਭਾਵੇਂ ਉਹ ਕਸ਼ਮੀਰ ਹੋਵੇ, ਜੰਮੂ ਜਾਂ ਲੱਦਾਖ ਹੋਵੇ, ਹਰੇਕ ਦੀਆਂ ਆਪਣੀਆਂ ਸਮੱਸਿਆਵਾਂ ਹਨ ਜਿਹੜੀਆਂ ਧਿਆਨ ਮੰਗਦੀਆਂ ਹਨ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਲੋਕਾਂ ਦੇ ਸਾਰੇ ਵਰਗਾਂ ਨਾਲ ਲਗਾਤਾਰ ਚੱਲ ਰਹੀ ਗੱਲਬਾਤ ਲਈ ਵਾਰਤਾਕਾਰਾਂ ਦਾ ਇਕ ਗਰੁੱਪ ਨਿਯੁਕਤ ਕੀਤਾ ਗਿਆ ਸੀ। ਜੰਮੂ-ਕਸ਼ਮੀਰ ਵਿਚ ਵਿਕਾਸ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਾਵੇਂ ਵਿਕਾਸ ਦੀਆਂ ਕੋਸ਼ਿਸ਼ਾਂ ਤਹਿਤ ਜੰਮੂ ਤੇ ਲੱਦਾਖ ਖਿੱਤਿਆਂ ਲਈ ਵਿਸ਼ੇਸ਼ ਟਾਸਕ ਫੋਰਸਾਂ ਬਣਾਈਆਂ ਗਈਆਂ ਹਨ। ਇਨ੍ਹਾਂ ਟਾਸਕ ਫੋਰਸਾਂ ਦੀਆਂ ਰਿਪੋਰਟਾਂ ਅਤੇ ਸੂਬਾ ਸਰਕਾਰ ਨਾਲ ਮਸ਼ਵਰੇ ਮਗਰੋਂ ਕੇਂਦਰ ਨੇ ਪਹਿਲਾਂ ਹੀ ਕੁਝ ਚੋਣਵੇਂ ਪ੍ਰਾਜੈਕਟਾਂ ਲਈ ਬਜਟ ਵਿਚ 250 ਕਰੋੜ ਦਾ ਪ੍ਰਬੰਧ ਕੀਤਾ ਹੈ।

# ਸੁਪਰੀਮ ਕੋਰਟ ਵੱਲੋਂ ਧਨ ਕੁਬੇਰਾਂ ਦੇ ਮਾਮਲੇ 'ਤੇ ਸਰਕਾਰ ਦੀ ਖਿਚਾਈ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਦੀ ਖਿਚਾਈ ਕਰਦਿਆਂ ਪੁੱਛਿਆ ਹੈ ਕਿ ਘੋੜਿਆਂ ਦੇ ਫਾਰਮ ਮਾਲਕ ਹਸਨ ਅਲੀ ਖਾਨ ਤੇ ਹੋਰਾਂ ਬਾਰੇ ਜਾਂਚ ਏਜੰਸੀਆਂ ਕੋਲ ਠੋਸ ਸਮੱਗਰੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਹਿਰਾਸਤ 'ਚ ਲੈ ਕੇ ਪੁੱਛ-ਪੜਤਾਲ ਕਿਉਂ ਨਹੀਂ ਕੀਤੀ ਗਈ।

ਸਾਲਿਸਟਰ ਜਨਰਲ ਗੋਪਾਲ ਸੁਬਰਾਮਣੀਅਮ ਨੇ ਜਦੋਂ ਕੁਝ ਨੁਕਤੇ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਜੱਜ ਨੇ ਖਿਝ ਕੇ ਆਖਿਆ "ਇਸ ਦੇਸ਼ 'ਚ ਇਹ ਹੋ ਕੀ ਰਿਹਾ ਹੈ। ਅਦਾਲਤ ਨੇ ਹੁਕਮ ਦਿੱਤਾ ਕਿ ਪੁਣੇ ਦੇ ਕਾਰੋਬਾਰੀ ਹਸਨ ਅਲੀ 'ਤੇ ਵਿਦੇਸ਼ੀ ਮੁਦਰਾ ਦੀ ਉਲੰਘਣਾ ਦੇ ਕੇਸ ਦੀ ਜਾਂਚ ਦੌਰਾਨ ਤਬਦੀਲ ਕੀਤੇ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਤਿੰਨ ਅਫਸਰਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ। ਅਦਾਲਤ ਨੇ ਇਨ੍ਹਾਂ ਬਦਲੀਆਂ ਨੂੰ ਅਫਸੋਸਨਾਕ ਕਰਾਰ ਦਿੱਤਾ।

ਖਾਨ ਨੇ ਅੱਠ ਅਰਬ ਡਾਲਰ ਵਿਦੇਸ਼ੀ ਬੈਂਕਾਂ 'ਚ ਰੱਖੇ ਹੋਏ ਹਨ ਤੇ ਉਸ ਨੂੰ 50000 ਕਰੋੜ ਰੁਪਏ ਦਾ ਟੈਕਸ ਭਰਨ ਦਾ ਨੋਟਿਸ ਭੇਜਿਆ ਗਿਆ ਸੀ। ਅਦਾਲਤ ਨੇ ਇਹ ਵੀ ਜਾਣਨਾ ਚਾਹਿਆ ਕਿ ਅਜਿਹੀ ਕਿਹੜੀ ਗੱਲ ਹੈ ਜਿਸ ਕਰਕੇ ਸਰਕਾਰ ਖਾਨ ਤੇ ਹੋਰ ਧਨ ਕੁਬੇਰਾਂ ਨੂੰ ਹਿਰਾਸਤ 'ਚ ਲੈ ਕੇ ਪੁੱਛ-ਪੜਤਾਲ ਨਹੀਂ ਕਰ ਸਕੀ। ਬੈਂਚ ਨੇ ਆਪਣੀ ਨਾਖੁਸ਼ੀ ਜ਼ਾਹਰ ਕਰਦਿਆਂ ਕਿਹਾ "ਅਜਿਹੀਆਂ ਮਿਸਾਲਾਂ ਹਨ ਜਦੋਂ ਦਫ਼ਾ 144 ਦੀ ਉਲੰਘਣਾ ਕਰਨ ਵਾਲਿਆਂ ਨੂੰ ਗੋਲੀਆਂ ਮਾਰੀਆਂ ਗਈਆਂ ਪਰ ਤੁਸੀਂ ਅਜਿਹੇ ਲੋਕਾਂ ਖ਼ਿਲਾਫ਼ ਕਾਰਵਾਈ ਨਹੀਂ ਕਰਦੇ। ਸੁਪਰੀਮ ਕੋਰਟ ਨੇ 10 ਫਰਵਰੀ ਨੂੰ ਉਘੇ ਵਕੀਲ ਰਾਮ ਜੇਠਮਲਾਨੀ ਤੇ ਕੁਝ ਸਾਬਕਾ ਅਫ਼ਸਰਾਂ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸਰਕਾਰ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਸੀ ਕਿ ਖਾਨ ਦੇਸ਼ 'ਚੋਂ ਫਰਾਰ ਨਾ ਹੋ ਸਕੇ। ਬੈਂਚ ਨੇ ਇਹ ਵੀ ਪੁੱਛਿਆ ਕਿ ਕੀ ਖਾਨ ਨੂੰ ਕੇਸ ਦੀ ਧਿਰ ਬਣਾਇਆ ਜਾ ਸਕਦਾ ਹੈ।

ਉਧਰ, ਸੁਪਰੀਮ ਕੋਰਟ ਵੱਲੋਂ ਸਰਕਾਰ ਦੀ ਖਿਚਾਈ ਕਰਨ ਤੋਂ ਬਾਅਦ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਪੁਣੇ ਦੇ ਘੋੜਿਆਂ ਦੇ ਫਾਰਮ ਮਾਲਕ ਹਸਨ ਅਲੀ ਖਾਨ ਵਿਰੁੱਧ ਸਾਰੇ ਹਵਾਈ ਅੱਡਿਆਂ ਨੂੰ 'ਲੁੱਕਆਊਟ ਸਰਕੂਲਰ' (ਭਾਲ ਕਰਨ ਲਈ) ਜਾਰੀ ਕੀਤਾ ਹੈ ਤਾਂ ਕਿ ਉਹ ਦੇਸ਼ ਛੱਡ ਕੇ ਫਰਾਰ ਨਾ ਹੋ ਸਕੇ।

ਸੂਤਰਾਂ ਨੇ ਕਿਹਾ ਕਿ ਇਸ ਸਰਕੂਲਰ ਰਾਹੀਂ ਸਾਰੇ ਹਵਾਈ ਅੱਡਿਆਂ ਨੂੰ ਚੌਕਸ ਕੀਤਾ ਗਿਆ ਹੈ ਤਾਂ ਕਿ ਕਾਲਾ ਧਨ ਰੱਖਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹਸਨ ਅਲੀ ਦੇਸ਼ ਛੱਡ ਕੇ ਨਾ ਜਾ ਸਕੇ ਕਿਉਂਕਿ ਉਸ ਵਿਰੁੱਧ ਵੱਖ-ਵੱਖ ਏਜੰਸੀਆਂ ਦੀ ਪੜਤਾਲ ਜਾਰੀ ਹੈ। ਹਸਨ ਸਵਿਟਜ਼ਰਲੈਂਡ ਦੇ ਬੈਂਕਾਂ 'ਚ 8 ਅਰਬ ਅਮਰੀਕੀ ਡਾਲਰ ਤੋਂ ਵੱਧ ਰਾਸ਼ੀ ਰੱਖਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਹਸਨ ਅਲੀ ਨੂੰ 2009 'ਚ ਨੋਟਿਸ ਜਾਰੀ ਕਰਕੇ ਤਕਰੀਬਨ 40 ਹਜ਼ਾਰ ਕਰੋੜ ਦਾ ਟੈਕਸ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਸੀ।

ਸੂਤਰਾਂ ਨੇ ਦੱਸਿਆ ਕਿ ਖਾਨ ਤੇ ਉਸ ਦੇ ਸਹਿਯੋਗੀਆਂ ਨੂੰ ਪੁੱਛ-ਪੜਤਾਲ ਲਈ ਆਮਦਨ ਕਰ ਵਿਭਾਗ ਤੇ ਮਹਾਰਾਸ਼ਟਰ ਸਰਕਾਰ ਦੇ ਆਰਥਿਕ ਅਪਰਾਧ ਵਿੰਗ ਵੱਲੋਂ ਸੰਮਨ ਜਾਰੀ ਕੀਤਾ ਜਾਵੇਗਾ।

## *ਟੈਲੀਕਾਮ ਕੰਪਨੀਆਂ ਤੋਂ 300 ਕਰੋੜ ਜੁਰਮਾਨਾ ਵਸੂਲਿਆ*

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਲਾਈਸੈਂਸ ਤੇ ਸਪੈਕਟ੍ਰਮ ਹਾਸਲ ਕਰਨ ਦੇ ਬਾਵਜੂਦ ਮਿਥੇ ਸਮੇਂ ਵਿਚ ਸਬੰਧਤ ਖੇਤਰਾਂ 'ਚ ਆਪਣਾ ਨੈੱਟਵਰਕ ਕਾਇਮ ਕਰਨ ਵਿਚ ਨਾਕਾਮ ਰਹਿਣ ਵਾਲੀਆਂ ਟੈਲੀਕਾਮ ਸੇਵਾ ਕੰਪਨੀਆਂ ਤੋਂ 300 ਕਰੋੜ ਰੁਪਏ ਤੋਂ ਵੱਧ ਜੁਰਮਾਨੇ ਵਸੂਲੇ ਗਏ ਹਨ। ਟੈਲੀਕਾਮ ਵਿਭਾਗ ਦੇ ਸਕੱਤਰ ਆਰ. ਚੰਦਰਸ਼ੇਖਰ ਨੇ ਕਿਹਾ ਕਿ ਸਰਕਾਰ ਨੇ ਹੁਣ ਤੱਕ ਜੁਰਮਾਨਿਆਂ ਵਜੋਂ 300.04 ਕਰੋੜ ਰੁਪਏ ਵਸੂਲੇ ਹਨ ਜਦੋਂਕਿ ਅਸਲ ਰਕਮ 370.55 ਕਰੋੜ ਰੁਪਏ ਹੈ। ਵਿਭਾਗ ਨੇ ਬੀਤੇ ਮਹੀਨੇ ਆਪਣਾ ਨੈੱਟਵਰਕ ਤੇ ਸੇਵਾਵਾਂ ਮਿਥੇ ਖੇਤਰਾਂ ਵਿਚ ਪਹੁੰਚਾਉਣ 'ਚ ਨਾਕਾਮ ਰਹੇ ਨਵੇਂ ਟੈਲੀਕਾਮ ਅਪਰੇਟਰਾਂ ਨੂੰ 119 ਨੋਟਿਸ ਜਾਰੀ ਕਰ ਕੇ ਜੁਰਮਾਨੇ ਲਾਏ ਸਨ।

ਲਾਈਸੈਂਸ ਦੀਆਂ ਸ਼ਰਤਾਂ ਮੁਤਾਬਕ ਲਾਈਸੈਂਸੀਆਂ ਲਈ ਇਹ ਜ਼ਰੂਰੀ ਸੀ ਕਿ ਉਹ ਲਾਇਸੈਂਸ ਜਾਰੀ ਹੋਣ ਤੋਂ 12 ਮਹੀਨਿਆਂ (52 ਹਫ਼ਤਿਆਂ) ਦੌਰਾਨ ਆਪਣੀਆਂ ਸੇਵਾਵਾਂ ਮੈਟਰੋ ਸ਼ਹਿਰਾਂ ਵਿਚ 90 ਫੀਸਦੀ ਤੇ ਜ਼ਿਲ੍ਹਾ ਸਦਰ ਮੁਕਾਮਾਂ ਵਿਖੇ 10 ਫ਼ੀਸਦੀ ਖੇਤਰ 'ਚ ਪਹੁੰਚਾਉਣ। ਨੋਟਿਸ ਮੁਤਾਬਕ ਕੰਪਨੀਆਂ ਨੂੰ ਨੋਟਿਸ ਜਾਰੀ ਹੋਣ ਤੋਂ 15 ਦਿਨਾਂ ਦੌਰਾਨ ਜੁਰਮਾਨਾ ਅਦਾ ਕਰਨ ਲਈ ਕਿਹਾ ਗਿਆ ਸੀ ਪਰ ਕੁਝ ਕੰਪਨੀਆਂ ਇਸ ਫੈਸਲੇ ਖ਼ਿਲਾਫ਼ ਟੈਲੀਕਾਮ ਅਪੀਲੀ ਟ੍ਰਿਬਿਊਨਲ ਵਿਚ ਚਲੀਆਂ ਗਈਆਂ ਹਨ। ਟ੍ਰਿਬਿਊਨਲ ਨੇ ਇਨ੍ਹਾਂ ਕੰਪਨੀਆਂ ਯੂਨੀਨੋਰ, ਏਅਰਸੈੱਲ ਦੀ ਸਹਾਇਕ ਕੰਪਨੀ ਡਿਸ਼ਨੈੱਟ ਵਾਇਰਲੈਸ ਤੇ ਵੀਡੀਓਕੋਨ ਨੂੰ ਇਨ੍ਹਾਂ ਜੁਰਮਾਨਿਆਂ ਦਾ ਇਕ ਹਿੱਸਾ ਅਦਾ ਕਰਨ ਲਈ ਕਿਹਾ ਹੈ।

# ਧਰਤੀ ਦੀ ਕੀਮਤ 3000 ਖਰਬ ਪੌਂਡ!

**ਲੰਡਨ:** ਗਰੈਗ ਲਾਫਲਿਨ ਨਾਮੀ ਪੁਲਾੜ ਸ਼ਾਸਤਰੀ ਮੁਤਾਬਕ ਉਸ ਨੇ ਕਿਸੇ ਗ੍ਰਹਿ ਦੀ ਕੀਮਤ ਪਤਾ ਲਾਉਣ ਦਾ ਫਾਰਮੂਲਾ ਤਿਆਰ ਕੀਤਾ ਹੈ। ਉਸ ਨੇ ਕਿਹਾ ਕਿ ਇਸ ਫਾਰਮੂਲੇ ਮੁਤਾਬਕ ਸਬੰਧਤ ਗ੍ਰਹਿ ਦੀ ਉਮਰ, ਆਕਾਰ, ਤਾਪਮਾਨ, ਪੁੰਜ ਤੇ ਹੋਰ ਕਈ ਪੱਖਾਂ ਦੇ ਆਧਾਰ ਉਤੇ ਦੀ ਕੀਮਤ ਪਤਾ ਕੀਤੀ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਇਸ ਮੁਤਾਬਕ ਧਰਤੀ ਸਭ ਤੋਂ ਵੱਧ ਕੀਮਤੀ ਸਾਬਤ ਹੋਈ ਹੈ ਤੇ ਇਸ ਪੁਲਾੜ ਸ਼ਾਸਤਰੀ ਨੇ ਧਰਤੀ ਦੀ ਕੀਮਤ 300 ਖਰਬ ਪੌਂਡ ਦੱਸੀ ਹੈ। ਰੋਜ਼ਨਾਮਾ 'ਡੇਲੀ ਮੇਲ' ਵਿਚ ਛਪੀ ਰਿਪੋਰਟ ਮੁਤਾਬਕ ਸ੍ਰੀ ਲਾਫਲਿਨ ਨੇ ਕਿਹਾ ਕਿ ਇਸ ਫਾਰਮੂਲੇ ਤੋਂ ਪਤਾ ਲੱਗਦਾ ਹੈ ਕਿ ਧਰਤੀ ਕਿੰਨੀ ਕੀਮਤੀ ਹੈ ਤੇ ਉਮੀਦ ਹੈ ਕਿ ਇਸ ਨਾਲ ਇਸ ਦੀ ਰਾਖੀ ਕਰਨ 'ਚ ਮਦਦ ਮਿਲੇਗੀ।

ਉਨ੍ਹਾਂ ਦੇ ਇਸ ਫਾਰਮੂਲੇ ਮੁਤਾਬਕ ਜਿੱਥੇ ਧਰਤੀ ਦੀ ਕੀਮਤ ਖਰਬਾਂ ਪੌਂਡ ਆਂਕੀ ਗਈ ਹੈ ਉਥੇ ਮੰਗਲ ਗ੍ਰਹਿ ਦੀ ਕੀਮਤ ਮਹਿਜ਼ 10 ਹਜ਼ਾਰ ਪੌਂਡ ਹੀ ਨਿਕਲੀ ਹੈ। ਧਰਤੀ ਨੇੜਲੇ ਇਕ ਹੋਰ ਗ੍ਰਹਿ 'ਸ਼ੁੱਕਰ ਗ੍ਰਹਿ' ਦੀ ਕੀਮਤ ਇਕ ਕੌਡੀ ਜਿੰਨੀ ਵੀ ਨਹੀਂ ਨਿਕਲੀ। ਰਿਪੋਰਟ ਮੁਤਾਬਕ ਇਸ ਸਮੁੱਚੀ ਕਾਇਨਾਤ 'ਚ 1235 ਦੇ ਕਰੀਬ ਹੋਰ ਗ੍ਰਹਿ ਹਨ ਪਰ ਉਨ੍ਹਾਂ ਨੂੰ ਵੀ ਰਹਿਣ ਲਈ ਉਨ੍ਹਾਂ ਦੇ ਮਾੜੇ ਹਾਲਾਤ ਕਾਰਨ ਬਹੁਤੀ ਕੀਮਤ ਨਹੀਂ ਦਿੱਤੀ ਗਈ। ਕੈਲੀਫੋਰਨੀਆ ਯੂਨੀਵਰਸਿਟੀ ਨਾਲ ਸਬੰਧਤ ਪ੍ਰੋ. ਲਾਫਲਿਨ ਨੇ ਇਸ ਫਾਰਮੂਲੇ ਰਾਹੀਂ ਵੱਖੋ-ਵੱਖ ਗ੍ਰਹਿਆਂ ਦੀ ਕੀਮਤ ਨਾਸਾ ਦੀ ਪੁਲਾੜ ਗੱਡੀ ਕੈਪਲਰ ਵੱਲੋਂ ਵੱਖ-ਵੱਖ ਗ੍ਰਹਿਆਂ ਸਬੰਧੀ ਭੇਜੇ ਅੰਕੜਿਆਂ ਦੇ ਆਧਾਰ ਉਤੇ ਆਂਕੀ ਹੈ। ਨਾਸਾ ਦੀ ਇਹ ਪੁਲਾੜ ਗੱਡੀ ਦੋ ਸਾਲ ਪਹਿਲਾਂ ਗ੍ਰਹਿਆਂ ਬਾਰੇ ਖੋਜ ਕਰਨ ਲਈ ਪੁਲਾੜੀ 'ਚ ਭੇਜੀ ਗਈ ਸੀ। ਨਵੇਂ ਖੋਜੇ ਗਏ ਗਿਲੀਜ਼ 581 ਸੀ ਗ੍ਰਹਿ ਜਿਸ ਨੂੰ ਕਾਫੀ ਜ਼ਿਆਦਾ ਧਰਤੀ ਵਰਗਾ ਮੰਨਿਆ ਜਾਂਦਾ ਹੈ ਤੇ ਇਸ ਦੀ ਕੀਮਤ ਮਹਿਜ਼ 100 ਪੌਂਡ ਨਿਕਲੀ ਹੈ ਜਦੋਂ ਕਿ ਕੇ.ਓ.ਆਈ. 326.01 ਦੀ ਕੀਮਤ 150,000 ਪੌਂਡ ਪਾਈ ਗਈ ਹੈ।

# ਦਿੱਲੀ ਪੁਲਿਸ ਦੇ 286 ਮੁਲਾਜ਼ਮ ਭ੍ਰਿਸ਼ਟ!

**ਨਵੀਂ ਦਿੱਲੀ:** ਪਿਛਲੇ ਤਿੰਨ ਸਾਲਾਂ ਦੌਰਾਨ ਦਿੱਲੀ ਪੁਲਿਸ ਦੇ ਤਕਰੀਬਨ 300 ਜਵਾਨਾਂ ਖ਼ਿਲਾਫ਼ ਫ਼ੌਜਦਾਰੀ ਤੇ ਭ੍ਰਿਸ਼ਟਾਚਾਰ ਦੇ ਮਾਮਲੇ ਦਰਜ ਹੋਏ ਹਨ ਤੇ ਇਨ੍ਹਾਂ 'ਚੋਂ 35 ਫੀਸਦੀ ਹੌਲਦਾਰ ਹਨ। ਸਰਕਾਰੀ ਅੰਕੜਿਆਂ ਅਨੁਸਾਰ 2008-10 ਦੌਰਾਨ ਕੁੱਲ 286 ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਫ਼ੌਜਦਾਰੀ ਤੇ ਭ੍ਰਿਸ਼ਟਾਚਾਰ ਦੇ ਮਾਮਲੇ ਦਰਜ ਹੋਏ ਹਨ। ਇਨ੍ਹਾਂ 'ਚੋਂ 207 ਮਾਮਲੇ ਫ਼ੌਜਦਾਰੀ ਹਨ ਜਦਕਿ 79 ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਹਨ। ਇਨ੍ਹਾਂ 'ਚੋਂ 156 ਹੌਲਦਾਰ ਹਨ ਜਿਨ੍ਹਾਂ 'ਚੋਂ 128 ਖ਼ਿਲਾਫ਼ ਫ਼ੌਜਦਾਰੀ ਮਾਮਲੇ ਦਰਜ ਹਨ। ਸਹਾਇਕ ਸਬ ਇੰਸਪੈਕਟਰਾਂ 'ਚੋਂ ਅੱਠ ਖ਼ਿਲਾਫ਼ ਫ਼ੌਜਦਾਰੀ ਕੇਸ ਤੇ 11 ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਦਰਜ ਹਨ। ਸਬ ਇੰਸਪੈਕਟਰਾਂ 'ਚੋਂ 16 ਖ਼ਿਲਾਫ਼ ਫ਼ੌਜਦਾਰੀ, 11 ਖ਼ਿਲਾਫ਼ ਭ੍ਰਿਸ਼ਟਾਚਾਰ, ਇੰਸਪੈਕਟਰਾਂ 'ਚੋਂ ਛੇ ਖ਼ਿਲਾਫ਼ ਫ਼ੌਜਦਾਰੀ ਤੇ ਪੰਜ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਦਰਜ ਹਨ। ਸਹਾਇਕ ਪੁਲਿਸ ਕਮਿਸ਼ਨਰ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਹੈ।ਇਨ੍ਹਾਂ ਕੇਸਾਂ 'ਚ ਸ਼ਮੂਲੀਅਤ ਕਾਰਨ ਪਿਛਲੇ ਸਾਲ 23 ਹੌਲਦਾਰਾਂ ਤੇ ਪੰਜ ਹੈੱਡ ਕਾਂਸਟੇਬਲਾਂ ਸਮੇਤ 35 ਮੁਲਾਜ਼ਮਾਂ ਨੂੰ ਮੁਅੱਤਲ ਕੀਤਾ ਗਿਆ। ਅੰਕੜਿਆਂ ਅਨੁਸਾਰ 2009 'ਚ ਸਿਰਫ਼ 74 ਮੁਲਾਜ਼ਮਾਂ ਤੇ 2008 'ਚ 102 ਤੇ ਇਸ ਤੋਂ ਪਿਛਲੇ ਸਾਲ 197 ਮੁਲਾਜ਼ਮਾਂ ਨੂੰ ਸਜ਼ਾਵਾਂ ਹੋਈਆਂ। ਪਿਛਲੇ ਸਾਲ 997 ਪੁਲਿਸ ਮੁਲਾਜ਼ਮਾਂ ਨੂੰ ਸਧਾਰਨ ਸਜ਼ਾ, 218 ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਜਦਕਿ 49 ਖ਼ਿਲਾਫ਼ ਵਿਭਾਗੀ ਕਾਰਵਾਈ ਹੋਈ। ਚਾਰ ਜਣਿਆਂ ਨੂੰ ਗੈਰ-ਸੰਵੇਦਨਸ਼ੀਲ ਯੂਨਿਟਾਂ 'ਚ ਤਬਦੀਲ ਕੀਤਾ ਗਿਆ।

# ਸੁਪਰੀਮ ਕੋਰਟ ਵੱਲੋਂ ਅਡਵਾਨੀ, ਜੋਸ਼ੀ ਤੇ ਠਾਕਰੇ ਨੂੰ ਝਟਕਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਗੋਧਰਾ ਕਾਂਡ 'ਚ ਮੁਸਲਮਾਨ ਭਾਈਚਾਰੇ ਦੇ ਵਿਅਕਤੀਆਂ ਨੂੰ ਸਜ਼ਾ ਦੇਣ ਤੋਂ ਬਾਅਦ ਹੁਣ ਹਿੰਦੂਤਵ ਦੀ ਨੁਮਾਇੰਦਗੀ ਕਰਨ ਵਾਲੀਆਂ ਧਿਰਾਂ ਨੂੰ ਝਟਕਾ ਦਿੰਦਿਆਂ ਭਾਜਪਾ ਆਗੂਆਂ ਐਲ.ਕੇ. ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਸ਼ਿਵ ਸੈਨਾ ਦੇ ਮੁਖੀ ਬਾਲ







ਠਾਕਰੇ ਤੇ ਹੋਰਾਂ ਨੂੰ ਬਾਬਰੀ ਮਸਜਿਦ ਢਾਹੇ ਜਾਣ ਦੀ ਸਾਜ਼ਿਸ਼ ਦੇ ਦੋਸ਼ਾਂ ਸਬੰਧੀ ਨੋਟਿਸ ਜਾਰੀ ਕੀਤਾ ਹੈ।

ਜਸਟਿਸ ਵੀ.ਐਸ. ਸਿਰਪੁਰਕਰ ਤੇ ਟੀ.ਐਸ. ਠਾਕੁਰ 'ਤੇ ਆਧਾਰਤ ਬੈਂਚ ਨੇ ਚਾਰ ਮਾਰਚ ਨੂੰ ਨੋਟਿਸ ਜਾਰੀ ਕਰਕੇ ਚਾਰ ਹਫ਼ਤਿਆਂ ਦੇ ਅੰਦਰ-ਅੰਦਰ ਜਵਾਬ ਦੇਣ ਤੇ ਇਸ ਬਾਰੇ ਆਪਣੇ ਬਿਆਨ ਸਪੱਸ਼ਟ ਕਰਨ ਲਈ ਕਿਹਾ ਹੈ। ਅਦਾਲਤ ਨੇ ਇਹ ਨੋਟਿਸ ਉਦੋਂ ਜਾਰੀ ਕੀਤਾ ਜਦੋਂ ਸਾਲਿਸਿਟਰ ਜਨਰਲ ਗੋਪਾਲ ਸੁਬਰਾਮਣੀਅਮ ਨੇ ਸੀ.ਬੀ.ਆਈ. ਵੱਲੋਂ ਪੇਸ਼ ਹੁੰਦਿਆਂ ਅਲਾਹਾਬਾਦ ਹਾਈ ਕੋਰਟ ਦੇ ਪਿਛਲੀ ਮਈ ਦੇ ਹੁਕਮ ਦੀ ਕਾਨੂੰਨੀ ਵੈਧਤਾ 'ਤੇ ਸਵਾਲ ਕੀਤਾ, ਜਿਸ ਨੇ ਇਨ੍ਹਾਂ ਆਗੂਆਂ ਵਿਰੁੱਧ ਮੁਜਰਮਾਨਾ ਸਾਜ਼ਿਸ਼ ਦੇ ਦੋਸ਼ ਰੱਦ ਕਰਨ ਦੇ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਦੇ ਫ਼ੈਸਲੇ ਦੀ ਪੁਸ਼ਟੀ ਕੀਤੀ ਸੀ।

ਸੀ.ਬੀ.ਆਈ. ਨੇ ਸੁਪਰੀਮ ਕੋਰਟ 'ਚ ਪਹੁੰਚ ਕਰਕੇ ਹਾਈ ਕੋਰਟ ਦੇ 20 ਮਈ, 2010 ਦੇ ਹੁਕਮ ਨੂੰ ਚੁਣੌਤੀ ਦਿੱਤੀ ਸੀ ਜਿਸ 'ਚ ਸੀ.ਬੀ.ਆਈ. ਦੀ ਭਾਜਪਾ ਤੇ ਸੰਘ ਦੇ ਚੋਟੀ ਦੇ ਆਗੂਆਂ ਵਿਰੁੱਧ ਮੁਜਰਮਾਨਾ ਸਾਜ਼ਿਸ਼ ਰਚਣ ਦੇ ਦੋਸ਼ ਬਹਾਲ ਰੱਖਣ ਦੀ ਬੇਨਤੀ ਖਾਰਜ ਕਰ ਦਿੱਤੀ ਗਈ ਸੀ। ਇਨ੍ਹਾਂ ਆਗੂਆਂ 'ਚ ਅਸ਼ੋਕ ਸਿੰਘਲ, ਗਿਰੀਰਾਜ ਕਿਸ਼ੋਰ, ਵਿਨੈ ਕਟਿਆਰ, ਵਿਸ਼ਨੂੰ ਹਰੀ ਡਾਲਮੀਆ, ਸਾਧਵੀ ਰਿਤੰਭਰਾ ਤੇ ਮਹੰਤ ਅਵੈਦਿਆ ਨਾਥ, ਮੱਧ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਉਮਾ ਭਾਰਤੀ ਤੇ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਸ਼ਾਮਲ ਸਨ।

ਹਾਈ ਕੋਰਟ ਦੇ ਹੁਕਮ ਨੂੰ ਚੁਣੌਤੀ ਦਿੰਦਿਆਂ ਸੀ.ਬੀ.ਆਈ. ਨੇ ਆਪਣੀ ਪਟੀਸ਼ਨ ਵਿਚ ਕਿਹਾ ਹੈ ਕਿ ਹੇਠਲੀ ਅਦਾਲਤ ਬੜੇ ਤਰੁੱਟੀਪੂਰਨ ਢੰਗ ਨਾਲ ਇਸ ਸਿੱਟੇ 'ਤੇ ਪੁੱਜ ਗਈ ਕਿ 21 ਵਿਅਕਤੀਆਂ 'ਤੇ ਇਸ ਕੇਸ 'ਚ ਮੁਕੱਦਮਾ (6 ਦਸੰਬਰ, 1992 ਨੂੰ ਬਾਬਰੀ ਮਸਜਿਦ ਢਾਹੇ ਜਾਣ ਦੇ ਸਿਲਸਿਲੇ ਵਿਚ) ਨਾ ਚਲਾਇਆ ਜਾਵੇ। ਪਟੀਸ਼ਨ 'ਚ ਜਾਂਚ ਏਜੰਸੀ ਨੇ ਕਿਹਾ ਕਿ ਹਾਈ ਕੋਰਟ ਦੇ ਇਸ ਫ਼ੈਸਲੇ ਕਾਰਨ ਗੰਭੀਰ ਰੂਪ 'ਚ ਅਨਿਆਂ ਹੁੰਦਾ ਹੈ। ਜ਼ਿਕਰਯੋਗ ਹੈ ਕਿ ਬਾਬਰੀ ਮਸਜਿਦ ਬਾਰੇ ਕੇਸਾਂ ਦੇ ਦੋ ਸੈੱਟ ਹਨ। ਇਕ ਕੇਸ ਅਡਵਾਨੀ ਤੇ ਉਨ੍ਹਾਂ ਹੋਰਾਂ ਖ਼ਿਲਾਫ਼ ਹੈ ਜੋ ਦਸੰਬਰ 1992 'ਚ ਰਾਮਕਥਾ ਕੁੰਜ 'ਚ ਮੰਚ 'ਤੇ ਸਨ ਤੇ ਉਦੋਂ ਬਾਬਰੀ ਮਸਜਿਦ ਢਾਹੀ ਜਾ ਰਹੀ ਸੀ, ਜਦਕਿ ਦੂਜਾ ਕੇਸ ਲੱਖਾਂ ਅਣਪਛਾਤੇ ਕਾਰ ਸੇਵਕਾਂ ਖ਼ਿਲਾਫ਼ ਹੈ ਜੋ ਵਿਵਾਦਗ੍ਰਸਤ ਢਾਂਚੇ ਦੇ ਅੰਦਰ ਤੇ ਆਲੇ-ਦੁਆਲੇ ਸਨ।

# ਵੋਟਾਂ ਬਟੋਰਨ ਲਈ ਤਾਮਿਲਨਾਡੂ ਸਰਕਾਰ ਨੇ ਟੀ.ਵੀ. ਵੰਡੇ

**ਚੇਨਈ:** ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਵੋਟਾਂ ਬਟੋਰਨ ਲਈ ਤਾਮਿਲਨਾਡੂ ਸਰਕਾਰ ਨੇ ਲੋਕਾਂ ਨੂੰ ਮੁਫ਼ਤ ਟੀ.ਵੀ. ਵੰਡੇ ਹਨ। ਉਧਰ ਚੋਣ ਕਮਿਸ਼ਨ ਨੇ ਸਰਕਾਰ ਦੀ ਇਸ ਕਾਰਵਾਈ ਤੋਂ ਖਫ਼ਾ ਹੁੰਦਿਆਂ 13 ਅਪਰੈਲ ਤੋਂ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਚੋਣ ਜ਼ਾਬਤਾ ਲਾਗੂ ਹੋਣ ਕਰਕੇ ਸੱਤਾਧਾਰੀ ਡੀ.ਐਮ.ਕੇ. ਵੱਲੋਂ ਮੁਫ਼ਤ ਰੰਗਦਾਰ ਟੀ.ਵੀ. ਵੰਡੇ ਜਾਣ ਦੀ ਸਕੀਮ ਹਾਲ ਦੀ ਘੜੀ ਬੰਦ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਚੋਣ ਅਧਿਕਾਰੀ ਪ੍ਰਵੀਨ ਕੁਮਾਰ ਨੇ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੇ ਦੋਸ਼ੀ ਪਾਏ ਜਾਣ ਵਾਲੇ ਅਧਿਕਾਰੀਆਂ ਨੂੰ ਸਖ਼ਤ ਕਾਰਵਾਈ ਦੀ ਚੇਤਾਵਨੀ ਵੀ ਦਿੱਤੀ ਹੈ।

ਦੱਸਣਯੋਗ ਹੈ ਕਿ 2006 ਦੀਆਂ ਵਿਧਾਨ ਸਭਾ ਚੋਣਾਂ 'ਚ ਆਪਣੇ ਚੋਣ ਮੈਨੀਫੈਸਟੋ 'ਚ ਪਾਰਟੀ ਨੇ ਰੰਗਦਾਰ ਟੀ.ਵੀ. ਮੁਫ਼ਤ ਦਿੱਤੇ ਜਾਣ ਦੀ ਪੇਸ਼ਕਸ਼ ਕੀਤੀ ਸੀ। ਸਰਕਾਰ ਨੇ ਇਸ ਸਕੀਮ ਤਹਿਤ ਵੱਡੀ ਆਬਾਦੀ ਨੂੰ ਤਾਂ ਟੀ.ਵੀ. ਵੰਡ ਦਿੱਤੇ ਸਨ ਤੇ ਹਾਲ ਹੀ 'ਚ ਇਸ ਨੇ 10 ਲੱਖ ਟੀ.ਵੀ. ਹੋਰ ਖਰੀਦਣ ਦਾ ਆਰਡਰ ਦਿੱਤਾ ਸੀ ਤਾਂ ਕਿ ਰਹਿੰਦੇ ਲੋਕਾਂ ਨੂੰ ਇਹ ਸੈੱਟ ਵੰਡੇ ਜਾ ਸਕਣ। ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕੀਤੇ ਜਾਣ ਮਗਰੋਂ ਚੋਣ ਕਮਿਸ਼ਨ ਨੇ ਕਿਹਾ ਕਿ ਜ਼ਿਲ੍ਹਾ ਕੁਲੈਕਟਰਾਂ ਤੇ ਵਿਭਾਗਾਂ ਦੇ ਮੁਖੀਆਂ ਨੂੰ ਚੋਣ ਅਮਲ ਪੂਰਾ ਹੋਣ ਤੱਕ ਮੁਫ਼ਤ ਰੰਗਦਾਰ ਟੀ.ਵੀ. ਵੰਡਣ ਦੀ ਸਕੀਮ ਬੰਦ ਕਰਨ ਲਈ ਕਿਹਾ ਗਿਆ ਹੈ। ਕਮਿਸ਼ਨ ਨੇ ਕਿਹਾ ਕਿ ਜਿਹੜੇ ਅਧਿਕਾਰੀ ਹੁਣ ਟੀ.ਵੀ. ਵੰਡਦੇ ਮਿਲੇ, ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਏਗੀ।

ਸਰਕਾਰੀ ਅਧਿਕਾਰੀ ਲਾਭਪਾਤਰੀਆਂ ਨੂੰ ਟੀ.ਵੀ. ਸੈੱਟ ਲੈਣ ਲਈ ਟੋਕਨ ਪਹਿਲਾਂ ਹੀ ਵੰਡ ਚੁੱਕੇ ਹਨ। ਚੋਣ ਕਮਿਸ਼ਨ ਦੇ ਅਧਿਕਾਰੀ ਨੇ ਇਹ ਵੀ ਕਿਹਾ ਹੈ ਕਿ ਹੁਣ ਮੰਤਰੀ ਤੇ ਹੋਰ ਪ੍ਰਸ਼ਾਸਨ ਕੋਈ ਵਿੱਤੀ ਗਰਾਂਟਾਂ ਦੇਣ ਜਾਂ ਕਿਸੇ ਵੀ ਤਰ੍ਹਾਂ ਦੇ ਸੜਕ ਉਸਾਰੀ ਜਾਂ ਸਾਫ਼ ਪਾਣੀ ਮੁਹੱਈਆ ਕਰਾਉਣ ਦੇ ਵਾਅਦਿਆਂ ਦੇ ਐਲਾਨ ਨਾ ਕਰਨ।

ਸਿੱਖ ਸੰਘਰਸ਼-5

# ਪੰਜ ਭੁਜੰਗੀਅਨ ਚਰਨੀਂ ਛੁਹਾਇ, ਧਰੋਂ ਸੀਸ...

1716 ਈਸਵੀ ਦਾ 9 ਜੂਨ ਦਾ ਦਿਨ ਸਿੱਖ ਇਤਿਹਾਸ ਦਾ ਉਹ ਯਾਦਗਾਰੀ ਦਿਨ ਹੈ, ਜਿਸ ਦਿਨ ਦਿੱਲੀ ਵਿਚ ਨਾ ਕੇਵਲ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਮੂਰਾਂ ਨਾਲ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਸਗੋਂ ਉਸ ਦਿਨ ਸਮੁੱਚਾ ਪੰਥ ਆਗੂ-ਰਹਿਤ ਵੀ ਹੋ ਗਿਆ ਸੀ। ਇਸ ਮੌਕੇ ਦਾ ਹਕੂਮਤ ਨੇ ਭਰਪੂਰ ਲਾਭ ਉਠਾਇਆ ਅਤੇ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਉਨ੍ਹਾਂ

ਜਸਵੰਤ ਸਿੰਘ 'ਅਜੀਤ'
ਫੋਨ:91-98689-17739

ਉਤੇ ਅਸਹਿ ਅਤੇ ਅਕਹਿ ਜ਼ੁਲਮਾਂ ਦਾ ਕਹਿਰ ਬਰਪਾਣਾ ਸ਼ੁਰੂ ਕਰ ਦਿੱਤਾ। ਲਗਭਗ ਅਠ੍ਹਾਰਾਂ ਵਰ੍ਹਿਆਂ ਵਿਚ ਕੋਈ ਅਜਿਹਾ ਜ਼ੁਲਮ ਬਾਕੀ ਨਹੀਂ ਸੀ ਰਹਿ ਗਿਆ, ਜੋ ਸਿੱਖਾਂ ਪੁਰ ਨਾ ਢਾਹਿਆ ਗਿਆ ਹੋਵੇ।

ਸਿੱਖਾਂ ਦੇ ਸਿਰਾਂ ਦੇ ਮੁਲ ਨਿਸ਼ਚਿਤ ਕੀਤੇ ਗਏ, ਉਨ੍ਹਾਂ ਦੇ ਸ਼ਿਕਾਰ ਲਈ ਮੁਹਿੰਮਾਂ ਚਲਾਈਆਂ ਗਈਆਂ। ਸ਼ਹਿਰਾਂ, ਪਿੰਡਾਂ, ਜੰਗਲਾਂ, ਬੇਲਿਆਂ ਵਿਚੋਂ ਸਿੱਖਾਂ ਨੂੰ ਢੂੰਡ-ਢੂੰਡ ਕੇ ਕਤਲ ਕੀਤਾ ਗਿਆ। ਇਸ ਸਮੇਂ ਦੌਰਾਨ ਸਿੱਖਾਂ ਪੁਰ ਢਾਹੇ ਗਏ ਜ਼ੁਲਮ ਪੜ੍ਹ-ਸੁਣ ਕੇ ਲੂੰ-ਕੰਡੇ ਖੜੇ ਹੋ ਜਾਂਦੇ ਹਨ। ਪੀੜਾਂ ਦੇ ਪੰਘੂੜੇ ਪਲਿਆ ਖਾਲਸਾ ਪੰਥ ਇਨ੍ਹਾਂ ਅਕਹਿ ਤੇ ਅਸਹਿ ਜ਼ੁਲਮਾਂ ਨਾਲ ਮਿਟਾਇਆ ਨਾ ਜਾ ਸਕਿਆ ਅਤੇ ਨਾ ਹੀ ਸਮੇਂ ਦੀਆਂ ਸਰਕਾਰਾਂ ਦੀ ਸਮੁਚੀ ਸ਼ਕਤੀ ਉਸ ਨੂੰ ਝੁਕਾ ਸਕੀ।

ਆਖਰ ਹਾਰ-ਹੰਭ ਕੇ ਜ਼ਕਰੀਆ ਖਾਨ ਨੇ ਦਿੱਲੀ ਦਰਬਾਰ ਨੂੰ ਲਿਖਿਆ ਕਿ ਸਿੱਖਾਂ ਨੂੰ ਮਾਰ-ਮੁਕਾਉਣ, ਮਿਟਾਉਣ, ਦਬਾਉਣ ਅਤੇ ਕੁਚਲਣ ਲਈ ਵਰਤਿਆ ਗਿਆ ਹਰ ਢੰਗ ਅਸਫਲ ਰਿਹਾ ਹੈ। ਹੁਣ ਤਾਂ ਇਕੋ-ਇਕ ਢੰਗ ਇਹ ਬਾਕੀ ਰਹਿ ਗਿਆ ਹੈ ਕਿ ਇਨ੍ਹਾਂ ਨੂੰ ਪਿਆਰ ਨਾਲ ਆਪਣੇ ਨਾਲ ਜੋੜਿਆ ਜਾਏ। ਜਗੀਰ ਤੇ ਖਿਤਾਬ ਦੇ ਕੇ, ਇਨ੍ਹਾਂ ਨੂੰ ਇਤਨਾ ਰੁਝਾ ਦਿੱਤਾ ਜਾਏ ਕਿ ਉਹ ਹਕੂਮਤ ਨਾਲ ਟਕਰਾਉਣ ਬਾਰੇ ਸੋਚ ਵੀ ਨਾ ਸਕਣ। ਜਦੋਂ ਇਹ ਆਪਣੀ ਸੁਰਖਿਆ ਵਲੋਂ ਅਵੇਸਲੇ ਹੋ ਜਾਣ ਤਾਂ ਇਨ੍ਹਾਂ ਨੂੰ ਦੱਬਾ ਲਿਆ ਜਾਵੇ। 'ਪੰਥ ਪ੍ਰਕਾਸ਼' ਦੇ ਰਚੇਤਾ ਨੇ ਜ਼ਕਰੀਆ ਖਾਨ ਵਲੋਂ ਦਿੱਲੀ ਦਰਬਾਰ ਨੂੰ ਦਿੱਤੇ ਗਏ ਸੁਝਾਓ ਦਾ ਵਰਣਨ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ:

ਗੁੜ ਦਿਤੈ ਦੁਸ਼ਮਨ ਮਰੈ,
ਕਿਮ ਮੁਹਰੈ ਖਰੀਦੀਏ ਧਾਇ।
ਕਹੈ ਸਿਆਣੈ ਗਲ ਇਮੈ
ਟੁਕ ਪਾਇ ਕੁਤਾ ਨਾ ਕਟਾਇ।
ਕਹੋਂ ਤੋਂ ਉਸ ਸੌਂ ਛਲ ਕੋਊ ਕੀਜੈ।
ਫਿਰ ਮਾਰ ਲਈਗ ਜਬ ਆਵਨ ਪਤੀਜੈ।
ਯਹ ਗਨੀਮ ਹੈ ਬੁਰੀ ਬਲਾਇ।
ਕਹੋ ਪਰਚਾਈਏ ਇਸ ਟੁਕ ਪਾਇ।


ਜ਼ਕਰੀਆ ਖਾਨ ਵਲੋਂ ਦਿੱਲੀ ਦਰਬਾਰ ਨੂੰ ਇਹ ਸੁਝਾਓ ਸੰਨ 1733 ਵਿਚ ਦਿੱਤਾ ਗਿਆ। ਦਿੱਲੀ ਦਰਬਾਰ ਸਾਰੇ ਹਾਲਾਤ ਤੋਂ ਜਾਣੂ ਸੀ, ਇਸ ਲਈ ਉਸ ਨੇ ਸਿੱਖਾਂ ਨੂੰ ਆਪਣੇ ਗਲੋਂ ਲਾਹੁਣ ਲਈ ਜ਼ਕਰੀਆ ਖਾਨ ਦੇ ਸੁਝਾਓ ਨੂੰ ਸਵੀਕਾਰ ਕਰ ਲਿਆ ਅਤੇ ਉਸ ਨੂੰ ਇਸੇ ਅਨੁਸਾਰ ਕੰਮ ਕਰਨ ਦੀ ਮਨਜ਼ੂਰੀ ਦੇ ਦਿੱਤੀ। ਦਿੱਲੀ ਦਰਬਾਰ ਪਾਸੋਂ ਮਨਜ਼ੂਰੀ ਮਿਲਣ ਤੋਂ ਬਾਅਦ ਜ਼ਕਰੀਆ ਖਾਨ ਨੇ ਇਕ ਸਰਕਾਰੀ ਠੇਕੇਦਾਰ ਭਾਈ ਸੁਬੇਗ ਸਿੰਘ ਨੂੰ ਆਪਣੇ ਪਾਸ ਬੁਲਾਇਆ ਅਤੇ ਉਸ ਨੂੰ ਸਾਰੀ ਗੱਲ ਸਮਝਾਈ ਤੇ ਫਿਰ ਸਿੱਖਾਂ ਨਾਲ ਸਮਝੌਤਾ ਕਰਨ ਦੇ ਪੂਰਨ ਅਧਿਕਾਰ ਦੇ ਕੇ ਸਿੱਖਾਂ ਨਾਲ ਗੱਲ ਮੁਕਾ ਲੈਣ ਲਈ ਸ੍ਰੀ ਅੰਮ੍ਰਿਤਸਰ ਭੇਜਿਆ।

ਸ. ਸੁਬੇਗ ਸਿੰਘ ਇਹ ਜ਼ਿੰਮੇਦਾਰੀ ਲੈ ਕੇ ਸ੍ਰੀ ਅੰਮ੍ਰਿਤਸਰ ਪੁਜਾ। ਉਸ ਨੇ ਸ੍ਰੀ ਅਕਾਲ ਤਖਤ ਦੇ ਸਾਹਮਣੇ ਸਜੇ ਦੀਵਾਨ ਵਿਚ ਹਾਜ਼ਰ ਹੋ ਕੇ ਦਿੱਲੀ ਦਰਬਾਰ ਵਲੋਂ ਸਿੱਖਾਂ ਵਲ ਸਮਝੌਤੇ ਦਾ ਹੱਥ ਵਧਾਂਦਿਆਂ, ਉਨ੍ਹਾਂ ਲਈ ਭੇਜਿਆ ਗਿਆ 'ਨਵਾਬ' ਦਾ ਖਿਤਾਬ ਅਤੇ ਦੀਪਾਲਪੁਰ, ਕੰਗਣਵਾਲ ਤੇ ਝਬਾਲ ਪਰਗਨਿਆਂ ਦੀ ਇੱਕ ਲੱਖ ਰੁਪਏ ਸਾਲਾਨਾ ਆਮਦਨ ਵਾਲੀ ਜਾਗੀਰ ਪੇਸ਼ ਕੀਤੀ। 'ਪੰਥ ਪ੍ਰਕਾਸ਼' ਦੇ ਕਰਤਾ ਅਨੁਸਾਰ ਇਹ ਸੁਨੇਹਾ ਵੀ ਦਿੱਤਾ, 'ਸਭ ਤੁਮਰੋ ਦੇਸ਼ ਹੈ। ਸਭ ਤੁਮਰੇ ਅਜ਼ੀਜ਼ ਭਿਰਾਇ।'

ਸਿੱਖ ਪਤਵੰਤਿਆਂ ਨੇ ਇੱਕ ਵੱਖਰੀ ਬੈਠਕ ਕਰਕੇ ਇਸ ਪੇਸ਼ਕਸ਼ 'ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਪਹਿਲਾਂ ਤਾਂ ਸੋਚਿਆ ਕਿ ਇਸ ਪੇਸ਼ਕਸ਼ ਦੇ ਪਿੱਛੇ ਜ਼ਰੂਰ ਕੋਈ ਸਾਜ਼ਸ਼ ਹੋ ਸਕਦੀ ਹੈ, ਇਸ ਲਈ ਇਸ ਨੂੰ ਠੁਕਰਾ ਦਿੱਤਾ ਜਾਣਾ ਚਾਹੀਦਾ ਹੈ। ਪ੍ਰੰਤੂ ਕੁਝ ਸਿਆਣਿਆਂ ਨੇ ਸਲਾਹ ਦਿੱਤੀ ਕਿ ਪਿਛਲੇ ਅਠ੍ਹਾਰਾਂ ਵਰ੍ਹਿਆਂ ਤੋਂ ਅਸੀਂ ਲਗਾਤਾਰ ਸੰਘਰਸ਼ ਵਿਚ ਜੁਟੇ ਚਲੇ ਆ ਰਹੇ ਹਾਂ, ਇਨ੍ਹਾਂ ਦਿਨਾਂ ਵਿਚ ਇਕ ਦਿਨ ਦਾ ਵੀ ਸਾਹ ਲੈਣਾ ਨਹੀਂ ਮਿਲਿਆ, ਜਿਸ ਕਾਰਨ ਸਿੱਖ ਧਰਮ ਦੇ ਪ੍ਰਚਾਰ ਲਈ ਵੀ ਸਮਾਂ ਨਹੀਂ ਮਿਲਿਆ। ਜੇ ਨਵਾਬੀ ਅਤੇ ਜਗੀਰ ਸਵੀਕਾਰ ਕਰ ਲਈ ਜਾਏ ਤਾਂ ਕੁਝ ਸਮਾਂ ਸੁੱਖ-ਸ਼ਾਂਤੀ ਦਾ ਮਿਲ ਜਾਏਗਾ ਅਤੇ ਇਸ ਸਮੇਂ ਵਿਚ ਜਿਥੇ ਸਿੱਖੀ ਦਾ ਪ੍ਰਚਾਰ ਕੀਤਾ ਜਾ ਸਕੇਗਾ, ਉਥੇ ਹੀ ਸੇਵਾ ਭਾਵਨਾ ਨਾਲ ਗ਼ਰੀਬਾਂ ਅਤੇ ਮਜ਼ਲੂਮਾਂ ਨੂੰ ਆਪਣੇ ਨਾਲ ਜੋੜਿਆ ਜਾ ਸਕੇਗਾ। ਉਹ ਤੁਰਕਾਂ ਨਾਲੋਂ ਟੁੱਟ ਕੇ ਸਿੱਖ ਪੰਥ ਦੀ ਸ਼ਰਨ ਵਿਚ ਆ ਜਾਣਗੇ।

ਇਸ ਪੇਸ਼ਕਸ਼ ਦੇ ਲਾਭ-ਹਾਨੀ ਬਾਰੇ ਕਾਫੀ ਸੋਚ-ਵਿਚਾਰ ਤੋਂ ਬਾਅਦ ਭਾਈ ਸੁਬੇਗ ਸਿੰਘ ਵਲੋਂ ਲਿਆਂਦੀ ਗਈ ਪੇਸ਼ਕਸ਼ ਸਵੀਕਾਰ ਕਰਨ ਦਾ ਫੈਸਲਾ ਲਿਆ ਗਿਆ। ਨਵਾਬ ਦਾ ਖਿਤਾਬ ਸਵੀਕਾਰ ਕਰਨ ਪਿਛੋਂ ਇਹ ਸਮੱਸਿਆ ਉਨ੍ਹਾਂ ਸਾਹਮਣੇ ਆ ਖੜੀ ਹੋਈ ਕਿ ਨਵਾਬੀ ਦਾ ਖਿਤਾਬ ਕਿਸ ਨੂੰ ਦਿੱਤਾ ਜਾਏ?

ਸਭ ਤੋਂ ਪਹਿਲਾਂ ਇਹ ਖਿਤਾਬ ਭਾਈ ਦਰਬਾਰਾ ਸਿੰਘ ਨੂੰ ਪੇਸ਼ ਕੀਤਾ ਗਿਆ, ਜਿਨ੍ਹਾਂ ਨੇ ਇਹ ਆਖ ਕੇ ਖਿਤਾਬ ਲੈਣ ਤੋਂ ਨਾਂਹ ਕਰ ਦਿੱਤੀ ਕਿ ਇਸ ਨਵਾਬੀ ਵਿਚ ਕੀ ਪਿਆ ਹੈ? ਸਾਨੂੰ ਤਾਂ ਗੁਰੂ ਨੇ ਰਾਜ ਦੇਣ ਦਾ ਵਚਨ ਕੀਤਾ ਹੋਇਆ ਹੈ, ਗੁਰੂ ਦਾ ਵਚਨ ਜ਼ਰੂਰ ਪੂਰਾ ਹੋਵੇਗਾ। ਖਾਲਸਾ ਜੇ ਸੁਤੰਤਰ ਹੋ ਕੇ ਰਾਜ ਕਰੇਗਾ, ਉਹ ਇਕ ਅਧੀਨ ਪਦਵੀ ਨੂੰ ਪ੍ਰਵਾਨ ਨਹੀਂ ਕਰ ਸਕਦਾ। ਇਸ ਪਿੱਛੋਂ ਭਾਈ ਬੁੱਢਾ ਸਿੰਘ, ਸ. ਕਪੂਰ ਸਿੰਘ, ਸ. ਜੱਸਾ ਸਿੰਘ, ਭਾਈ ਬਾਜ ਸਿੰਘ, ਭਾਈ ਕਰਮ ਸਿੰਘ, ਭਾਈ ਗਰਜਾ ਸਿੰਘ ਆਦਿ ਸਿੰਘਾਂ ਨੂੰ ਵਾਰੋ-ਵਾਰੀ ਨਵਾਬ ਦਾ ਖਿਤਾਬ ਸਵੀਕਾਰ ਕਰਨ ਦੀ ਬੇਨਤੀ ਕੀਤੀ ਗਈ, ਪ੍ਰੰਤੂ ਸਭ ਨੇ ਇਹ ਆਖ ਕੇ ਆਪਣੀ ਅਸਮਰਥਾ ਪ੍ਰਗਟਾਈ ਕਿ 'ਹਮ ਕੋ ਲੋੜ ਨਵਾਬੀ ਨਾਹੀਂ' (ਪੰਥ ਪ੍ਰਕਾਸ਼)।



ਨਵਾਬ ਕਪੂਰ ਸਿੰਘ

ਸਭ ਪਾਸੋਂ ਨਾਂਹ ਹੋ ਜਾਣ ਤੋਂ ਬਾਅਦ ਅਜੇ ਵਿਚਾਰ-ਵਟਾਂਦਰਾ ਹੋ ਹੀ ਰਿਹਾ ਸੀ ਕਿ ਇਹ ਖਿਤਾਬ ਕਿਸ ਨੂੰ ਬਖ਼ਸ਼ਿਆ ਜਾਏ ਕਿ ਉਸੇ ਸਮੇਂ ਸ੍ਰੀ ਅਕਾਲ ਤਖ਼ਤ ਤੋਂ ਗੁਰਬਾਣੀ-ਸ਼ਬਦ ਦੇ ਕੀਰਤਨ ਦੀ ਆਵਾਜ਼ ਆਈ, 'ਟਹਲ ਮਹਲ ਤਾਕਉ ਮਿਲੈ ਜਾ ਕਉ ਸਾਧ ਕ੍ਰਿਪਾਲ॥'

ਇਹ ਹੁਕਮ ਸੁਣਦਿਆਂ ਹੀ ਸਭ ਦੀ ਨਜ਼ਰ ਸੇਵਾ ਕਰ ਰਹੇ ਸ. ਕਪੂਰ ਸਿੰਘ ਪੁਰ ਚਲੀ ਗਈ। ਸ. ਕਪੂਰ ਸਿੰਘ ਸੰਗਤ ਨੂੰ ਪੱਖਾ ਝੱਲ ਰਹੇ ਸਨ। ਉਨ੍ਹਾਂ ਨੂੰ ਬੁਲਾ ਕੇ ਆਖਿਆ ਗਿਆ ਕਿ ਗੁਰੂ ਸਾਹਿਬ ਦਾ ਹੁਕਮ ਆ ਗਿਆ ਹੈ ਕਿ ਇਹ ਖਿਤਾਬ ਆਪ ਨੂੰ ਹੀ ਦਿੱਤਾ ਜਾਏ, ਇਸ ਲਈ ਇਹ ਸਵੀਕਾਰ ਕਰਨਾ ਹੀ ਹੋਵੇਗਾ।

ਸ. ਕਪੂਰ ਸਿੰਘ ਨੇ ਸਤਿਗੁਰਾਂ ਦਾ ਹੁਕਮ ਮੰਨ ਕੇ 'ਨਵਾਬ' ਦਾ ਖਿਤਾਬ ਸਵੀਕਾਰ ਤਾਂ ਕਰ ਲਿਆ ਪਰ ਇਸ ਦੇ ਨਾਲ ਹੀ ਆਖਿਆ ਕਿ ਜੇ ਸਰਕਾਰ ਸਿੰਘਾਂ ਨੂੰ ਇਤਿਹਾਸਕ ਗੁਰਦੁਆਰਿਆਂ, ਵਿਸ਼ੇਸ਼ ਕਰ ਕੇ ਸ੍ਰੀ ਨਨਕਾਣਾ ਸਾਹਿਬ ਵਿੱਖੇ ਇਕੱਠ ਕਰਨ ਦੀ ਖੁਲ੍ਹ ਦੇਵੇ ਤਾਂ ਹੀ ਉਹ ਇਸ ਖਿਤਾਬ ਨੂੰ ਸਵੀਕਾਰ ਕਰਨਗੇ।

ਭਾਈ ਸੁਬੇਗ ਸਿੰਘ, ਜੋ ਜ਼ਕਰੀਆ ਖਾਨ ਵਲੋਂ ਹਰ ਕੀਮਤ ਤੇ ਸਮਝੌਤਾ ਕਰ ਲੈਣ ਦਾ ਅਧਿਕਾਰ ਲੈ ਕੇ ਆਏ ਹੋਏ ਸਨ, ਨੇ ਉਸੇ ਸਮੇਂ ਇਹ ਸ਼ਰਤ ਸਵੀਕਾਰ ਕਰਨ ਦਾ ਐਲਾਨ ਕਰ ਦਿੱਤਾ। ਭਾਈ ਸੁਬੇਗ ਸਿੰਘ ਵਲੋਂ ਆਪਣੀ ਸ਼ਰਤ ਮੰਨ ਲਏ ਜਾਣ ਤੋਂ ਬਾਅਦ ਸ. ਕਪੂਰ ਸਿੰਘ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਜੁੜੀ ਸੰਗਤ ਵਲ ਹੋਏ ਅਤੇ ਆਖਣ ਲਗੇ ਕਿ ਸੰਗਤ ਦੇ ਹੁਕਮ ਅਨੁਸਾਰ ਉਹ 'ਨਵਾਬੀ' ਦਾ ਖਿਤਾਬ ਸਵੀਕਾਰ ਕਰ ਰਹੇ ਹਨ ਪਰ ਸੰਗਤ ਉਨ੍ਹਾਂ ਨੂੰ ਵਿਸ਼ਵਾਸ ਦੁਆਏ ਕਿ ਉਨ੍ਹਾਂ ਪਾਸੋਂ ਪੱਖੇ ਅਤੇ ਘੋੜਿਆਂ ਦੀ ਸੇਵਾ ਨਹੀਂ ਖੋਹੀ ਜਾਏਗੀ ਅਤੇ ਜਗੀਰ ਦੀ ਸਾਰੀ ਆਮਦਨ ਗੁਰੂ ਗੋਲਕ ਵਿਚ ਪਾਈ ਜਾਏਗੀ।

ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿਚ ਸ. ਕਪੂਰ ਸਿੰਘ ਦੀਆਂ ਇਹ ਮੰਗਾਂ ਸਵੀਕਾਰ ਕਰ ਲਈਆਂ। ਇਸ ਗੱਲ ਤੋਂ ਸੰਤੁਸ਼ਟ ਹੋ ਕੇ ਸ. ਕਪੂਰ ਸਿੰਘ ਨੇ ਕਿਹਾ, ਪੰਜ ਭੁਜੰਗੀਅਨ ਚਰਨੀਂ ਛੁਹਾਇ, ਧਰੋਂ ਸੀਸ ਮੋਹ ਪਵਿਤਰ ਕਰਾਇ। ਅਰਥਾਤ ਪੰਜ ਸਿੰਘਾਂ ਦੇ ਚਰਨਾਂ ਨਾਲ ਛੁਹਾ, ਇਸ (ਨਵਾਬੀ ਦੇ ਖਿਤਾਬ) ਨੂੰ ਪਵਿਤਰ ਕਰ, ਉਨ੍ਹਾਂ ਦੇ ਸੀਸ 'ਤੇ ਰੱਖੋ।

ਸੰਗਤ ਨੇ ਉਨ੍ਹਾਂ ਦੀ ਇਹ ਗੱਲ ਵੀ ਸਵੀਕਾਰ ਕਰ ਲਈ ਅਤੇ ਪੰਜਾਂ ਪਿਆਰਿਆਂ-ਭਾਈ ਹਰੀ ਸਿੰਘ ਹਜ਼ੂਰੀਆ, ਬਾਬਾ ਦੀਪ ਸਿੰਘ, ਸ. ਜੱਸਾ ਸਿੰਘ ਰਾਮਗੜ੍ਹੀਆ, ਭਾਈ ਕਰਮ ਸਿੰਘ ਅਤੇ ਸ. ਬੁੱਧ ਸਿੰਘ ਦੇ ਚਰਨਾਂ ਨਾਲ ਛੁਹਾ ਕੇ ਨਵਾਬੀ ਦੀ ਪੁਸ਼ਾਕ ਉਨ੍ਹਾਂ ਨੂੰ ਪਹਿਨਾਈ ਗਈ।

ਇਸ ਤੋਂ ਬਾਅਦ ਸਿੱਖਾਂ ਨੂੰ ਕੁਝ ਸੁੱਖ ਦਾ ਸਾਹ ਆਇਆ ਤਾਂ ਉਨ੍ਹਾਂ ਇਕ ਪਾਸੇ ਸਿੱਖੀ ਦੇ ਪ੍ਰਚਾਰ ਵਲ ਆਪਣਾ ਧਿਆਨ ਕੇਂਦ੍ਰਿਤ ਕਰ ਲਿਆ ਤੇ ਦੂਜਾ ਇਹ ਮੰਨ ਕੇ ਕਿ ਇਹ ਸਥਿਤੀ ਬਹੁਤੀ ਦੇਰ ਨਹੀਂ ਰਹਿਣੀ ਆਪਣੀ ਸ਼ਕਤੀ ਵਧਾਉਣ ਵਲ ਵੀ ਧਿਆਨ ਦੇਣਾ ਸ਼ੁਰੂ ਕਰ ਦਿਤਾ। ਉਨ੍ਹਾਂ ਆਪਣੀ ਜਥੇਬੰਦੀ ਨੂੰ ਦੋ ਹਿੱਸਿਆਂ ਵਿਚ ਵੰਡ ਲਿਆ। ਇਕ ਹਿੱਸੇ ਨੂੰ ਬੁੱਢਾ ਦਲ ਦਾ ਨਾਂ ਦਿੱਤਾ ਗਿਆ ਜਿਸ ਵਿਚ ਪੁਰਾਣੇ ਅਤੇ ਤਜਰਬਾਕਾਰ ਸਿੰਘ ਸ਼ਾਮਲ ਕੀਤੇ ਗਏ। ਇਨ੍ਹਾਂ ਵਿਚੋਂ ਕਈਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਵੇਖਿਆ ਹੋਇਆ ਸੀ। ਇਸ ਦੀ ਅਗਵਾਈ ਨਵਾਬ ਕਪੂਰ ਸਿੰਘ ਨੂੰ ਸੌਂਪੀ ਗਈ ਅਤੇ ਉਨ੍ਹਾਂ ਨਾਲ ਸ. ਸ਼ਾਮ ਸਿੰਘ ਨਾਰੋਕੇ, ਸ. ਗੁਰਬਖ਼ਸ਼ ਸਿੰਘ ਰੋੜਾਂਵਾਲੀ, ਸ. ਬਾਘ ਸਿੰਘ ਹਲੋਵਾਲੀਆ, ਸ. ਭਾਮਾ ਸਿੰਘ ਆਦਿ ਪ੍ਰਸਿੱਧ ਆਗੂ ਜੋੜ ਦਿਤੇ ਗਏ।

ਜਦਕਿ ਦੂਜੇ ਹਿੱਸੇ, ਜਿਸ ਨੂੰ ਤਰੁਣਾ ਦਲ ਦਾ ਨਾਂ ਦਿੱਤਾ ਗਿਆ, ਵਿਚ ਨੌਜਵਾਨ ਅਤੇ ਨਵੇਂ ਰੰਗਰੂਟ ਸ਼ਾਮਲ ਕੀਤੇ ਗਏ। ਇਨ੍ਹਾਂ ਨੂੰ ਸੁਸਿਖਿਅਤ ਕਰਨ ਦੇ ਉਦੇਸ਼ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਪੰਜ ਕੇਂਦਰ (ਕੈਂਪ), ਰਾਮਸਰ, ਲਛਮਣਸਰ, ਕੌਲਸਰ, ਬਿਬੇਕਸਰ ਅਤੇ ਸੰਤੋਖਸਰ ਸਥਾਪਤ ਕੀਤੇ ਗਏ। ਇਨ੍ਹਾਂ ਕੇਂਦਰਾਂ ਵਿਚ ਨੌਜਵਾਨਾਂ ਨੂੰ ਸਿਖਿਆ ਦੇਣ ਦੀ ਜ਼ਿੰਮੇਦਾਰੀ ਤਰਤੀਬਵਾਰ ਬਾਬਾ ਦੀਪ ਸਿੰਘ, ਬਾਬਾ ਕਰਮ ਸਿੰਘ ਤੇ ਭਾਈ ਧਰਮ ਸਿੰਘ, ਭਾਈ ਕਾਹਨ ਸਿੰਘ ਤੇ ਭਾਈ ਬਿਨੋਦ ਸਿੰਘ, ਭਾਈ ਦਸੌਂਧਾ ਸਿੰਘ ਕੋਟ ਬੁੱਢਾ ਅਤੇ ਭਾਈ ਵੀਰੂ ਸਿੰਘ ਤੇ ਭਾਈ ਜੀਵਨ ਸਿੰਘ ਰੰਘਰੇਟਿਆਂ ਨੂੰ ਸੌਂਪੀ ਗਈ। ਇਨ੍ਹਾਂ ਕੇਂਦਰਾਂ ਵਿਚ ਸਿਖਿਆ ਪ੍ਰਾਪਤ ਕਰਨ ਵਾਲੇ ਨੌਜਵਾਨਾਂ ਨੂੰ ਇਹ ਖੁਲ੍ਹ ਦਿਤੀ ਗਈ ਕਿ ਉਹ ਜਦੋਂ ਚਾਹੁਣ ਆਪਣਾ ਸਿਖਿਆ ਕੇਂਦਰ ਬਦਲ ਸਕਦੇ ਹਨ।

ਇਸ ਤਰ੍ਹਾਂ ਸਿੱਖਾਂ ਨੇ ਯੋਜਨਾਬੱਧ ਢੰਗ ਨਾਲ ਆਪਣੇ-ਆਪ ਨੂੰ ਭਵਿੱਖ ਦੇ ਸੰਘਰਸ਼ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਗਿਆਨ ਸੀ ਕਿ ਹਾਕਮਾਂ ਨੇ ਉਨ੍ਹਾਂ ਨੂੰ ਸ਼ਾਂਤੀ ਨਾਲ ਨਹੀਂ ਰਹਿਣ ਦੇਣਾ। ਇਹ ਜਗੀਰ, ਜੋ ਉਨ੍ਹਾਂ ਨੂੰ ਦਿੱਤੀ ਗਈ ਹੈ, ਉਸ ਪਿਛੇ 'ਉਨ੍ਹਾਂ ਨੂੰ ਅਵੇਸਲਿਆਂ ਕਰ ਦੱਬ ਲੈਣ' ਦੀ ਸਾਜ਼ਸ਼ ਹੀ ਕੰਮ ਕਰ ਰਹੀ ਹੈ। ਚਿਰਾਂ ਤੋਂ ਉਨ੍ਹਾਂ ਦਾ ਖੁਰਾ-ਖੋਜ ਮਿਟਾ ਦੇਣ ਦੀ ਨੀਯਤ ਨਾਲ ਜੁਟੀ ਜ਼ਾਲਮ ਹਕੂਮਤ, ਇਤਨੀ ਦਿਆਲੂ ਨਹੀਂ ਹੋ ਸਕਦੀ ਕਿ ਉਹ ਉਨ੍ਹਾਂ ਨੂੰ ਆਪਣੀ ਹਕੂਮਤ ਵਿਚ ਭਾਈਵਾਲ ਬਣਾਉਣ ਲਈ ਤਿਆਰ ਹੋ ਜਾਏ।

ਯਾਦਾਂ ਦੀ ਪਿਟਾਰੀ

# ਵਿਆਹ ਵਾਲਾ ਦਿਨ ਬਨਾਮ ਪਿਆਜ਼ਾਂ ਦੀ ਮਹਿਕ

ਪ੍ਰੀਤਮਾ ਦੋਮੇਲ

ਪਿਆਜ਼ਾਂ ਦਾ ਭਾਅ ਪੈਟਰੋਲ ਵਾਂਗ ਵਧਦਾ ਜਾ ਰਿਹਾ ਹੈ। ਹੋਰ ਅੱਗੇ ਜਾਏਗਾ ਜਾਂ ਪਿੱਛੇ ਮੁੜੇਗਾ, ਕਿਹਾ ਨਹੀਂ ਜਾ ਸਕਦਾ। ਸਭ ਲੋਕ ਪ੍ਰੇਸ਼ਾਨ ਹਨ। ਪਿਆਜ਼ ਸੁਆਣੀਆਂ, ਰਸੋਈ ਅਤੇ ਖਾਣੇ ਲਈ ਬਹੁਤ ਹੀ ਜ਼ਰੂਰੀ ਹਨ। ਪੈਟਰੋਲ ਦੇ ਵਾਧੇ ਲਈ ਤਾਂ ਹਿੰਦੁਸਤਾਨ ਦੀ ਸਿਰਫ ਅੱਧੀ ਆਬਾਦੀ (ਆਦਮੀ) ਹੀ ਪ੍ਰੇਸ਼ਾਨ ਹੈ ਪਰ ਪਿਆਜ਼ਾਂ ਨੇ ਤਾਂ ਪੂਰੀ ਆਬਾਦੀ ਨੂੰ ਪ੍ਰਭਾਵਿਤ ਕੀਤਾ ਹੈ।

ਮੈਂ ਵਿਆਹ ਕਰਨਾ ਹੀ ਨਹੀਂ ਸਾਂ ਚਾਹੁੰਦੀ। ਮੇਰੇ ਸਿਰ 'ਤੇ ਆਦਰਸ਼ਵਾਦ ਦਾ ਭੂਤ ਸਵਾਰ ਸੀ। ਮਾਂ-ਬਾਪ ਜਿਨ੍ਹਾਂ ਨੇ ਮੇਰੇ ਲਈ ਏਡੀ ਘਾਲਣਾ ਘਾਲੀ ਸੀ, ਉਨ੍ਹਾਂ ਦੀ ਸੇਵਾ ਕਰਨਾ ਚਾਹੁੰਦੀ ਸਾਂ। ਬੇਟੇ ਵਾਂਗ ਨੌਕਰੀ ਕਰਕੇ ਉਨ੍ਹਾਂ ਦਾ ਸਹਾਰਾ ਬਣ ਕੇ ਉਨ੍ਹਾਂ ਕੋਲ ਰਹਿਣਾ ਚਾਹੁੰਦੀ ਸਾਂ ਪਰ ਉਹ ਵੀ ਆਪਣਾ ਫਰਜ਼ ਮੇਰਾ ਵਿਆਹ ਕਰਕੇ ਪੂਰਾ ਕਰਨ ਲਈ ਅੜੇ ਹੋਏ ਸਨ। ਖੈਰ! ਉਨ੍ਹਾਂ ਨੇ ਮੈਨੂੰ ਮਨਾ-ਮਨੂ ਕੇ ਵਿਆਹ ਲਈ ਰਾਜ਼ੀ ਕਰ ਲਿਆ ਪਰ ਮੈਂ ਦੋ ਸ਼ਰਤਾਂ ਰੱਖ ਦਿੱਤੀਆਂ। ਇਕ ਇਹ ਕਿ ਮੈਂ ਵਿਆਹ ਵਿਚ ਕੋਈ ਦਹੇਜ ਨਹੀਂ ਲੈ ਕੇ ਜਾਵਾਂਗੀ ਅਤੇ ਦੂਜੀ ਇਹ ਕਿ ਬਾਰਾਤ ਵਿਚ ਕਿਸੇ ਨੂੰ ਦਾਰੂ ਨਹੀਂ ਪਿਲਾਈ ਜਾਵੇਗੀ। ਦੋਵੇਂ ਸ਼ਰਤਾਂ ਪੂਰੀਆਂ ਨਹੀਂ ਸੀ ਹੋ ਸਕੀਆਂ। ਦਾਰੂ ਬਰਾਤੀਆਂ ਨੇ ਬਾਹਰ ਸਕੂਲ ਦੇ ਕਮਰਿਆਂ ਵਿਚ ਲੁਕ ਕੇ ਪੀ ਲਈ ਅਤੇ ਦਹੇਜ ਦੀਆਂ ਜ਼ਰੂਰੀ ਚੀਜ਼ਾਂ ਮੇਰੀ ਮਾਂ ਨੇ ਪਹਿਲਾਂ ਹੀ ਲੱਕੜੀ ਦੀ ਵੱਡੀ ਸਾਰੀ ਪੇਟੀ ਵਿਚ ਭਰ ਕੇ ਰੱਖ ਦਿੱਤੀਆਂ ਸਨ। ਬੱਸ, ਫੈਸਲਾ ਇਹ ਕੀਤਾ ਕਿ ਦਾਜ ਦਾ ਸਾਰਾ ਸਾਮਾਨ ਬਾਅਦ ਵਿਚ ਭੇਜ ਦਿੱਤਾ ਜਾਵੇਗਾ ਤਾਂ ਕਿ ਮੈਂ ਵੀ ਖੁਸ਼ ਰਹਾਂ ਅਤੇ ਮੇਰੇ ਸਹੁਰੇ ਵੀ।

ਉਦੋਂ ਮੱਧਵਰਗੀ ਪਰਿਵਾਰਾਂ ਵਿਚ ਦਹੇਜ ਵਿਚ ਕਾਰਾਂ ਦੇਣ ਦਾ ਰਿਵਾਜ ਨਹੀਂ ਸੀ ਚੱਲਿਆ ਅਤੇ ਸਕੂਟਰ ਲੈਣ ਤੋਂ ਪਤੀ ਨੇ ਪਹਿਲਾਂ ਹੀ ਨਾਂਹ ਕਰ ਦਿੱਤੀ ਸੀ। ਉਨ੍ਹਾਂ ਨੇ ਕਿਹਾ, "ਸਕੂਟਰ ਮੇਰੇ ਪਾਸ ਪਹਿਲਾਂ ਹੀ ਹੈਗਾ ਜਿਹੜਾ ਏਧਰ ਉਧਰ ਰੁਲਦਾ ਰਹਿੰਦਾ ਹੈ ਕਿਉਂਕਿ ਮੇਰੀ ਪੋਸਟਿੰਗ ਤਾਂ ਪਹਾੜਾਂ ਦੀਆਂ ਟੀਸੀਆਂ (ਕਸ਼ਮੀਰ) 'ਤੇ ਹੈ। ਮੈਂ ਉਥੇ ਸਕੂਟਰ ਕਿੱਥੇ ਰੱਖਾਂਗਾ।" ਪਰ ਉਨ੍ਹਾਂ ਦੇ ਘਰ ਵਾਲਿਆਂ ਨੇ ਤਾਂ ਆਪਣੇ ਅਫਸਰ ਮੁੰਡੇ ਦੇ ਸਹੁਰਿਆਂ ਤੋਂ ਕੁਝ ਜ਼ਿਆਦਾ ਹੀ ਉਮੀਦਾਂ ਲਾਈਆਂ ਹੋਈਆਂ ਸਨ। ਇਸ ਕਰਕੇ ਜਦ ਅਜਿਹੀਆਂ ਖਬਰਾਂ ਉਨ੍ਹਾਂ ਕੋਲ ਪਹੁੰਚੀਆਂ ਤਾਂ ਉਨ੍ਹਾਂ ਦਾ ਮੂਡ ਖਰਾਬ ਹੋਣਾ ਲਾਜ਼ਮੀ ਸੀ। ਉਨ੍ਹਾਂ ਨੇ ਝੱਟਪਟ ਮੈਨੂੰ ਬਹੂ ਦੇ ਰੁਤਬੇ ਤੋਂ ਨਕਾਰ ਦਿੱਤਾ।

ਵਿਆਹ ਜੂਨ ਦੇ ਪਹਿਲੇ ਹਫਤੇ ਹੋਇਆ ਸੀ। ਅੰਤਾਂ ਦੀ ਗਰਮੀ। ਫੁੱਲਾਂ ਨਾਲ ਸਜੀ ਕਾਰ ਦੀ ਪਿਛਲੀ ਸੀਟ 'ਤੇ ਅਸੀਂ ਦੋਵੇਂ ਬੈਠੇ ਹੋਏ ਸੀ। ਜਿਵੇਂ ਹੀ ਮੇਰੇ ਪਿਤਾ, ਚਾਚਿਆਂ ਅਤੇ ਭਰਾਵਾਂ ਨੇ ਕਾਰ ਨੂੰ ਧੱਕਾ ਮਾਰ ਕੇ ਆਪਣੇ ਵਿਹੜੇ ਵਿਚੋਂ ਵਿਦਾ ਕੀਤਾ ਕਿ ਝੱਟ ਤਾਈ ਜਮੇਰੋ (ਲਾਗਣ) ਸਾਡੇ ਦੋਵਾਂ ਵਿਚ ਫਸ ਕੇ ਬੈਠ ਗਈ। ਅੱਗੇ ਡਰਾਈਵਰ ਨਾਲ ਮੇਰਾ ਛੋਟਾ ਭਰਾ ਬੈਠਾ ਸੀ। ਪਤੀ ਦੇਵ ਨੂੰ ਬੁਰਾ ਲੱਗਿਆ। ਉਨ੍ਹਾਂ ਨੇ ਕੌੜਾ ਜਿਹਾ ਮੂੰਹ ਬਣਾ ਕੇ ਅੰਗਰੇਜ਼ੀ ਵਿਚ ਕਿਹਾ, "ਸੀ.ਓ. ਤੇ ਟੂ.ਆਈ.ਸੀ. ਵਿਚ ਕਿੱਥੇ ਇਹ ਸਿਪਾਹੀ ਭੂਪ ਸਿੰਘ ਆ ਕੇ ਬੈਠ ਗਿਆ।" ਰੋਂਦਿਆਂ ਰੋਂਦਿਆਂ ਵੀ ਮੈਨੂੰ ਹਾਸਾ ਆ ਗਿਆ। ਫੁੱਲਾਂ ਵਾਲੀ ਕਾਰ ਨਹਿਰ ਦੀ ਪਟਣੀ 'ਤੇ ਭੱਜੀ ਜਾ ਰਹੀ ਸੀ। ਰਾਹ ਵਿਚ ਇਕ ਵੱਡਾ ਕਸਬਾ ਆਇਆ। ਉਥੇ ਰੁਕ ਕੇ ਅਸੀਂ ਕੋਲਡ ਡਰਿੰਕ ਪੀਤਾ। ਬਰਾਤ ਵਾਲੀ ਬੱਸ ਸਾਡੇ ਤੋਂ ਅੱਗੇ ਲੰਘ ਗਈ। ਸ਼ਾਮ ਢਲ ਗਈ ਸੀ ਪਰ ਗਰਮੀ ਹਾਲਾਂ ਵੀ ਬਹੁਤ ਸੀ। ਬਾਰਾਤ ਕਿਉਂਕਿ ਸਾਥੋਂ ਪਹਿਲਾਂ ਹੀ ਪਹੁੰਚ ਗਈ ਸੀ ਅਤੇ ਸਾਮਾਨ ਵਾਲਾ ਟਰੱਕ ਜਿਹੜਾ ਅਗਲੇ ਦਾਜ ਲਈ ਲੈ ਕੇ ਗਏ ਸੀ, ਉਸ ਨੂੰ ਖਾਲੀ ਦੇਖ ਕੇ ਤਾਂ ਸਹੁਰਾ ਪਰਿਵਾਰ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ ਸੀ ਤੇ ਉਹ ਮੇਰੇ ਸਵਾਗਤ ਲਈ ਆਮ ਨਾਲੋਂ ਹਟ ਕੇ ਵਿਸ਼ੇਸ਼ 'ਵੈਲਕਮ' ਦੀਆਂ ਤਿਆਰੀਆਂ ਵਿਚ ਰੁਝ ਗਏ ਸਨ।

ਕਾਰ ਵੱਡੀ ਸਾਰੀ ਹਵੇਲੀ ਦੇ ਬੂਹੇ ਅੱਗੇ ਜਾ ਕੇ ਰੁਕ ਗਈ। ਪਿੰਡ ਦੀਆਂ ਕੁੜੀਆਂ-ਕੱਤਰੀਆਂ, ਨਿਆਣੀਆਂ, ਸਿਆਣੀਆਂ ਨਵੀਂ ਬਹੂ ਨੂੰ ਦੇਖਣ ਲਈ ਭੱਜ ਕੇ ਕਾਰ ਦੇ ਆਸੇ-ਪਾਸੇ ਆ ਕੇ ਖੜੀਆਂ ਹੋ ਗਈਆਂ। 15-20 ਮਿੰਟ ਬੀਤ ਗਏ। ਅੰਦਰੋਂ ਕੋਈ ਵੀ ਬਹੂ ਦੇ ਸਵਾਗਤ ਲਈ ਨਹੀਂ ਸੀ ਨਿਕਲਿਆ। ਗਰਮੀ ਨੇ ਬੁਰਾ ਹਾਲ ਕੀਤਾ ਹੋਇਆ ਸੀ। ਪਤੀ ਦੇਵ ਨੂੰ ਗੁੱਸਾ ਚੜ੍ਹਨ ਲੱਗ ਪਿਆ ਸੀ। ਦਸ ਮਿੰਟ ਹੋਰ ਲੰਘ ਗਏ। ਅੰਦਰੋਂ ਕੋਈ ਨਹੀਂ ਸੀ ਆਇਆ। ਉਨ੍ਹਾਂ ਨੇ ਮੇਰਾ ਹੱਥ ਫੜ ਕੇ ਕਿਹਾ, ਚਲੋ। ਸਾਡੇ ਨਾਲ-ਨਾਲ ਪਿੰਡ ਦੀਆਂ ਔਰਤਾਂ ਵੀ ਤੁਰ ਪਈਆਂ ਜਦ ਅਸੀਂ ਅੰਦਰ ਵੜਨ ਲੱਗੇ ਤਾਂ ਸਾਸੂ ਮਾਂ ਚਿੱਬੀ ਜਿਹੀ ਗੜਵੀ ਲਈ ਸਾਨੂੰ ਰਾਹ ਵਿਚ ਮਿਲੀ। ਰਸਮ ਅਸਲ ਵਿਚ ਇਸ ਤਰ੍ਹਾਂ ਹੈ ਕਿ ਸੱਸ ਨਵੀਂ ਨਕੋਰ ਗੜਵੀ ਵਿਚ ਤਾਜ਼ਾ ਪਾਣੀ ਪਾ ਕੇ ਵਿਚ ਹਰੇ ਕਚੂਰ ਪੱਤਿਆਂ ਵਾਲੀ (ਪਿੱਪਲ ਦੇ ਪੱਤੇ) ਟਾਹਣੀ ਰੱਖ ਕੇ ਨੂੰਹ-ਪੁੱਤ ਦੇ ਉਤੋਂ ਪਾਣੀ ਵਾਰ ਕੇ ਪੀਂਦੀ ਹੈ ਤੇ ਕਈ ਵਾਰੀ ਸ਼ਰਾਰਤੀ ਔਰਤਾਂ ਗੜਵੀ ਤੇ ਹਝੋਕਾ ਮਾਰ ਕੇ ਸੱਸ ਦੇ ਦੰਦ ਤੋੜਨਾ ਚਾਹੁੰਦੀਆਂ ਹਨ। ਫੇਰ ਪੁੱਤਰ ਰੋਕਦਾ ਹੈ। ਪਿੱਪਲ ਬੇਸ਼ੱਕ ਵਿਹੜੇ ਵਿਚ ਹੀ ਖੜਾ ਸੀ ਪਰ ਸਾਸੂ ਜੀ ਤਾਂ ਆਪਣਾ ਵਿਰੋਧ ਪ੍ਰਗਟ ਕਰਨ ਲਈ ਸਰੀਂਹ ਦੀ ਕੋਈ ਸੁੱਕੀ ਜਿਹੀ ਟਾਹਣੀ ਬੰਨ੍ਹਦੀ ਫਿਰਦੀ ਸੀ ਤੇ ਇਸੇ ਚੱਕਰ ਵਿਚ ਉਸ ਨੂੰ ਬਹੂ ਨੂੰ ਉਤਾਰਨ ਵਿਚ ਦੇਰ ਹੋ ਗਈ ਸੀ। ਉਂਜ ਤਾਈ ਜਮੇਰੋ ਨੇ ਟੱਕਰ ਲਾਉਣ ਲਈ ਉੱਚੀ ਹੇਕ ਵਿਚ ਗਾਉਣਾ ਵੀ ਸ਼ੁਰੂ ਕਰ ਦਿੱਤਾ ਸੀ:

ਕਿੱਥੇ ਗਈ ਨੀ ਤੂੰ ਪ੍ਰੀਤੋ ਦੀ ਸੱਸ ਨਖਰੇਲੋ,
ਬਹੂ ਤੇਰੇ ਬਾਰ ਖੜੀ
ਸ਼ਗਨਾਂ ਦਾ ਪਾਣੀ ਨੀ ਤੂੰ ਵਾਰ ਕੇ ਪੀ ਲੈ
ਮੋਤੀਆਂ ਦੀ ਲੜੀ ਤੇਰੇ ਦੁਆਰ ਖੜੀ।

ਪਰ ਸੱਸ ਨਖਰੇਲੋ ਦਾ ਤਾਂ ਕੋਈ ਅਤਾ ਪਤਾ ਹੀ ਨਹੀਂ ਸੀ। ਚਿੱਬੀ ਜਿਹੀ ਖਾਲੀ ਗੜਵੀ ਲਈ ਜਦ ਉਹ ਸਾਨੂੰ ਦਰਵਾਜ਼ੇ 'ਤੇ ਮਿਲੀ ਤਾਂ ਅਸੀਂ ਚੁੱਪ ਕਰਕੇ ਉਸ ਕੋਲੋਂ ਦੀ ਲੰਘ ਕੇ ਅੰਦਰ ਵੜ ਗਏ ਤੇ ਮੈਂ ਆਰਾਮ ਨਾਲ ਅੰਦਰ ਡਾਹੇ ਮੰਜੇ 'ਤੇ ਜਾ ਕੇ ਬੈਠ ਗਈ। ਪਤੀ ਨੇ ਠੰਢੇ ਪਾਣੀ ਦਾ ਗਿਲਾਸ ਮੈਨੂੰ ਲਿਆ ਕੇ ਦਿੱਤਾ ਜਿਹੜਾ ਮੈਂ ਗਟ-ਗਟ ਕਰਕੇ ਪੀ ਗਈ। ਪਿੰਡ ਦੀਆਂ ਔਰਤਾਂ ਮੈਨੂੰ ਆਪ ਹੀ ਦੇਖ-ਦੂਖ ਕੇ ਆਪਣੇ ਘਰਾਂ ਨੂੰ ਤੁਰ ਗਈਆਂ।

ਰਿਸ਼ਤੇ ਵਿਚੋਂ ਇਕ ਕੁਆਰੀ ਨਣਦ ਜਿਹੜੀ ਪੜ੍ਹੀ ਲਿਖੀ ਸੀ ਤੇ ਕਿਸੇ ਪਿੰਡ ਵਿਚ ਨੌਕਰੀ ਕਰਦੀ ਸੀ, ਉਸ ਨੂੰ ਮੇਰੇ ਨਾਲ ਜੋ ਕੁਝ ਹੋ ਰਿਹਾ ਸੀ, ਦੇਖ-ਦੇਖ ਕੇ ਬੜਾ ਦੁਖ ਹੋ ਰਿਹਾ ਸੀ। ਅਸਲ ਵਿਚ ਤਾਂ ਉਸ ਨੂੰ ਆਪਣਾ ਭਵਿੱਖ ਖਤਰੇ ਵਿਚ ਪਿਆ ਜਾਪਣ ਲੱਗ ਪਿਆ ਸੀ। ਪੜ੍ਹੇ-ਲਿਖੇ ਹੋਣ ਦੀ ਸਜ਼ਾ ਉਹ ਦੇਖ ਚੁੱਕੀ ਸੀ। ਇਹ ਵਰਤਾਰਾ ਦੇਖ ਕੇ ਉਹ ਮੈਨੂੰ ਉਪਰ ਛੱਤ 'ਤੇ ਲੈ ਗਈ ਅਤੇ ਖੁੱਲ੍ਹੀ ਛੱਤ 'ਤੇ ਮੰਜਾ ਡਾਹ ਕੇ ਮੈਨੂੰ ਉਸ 'ਤੇ ਬਿਠਾ ਕੇ ਬੋਲੀ, "ਭਾਬੀ ਜੀ ਤੁਸੀਂ ਆਰਾਮ ਕਰੋ।

(ਬਾਕੀ ਸਫਾ 33 'ਤੇ)

# ਭਾਈ ਗੁਰਦਾਸ ਅਤੇ ਭਾਰਤੀ ਦਰਸ਼ਨ-3

**ਡਾ. ਗੁਰਨਾਮ ਕੌਰ**

ਭਾਈ ਗੁਰਦਾਸ ਨੇ ਸ੍ਰਿਸ਼ਟੀ ਰਚਨਾ ਦੀ ਚਰਚਾ ਤੋਂ ਬਾਅਦ ਪਹਿਲੀ ਵਾਰ ਦੀ ਪੰਜਵੀਂ ਪਉੜੀ ਵਿਚ ਵੈਦਿਕ ਧਰਮ ਅਨੁਸਾਰ ਚਾਰ ਯੁਗਾਂ ਵਿਚ ਸਮੇਂ ਦੀ ਵੰਡ, ਚਾਰ ਵਰਣਾਂ ਵਿਚ ਸਮਾਜ ਦੀ ਵੰਡ, ਚਾਰ ਯੁਗਾਂ ਦੇ ਵੱਖਰੇ ਵੱਖਰੇ ਅਵਤਾਰਾਂ ਦੀ ਵੰਡ ਅਤੇ ਹਰ ਯੁਗ ਅਨੁਸਾਰ ਧਰਮ ਦੀ ਦਸ਼ਾ

## ਗੁਰਮਤਿ ਚਿੰਤਨ

ਅਤੇ ਦਿਸ਼ਾ ਦਾ ਵਰਨਣ ਸ਼ੁਰੂ ਕੀਤਾ ਹੈ। ਭਾਈ ਸਾਹਿਬ ਅਨੁਸਾਰ ਚਾਰ ਯੁਗਾਂ-ਸਤਿਯੁਗ, ਤ੍ਰੇਤਾ, ਦੁਆਪਰ ਅਤੇ ਕਲਿਯੁਗ ਦੀ ਸਥਾਪਨਾ ਕੀਤੀ ਗਈ ਅਤੇ ਚਾਰ ਹੀ ਵਰਨ (ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਥਾਪੇ ਗਏ ਜਿਨ੍ਹਾਂ ਨੂੰ ਅੱਗੋਂ ਇੱਕ ਇੱਕ ਯੁਗ ਵਿਚ ਪ੍ਰਭੁਤਾ ਪ੍ਰਾਪਤ ਹੋਈ। ਫਿਰ ਹਰ ਯੁਗ ਦੇ ਅਲੱਗ ਅਲੱਗ ਅਵਤਾਰ ਥਾਪੇ ਗਏ। ਇੱਥੇ ਇੱਕ ਗੱਲ ਧਿਆਨ ਦੇਣ ਯੋਗ ਹੈ, ਉਹ ਹੈ 'ਥਾਪਨਾ' ਜਾਂ 'ਥਾਪਿਆ' ਜਿਸ ਦਾ ਸਿੱਧਾ ਅਰਥ 'ਬਣਾਉਣਾ' ਹੈ। ਹਰ ਯੁਗ ਦਾ ਆਪਣਾ ਆਪਣਾ ਧਰਮ ਅਤੇ ਸੁਭਾ ਥਾਪਿਆ ਗਿਆ। ਸਤਿਯੁਗ ਦੀ ਗੱਲ ਕਰਦਿਆਂ ਜ਼ਿਕਰ ਕੀਤਾ ਹੈ ਕਿ ਸਤਿਯੁਗ ਵਿਚ ਵਿਸ਼ਨੂੰ ਹੰਸ ਅਵਤਾਰ ਧਾਰ ਕੇ ਸੰਸਾਰ 'ਤੇ ਆਇਆ। ਉਸ ਨੇ 'ਸੋਹੰ ਬ੍ਰਹਮ' ਦੀ ਚਰਚਾ ਕੀਤੀ, ਇੱਕ ਬ੍ਰਹਮ ਤੋਂ ਬਿਨਾ ਹੋਰ ਕਿਸੇ 'ਤੇ ਵਿਚਾਰ ਨਹੀਂ ਕੀਤਾ ਗਿਆ। ਲੋਕ ਇੱਕ ਬ੍ਰਹਮ 'ਤੇ ਹੀ ਧਿਆਨ ਕੇਂਦ੍ਰਿਤ ਸਨ, ਮਾਇਆ ਤੋਂ ਬੇਪਰਵਾਹ ਸਨ ਅਤੇ ਇੱਕ ਪਰਮਾਤਮਾ ਦਾ ਹੀ ਧਿਆਨ ਧਰਦੇ ਸਨ। ਉਹ ਜੰਗਲਾਂ ਵਿਚ ਜਾ ਕੇ ਤਪੱਸਿਆ ਕਰਦੇ ਸਨ ਅਤੇ ਕੰਦ-ਮੂਲ ਜਾਂ ਸਾਗ-ਪਤ ਖਾ ਕੇ ਗੁਜ਼ਾਰਾ ਕਰਦੇ ਸਨ। ਭਾਵੇਂ ਉਸ ਯੁਗ ਵਿਚ ਲੱਖ ਵਰ੍ਹਿਆਂ ਦੀ ਉਮਰ ਕਿਆਸੀ ਗਈ ਹੈ ਪਰ ਤਾਂ ਵੀ ਮਹਿਲ-ਮਾੜੀਆਂ ਜਾਂ ਮੰਦਰ ਬਣਾਉਣ ਵੱਲ ਉਨ੍ਹਾਂ ਦਾ ਧਿਆਨ ਨਹੀਂ ਸੀ। ਲੋਕ ਸੰਸਾਰ ਤੋਂ ਜਾ ਰਹੇ ਸਨ ਪਰ ਨਾਲ ਹੀ ਸੰਸਾਰ ਵਿਚ ਜ਼ਿੰਦਗੀ ਦਾ ਪ੍ਰਵਾਹ ਉਵੇਂ ਚੱਲ ਰਿਹਾ ਸੀ। ਵੈਦਿਕ ਧਰਮ ਅਨੁਸਾਰ ਸਮੇਂ ਸਮੇਂ ਧਰਮ ਦੀ ਪੁਨਰ ਸਥਾਪਤੀ ਲਈ ਵਿਸ਼ਨੂੰ ਸੰਸਾਰ 'ਤੇ ਅਵਤਾਰ ਧਾਰ ਕੇ ਆਉਂਦਾ ਰਿਹਾ ਹੈ। ਗੀਤਾ ਵਿਚ ਵੀ ਸ੍ਰੀ ਕ੍ਰਿਸ਼ਨ ਨੇ ਕਿਹਾ ਹੈ ਕਿ 'ਜਦੋਂ ਜਦੋਂ ਧਰਮ ਦੀ ਅਧੋਗਤੀ ਹੁੰਦੀ ਹੈ ਤਾਂ ਮੈਂ ਸੰਸਾਰ 'ਤੇ ਅਵਤਾਰ ਧਾਰਦਾ ਹਾਂ।' ਭਾਈ ਗੁਰਦਾਸ ਨੇ ਹਰ ਯੁਗ ਦੇ ਅਵਤਾਰ ਦਾ ਜ਼ਿਕਰ ਕਰਦਿਆਂ ਹਰ ਯੁਗ ਦੇ ਸੁਭਾਅ ਦਾ ਵੀ ਜ਼ਿਕਰ ਅਗਲੀ ਪਉੜੀ ਵਿਚ ਕੀਤਾ ਹੈ। ਜਿਵੇਂ ਉਪਰ ਵਿਸ਼ਨੂੰ ਦੇ ਸਤਿਯੁਗ ਵਿਚ ਹੰਸ ਅਵਤਾਰ ਧਾਰਨ ਦਾ ਵਰਨਣ ਕੀਤਾ ਗਿਆ ਹੈ, ਉਵੇਂ ਇੱਥੇ ਦੱਸਿਆ ਹੈ ਕਿ ਸਤਿਯੁਗ ਤੋਂ ਪਿੱਛੋਂ ਤ੍ਰੇਤਾ ਯੁਗ ਆਇਆ ਜਿਥੇ ਖੱਤਰੀ ਵਰਣ ਵਿਚ ਸੂਰਜਬੰਸੀ ਰਾਮਚੰਦਰ ਦਾ ਵੱਡਾ ਅਵਤਾਰ ਹੋਇਆ ਮੰਨਿਆ ਗਿਆ ਹੈ ਅਤੇ ਖੱਤਰੀ ਵਰਣ ਦੀ ਪ੍ਰਮੁੱਖਤਾ ਹੋ ਗਈ।

ਇੱਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਭਾਈ ਸਾਹਿਬ ਗੁਰੂ ਨਾਨਕ ਦੇਵ ਦੇ ਇਸ ਸੰਸਾਰ 'ਤੇ ਆਉਣ ਤੋਂ ਪਹਿਲਾਂ ਦੇ ਪ੍ਰਚਲਿਤ ਧਾਰਮਿਕ ਵਿਚਾਰਾਂ ਦਾ ਜ਼ਿਕਰ ਕਰ ਰਹੇ ਹਨ। ਤ੍ਰੇਤੇ ਵਿਚ ਉਮਰ ਘਟ ਗਈ ਭਾਵ ਕੁੱਲ ਉਮਰ ਦੇ ਨੌਂ ਹਿੱਸੇ ਘੱਟ ਗਏ, ਮਨੁੱਖ ਦੀ ਉਮਰ ਛੋਟੀ ਹੋ ਗਈ। ਜਿਥੇ ਸਤਿਯੁਗ ਵਿਚ ਸੋਹੰ ਬ੍ਰਹਮ ਜਾਂ ਇੱਕ ਬ੍ਰਹਮ ਦੀ ਹੀ ਗੱਲ ਹੁੰਦੀ ਸੀ ਉਥੇ ਤ੍ਰੇਤੇ ਵਿਚ ਮਾਇਆ, ਮੋਹ ਅਤੇ ਅਹੰਕਾਰ ਦਾ ਬੋਲ ਬਾਲਾ ਹੋ ਗਿਆ। ਇਸ ਤੋਂ ਅਗਲਾ ਯੁਗ ਦੁਆਪਰ ਆਇਆ ਜਿਸ ਵਿਚ ਵਿਸ਼ਨੂੰ ਨੇ ਯਾਦਵ ਵੰਸ ਵਿਚ ਕ੍ਰਿਸ਼ਨ ਦੇ ਰੂਪ ਵਿਚ ਅਵਤਾਰ ਧਾਰਿਆ ਅਤੇ ਯਾਦਵ ਵੰਸ਼ ਅੱਗੇ ਆ ਗਿਆ। ਹਰ ਅਗਲੇ ਯੁਗ ਵਿਚ ਚੰਗੇ ਆਚਾਰ ਅਤੇ ਵਿਹਾਰ ਦੀ ਘਾਟ ਕਾਰਨ ਮਨੁੱਖ ਦੀ ਉਮਰ ਘਟਦੀ ਗਈ। ਭਾਈ ਗੁਰਦਾਸ ਨੇ ਜਿਸ ਤਰ੍ਹਾਂ ਛੇ ਦਰਸ਼ਨਾਂ ਦਾ ਵੱਖਰੇ ਵੱਖਰੇ ਵੇਦ ਨਾਲ ਸਬੰਧ ਦੱਸਿਆ ਹੈ, ਇਸੇ ਤਰ੍ਹਾਂ ਹਰ ਵੇਦ ਦਾ ਹਰ ਯੁਗ ਅਤੇ ਹਰ ਵਰਨ ਨਾਲ ਵੀ ਸਬੰਧ ਦੱਸਿਆ ਹੈ। ਰਿਗ ਵੇਦ ਵਿਚ ਬ੍ਰਾਹਮਣ ਦਾ ਵਿਹਾਰ ਅਤੇ ਪੂਰਬ ਵੱਲ ਮੁੱਖ ਕਰ ਕੇ ਕੀਤੇ ਜਾਣ ਸ਼ੁਭ ਕਰਮਾਂ ਦੀ ਵਿਚਾਰ ਕੀਤੀ ਗਈ ਹੈ।

ਭਾਈ ਗੁਰਦਾਸ ਦੇ ਕਥਨ ਦੀ ਪ੍ਰੋੜ੍ਹਤਾ ਰਿਗ ਵੇਦ ਦੇ ਇਸ ਮਹਾਂ ਵਾਕ ਤੋਂ ਹੋ ਜਾਦੀ ਹੈ, "ਪਰਗਿਆਨੰ ਬ੍ਰਹਮ।" ਇਸ ਮਹਾਂਵਾਕ ਵਿਚ ਕਿਹਾ ਹੈ ਕਿ ਚੇਤਨਾ ਹੀ ਬ੍ਰਹਮ ਹੈ। ਜੀਵ-ਆਤਮਾ ਜਿਸ ਤਰ੍ਹਾਂ ਦੇ ਕਰਮ ਕਰਦੀ ਹੈ, ਉਸੇ ਅਨੁਸਾਰ ਅੱਗੇ ਜਾਂਦੀ ਹੈ। ਚੇਤਨਾ- ਸਰੂਪ (ਪ੍ਰਗਿਆਨ ਸਰੂਪ) ਜੋ ਜੀਵ-ਆਤਮਾ ਹੈ ਉਹ ਇਸ ਲੋਕ ਤੋਂ ਸਵਰਗ ਲੋਕ ਵਿਚ ਜਾ ਕੇ ਸਭ ਤਰ੍ਹਾਂ ਦੀਆਂ ਇਛਾਵਾਂ ਦੀ ਪ੍ਰਾਪਤੀ ਕਰਕੇ ਅੰਮ੍ਰਿਤ ਹੋ ਜਾਂਦੀ ਹੈ ਭਾਵ ਗਿਆਨ-ਸਰੂਪ ਜੀਵ-ਆਤਮਾ ਅੱਗੇ ਜਾ ਕੇ ਅਮਰ ਹੋ ਜਾਂਦੀ ਹੈ। ਰਿਗ ਵੇਦ ਪ੍ਰਧਾਨ ਵੇਦ ਹੈ ਜਿਸ ਵਿਚ ਦੈਵੀ ਗੀਤਾਂ ਦਾ ਸੰਗ੍ਰਿਹ ਹੈ ਅਤੇ ਬ੍ਰਾਹਮਣ ਵਰਣ ਵੀ ਪ੍ਰਧਾਨ ਵਰਣ ਮੰਨਿਆ ਗਿਆ ਹੈ। ਯਜੁਰ ਵੇਦ ਦਾ ਸਬੰਧ ਭਾਈ ਸਾਹਿਬ ਨੇ ਖੱਤਰੀ ਵਰਣ ਨਾਲ ਦੱਸਿਆ ਹੈ ਜਿਸ ਵਿਚ ਉਨ੍ਹਾਂ ਨੇ ਮੁੱਖ ਦੱਖਣ ਵੱਲ ਕਰਕੇ ਦਾਨ ਦੇਣਾ ਸ਼ੁਰੂ ਕਰ ਦਿੱਤਾ। ਜੇ ਅਸੀਂ ਯਜੁਰ ਵੇਦ ਦੀ ਨਿਰੁਕਤਕ ਵਿਆਖਿਆ ਵੱਲ ਜਾਈਏ ਤਾਂ ਇਹ 'ਯਜ' ਅਤੇ 'ਵਿਦ' ਦੋ ਧਾਤੂਆਂ ਤੋਂ ਬਣਿਆ ਹੈ, ਜਿਸ ਦਾ ਭਾਵ ਹੈ ਬਲੀ ਜਾਂ ਪੂਜਣਾ ਅਤੇ ਜਾਣਨਾ ਭਾਵ ਗਿਆਨ, ਜੋ ਕਿ ਯਗ ਅਤੇ ਪੂਜਾ ਦਾ ਗਿਆਨ ਹੈ। ਮੋਟੇ ਤੌਰ 'ਤੇ ਯਗ ਅਤੇ ਪੂਜਾ ਦੋਵੇਂ ਹੀ ਦਾਨ ਨਾਲ ਸਬੰਧਿਤ ਹਨ। ਸਾਮ ਵੇਦ ਨੂੰ ਵੈਸ਼ ਵਰਣ ਨਾਲ ਸਬੰਧਿਤ ਕੀਤਾ ਹੈ ਅਤੇ ਇਨ੍ਹਾਂ ਨੇ ਪੱਛਮ ਵੱਲ ਮੂੰਹ ਕਰਕੇ ਸੀਸ ਨਿਵਾਉਣਾ ਸ਼ੁਰੂ ਕਰ ਦਿੱਤਾ।

ਭਾਈ ਗੁਰਦਾਸ ਦੇ ਇਸ ਕਥਨ ਦੀ ਪ੍ਰੋੜ੍ਹਤਾ ਗੀਤਾ ਦੇ ਦਸਵੇਂ ਅਧਿਆਏ ਵਿਚ ਹੋ ਜਾਂਦੀ ਹੈ ਜਿਥੇ ਭਗਵਾਨ ਦੀਆਂ ਵਿਭੂਤੀਆਂ ਦੱਸਦੇ ਹੋਏ ਸ੍ਰੀ ਕ੍ਰਿਸ਼ਨ ਨੇ ਕਿਹਾ ਹੈ, 'ਵੇਦਾਂ ਵਿਚੋਂ ਮੈਂ ਸਾਮ ਵੇਦ ਹਾਂ।' ਸਾਮ ਵੇਦ ਦਾ ਸਬੰਧ ਉਪਾਸਨਾ ਨਾਲ ਹੈ ਅਤੇ ਇਸ ਦਾ ਸ਼ਾਬਦਿਕ ਅਰਥ ਹੈ ਗਾਇਨ ਵਿੱਦਿਆ। ਤਿੰਨਾਂ ਵੇਦਾਂ ਦੇ ਮੰਤਰਾਂ ਦਾ ਗਾਇਨ ਕਰਨ ਲਈ ਪਾਈ ਜਾਣ ਵਾਲੀ ਪੁਸ਼ਾਕ ਵੀ ਨਿਰਧਾਰਤ ਕੀਤੀ ਗਈ। ਰਿਗ ਵੇਦ ਲਈ ਨੀਲੀ, ਯਜੁਰ ਵੇਦ ਲਈ ਪੀਲੀ ਅਤੇ ਸਾਮ ਵੇਦ ਦੇ ਮੰਤਰਾਂ ਦਾ ਗਾਇਨ ਕਰਨ ਲਈ ਚਿੱਟੀ ਪੁਸ਼ਾਕ ਪਹਿਨਣ ਦੀ ਪਰੰਪਰਾ ਬਣ ਗਈ। ਇਸ ਤਰ੍ਹਾਂ ਤਿੰਨਾਂ ਯੁਗਾ ਦੇ ਤਿੰਨ ਧਰਮ ਬਣਾ ਦਿੱਤੇ ਗਏ।

ਅਗਲੀ ਪਉੜੀ ਵਿਚ ਦੱਸਿਆ ਹੈ ਕਿ ਚੌਥਾ ਯੁਗ ਕਲਿਯੁਗ ਆਇਆ ਜਿਸ ਵਿਚ ਨੀਚ ਬਿਰਤੀਆਂ ਨੇ ਸਾਰੇ ਸੰਸਾਰ ਨੂੰ ਜਕੜ ਲਿਆ। ਰਿਗ, ਯਜੁਰ ਅਤੇ ਸਾਮ ਵੇਦ ਵਿਚ ਦੱਸੇ ਕਰਮਾਂ ਨੂੰ ਕਰਨ ਤੋਂ ਲੋਕ ਸੁਕਚਾਉਣ ਲੱਗੇ। ਸਾਰੀ ਦੁਨੀਆਂ ਗਲਤ ਢੰਗਾਂ ਨਾਲ ਇਕੱਠੀ ਕੀਤੀ ਮਾਇਆ ਵਿਚ ਗ੍ਰਸੀ ਗਈ ਅਤੇ ਸੰਸਾਰ ਵਿਚ ਭਰਮਾਂ ਦਾ ਜਾਲ ਵਿਛ ਗਿਆ। ਨਫਰਤ ਅਤੇ ਨੀਚਤਾ ਨੇ ਸੰਸਾਰ ਨੂੰ ਆਪਣੀ ਜਕੜ ਵਿਚ ਐਸਾ ਜਕੜਿਆ ਕਿ ਲੋਕ ਹਉਮੈ ਵਿਚ ਜਲਣ ਲੱਗੇ। ਕੋਈ ਕਿਸੇ ਦੀ ਪੂਜਾ ਨਹੀਂ ਸੀ ਕਰਦਾ ਅਤੇ ਛੋਟੇ ਬੜੇ ਕਿਸੇ ਦਾ ਸਤਿਕਾਰ ਨਹੀਂ ਸੀ ਰਿਹਾ। ਰਾਜੇ ਜ਼ਾਲਮ ਹੋ ਗਏ ਅਤੇ ਉਨ੍ਹਾਂ ਦੇ ਅਹਿਲਕਾਰ ਲੋਕਾਂ ਨੂੰ ਕੋਹਣ ਵਾਲੇ ਬੁੱਚੜ। ਤਿੰਨਾਂ ਯੁਗਾਂ ਦਾ ਇਨਸਾਫ ਖਤਮ ਹੋ ਗਿਆ ਅਤੇ ਇਸ ਚੌਥੇ ਯੁਗ ਵਿਚ ਜਿਹੜਾ ਰਿਸ਼ਵਤ ਦਿੰਦਾ ਉਹ ਇਨਸਾਫ ਲੈ ਲੈਂਦਾ। ਸਾਰੀ ਲੋਕਾਈ ਭ੍ਰਿਸ਼ਟ ਕਰਮ ਕਰਨ ਵਿਚ ਨਿਪੁੰਨ ਹੋ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ ਵੇਦਾਂ ਸਬੰਧੀ ਪ੍ਰਚਲਿਤ ਵਿਚਾਰਧਾਰਾ ਦੇ ਹਵਾਲੇ ਮਿਲ ਜਾਂਦੇ ਹਨ ਜਿਸ ਨਾਲ ਭਾਈ ਗੁਰਦਾਸ ਦੇ ਕਥਨ ਦੀ ਪ੍ਰੋੜ੍ਹਤਾ ਹੁੰਦੀ ਹੈ। ਰਾਗ ਆਸਾ ਵਿਚ ਤੀਸਰੇ ਗੁਰੂ ਅਮਰਦਾਸ ਜੀ ਨੇ ਸ੍ਰਿਸ਼ਟੀ ਰਚਨਾ ਦੇ ਹਰ ਚੱਕਰ ਦੇ ਸ਼ੁਰੂ ਹੋਣ ਵੇਲੇ ਪਰਮਾਤਮਾ ਵੱਲੋਂ ਬ੍ਰਹਮਾ ਨੂੰ ਵੇਦ ਸੌਂਪੇ ਜਾਣ ਦੇ ਪ੍ਰਚਲਿਤ ਖਿਆਲ ਦਾ ਹਵਾਲਾ ਦਿੰਦਿਆਂ ਫੁਰਮਾਇਆ ਹੈ ਕਿ ਬ੍ਰਹਮਾ ਨੂੰ ਚਾਰੇ ਵੇਦ ਸੌਂਪੇ ਗਏ ਜਿਨ੍ਹਾਂ ਨੂੰ ਪੜ੍ਹ ਪੜ੍ਹ ਕੇ ਉਹ ਵੀਚਾਰ ਵੀ ਕਰਦਾ ਰਿਹਾ ਪਰ ਫੇਰ ਵੀ ਵਿਚਾਰਾ ਉਸ ਰੱਬ ਦਾ ਹੁਕਮ ਨਾ ਸਮਝ ਸਕਿਆ ਅਤੇ ਕਦੀ ਭੁੱਲਾਂ ਅਤੇ ਕਦੀ ਚੰਗਿਆਈਆਂ ਕਰਕੇ ਕਦੀ ਨਰਕਾਂ ਅਤੇ ਕਦੀ ਸਵਰਗਾਂ ਵਿਚ ਪੈਂਦਾ ਰਿਹਾ, "ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ॥ ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ॥" (ਪੰਨਾ 423)। ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਸਮੇਂ ਸਮੇਂ ਦੇ ਵੱਡੇ ਪੁਰਖ ਬਣਾਏ ਗਏ ਜਿਨ੍ਹਾਂ ਨੂੰ ਲੋਕ ਅਵਤਾਰ ਕਰ ਕੇ ਬਿਆਨ ਕਰਦੇ ਹਨ। ਉਨ੍ਹਾਂ ਨੂੰ ਵੀ ਰੱਬ ਦਾ ਪਾਰਾਵਾਰ ਨਾ ਲੱਭਾ, "ਜੁਗਹ ਜੁਗਹ ਕੇ ਰਾਜੇ ਕੀਏ ਗਾਵਹ ਕਰਿ ਅਵਤਾਰੀ॥ ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ॥" (ਪੰਨਾ 423)। ਇਥੇ ਇਸ਼ਾਰਾ ਰਾਮ ਚੰਦਰ ਅਤੇ ਕ੍ਰਿਸ਼ਨ ਵੱਲ ਹੈ ਜੋ ਆਪਣੇ ਸਮੇਂ ਦੇ ਰਾਜਾ ਸਨ।

ਚੌਥੇ ਗੁਰੂ ਰਾਮ ਦਾਸ ਹਰ ਯੁਗ ਵਿਚ ਧਰਮ ਦੇ ਆਪਣੇ ਪੈਰਾਂ ਤੇ ਹੋਣ ਭਾਵ ਧਰਮ ਦੀ ਹਰ ਯੁਗ ਵਿਚ ਜੋ ਹਾਲਤ ਮੰਨੀ ਗਈ ਹੈ ਉਸ ਬਾਰੇ ਪ੍ਰਚਲਿਤ ਖਿਆਲ ਦਸਦੇ ਹਨ ਕਿ ਸਤਿਯੁਗ ਵਿਚ ਲੋਕ ਸੰਤੋਖੀ ਸਨ (ਭਾਈ ਗੁਰਦਾਸ ਨੇ ਉਪਰ ਕੰਦਮੂਲ ਤੇ ਗੁਜ਼ਾਰਾ ਕਰਨ ਅਤੇ ਜੰਗਲ ਵਿਚ ਤਪੱਸਿਆ ਕਰਨ ਦੀ ਗੱਲ ਕੀਤੀ ਹੈ), ਧਰਮ ਆਪਣੇ ਚਾਰੇ ਪੈਰਾਂ 'ਤੇ ਕਾਇਮ ਸੀ ਅਤੇ ਲੋਕਾਂ ਵਿਚ 'ਧਿਆਨ' ਦਾ ਗੁਣ ਸੀ। ਹਰੀ ਦੇ ਗੁਣਾਂ ਦਾ ਗਿਆਨ ਉਨ੍ਹਾਂ ਲਈ ਧਨ ਸੀ। ਹਰਿ ਹਰਿ ਕਰਨਾ ਉਨ੍ਹਾਂ ਲਈ ਮਨੋਰਥ ਸਿੱਧੀ ਸੀ ਅਤੇ ਗੁਰਮੁਖਿ ਹੋਣਾ ਉਨ੍ਹਾਂ ਲਈ ਸ਼ੋਭਾ ਸੀ, "ਸਤਿਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮ ਧਿਆਨ ਜੀਉ॥" ਜਦੋਂ ਤ੍ਰੇਤਾ ਜੁਗ ਆਇਆ ਤਾਂ ਲੋਕਾਂ ਅੰਦਰ ਬਾਹੂ-ਬਲ ਨੇ ਜ਼ੋਰ ਕੀਤਾ ਅਤੇ ਇਸ ਗੁਣ ਦੀ ਰੱਖਿਆ ਅਤੇ ਪੁਸ਼ਟੀ ਲਈ ਉਹ ਤਰ੍ਹਾਂ ਤਰ੍ਹਾਂ ਦੇ ਸੰਜਮ ਅਤੇ ਯੱਗ ਆਦਿ ਕਰਮ ਕਰਨ ਲੱਗੇ। ਇਸ ਯੁਗ ਵਿਚ ਧਰਮ ਦਾ ਚੌਥਾ ਪੈਰ ਖਿਸਕ ਗਿਆ ਅਤੇ ਮਨ ਅੰਦਰ ਕ੍ਰੋਧ ਦਾ ਵਾਸਾ ਹੋਣ ਲੱਗਿਆ। ਇਸ ਸਮੇਂ ਖਤਰੀ ਰਾਜੇ ਬਹੁਤ ਸਨ ਜੋ ਕ੍ਰੋਧ ਕਰਕੇ ਇਧਰ ਉਧਰ ਭੱਜੇ ਫਿਰਦੇ ਅਤੇ ਲੜ ਲੜ ਕੇ ਦੁੱਖ ਪਾਉਂਦੇ ਸਨ,

ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ
ਜਤੁ ਸੰਜਮ ਕਰਮ ਕਮਾਇ ਜੀਉ॥
ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ
ਮਨਿ ਹਿਰਦੈ ਕ੍ਰੋਧੁ ਜਲਾਇ ਜੀਉ॥

ਦੁਆਪਰ ਜੁਗ ਆਉਣ 'ਤੇ ਲੋਕ ਭਰਮਾਂ ਵਿਚ ਪੈਣ ਲੱਗੇ ਪਰਮਾਤਮਾ ਨੇ ਕ੍ਰਿਸ਼ਨ ਤੇ ਗੋਪੀਆਂ ਪੈਦਾ ਕੀਤੀਆਂ। ਕਈ ਤਰ੍ਹਾਂ ਦੇ ਤਪ ਹੋਣ ਲੱਗੇ, ਸ਼ਾਸਤਰਾਂ ਦੇ ਦੱਸੇ ਅਨੁਸਾਰ ਕਰਮ ਕਾਂਡ ਹੋਣ ਲੱਗੇ। ਇਸ ਯੁਗ ਵਿਚ ਧਰਮ ਦੇ ਦੋ ਪੈਰ ਖਿਸਕਦੇ ਗਏ, ਜੋਧਿਆਂ ਨੇ ਮਹਾਂ ਜੁਧ ਕੀਤੇ (ਮਹਾਂ ਭਾਰਤ ਦਾ ਜੁੱਧ ਇਸੇ ਸਮੇਂ ਵਿਚ ਹੋਇਆ ਮੰਨਿਆ ਗਿਆ ਹੈ) ਅਤੇ ਇਹ ਜੋਧੇ ਹੰਕਾਰ ਵਿਚ ਗਲਦੇ ਸੜਦੇ ਰਹੇ, "ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ॥ (445)। ਕਲਿਯੁਗ ਵਿਚ ਧਰਮ ਦੇ ਤਿੰਨ ਪੈਰ ਖਿਸਕ ਗਏ ਅਤੇ ਧਰਮ ਇੱਕ ਪੈਰ 'ਤੇ ਹੀ ਟਿਕ ਗਿਆ।

ਆਸਾ ਦੀ ਵਾਰ ਵਿਚ ਗੁਰੂ ਨਾਨਕ ਪਾਤਿਸ਼ਾਹ ਨੇ ਵੀ ਯੁਗਾਂ ਬਾਰੇ ਇਨ੍ਹਾਂ ਪ੍ਰਚਲਿਤ ਖਿਆਲਾਂ ਦਾ ਪ੍ਰਗਟਾਵਾ ਕੀਤਾ ਹੈ ਅਤੇ ਦੱਸਿਆ ਹੈ ਕਿ ਕਿਹੜੇ ਕਿਹੜੇ ਯੁਗ ਵਿਚ ਕਿਹੜਾ ਕਿਹੜਾ ਗੁਣ ਪ੍ਰਧਾਨ ਰਿਹਾ ਹੈ। ਉਨ੍ਹਾਂ ਨੇ ਸਰੀਰ ਭਾਵ ਮਨੁੱਖਾ ਜੀਵਨ ਨੂੰ ਇੱਕ ਰੱਥ ਕਿਹਾ ਹੈ ਜਿਸ ਦਾ ਇੱਕ ਰਥਵਾਨ ਹੁੰਦਾ ਹੈ। ਇਹ ਦੋਵੇਂ ਯੁਗ-ਯੁਗ ਫੇਰ ਕੇ ਵਟਾਏ ਜਾਂਦੇ ਹਨ, ਇਸ ਗੱਲ ਨੂੰ ਪੁਰਾਣੀਆਂ ਪੁਸਤਕਾਂ ਦੇ ਜਾਣੂ ਲੋਕ ਸਮਝਦੇ ਹਨ। ਕਠੋਉਪਨਿਸਦ ਵਿਚ ਸਰੀਰ ਨੂੰ ਰੱਥ ਨਾਲ ਤਸ਼ਬੀਹ ਦਿੱਤੀ ਗਈ ਹੈ। ਸਤਿਯੁਗ ਵਿਚ ਰੱਥ ਸੰਤੋਖ ਨੂੰ ਮੰਨਿਆ ਹੈ ਜਿਸ ਦਾ ਰਥਵਾਹ ਧਰਮ ਹੈ ਅਤੇ ਤ੍ਰੇਤੇ ਵਿਚ ਰੱਥ ਜਤ ਨੂੰ ਮੰਨਿਆ ਹੈ ਜਿਸ ਦਾ ਰਥਵਾਹ ਜ਼ੋਰ ਹੈ, ਦੁਆਪਰ ਦਾ ਰੱਥ ਤਪ ਨੂੰ ਮੰਨਿਆ ਹੈ ਜਿਸ ਦਾ ਰਥਵਾਹ ਦਾਨ ਹੈ ਅਤੇ ਕਲਿਯੁਗ ਦਾ ਰੱਥ ਅਗਨਿ (ਕ੍ਰੋਧ ) ਨੂੰ ਮੰਨਿਆ ਹੈ ਜਿਸ ਦਾ ਰਥਵਾਨ 'ਕੂੜ' ਭਾਵ ਹਉਮੈ ਹੈ, 'ਆਸਾ ਦੀ ਵਾਰ, ਪੰਨਾ 470'। ਇਥੇ ਹੀ ਗੁਰੂ ਨਾਨਕ ਦੇਵ ਨੇ ਪੁਰਾਤਨ ਵਿਚਾਰਧਾਰਾ ਅਨੁਸਾਰ ਹਰ ਵੇਦ ਵਿਚ ਭਗਵਾਨ ਦੇ ਵੱਖਰੇ ਵੱਖਰੇ ਰੰਗਾਂ ਅਤੇ ਹਰ ਯੁਗ ਵਿਚ ਵੱਖਰੇ ਵੱਖਰੇ ਮੰਨੇ ਗਏ ਅਵਤਾਰਾਂ ਦਾ ਵੀ ਜ਼ਿਕਰ ਕੀਤਾ ਹੈ। ਗੁਰੂ ਸਾਹਿਬ ਦਸਦੇ ਹਨ ਕਿ ਮੁਕਤੀ ਭਾਉ-ਭਗਤਿ ਨਾਲ ਅਤੇ ਆਪਣੇ ਆਪ ਨੂੰ ਨੀਵਾਂ ਅਖਵਾਣ ਨਾਲ ਭਾਵ ਹਲੀਮੀ ਨਾਲ ਹੀ ਮਿਲਦੀ ਹੈ।

ਭਾਰਤੀ ਦਰਸ਼ਨ ਪਰੰਪਰਾ ਵਿਚ ਛੇ ਦਰਸ਼ਨ ਬਹੁਤ ਪ੍ਰਸਿੱਧ ਹੋਏ ਹਨ। ਇਨ੍ਹਾਂ ਦਰਸ਼ਨਾਂ ਵਿਚ ਪਿੱਛੋਂ ਹੋਰ ਰਿਸ਼ੀਆਂ ਨੇ ਵੀ ਆਪਣੀਆਂ ਰਚਨਾਵਾਂ ਦੁਆਰਾ ਵਾਧਾ ਕੀਤਾ ਪਰ ਮੂਲ ਤੌਰ 'ਤੇ ਇਨ੍ਹਾਂ ਨੂੰ ਇਨ੍ਹਾਂ ਦੇ ਬਾਨੀ ਰਿਸ਼ੀਆਂ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਹੈ। ਇਹ ਛੇ ਸਨਾਤਨੀ ਦਰਸ਼ਨ ਹਨ-ਮਹਾਂਰਿਸ਼ੀ ਗੌਤਮ ਦਾ ਨਿਆਇ ਦਰਸ਼ਨ, ਕਣਾਦ ਰਿਸ਼ੀ ਦਾ ਵੈਸ਼ੇਸ਼ਕ, ਕਪਿਲ ਰਿਸ਼ੀ ਦਾ ਸਾਂਖ, ਪਾਤੰਜਲੀ ਰਚਿਤ ਯੋਗ ਦਰਸ਼ਨ, ਜੈਮਿਨੀ ਰਿਸ਼ੀ ਦਾ ਪੂਰਬ ਮੀਮਾਂਸਾ ਅਤੇ ਵਾਦਰਾਇਣ ਦਾ ਉਤਰ ਮੀਮਾਂਸਾ ਜਿਸ ਨੂੰ ਵੇਦਾਂਤ ਦੇ ਤੌਰ 'ਤੇ ਜ਼ਿਆਦਾ ਜਾਣਿਆ ਜਾਂਦਾ ਹੈ। ਇਨ੍ਹਾਂ ਸਾਰੇ ਸ਼ਾਸਤਰਾਂ ਨੂੰ ਵੈਦਿਕ ਦਰਸ਼ਨ ਕਿਹਾ ਜਾਂਦਾ ਹੈ ਕਿਉਂਕਿ ਇਹ ਵੇਦਾਂ ਨੂੰ ਸ਼ਬਦ ਪ੍ਰਮਾਣ ਮੰਨਦੇ ਹਨ। ਵੇਦਾਂ ਦੀ ਪ੍ਰਮਾਣਿਕਤਾ ਨੂੰ ਮੰਨਣ ਕਰਕੇ ਇਨ੍ਹਾਂ ਛੇ ਦਰਸ਼ਨਾਂ ਨੂੰ ਆਸਤਿਕ ਕਿਹਾ ਜਾਂਦਾ ਹੈ ਅਤੇ ਜਿਹੜੇ ਦਰਸ਼ਨ ਵੇਦਾਂ ਦੀ ਪ੍ਰਮਾਣਿਕਤਾ ਨੂੰ ਨਹੀਂ ਮੰਨਦੇ ਉਨ੍ਹਾਂ ਨੂੰ ਨਾਸਤਿਕ ਕਿਹਾ ਜਾਂਦਾ ਹੈ ਜਿਵੇਂ ਬੋਧ, ਜੈਨ ਅਤੇ ਚਾਰਵਾਕ ਆਦਿ। ਕਿਸੇ ਦਰਸ਼ਨ ਦਾ ਆਸਤਿਕ ਜਾਂ ਨਾਸਤਿਕ ਹੋਣਾ ਪਰਮਾਤਮਾ ਦੀ ਹੋਂਦ ਨੂੰ ਮੰਨਣ ਜਾਂ ਨਾ ਮੰਨਣ ਨਾਲ ਸਬੰਧਿਤ ਨਾ ਹੋ ਕੇ ਵੇਦਾਂ ਦੀ ਪ੍ਰਮਾਣਿਕਤਾ ਨੂੰ ਮੰਨਣ ਜਾਂ ਨਾ ਮੰਨਣ ਨਾਲ ਸਬੰਧਿਤ ਹੈ।

ਭਾਈ ਗੁਰਦਾਸ ਨੇ ਪਹਿਲੀ ਵਾਰ ਦੀ ਅੱਠਵੀਂ ਪਉੜੀ ਵਿਚ ਭਾਰਤ ਦੇ ਛੇ ਸਨਾਤਨੀ ਦਰਸ਼ਨਾਂ ਦਾ ਆਧਾਰ ਚਾਰ ਵੇਦਾਂ ਨੂੰ ਮੰਨਿਆ ਹੈ। ਉਨ੍ਹਾਂ ਅਨੁਸਾਰ ਵੇਦਾਂ ਵਿਚ ਧਰਮ-ਕਰਮ ਸਬੰਧੀ ਜੋ ਵਿਚਾਰ ਮਿਲਦੇ ਹਨ ਖਟ-ਸ਼ਾਸਤਰ ਉਨ੍ਹਾਂ ਸਿਧਾਂਤਾਂ ਦੀ ਹੀ ਵਿਆਖਿਆ ਅਤੇ ਪ੍ਰੋੜ੍ਹਤਾ ਕਰਦੇ ਹਨ। ਭਾਈ ਸਾਹਿਬ ਅਨੁਸਾਰ ਚਾਰੇ ਵੇਦਾਂ ਦਾ ਮੰਥਨ ਕਰਕੇ ਰਿਸ਼ੀਆਂ ਨੇ ਛੇ ਸ਼ਾਸਤਰ ਬਣਾਏ। ਜੋ ਕੁੱਝ ਬ੍ਰਹਮਾ ਅਤੇ ਸਨਕ ਨੇ ਦੱਸਿਆ ਲੋਕਾਂ ਨੇ ਉਸੇ ਨੂੰ ਉਚਾਰਿਆ ਅਤੇ ਉਨ੍ਹਾਂ ਵਿਚਾਰਾਂ ਦਾ ਹੀ ਪਾਲਣ ਕੀਤਾ। ਬਹੁਤ ਸਾਰਿਆਂ ਨੇ ਜੋ ਪੜ੍ਹਿਆ ਅਤੇ ਗਾਇਆ (ਵੈਦਿਕ ਮੰਤਰਾਂ ਦਾ ਉਚਾਰਨ ਕਰਨਾ ਉਨ੍ਹਾਂ ਦਾ ਗਾਇਨ ਕੀਤਾ ਜਾਣਾ ਹੀ ਹੈ) ਉਸ ਉਤੇ ਵਿਚਾਰ ਕੀਤੀ ਪ੍ਰੰਤੂ ਲੱਖਾਂ ਵਿਚੋਂ ਕਿਸੇ ਵਿਰਲੇ ਨੇ ਉਸ ਨੂੰ ਸਮਝਿਆ ਅਤੇ ਉਸ ਉਤੇ ਅਮਲ ਕੀਤਾ। ਭਾਈ ਸਾਹਿਬ ਇਸ ਗੱਲ 'ਤੇ ਹੈਰਾਨੀ ਪ੍ਰਗਟ ਕਰਦੇ ਹਨ ਕਿ ਹਰ ਇੱਕ ਯੁਗ ਦਾ ਇੱਕ ਹੀ ਵਰਣ ਪ੍ਰਧਾਨ ਰਿਹਾ ਹੈ ਫਿਰ ਕਲਿਯੁਗ ਵਿਚ ਕਿਉਂ ਏਨੇ ਵਰਣ ਹੋ ਗਏ? ਇਸ ਤੱਥ ਦਾ ਸਾਰਿਆਂ ਨੂੰ ਪਤਾ ਹੈ ਕਿ ਕਲਿਯੁਗ ਵਿਚ ਤਿੰਨਾਂ ਯੁਗਾਂ ਦਾ ਧਰਮ ਤਿਆਗ ਦਿੱਤਾ ਗਿਆ ਹੈ ਪਰ ਫਿਰ ਵੀ ਲੋਕਾਂ ਦਾ ਭਰਮ ਦੂਰ ਨਹੀਂ ਹੋ ਰਿਹਾ, ਸਾਰੇ ਭਰਮ ਵਿਚ ਗ੍ਰਸੇ ਹੋਏ ਹਨ। ਭਾਈ ਸਾਹਿਬ ਅੱਗੇ ਦੱਸ ਰਹੇ ਹਨ ਕਿ ਜੋ ਕੁੱਝ ਚਾਰ ਵੇਦਾਂ ਵਿਚ ਪ੍ਰਭਾਸ਼ਿਤ ਕੀਤਾ ਗਿਆ ਉਸੇ ਦੀ ਵਿਆਖਿਆ ਅਤੇ ਪ੍ਰੋੜ੍ਹਤਾ ਛੇ ਸ਼ਾਸਤ੍ਰਾਂ ਨੇ ਕੀਤੀ ਹੈ ਅਤੇ ਇਸ ਦਾ ਨਤੀਜਾ ਕੱਢਦੇ ਹਨ ਕਿ ਹਰ ਕੋਈ ਆਪੋ ਆਪਣਾ ਨਜ਼ਰੀਆ ਅਤੇ ਵਿਚਾਰ ਦੱਸ ਰਿਹਾ ਹੈ:

ਜਿਉ ਕਰਿ ਕਥਿਆ ਚਾਰਿ ਬੇਦਿ
ਖਟਿ ਸਾਸਤ੍ਰਿ ਸੰਗਿ ਸਾਖਿ ਸੁਣਾਵੈ।
ਆਪੋ ਆਪਣੇ ਮਤਿ ਸਭਿ ਗਾਵੈ॥8॥

ਇਸ ਚਰਚਾ ਤੋਂ ਬਾਅਦ ਵਿਦਵਾਨ ਲੇਖਕ ਵੱਲੋਂ ਦੂਸਰੇ ਲੇਖ ਵਿਚ ਪੇਸ਼ ਕੀਤੇ ਗਏ ਨੁਕਤਿਆਂ ਦੀ ਚਰਚਾ ਅਗਲੇ ਲੇਖ ਵਿਚ ਕਰਾਂਗੇ।

*(ਚਲਦਾ...)*

**ਰਾਗ ਆਸਾ ਵਿਚ ਤੀਸਰੇ ਗੁਰੂ ਅਮਰਦਾਸ ਜੀ ਨੇ ਸ੍ਰਿਸ਼ਟੀ ਰਚਨਾ ਦੇ ਹਰ ਚੱਕਰ ਦੇ ਸ਼ੁਰੂ ਹੋਣ ਵੇਲੇ ਪਰਮਾਤਮਾ ਵੱਲੋਂ ਬ੍ਰਹਮਾ ਨੂੰ ਵੇਦ ਸੌਂਪੇ ਜਾਣ ਦੇ ਪ੍ਰਚਲਿਤ ਖਿਆਲ ਦਾ ਹਵਾਲਾ ਦਿੰਦਿਆਂ ਫੁਰਮਾਇਆ ਹੈ ਕਿ ਬ੍ਰਹਮਾ ਨੂੰ ਚਾਰੇ ਵੇਦ ਸੌਂਪੇ ਗਏ ਜਿਨ੍ਹਾਂ ਨੂੰ ਪੜ੍ਹ ਪੜ੍ਹ ਕੇ ਉਹ ਵੀਚਾਰ ਵੀ ਕਰਦਾ ਰਿਹਾ ਪਰ ਫੇਰ ਵੀ ਵਿਚਾਰਾ ਉਸ ਰੱਬ ਦਾ ਹੁਕਮ ਨਾ ਸਮਝ ਸਕਿਆ ਅਤੇ ਕਦੀ ਭੁੱਲਾਂ ਅਤੇ ਕਦੀ ਚੰਗਿਆਈਆਂ ਕਰਕੇ ਕਦੀ ਨਰਕਾਂ ਅਤੇ ਕਦੀ ਸਵਰਗਾਂ ਵਿਚ ਪੈਂਦਾ ਰਿਹਾ, "ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ॥ ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ॥" (ਪੰਨਾ 423)। ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਸਮੇਂ ਸਮੇਂ ਦੇ ਵੱਡੇ ਪੁਰਖ ਬਣਾਏ ਗਏ ਜਿਨ੍ਹਾਂ ਨੂੰ ਲੋਕ ਅਵਤਾਰ ਕਰ ਕੇ ਬਿਆਨ ਕਰਦੇ ਹਨ। ਉਨ੍ਹਾਂ ਨੂੰ ਵੀ ਰੱਬ ਦਾ ਪਾਰਾਵਾਰ ਨਾ ਲੱਭਾ, "ਜੁਗਹ ਜੁਗਹ ਕੇ ਰਾਜੇ ਕੀਏ ਗਾਵਹ ਕਰਿ ਅਵਤਾਰੀ॥ ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ॥" (ਪੰਨਾ 423)। ਇਥੇ ਇਸ਼ਾਰਾ ਰਾਮ ਚੰਦਰ ਅਤੇ ਕ੍ਰਿਸ਼ਨ ਵੱਲ ਹੈ ਜੋ ਆਪਣੇ ਸਮੇਂ ਦੇ ਰਾਜਾ ਸਨ।**

## ਸਿਆਣਿਆਂ ਦਾ ਕਿਹਾ

(1) ਮੂੰਹ ਦੇ ਮਿੱਠੇ ਮੌਕਾ ਤਾੜ ਕੇ ਵੱਖੀਉਂ ਛੁਰੀ ਚਲਾਉਂਦੇ ਨੇ।
(2) ਨੇਕੀ, ਧਰਮ ਅਤੇ ਸੱਚਾਈ ਦੇ ਰਸਤੇ ਚੱਲਣ ਵਾਲਿਆਂ ਦਾ ਜੀਵਨ ਬਰਕਤਾਂ ਨਾਲ ਭਰਿਆ ਰਹਿੰਦਾ ਹੈ।
(3) ਗੁਰੂ ਨਾਨਕ ਦੇ ਪਿਆਰਿਉ, ਸੱਚ ਬੋਲੋ, ਪੂਰਾ ਤੋਲੋ।
(4) ਸਿੰਘ ਹੋ ਜਾਵਣ ਕੁਰਬਾਨ ਪਰ ਜ਼ੁਲਮ ਨਹੀਂ ਸਹਿ ਸਕਦੇ।
(5) ਖਾਲਿਸਤਾਨ ਦੀ ਪ੍ਰਾਪਤੀ ਲਈ ਪੰਥ ਦਰਦੀਓ ਰਹਿਓ ਨੱਚਦੇ ਤਲਵਾਰ ਦੀ ਧਾਰ 'ਤੇ।
(6) ਦੂਸਰੇ ਨੂੰ ਮਿਲਣ ਵੇਲੇ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ਕਹਿਣਾ ਹੈ। ਸੋਚੋ ਇਸ ਤੋਂ ਆਪਾਂ ਕਿੰਨਾ ਕੁ ਅਸਰ ਕਰਦੇ ਹਾਂ?
(7) ਗੁਰੂ ਗ੍ਰੰਥ ਸਾਹਿਬ ਤੋਂ ਬਿਨਾ ਹੋਰ ਕਿਸੇ ਗ੍ਰੰਥ ਜਾਂ ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ।
(8) ਨਾ ਦਾਜ ਲੈਣਾ ਹੈ ਅਤੇ ਨਾ ਹੀ ਦਾਜ ਦੇਣਾ ਹੈ, ਦਾਜ ਮੰਗਣ ਵਾਲਿਆਂ ਨਾਲ ਸਖਤੀ ਨਾਲ ਪੇਸ਼ ਆਉਣਾ ਹੈ।
(9) ਸਿੱਖ ਧਰਮ ਦੇ ਵਿਰੋਧੀਆਂ ਨਾਲ ਸਬੰਧ ਨਹੀਂ ਰਖਣੇ।
(10) ਕਿਸੇ ਪ੍ਰਕਾਰ ਦੀ ਮੂਰਤੀ ਪੂਜਾ ਨਹੀਂ ਕਰਨੀ।
(11) ਸਦਾ ਸੱਚ ਦੇ ਮਾਰਗ 'ਤੇ ਚਲਣਾ ਹੈ, ਸਿੱਖ ਧਰਮ ਵਿਚ ਸੱਚ ਦਾ ਮਾਰਗ ਜ਼ੁਲਮ ਨਾਲ ਟਕਰਾਉਂਦਾ ਹੈ।
(12) ਸੱਚੇ ਸਿੱਖ ਨੇ ਕਿਤੇ ਵੀ, ਕਿਸੇ ਵੀ ਪ੍ਰਕਾਰ ਦੀ ਹੋ ਰਹੀ ਬੇ ਇਨਸਾਫੀ ਦੇ ਖਿਲਾਫ ਡਟਣਾ ਹੈ।
(13) ਲਾਲਚ ਵੱਸ ਹੋ ਕੇ ਗੁਰਸਿੱਖੀ ਮਾਰਗ ਨਹੀਂ ਛੱਡਣਾ।
(14) ਕੇਸ ਕਤਲ ਕਰਵਾਉਣ ਵਾਲੇ ਸਿੱਖਾਂ ਨੂੰ ਕੇਸ ਰੱਖਣ ਲਈ ਪ੍ਰੇਰਤ ਕਰਨਾ ਅਤੇ ਪ੍ਰੇਰਤ ਕਰਦੇ ਹੀ ਰਹਿਣਾ ਹੈ।
(15) ਸਿੱਖ ਕੌਮ ਦੀ ਆਜ਼ਾਦੀ ਲਈ ਦੀਵਾਨੇ ਬਣੇ ਰਹਿਣਾ ਹੈ।
(16) ਦਸੰਵਧ ਕੱਢ ਕੇ ਸਿੱਖੀ ਪ੍ਰਚਾਰ ਲਈ ਅਤੇ ਲੋੜਵੰਦਾਂ ਵਿਚ ਵੰਡੋ।
(17) ਤੁਹਾਡੇ ਦਸਵੰਦ 'ਤੇ ਤੁਹਾਡਾ ਕੋਈ ਹੱਕ ਨਹੀਂ, ਸਗੋਂ ਜ਼ਰੂਰਤਮੰਦਾਂ ਦਾ ਹੱਕ ਹੈ।
(18) ਦਸਵੰਧ ਵਿਚੋਂ ਕੀਤੀ ਕਿਸੇ ਦੀ ਮਦਦ ਫਿਰ ਵਾਪਸ ਨਹੀਂ ਲੈਣੀ।
(19) ਅਖੰਡ ਪਾਠ ਕਰਵਾਉਣ ਵੇਲੇ ਘਟੋ ਘਟ ਸਦਾ ਹੀ ਘਰ ਦਾ ਇੱਕ ਮੈਂਬਰ ਬੈਠ ਕੇ ਵਾਰੀ ਵਾਰੀ ਪਾਠ ਸੁਣਦਾ ਰਹੇ।
(20) ਸਿੱਖ ਨੇ ਭੁੱਲ ਕੇ ਵੀ ਮੱਥੇ ਟਿੱਕਾ ਨਹੀਂ ਲਾਉਣਾ ਜਾਂ ਗੁੱਟ 'ਤੇ ਗਾਨਾ ਨਹੀਂ ਬੰਨਣਾ।
(21) ਧੀ ਅਤੇ ਪੁੱਤਰ ਨੂੰ ਬਰਾਬਰ ਦੇ ਹੱਕ ਦੇਵੋ।
(22) ਘਰ ਵਿਚ ਨੂੰਹ ਦੇ ਨਾਲ ਵੀ ਆਪਣੀ ਧੀ ਵਰਗਾ ਹੀ ਵਿਵਹਾਰ ਕੀਤਾ ਜਾਵੇ।
(23) ਸਿੱਖ ਨੇ ਸਿੰਘ ਅਤੇ ਕੌਰ ਤੋਂ ਬਿਨਾ ਨਾ ਕਿਤੇ ਅਧੂਰਾ ਨਾਮ ਲਿਖਣਾ ਹੈ, ਨਾ ਹੀ ਅਧੂਰੇ ਨਾਮ ਨਾਲ ਬਲਾਉਣਾ ਹੈ।
(24) ਨਾ ਹੀ ਸ਼ਰਾਧ ਕਰਨੇ ਹਨ ਅਤੇ ਨਾ ਹੀ ਸ਼ਰਾਧਾਂ ਵਿਚ ਹਿੱਸਾ ਲੈਣਾ ਹੈ।
(25) ਗੁਰੂ ਕੇ ਲੰਗਰਾਂ ਵਿਚ ਵੱਧ ਚੜ੍ਹ ਕੇ ਹਿੱਸਾ ਪਾਓ।
(26) ਸਾਰੇ ਦਿਨ ਜਾਂ ਸਮੇਂ ਠੀਕ ਹਨ ਕੋਈ ਮਾੜੇ ਨਹੀਂ ਹਨ। ਮਾੜੇ ਆਪਣੇ ਖਿਆਲ ਹਨ।
(27) ਕੋਈ ਵੀ ਕੰਮ ਕਰਨ ਤੋਂ ਪਹਿਲਾਂ ਅਰਦਾਸ, ਬੇਨਤੀ, ਜੋਦੜੀ ਬਹੁਤ ਜ਼ਰੂਰੀ ਹੈ।
(28) ਉਦਮ ਅਤੇ ਅਰਦਾਸ ਨਾਲ ਕੰਮ ਸ਼ੁਰੂ ਕਰੋ ਕਦੇ ਨਿਰਾਸ਼ਾ ਪੱਲੇ ਨਹੀਂ ਪਵੇਗੀ।
(29) ਸੰਗਤ 'ਚ ਬੈਠ ਕੇ ਤਾਕਤ ਦੇ ਜੋਰ ਨਹੀਂ ਬਲਕਿ ਦਲੀਲ ਨਾਲ ਗੱਲ ਕਰਨੀ ਹੈ।
(30) ਸਿੱਖ ਪਰਿਵਾਰ 'ਚ ਕਿਸੇ ਵੀ ਮੈਂਬਰ ਨੇ ਕਿਸੇ ਪ੍ਰਕਾਰ ਦਾ ਵਰਤ ਨਹੀਂ ਰੱਖਣੇ, ਸਗੋਂ ਵੱਧ ਤੋਂ ਵੱਧ ਗੁਰਬਾਣੀ ਦੇ ਪਾਠ ਕਰਨੇ ਹਨ।
(31) ਬਿਨਾ ਸੰਥਿਆ ਲੈਣ ਤੋਂ ਅੱਖਡ ਪਾਠ ਦੀ ਰੋਲ ਦੀ ਸੇਵਾ ਵਿਚ ਨਹੀਂ ਜਾਣਾ।
(32) ਗੁਰੂ ਘਰ ਜਾਣ ਵੇਲੇ ਸਾਦੇ ਲਿਬਾਸ ਵਿਚ ਜਾਣਾ ਹੈ।
(33) ਸਿੱਖ ਕਦੇ ਹਾਰਦਾ ਨਹੀਂ, ਹਾਰਦਾ ਉਹ ਹੈ ਜਿਸ ਦੀ ਜ਼ਮੀਰ ਮਰ ਜਾਵੇ।
(34) ਗ੍ਰਹਿਸਥੀ ਜੀਵਨ ਦੇ ਨਾਲ ਨਾਲ-ਜ਼ਿੰਦਗੀ ਪੰਥ ਵਾਸਤੇ ਅਤੇ ਧਰਮ ਅਸਥਾਨਾਂ ਦੀ ਪਵਿੱਤਰਤਾ ਵਾਸਤੇ ਲੱਗੇ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਸੱਚੀ ! ਸੱਚ ਦੇ ਇਰਦ-ਗਿਰਦ

*ਜਿਹਨੂੰ ਬੇਈਮਾਨੀ ਦੇ ਅਰਥਾਂ ਦਾ ਨਹੀਂ ਪਤਾ, ਉਹਦੇ ਈਮਾਨਦਾਰ ਹੋਣ ਦੀ ਗੱਲ ਸੱਚੀ ਨਹੀਂ ਹੋ ਸਕਦੀ। ਜਿਹੜਾ ਕਦੇ ਬੀਮਾਰ ਨਹੀਂ ਹੋਇਆ, ਉਹਨੂੰ ਪਤਾ ਨਹੀਂ ਹੁੰਦਾ ਕਿ ਹਸਪਤਾਲ ਕਾਹਦੇ ਲਈ ਬਣੇ ਹਨ? ਪ੍ਰੇਮੀ ਤਾਂ ਇਹ ਕਹਿੰਦੇ ਨੇ, ਰੱਬਾ ਦਿਨ ਕਾਹਨੂੰ ਬਣਾਏ, ਰਾਤਾਂ ਹੀ ਰਹਿਣ ਦੇਣੀਆਂ ਸਨ ਪਰ ਉਸ ਮਰੀਜ਼ ਦੀ ਹਾਲਤ ਦਾ ਅਹਿਸਾਸ ਕਰ ਕੇ ਵੇਖਿਓ, ਜਿਹਦੀ ਦਰਦ ਨਾਲ ਜਾਨ ਨਿਕਲਦੀ ਹੋਵੇ; ਸਿਰ 'ਤੇ ਰਾਤ ਹੋਵੇ ਅਤੇ ਦਵਾਈ ਦਾ ਪ੍ਰਬੰਧ ਸਵੇਰ ਨੂੰ ਹੋਣਾ ਹੋਵੇ। ਫਿਰ ਇਹ ਰੋਗੀ ਨੂੰ ਹੀ ਪਤਾ ਹੁੰਦੈ ਕਿ ਦੁੱਖ ਵਿਚ ਵਕਤ ਦੀ ਕੋਈ ਰਫ਼ਤਾਰ ਨਹੀਂ ਹੁੰਦੀ। ਤਸੱਲੀ ਤੇ ਸੰਤੁਸ਼ਟ ਹੋਣ ਦੀਆਂ ਸੰਭਾਵਨਾਵਾਂ ਇਸ ਯੁੱਗ ਵਿਚ ਬਣੀਆਂ ਹੀ ਨਹੀਂ। ਇਸੇ ਲਈ ਇਸ ਨੂੰ ਫ਼ਿਕਰਾਂ ਦਾ ਯੁੱਧ ਕਿਹਾ ਜਾਣ ਲੱਗ ਪਿਐ। ਕਈ ਖੱਟਣ ਤਾਂ ਨਿਕਲੇ ਹਨ ਪਰ ਬਾਰੀਂ ਬਰਸੀ ਵੀ ਖੱਟ ਕੇ ਸੁਆਹ ਨਹੀਂ ਲਿਆਏ; ਜੋ ਪੱਲੇ ਸੀ, ਉਹ ਵੀ ਗੁਆ ਆਏ ਤਾਂ ਫਿਰ ਸੋਚਣਾ ਤਾਂ ਜ਼ਰੂਰ ਪਵੇਗਾ ਕਿ ਵਕਤ ਕਈ ਵਾਰ ਲੋਕ ਬੋਲੀਆਂ ਦੇ ਅਰਥ ਹੀ ਖੋਹ ਲੈਂਦਾ ਹੈ। ਜੇ ਹੁਣ ਜੋਤਸ਼ੀ ਸਿਰਫ਼ ਪੰਡਿਤ ਹੀ ਨਹੀਂ ਬਣਦੇ ਤਾਂ ਫਿਰ 'ਉਹ ਵੀ ਹੋ ਸਕਦਾ ਜੋ ਨਹੀਂ ਹੋ ਸਕਦਾ।' ਰਾਹ ਤਾਂ ਚਲੋ ਹੁਣ ਸਾਰੇ ਖ਼ਤਰਿਆਂ ਵਾਲੇ ਹੀ ਬਣ ਗਏ ਹਨ ਪਰ ਏਦਾਂ ਦੇ ਰਾਹ ਰੱਬ ਕਿਸੇ ਨੂੰ ਨਾ ਪਾਵੇ...।*

ਸਾਰੀ ਰਾਤ ਖ਼ੁਸ਼ੀ ਵਿਚ ਗੀਤ-ਸੰਗੀਤ ਚੱਲਦਾ ਰਿਹਾ। ਮੁਰਗੇ ਚਰੂੰਢੇ ਜਾਂਦੇ ਰਹੇ। ਬੋਤਲਾਂ ਦੇ ਡੱਟ ਖੁਲ੍ਹਦੇ ਰਹੇ। ਕਿਲਕਾਰੀਆਂ ਵੱਜਦੀਆਂ ਰਹੀਆਂ। ਰਿਸ਼ਤੇਦਾਰ ਬੜ੍ਹਕਾਂ ਮਾਰਦੇ ਰਹੇ ਪਰ ਪਿੰਡ ਵਾਲੇ ਸਾਰੇ ਹੈਰਾਨ ਸਨ ਕਿ ਗੁਰਦਿਆਲ ਸਿੰਘ ਦੇ ਘਰ ਨਾ ਤਾਂ ਕੋਈ ਵਿਆਹ ਸੀ, ਨਾ ਮੁੰਡਾ ਜੰਮਿਆ ਸੀ, ਨਾ ਲੋਹੜੀ ਸੀ ਤੇ ਨਾ ਮੰਗਣੀ ਕੁੜਮਾਈ। ਏਡੀ ਵੀ ਕਿਹੜੀ ਉਹਨੇ ਕਾਰਗਿਲ ਦੀ ਜੰਗ ਜਿੱਤ ਲਈ ਸੀ! ਇਸ ਟੱਬਰ ਨੂੰ ਤਾਂ ਸੰਗ ਆਉਣੀ ਚਾਹੀਦੀ ਸੀ ਕਿ ਗੁਰਦਿਆਲ ਸਿੰਘ ਨੇ ਆਪਣੇ ਹਿੱਸੇ ਦੀ ਡੂਢ ਕਿੱਲਾ ਜ਼ਮੀਨ ਵਿਚੋਂ ਵੀਹ ਲੱਖ ਦਾ ਨਿਆਈਂ ਵਾਲਾ ਕਿੱਲਾ ਵੀ ਵੇਚ ਲਿਆ ਸੀ ਪਰ ਚਾਵਾਂ ਦਾ ਜਿਹੜਾ ਜਲੌਅ ਸਾਰੀ ਰਾਤ ਪਿੰਡ ਵਾਲੇ ਵੇਖਦੇ-ਸੁਣਦੇ ਰਹੇ, ਉਹਦੇ ਨਾਲ ਲੋਕਾਂ ਨੂੰ ਪਹਿਲੀ ਵਾਰ ਲੱਗਾ ਸੀ ਕਿ 'ਦਮਾ ਦਮ ਮਸਤ ਕਲੰਦਰ' ਦੇ ਆਹ ਅਰਥ ਹੁੰਦੇ ਹਨ। ਇਹ ਸਾਰਾ ਜਸ਼ਨ ਉਦੋਂ ਮੁੱਕਿਆ, ਜਦੋਂ ਤੜਕੇ ਕੁੱਕੜ ਨੇ ਬਾਂਗ ਦੇ ਦਿੱਤੀ ਤੇ ਗੁਰਦੁਆਰੇ ਦੇ ਸਪੀਕਰ ਥਾਣੀਂ ਭਾਈ ਨੇ 'ਸਤਿਨਾਮ ਵਾਹਿਗੁਰੂ' ਕਹਿ ਦਿੱਤਾ।

ਤੇ ਪਿੰਡ ਵਾਲਿਆਂ ਨੂੰ ਦਿਨ ਚੜ੍ਹੇ ਸਾਰੀ ਹਾਲਤ ਦਾ ਗਿਆਨ ਉਦੋਂ ਹੋਇਆ ਜਦੋਂ ਪਤਾ ਲੱਗਾ ਕਿ ਗੁਰਦਿਆਲ ਸਿੰਘ ਇਕ ਏਜੰਟ ਰਾਹੀਂ ਪੰਝੀ ਲੱਖ ਰੁਪਏ ਵਿਚ ਵੀਜ਼ਾ ਲਵਾ ਕੇ ਕੈਨੇਡਾ ਜਾਣ ਲਈ ਦਿੱਲੀ ਨੂੰ ਦਸ ਸਾਲ ਦਾ ਪੁੱਤਰ ਅਤੇ ਅੱਠ ਵਰ੍ਹਿਆਂ ਦੀ ਧੀ ਛੱਡ ਕੇ ਰਵਾਨਾ ਹੋ ਗਿਆ ਸੀ। ਸਾਰੀ ਰਾਤ ਪੈਂਦੇ ਗਿੱਧੇ ਦੀ ਧਮਾਲ ਦੇ ਅਰਥ ਹੁਣ ਖਾਨੇ ਪਏ ਸਨ। ਤੇ ਫੇਰ ਅਗਲੇ ਕਈ ਦਿਨ ਹੋਰ ਵੀ ਇਸ ਘਰ ਵਿਚ ਖ਼ਾਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ। ਗੁਰਦਿਆਲ ਦੇ ਕੈਨੇਡਾ ਪਹੁੰਚਦੇ ਸਾਰ ਹੀ ਉਹਦੀ ਪਤਨੀ ਨੇ ਮੋਤੀ ਚੂਰ ਦੇ ਲੱਡੂ ਗਲੀ-ਗੁਆਂਢ ਵਿਚ ਵੰਡੇ। ਟਾਵੇਂ-ਟੱਲੇ ਨੇੜਲੇ ਰਿਸ਼ਤੇਦਾਰ ਇਕ ਦਿਨ ਹੋਰ ਗਲਾਸੀਆਂ ਖੜਕਾਉਂਦੇ ਰਹੇ। ਪਿੰਡੋਂ ਬਾਹਰਲੇ ਸ਼ਹੀਦਾਂ ਵਾਲੇ ਗੁਰਦੁਆਰੇ ਵਿਚ ਅੰਖਡ ਪਾਠ ਦੇ ਆਰੰਭ ਹੋਏ। ਵਾਹਿਗੁਰੂ ਦਾ ਸ਼ੁਕਰਾਨਾ ਹੋਇਆ ਕਿਉਂਕਿ ਇਕ ਸਾਧਾਰਨ ਪਰਿਵਾਰ ਦੀ ਡਾਲਰਾਂ ਨਾਲ ਸਾਂਝ ਪੱਕੀ ਹੋ ਗਈ ਸੀ। ਇਸੇ ਕਰਕੇ ਗੁਰਦਿਆਲ ਦੀ ਪਤਨੀ ਹੁਣ ਆਪਣੇ ਆਪ ਨੂੰ ਬਾਕੀ ਔਰਤਾਂ ਨਾਲੋਂ ਕੁਝ ਵੱਖਰੀ ਜਿਹੀ ਮਹਿਸੂਸ ਕਰਦੀ ਸੀ। ਉਹ ਹੁਣ ਇਕ ਕੈਨੇਡੀਅਨ ਦੀ ਪਤਨੀ ਬਣ ਚੁੱਕੀ ਸੀ ਤੇ ਖੌਰੇ ਕਿਹੜੇ ਵੇਲੇ ਜਹਾਜ਼ 'ਵਾਜ਼ਾਂ ਮਾਰਨ ਲੱਗ ਪਵੇ ਕਿ 'ਨਸੀਬ ਕੁਰੇ! ਲੈ ਕੇ ਨਾਲ ਦੋਵੇਂ ਜੁਆਕ ਆ ਜਾ। ਤੈਨੂੰ ਵੀ ਨਿਆਗਰਾ ਫ਼ਾਲ ਵਾਲੇ ਮੁਲਕ ਵਿਚ ਬਦਲਦੇ ਨਸੀਬਾਂ ਦੀ ਰੌਣਕ ਵਿਖਾਈਏ। ਤੇ ਚਾਵਾਂ ਦੇ ਪਹਾੜ ਹੇਠ ਇਸ ਗੱਲ ਦਾ ਚੇਤਾ ਤਾਂ ਭੁੱਲ ਹੀ ਗਿਆ ਸੀ ਕਿ ਸ਼ਾਇਦ ਸੁਫ਼ਨਿਆਂ ਦੀ ਇਸ ਰੰਗੀਨ ਜੁਆਰੀ ਖੇਡ ਵਿਚ ਪਾਂਡਵ ਫਿਰ ਦਰੋਪਤੀ ਨੂੰ ਹਾਰਨਗੇ।

ਸਮਾਂ ਚਾਲੇ ਪਾ ਗਿਆ। ਕੱਚੇ ਪੈਰੀਂ ਆਇਆ ਗੁਰਦਿਆਲ ਪੱਕੇ ਪੈਰੀਂ ਹੋਣ ਲਈ ਸੰਘਰਸ਼ ਕਰਨ ਲੱਗ ਪਿਆ। ਵਕੀਲਾਂ ਨਾਲ ਮੱਥੇ ਜੁੜ ਗਏ। ਮਿਹਨਤ-ਮੁਸ਼ੱਕਤ ਲਈ ਹੱਡ ਦਾਅ 'ਤੇ ਲਾ ਦਿੱਤੇ। ਬਾਰਾਂ-ਪੰਦਰਾਂ ਘੰਟੇ ਕੰਮ ਕਰਦਾ। ਡਾਲਰਾਂ ਨੂੰ ਰੁਪੱਈਆਂ ਦੀ ਗੁਣਾ-ਤਕਸੀਮ ਕਰਦਾ ਪਰਿਵਾਰ ਵੱਲ ਕਦੇ-ਕਦੇ ਛੱਟਾ ਦੇ ਦਿੰਦਾ। ਪਿੰਡ ਵਾਲੇ ਇਸੇ ਕਰਕੇ ਉਹਦੀ ਪ੍ਰਸ਼ੰਸਾ ਕਰਦੇ ਸਨ ਕਿ ਚਲੋ ਵੇਚ ਕੇ ਤਾਂ ਨਿਆਈ ਵਾਲਾ ਇਕ ਕਿੱਲਾ ਗਿਆ ਸੀ ਪਰ ਨਹਿਰ ਕਿਨਾਰੇ ਦੋ ਲੈ ਲਏ। ਉਹਦਾ ਵੱਡਾ ਪੁੱਤ ਰਘਵੀਰ ਕਾਲਜ ਪੜ੍ਹਨ ਲੱਗ ਪਿਆ। ਫਿਰ ਧੀ ਜੋਤੀ ਵੀ ਪਿੰਡੋਂ ਸ਼ਹਿਰ ਪੜ੍ਹਨ ਜਾਣ ਲੱਗ ਪਈ। ਲੱਗਣ ਲੱਗ ਪਿਆ ਕਿ ਬਰਕਤਾਂ ਹੁਣ ਇਸ ਘਰ 'ਤੇ ਮਿਹਰਬਾਨ ਹੋ ਗਈਆਂ ਹਨ।

ਵਿਚਾਰੇ ਗੁਰਦਿਆਲ ਦੇ ਮਾੜੇ ਮੁਕੱਦਰਾਂ ਵਿਚ ਬਰਬਾਦੀ ਦਾ ਪਹਿਲਾ ਜਿਹੜਾ ਕਿੱਲ ਠੋਕਿਆ ਗਿਆ, ਉਹ ਸੀ ਕਿ ਪੁੱਤ ਰਘਵੀਰ ਨੇ ਕੁਸੰਗਤ 'ਚ ਪੈ ਕੇ ਨਸ਼ਿਆਂ ਦੀ ਢੇਰੀ ਵਿਚ ਸਿਰ ਫਸਾ ਲਿਆ। ਪਿਉ ਦੇ ਡਾਲਰਾਂ ਨੂੰ ਅਫ਼ਰੀਕਾ ਦੇ ਜੰਗਲਾਂ ਵਾਂਗ ਅੱਗ ਝੁਲਸਣ ਲੱਗੀ। ਨਸੀਬਾਂ ਨੂੰ ਜੰਗ ਲੱਗਦੀ ਵੇਖ ਕੇ ਵਿਚਾਰੀ ਨਸੀਬ ਕੌਰ ਨੇ ਇਕੱਲੇ ਸਰਬਣ ਪੁੱਤ ਨੂੰ ਬਥੇਰਾ ਬੁੱਕਲ ਵਿਚ ਲੈ ਕੇ ਸਮਝਾਇਆ ਪਰ "ਬੁੜੀਏ! ਅੱਗ ਲਾ ਕੇ ਫੂਕ ਦਊਂ ਸਾਰਾ ਟੱਬਰ। ਪੈਸੇ ਕੱਢ... ਤੈਨੂੰ ਸੁਣਦਾ ਨ੍ਹੀਂ, ਮੈਂ ਕਹਿਨਾ ਕੀ ਆਂ?" ਆਦਿ ਡਾਇਲਾਗ ਨਸੀਬ ਕੌਰ ਦੇ ਨਸੀਬਾਂ ਵਿਚ ਆਮ ਗੱਲ ਬਣ ਗਏ। ਤੇ ਫਿਰ ਚੰਦ ਤੇ ਸੂਰਜ ਨੂੰ ਜਿਵੇਂ 'ਕੱਠਿਆਂ ਗ੍ਰਹਿਣ ਲੱਗ ਗਿਆ ਹੋਵੇ। ਰਘਵੀਰ ਨੇ ਰਿਸ਼ਤੇਦਾਰੀ ਵਿਚੋਂ, ਲਗਦੀ ਤਾਂ ਉਂ ਭੈਣ ਈ ਸੀ ਪਰ ਉਹਦੇ ਨਾਲ ਪਿਆਰ ਦੀ ਗੰਢ ਦੇ ਲਈ। ਸਿਆਣੇ ਬੰਦਿਆਂ ਨੇ ਬੜੀਆਂ ਮੱਤਾਂ ਦਿੱਤੀਆਂ ਕਿ ਇਹਦਾ ਦਿਮਾਗ਼ ਟਿਕਾਣੇ ਆ ਜੇ, ਪਰ ਉਹ ਬੁਰੇ ਦੀ ਕੰਧ ਟੱਪ ਹੀ ਗਿਆ। ਆਰ-ਪਰਿਵਾਰ ਦੇ ਵਿਰੋਧ ਦੇ ਬਾਵਜੂਦ ਉਹ ਕੁੜੀ ਨੂੰ ਭਜਾ ਕੇ ਲੈ ਗਿਆ।

ਪਰਚਾ ਦਰਜ ਹੋਇਆ। ਨਸੀਬ ਕੌਰ ਦੇ ਵਿਹੜੇ ਵਿਚ ਘੋੜਿਆਂ ਦੇ ਪੌੜਾਂ ਵਾਂਗ ਪੁਲਿਸ ਦੇ ਬੂਟਾਂ ਦੀ ਦਗੜ-ਦਗੜ ਹੋਈ ਅਤੇ ਪੂਰੇ ਦੋ ਮਹੀਨਿਆਂ ਪਿੱਛੋਂ ਇਹ ਪ੍ਰੇਮੀ ਜੋੜਾ ਉੱਤਰਾਂਚਲ ਦੇ ਇਕ ਸ਼ਹਿਰ ਦੇ ਹੋਟਲ ਵਿਚੋਂ ਫੜਿਆ ਗਿਆ। ਗੁਰਦਿਆਲ ਸਿੰਘ ਬਥੇਰਾ ਦੰਦ ਪੀਹਵੇ ਕਿ ਪਿੰਡ ਜਾਵਾਂ ਤੇ ਇਸ ਛੋਕਰੇ ਦੀ ਗਿੱਚੀ ਭੰਨ ਦਿਆਂ ਪਰ ਵਾਘੇ ਦਾ ਬਾਰਡਰ ਬਿਨਾਂ ਕਾਗ਼ਜ਼ਾਂ ਤਾਂ ਲੰਘਿਆ ਨਹੀਂ ਸੀ ਜਾ ਸਕਦਾ! ਉਹ ਢਿੱਡ ਵਿਚ ਮੁੱਕੀਆਂ ਦੇ ਕੇ ਬੈਠ ਜਾਇਆ ਕਰੇ। ਕੁੜੀ ਦੇ ਘਰਦਿਆਂ ਨੇ ਡਰਾ-ਧਮਕਾ ਕੇ ਕੁੜੀ ਤੋਂ ਰਘਵੀਰ ਵਿਰੁਧ ਬਿਆਨ ਦਿਵਾ ਹੀ ਦਿੱਤੇ ਅਤੇ ਉਸ ਨੂੰ ਪੁਲਿਸ ਨੇ ਚੁੱਕ ਲਿਆ। ਉਧਰ ਲੁੱਡੀਆਂ ਪਾਉਣ ਵਾਲੇ ਗੁਰਦਿਆਲ ਦੀ ਕੈਨੇਡਾ ਵਿਚ ਬੇਵਸੀ ਹੋ ਗਈ। ਜ਼ਮਾਨਤ ਹੋਈ। ਰਘਵੀਰ ਘਰੇ ਆ ਗਿਆ। ਤੇ ਫਿਰ ਜਿਸ ਦਿਨ ਘਰੋਂ ਨਿਕਲਿਆ ਤਾਂ ਵਾਪਸ ਨਾ ਆਇਆ। ਘਰੇ ਜੇ ਕੁਝ ਵਾਪਸ ਗਿਆ ਤਾਂ ਉਹ ਸੀ ਰਘਵੀਰ ਦੇ ਕਤਲ ਅਤੇ ਮੌਤ ਦਾ ਪੈਗ਼ਾਮ! ਉਸੇ ਘਰ ਦੇ ਵਿਹੜੇ ਵਿਚ ਅੱਥਰੂਆਂ ਦਾ ਵਹਿਣ ਤੇ ਪਿੱਟ-ਸਿਆਪੇ ਦਾ ਸ਼ੋਰ-ਸ਼ਰਾਬਾ ਸੀ ਜਿਥੇ ਕਦੇ ਗੁਰਦਿਆਲ ਦੇ ਕੈਨੇਡਾ ਜਾਣ ਵੇਲੇ ਦਾਰੂ ਦੇ ਦਰਿਆ ਵਗੇ ਸਨ ਅਤੇ ਭੰਗੜੇ ਪਏ ਸਨ। ਘੜੀ ਦੀਆਂ ਸੂਈਆਂ ਪੁੱਠੀਆਂ ਘੁੰਮ ਗਈਆਂ। ਉਹੀ ਪੁਲਿਸ ਫਿਰ ਕੁੜੀ ਅਤੇ ਕੁੜੀ ਦੇ ਪਰਿਵਾਰ ਦੁਆਲੇ 'ਪਰਿਕਰਮਾ' ਕਰਨ ਲੱਗ ਪਈ।

ਨਸੀਬੋ ਨੇ ਗੁਰਦਿਆਲ ਨੂੰ ਬੜਾ ਕਿਹਾ, "ਐਸੀ ਖਾਣ ਨੂੰ ਵੀ ਸੁੱਟ ਖੂਹ 'ਚ, ਭੁੱਖੇ ਸੌਂ ਲਾਂ'ਗੇ। ਛੱਡ ਦੇ ਇਸ ਪਰਿਵਾਰ ਖਾਣੀ ਕੈਨੇਡਾ ਨੂੰ! ਸਾਂਭ ਲੈ ਆ ਕੇ ਜੇ ਬਾਕੀ ਬਚਦਾ ਕੁਝ ਸਾਂਭ ਹੁੰਦੈ!" ਪਰ ਗੁਰਦਿਆਲ ਜੰਗ ਦੇ ਫ਼ੈਸਲਾਕੁਨ ਦੌਰ ਵਿਚ ਸੀ। ਉਹ ਹੌਂਸਲਾ ਦਿੰਦਾ, "ਨਸੀਬ ਕੁਰੇ, ਮੈਂ ਜਾਣਦਾਂ ਕਿ ਇਕ ਦੁਆਪਰ ਕੰਸ ਨੇ ਲੁੱਟ ਲਿਐ ਪਰ ਛੇ-ਸੱਤ ਮਹੀਨੇ ਦਾ ਸਬਰ ਕਰ। ਮੈਂ ਪੱਕਾ ਹੋ ਗਿਆਂ ਤੇ ਕਾਗ਼ਜ਼ ਮਿਲਣ ਹੀ ਵਾਲੇ ਨੇ।" ਪਰ ਉਹ ਵਿਚਾਰੀ ਓਦਰਦੀ ਚਲੇ ਗਈ। ਗ਼ਮ ਨੇ ਕਾਲਜਾ ਅੰਦਰੋ-ਅੰਦਰੀ ਚਰੂੰਢ ਲਿਆ। ਸੱਧਰਾਂ ਤੇ ਸ਼ੌਕ ਦਿਵਾਲੀਏ ਹੋ ਗਏ। ਨਸੀਬ ਕੌਰ ਸ਼ੁਦਾਈਆਂ ਵਰਗੀ ਹੋ ਗਈ। ਅਚਾਨਕ ਇਸ ਘਰ ਦੀ ਧਰਤੀ ਉਦੋਂ ਫਿਰ ਕੰਬੀ ਜਦੋਂ ਨਸੀਬੋ ਸਿਰ 'ਤੇ ਪਾਥੀਆਂ ਦਾ ਟੋਕਰਾ ਲੈ ਕੇ ਅੰਦਰ ਵੜੀ ਤਾਂ ਉਸ ਨੇ ਆਪਣੀ ਧੀ ਜੋਤੀ ਨਾਲ ਪਿੰਡ ਦੇ ਹੀ ਇਕ ਮੁੰਡੇ ਨੂੰ ਗ਼ਲਤ ਹਰਕਤਾਂ ਕਰਦਿਆਂ ਵੇਖ ਲਿਆ।

ਉਹ ਟੁੱਟ ਗਈ ਕਿ ਮੂਲ ਤਾਂ ਗਿਆ ਹੀ ਸੀ, ਹੁਣ ਵਿਆਜ ਵੀ ਚੱਲਿਐ। ਪਾਥੀਆਂ ਦਾ ਟੋਕਰਾ ਵਿਹੜੇ ਵਿਚ ਖਿਲਾਰ ਦਿੱਤਾ ਅਤੇ ਧੀ ਨੂੰ ਗੁੱਤੋਂ ਖਿੱਚ ਕੇ ਅੰਦਰ ਲੈ ਗਈ। ਚਪੇੜਾਂ ਨਾਲ ਮੂੰਹ ਭੰਨਦਿਆਂ ਉਹ ਚੀਕੀ, "ਇਹ ਕਨਸਲਾਂ ਮੇਰੇ ਘਰ ਹੀ ਜੰਮਣੀਆਂ ਸਨ। ਓ ਮੇਰਿਆ ਰੱਬਾ, ਮੇਰੀ ਕੁੱਖ ਬਰਬਾਦ ਹੋ ਗਈ। ਥੋਡੇ ਲਈ ਸਤਾਰਾਂ ਸਾਲ ਹੋ ਗਏ ਨੇ, ਉਸ ਕਰਮਾਂ ਦੇ ਮਾਰੇ ਨੂੰ ਧੱਕੇ ਖਾਦਿਆਂ। ਬੇਲੱਜਿਓ, ਥੋਨੂੰ ਲੱਜ ਨਾ ਰਹੀ!!"

ਤੇ ਫਿਰ ਸਾਰੀ ਰਾਤ ਮਾਂ-ਧੀ ਦਰਮਿਆਨ ਤੋਪਾਂ ਚੱਲਦੀਆਂ ਰਹੀਆਂ। ਘਰ ਵਿਚ ਸਮਝਾਉਣ ਵਾਲਾ ਬਚਿਆ ਹੀ ਕੋਈ ਨਹੀਂ ਸੀ।

ਸਵੇਰੇ ਗੋਹਾ-ਕੂੜਾ ਕਰਦੀਆਂ ਔਰਤਾਂ ਨੇ ਜਦੋਂ ਵੇਖਿਆ ਕਿ ਤੜਕੇ ਪੰਜ ਵਜੇ ਸ਼ਮਸ਼ਾਨਘਾਟ ਵਿਚ ਸਿਵਾ ਕੀਹਦਾ ਬਲਦੈ? ਚਲੋ ਜੇ ਕੋਈ ਰਾਤੀਂ ਮਰ ਵੀ ਗਿਆ ਸੀ ਤਾਂ ਦਿਨ ਤਾਂ ਚੜ੍ਹ ਲੈਣ ਦਿੰਦੇ ਪਰ ਦਿਨ ਚੜ੍ਹਦਿਆਂ ਘੁਸਰ-ਮੁਸਰ ਹੋਣ ਲੱਗ ਪਈ ਕਿ ਨਸੀਬੋ ਵੀ ਰਾਤੀਂ ਚੜ੍ਹਾਈ ਕਰ ਗਈ। ਤੇ ਜਿਸ ਢੰਗ ਨਾਲ ਉਸ ਨੇ ਚੜ੍ਹਾਈ ਕੀਤੀ, ਉਹ ਖ਼ਤਰਨਾਕ ਬਹੁਤ ਸੀ। ਉਸ ਰਾਤ ਮਾਂ-ਧੀ ਉਲਝੀਆਂ ਰਹੀਆਂ। ਫਿਰ ਧੀ ਦੀ ਅੱਖ ਲੱਗ ਗਈ ਪਰ ਰਾਤ ਹਾਲੇ ਵੀ ਬਾਕੀ ਸੀ। ਨਸੀਬੋ ਨੇ ਜ਼ਿੰਦਗੀ ਤੋਂ ਖਹਿੜਾ ਛੁਡਾਉਣ ਦਾ ਮਨ ਬਣਾ ਲਿਆ। ਪੰਜ ਲੀਟਰ ਮਿੱਟੀ ਦੇ ਤੇਲ ਦੀ ਪੀਪੀ ਇਸ਼ਨਾਨ ਕਰਨ ਵਾਂਗ ਸਿਰ ਤੋਂ ਪਿੰਡੇ 'ਤੇ ਡੋਲ੍ਹ ਲਈ। ਫਿਰ ਤੀਲੀ ਬਲਦੇ ਸਾਰ ਹੀ ਅੱਗ ਨਹੀਂ, ਭਾਂਬੜ ਮਚ ਗਿਆ। ਇਕਹਿਰੇ ਸਰੀਰ ਤੋਂ ਅੱਗ ਦਾ ਸੇਕ ਝੱਲਿਆ ਨਾ ਜਾਵੇ। ਵਿਲਕਦੀ ਭੱਜ ਕੇ ਚੁਬਾਰੇ ਦੀਆਂ ਪੌੜੀਆਂ ਤਾਂ ਚੜ੍ਹ ਗਈ ਪਰ ਪੌੜੀਆਂ ਥਾਣੀਂ ਹੇਠਾਂ ਕਿਸ਼ਤਾਂ ਵਿਚ ਪਰਤੀ। ਬਾਹਾਂ-ਲੱਤਾਂ ਰਾਵਣ ਦੇ ਸੜਦੇ ਪੁਤਲਿਆਂ ਵਾਂਗ ਅੱਗ ਅਲੱਗ-ਅਲੱਗ ਹੋ ਕੇ ਖਿੱਲਰ ਕੇ ਡਿੱਗੀਆਂ। ਸ਼ਾਇਦ ਭਲੇ ਗੁਆਂਢੀਆਂ ਨੇ ਪੁਲਿਸ ਦੀ ਦਖ਼ਲਅੰਦਾਜ਼ੀ ਤੋਂ ਬਚਣ ਲਈ ਪਹਿਲੇ-ਪਹਿਰ ਨਸੀਬੋ ਦੀਆਂ ਬਾਕੀ ਬਚਦੀਆਂ ਹੱਡੀਆਂ ਨੂੰ ਸ਼ਮਸ਼ਾਨਘਾਟ ਵਿਚ ਦੁਬਾਰਾ ਅੱਗ ਦਿਖਾ ਦਿੱਤੀ।

ਇਸ ਤੋਂ ਪਿੱਛੋਂ ਛੇ ਕੁ ਮਹੀਨਿਆਂ ਬਾਅਦ ਗੁਰਦਿਆਲ ਕੈਨੇਡਾ ਪੱਕਾ ਤਾਂ ਹੋ ਗਿਆ ਪਰ ਉਂ ਫੱਕਾ ਨਹੀਂ ਸੀ ਰਿਹਾ। ਉਹਦੀ ਹਾਲਤ ਅਜਿਹੀ ਸੀ ਜਿਵੇਂ ਭਾਰਤ ਨੇ ਕਸ਼ਮੀਰ ਥਾਲੀ ਵਿਚ ਰੱਖ ਕੇ ਪਾਕਿਸਤਾਨ ਨੂੰ ਦੇ ਦਿੱਤਾ ਹੋਵੇ। ਇਹ ਅਖੌਤ ਉਹਨੂੰ ਫਿਰ ਸਮਝ ਆਈ ਕਿ ਉਜੜੇ ਬਾਗ਼ਾਂ ਦੇ ਗਾਲ੍ਹੜ ਪਟਵਾਰੀ ਬਣਦੇ ਕਿਵੇਂ ਹਨ।

ਖ਼ਾਨਦਾਨ 'ਚ ਸਿਰਫ਼ ਧੀ ਬਚੀ ਸੀ ਜੋਤੀ। ਗੁਰਦਿਆਲ ਨੂੰ ਲੱਗਦਾ ਕਿ ਹੁਣ ਪੁੱਤ ਅਤੇ ਧੀ ਤਾਂ ਜੋਤੀ ਹੀ ਹੈ, ਮੇਰੀ ਵਿਰਾਸਤ ਵੀ ਇਹੋ ਹੈ ਪਰ ਉਹ ਇਸ ਖ਼ਬਰ ਤੋਂ ਅਣਜਾਣ ਸੀ ਕਿ ਉਹਦੀ ਬਰਬਾਦੀ ਦਾ ਬਚਦਾ ਇਹੋ ਆਖ਼ਰੀ ਪ੍ਰਮਾਣੂ ਬੰਬ ਹੈ। ਜਿਸ ਦਿਨ 18 ਸਾਲਾਂ ਬਾਅਦ ਉਹ ਦਿੱਲੀ ਹਵਾਈ ਅੱਡੇ 'ਤੇ ਉਤਰਿਆ ਤਾਂ ਦੋ ਅਟੈਚੀ ਚੁੱਕੀ ਉਹ ਸੋਚਦਾ ਸੀ ਕਿ ਮੈਂ ਅਟੈਚੀ ਨਹੀਂ ਲੈ ਕੇ ਆਇਆ ਸਗੋਂ ਅਟੈਚੀ, ਇਕ ਬੰਦੇ ਦੀ ਲੋਥ ਲੈ ਕੇ ਆਏ ਹਨ।

ਘਰ ਪਹੁੰਚਦਿਆਂ ਹੀ ਉਹ ਧੀ ਦੇ ਗਲ ਲੱਗ ਕੇ ਰੱਜ ਕੇ ਰੋਇਆ। ਭੁੱਬਾਂ ਵੀ ਮਾਰੀਆਂ। ਡਾਲਰਾਂ ਨੂੰ ਤਾਅਨੇ ਵੀ ਮਾਰੇ ਪਰ ਜਦੋਂ ਧੀ ਦੇ ਮੂੰਹ ਵੱਲ ਵੇਖਿਆ ਤਾਂ ਉਹਦੀਆਂ ਸੁੱਕੀਆਂ ਅੱਖਾਂ ਵੇਖ ਕੇ ਲੱਗਾ ਕਿ ਇਹਦੇ 'ਤੇ ਘਰ ਵਿਚ ਹੋਈ ਪਾਣੀਪਤ ਦੀ ਦੂਜੀ ਲੜਾਈ ਦਾ ਕੋਈ ਅਸਰ ਨਹੀਂ? ਫਿਰ ਸੋਚਿਆ ਨਿਮਾਣੀ ਧੀ ਦੇ ਅੱਥਰੂ ਹੀ ਰੋ-ਰੋ ਸੁੱਕ ਗਏ ਹੋਣੇ ਆਂ।

ਮਹੀਨੇ ਕੁ ਬਾਅਦ ਜਦੋਂ ਦਰਦ ਦਾ ਵਹਿਣ ਕੁਝ ਘਟਿਆ ਤਾਂ ਜੋਤੀ ਦੇ ਹੱਥ ਪੀਲੇ ਕਰਨ ਦੀ ਗੱਲ ਹੋਣ ਲੱਗੀ ਪਰ ਉਹ ਹਰ ਵਾਰ ਆਖਦੀ, "ਪਾਪਾ ਨਹੀਂ...ਜਦੋਂ ਤੁਸੀਂ ਅਗਲੀ ਵਾਰ ਆਵੋਂਗੇ, ਫਿਰ ਸਹੀ।" ਗੱਲਾਂ-ਗੱਲਾਂ ਵਿਚ ਖਿਲਾਰ ਪੈਣਾ ਸ਼ੁਰੂ ਹੋ ਗਿਆ। ਪਿੰਡ ਵਿਚੋਂ ਹੀ ਧੂੰਆਂ ਨਿਕਲਣ ਲੱਗ ਗਿਆ ਕਿ ਜੋਤੀ ਪਿੰਡ ਦੇ ਹੀ ਇਕ ਮੁੰਡੇ ਨਾਲ ਠੀਕ ਨਹੀਂ ਹੈ। ਗੁਰਦਿਆਲ ਦੇ ਮਨ ਵਿਚ ਉਹਦੇ ਵਿਆਹ ਦੀ ਸੋਚ ਘੋੜੇ ਵਾਂਗ ਦੌੜਨ ਲੱਗ ਪਈ।

ਘਰ ਵਿਚ ਦੋ-ਚਾਰ ਰਿਸ਼ਤੇਦਾਰਾਂ ਦਾ ਅਕਸਰ ਆਉਣ-ਜਾਣ ਬਣਿਆ ਰਹਿੰਦਾ। ਸਬੱਬੀਂ ਇਕ ਦਿਨ ਜੋਤੀ 'ਕੱਲੀ ਘਰ ਸੀ ਤੇ ਇਕ ਉਹ ਬਦਕਿਸਮਤ ਬਾਪ! ਜੋਤੀ ਨੂੰ ਮਿੱਤਰ-ਪਿਆਰੇ ਨੂੰ ਮਿਲਣ ਦਾ ਸਬੱਬ ਨਹੀਂ ਸੀ ਮਿਲ ਰਿਹਾ। ਉਹ ਇਸ ਦਿਨ ਨੂੰ ਭਾਗਾਂ ਵਾਲਾ ਸਮਝਣ ਲੱਗੀ। ਫ਼ੋਨ ਉਤੇ ਉਹਨੇ ਦਿਨ ਖੜ੍ਹੇ ਹੀ ਤੈਅ ਕਰ ਲਿਆ ਸੀ ਕਿ ਅੱਧੀ ਰਾਤ ਪਿੱਛੋਂ ਘਰ ਦੀ ਪਿਛਲੀ ਕੰਧ ਨਾਲ ਛੋਟੀ ਪੌੜੀ ਲੱਗੀ ਹੋਵੇਗੀ।

ਆਥਣੇ ਗੁਰਦਿਆਲ ਦਾ ਪੁਰਾਣਾ ਪੇਂਡੂ ਮਿੱਤਰ ਜੋ ਥਾਣੇਦਾਰ ਲੱਗਾ ਹੋਇਆ ਸੀ, ਆ ਗਿਆ। ਪੈਗ-ਸ਼ੈਗ ਦਾ ਦੌਰ ਚੱਲ ਪਿਆ। ਬਾਪ ਦੀ ਮੁਰਗੇ ਵਾਲੀ ਕੌਲੀ ਵਿਚ ਨਸ਼ੇ ਦੀਆਂ ਗੋਲੀਆਂ ਘੋਲ ਦਿੱਤੀਆਂ। ਹਾਲੇ ਜੋਤੀ ਖਾਣਾ ਪਰੋਸ ਕੇ ਪਰਤੀ ਹੀ ਸੀ ਕਿ ਪੀਣ ਦਾ ਸ਼ੌਕੀਨ ਗੁਆਂਢੀ ਚੌਕੀਦਾਰ ਆ ਵੜਿਆ। ਗੁਰਦਿਆਲ ਨੇ ਉਹਨੂੰ ਉਪਰੋਂ-ਥਲੀ ਦੋ-ਤਿੰਨ ਪੈਗ ਪਿਆ ਕੇ ਕਿਹਾ, "ਲੈ ਤਾਇਆ, ਮੁਰਗਾ ਵੀ ਛਕ। ਮੈਂ ਹੋਰ ਮੰਗਵਾ ਲਵਾਂਗਾ।" ਚੌਕੀਦਾਰ ਖਿਸਕ ਗਿਆ ਤੇ ਥਾਣੇਦਾਰ ਵੀ ਟੱਲੀ ਜਿਹਾ ਹੋ ਕੇ ਤੁਰਨ ਲੱਗਿਆ ਕਹਿਣ ਲੱਗਾ, "ਗੁਰਦਿਆਲ ਰਿਵਾਲਵਰ ਕਿੱਲੀ ਨਾਲ ਹੀ ਟੰਗਿਆ ਰਹਿ ਗਿਆ ਅੰਦਰ। ਚੱਲ, ਲੈ ਲਵਾਂਗਾ। ਖ਼ਿਆਲ ਰੱਖੀਂ ਤੇ ਗੋਲੀਆਂ ਭਰੀਆਂ ਪਈਆਂ।"

ਜੋਤੀ ਇਸ ਗੱਲ ਤੋਂ ਅਣਜਾਣ ਸੀ ਕਿ ਉਹਦੀ ਚਾਲ ਸਫ਼ਲ ਨਹੀਂ ਹੋਈ। ਨੀਂਦ ਤਾਂ ਸਾਰੀ ਰਾਤ ਚੌਕੀਦਾਰ ਨੂੰ ਆਉਣੀ ਸੀ ਪਰ ਉਹ ਸੋਚਦੀ ਸੀ ਬਾਪੂ ਤਾਂ ਦੁਪਹਿਰ ਬਾਰਾਂ ਵਜੇ ਤੱਕ ਨਹੀਂ ਉਠੇਗਾ। ਤੇ ਪਿਆਰ ਪਛਵਾੜੇ ਵਾਲੀ ਕੰਧ ਤੋਂ ਅੰਦਰ ਦਾਖ਼ਲ ਹੋ ਗਿਆ। ਅੱਧ ਕੱਚੇ ਸੁੱਤੇ ਗੁਰਦਿਆਲ ਨੂੰ ਲੱਗਾ ਕਿ ਪਿਛਲੇ ਕਮਰੇ ਵਿਚੋਂ ਇਤਰਾਜ਼ਯੋਗ ਆਵਾਜ਼ ਆ ਰਹੀ ਹੈ। ਪਹਿਲਾਂ ਉਸ ਨੇ ਜੋ ਕੰਨੀਂ ਸੁਣਿਆ ਸੀ, ਬਾਰੀ ਥਾਣੀਂ ਜਗਦੀ ਬੱਤੀ ਰਾਹੀਂ ਉਹ ਅੱਖੀਂ ਵੇਖ ਲਿਆ।

(ਬਾਕੀ ਸਫਾ 31 ਉਤੇ)

## ਚਲੋ ਦੇਵ ਰਾਜ ਜੱਸਲ ਵੀ ਚਲੇ ਗਿਆ !

ਧੁੱਪੇ ਬੈਠੀਆਂ ਯਾਦਾਂ

ਅਮੀਨ ਮਲਿਕ ਹੋਰਾਂ ਵੱਲੋਂ ਕਰਵਾਈ ਸੰਨ 2000 ਦੀ ਲੰਡਨ ਵਿਚਲੀ ਵਿਸ਼ਵ ਪੰਜਾਬੀ ਕਾਨਫ਼ਰੰਸ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਮੈਂ ਅਤੇ ਹਰਭਜਨ ਹਲਵਾਰਵੀ ਵੀ ਸ਼ਾਮਲ ਸਾਂ। ਹਲਵਾਰਵੀ ਬਜ਼ੁਰਗ ਸ਼ਾਇਰ ਆਜ਼ਾਦ ਜਲੰਧਰੀ ਨੂੰ ਮਿਲ ਕੇ ਬਾਗ਼ੋ-ਬਾਗ਼ ਸੀ ਪਰ ਮੈਂ ਨਾਲ ਨਾਲ ਦੇਵ ਰਾਜ ਜੱਸਲ ਨੂੰ ਮਿਲ ਕੇ ਵੀ ਖ਼ੁਸ਼ ਸਾਂ। ਫਿਰ ਸੰਗੀਤਕਾਰ ਬਲਦੇਵ ਮਸਤਾਨੇ ਦੇ ਕਵੈਂਟਰੀ ਵਿਚਲੇ ਰਿਕਾਰਡਿੰਗ ਸਟੂਡੀਓ ਵਿਚ ਸਾਥੀ ਲੁਧਿਆਣਵੀ, ਅਮਰਜੀਤ ਚੰਦਨ ਅਤੇ ਆਜ਼ਾਦ ਹੁਰਾਂ ਨਾਲ ਦੇਵ ਰਾਜ ਜੱਸਲ ਵੀ ਮੁਸ਼ਾਇਰੇ ਵਿਚ ਮਿਲਿਆ। ਅਗਲੇ ਸੱਤ ਸਾਲਾਂ ਵਿਚ ਦਰਜਨਾਂ ਮੁਲਾਕਾਤਾਂ ਇੰਗਲੈਂਡ ਵਿਚ ਵੱਖ-ਵੱਖ ਥਾਵਾਂ 'ਤੇ ਹੁੰਦੀਆਂ ਰਹੀਆਂ। ਹਾਲੇ ਕੱਲ੍ਹ ਦੀ ਗੱਲ ਸੀ ਕਿ ਇੰਗਲੈਂਡ ਵਿਚਲੇ ਗਾਇਕਾਂ ਤੇ ਕਲਾ ਪ੍ਰੇਮੀਆਂ ਨੇ ਗੁਰਦੁਆਰੇ ਅਰਦਾਸ ਕਰਵਾਈ ਸੀ: ਕੈਂਸਰ ਤੋਂ ਪੀੜਤ ਜੱਸਲ ਤੰਦਰੁਸਤ ਹੋ ਜਾਵੇ ਤੇ ਨਾਲ ਹੀ ਖ਼ਬਰ ਆ ਗਈ, ਤੁਰ ਗਿਆ ਸਾਡਾ ਰੰਗੀਲਾ ਯਾਰ ਜੱਸਲ। ਕਈਆਂ ਨੂੰ ਭਾਵੇਂ ਇਹ ਨਾਂ ਨਵਾਂ ਲੱਗੇ ਪਰ ਦਰਜਨਾਂ ਹਿੱਟ ਗੀਤ ਦੇਣ ਵਾਲੇ ਜੱਸਲ ਨੂੰ ਏ.ਐਸ. ਕੰਗ ਦੇ ਗਾਏ ਇਕ ਗੀਤ ਕਰਕੇ ਹਰ ਪੰਜਾਬੀ ਦੁਨੀਆਂ ਭਰ ਵਿਚ ਜਾਣਦੈ, "ਖਾਓ ਪੀਓ ਐਸ਼ ਕਰੋ ਮਿੱਤਰੋ, ਦਿਲ ਪਰ ਕਿਸੇ ਦਾ ਦੁਖਾਇਓ ਨਾ...।"

ਇਸ ਗੀਤ ਨੂੰ ਹੁਣ ਫਿਰ ਧਿਆਨ ਨਾਲ ਸੁਣਿਓ ਤਾਂ ਪਤਾ ਲੱਗੇਗਾ ਕਿ ਇਹ ਹਨ ਵਿਰਸੇ ਤੇ ਪੰਜਾਬੀ ਮਾਂ-ਬੋਲੀ ਦੀ ਸੇਵਾ ਵਾਲੇ ਗੀਤ। ਜੱਸਲ ਦਾ ਇਕ ਚੁਲਬੁਲਾ ਗੀਤ ਅਮਰਿੰਦਰ ਗਿੱਲ ਨੇ ਗਾਇਐ, "ਇਹੋ ਜਿਹਾ ਲੱਭ ਦੇ ਪ੍ਰਾਹੁਣਾ ਮਾਏਂ ਮੇਰੀਏ" ਵੀ ਕਿਸੇ ਤੋਂ ਭੁੱਲਿਆ ਨਹੀਂ। ਬਤੌਰ ਗੀਤਕਾਰ ਬਲਵਿੰਦਰ ਸਫ਼ਰੀ ਤੇ ਸੁਖਸ਼ਿੰਦਰ ਸ਼ਿੰਦੇ ਸਮੇਤ ਅਨੇਕਾਂ ਗਾਇਕਾਂ ਨੇ ਉਹਨੂੰ ਸਥਾਪਨਾ ਲੈ ਕੇ ਦਿੱਤੀ ਪਰ ਉਹ ਹਮੇਸ਼ਾ ਇਹ ਕਹਿੰਦਾ ਸੀ, "ਐਸ਼ ਕਰੋ" ਵਾਲੇ ਗੀਤ ਨੇ ਮੈਨੂੰ ਪੰਜਾਬੀਆਂ ਦੇ ਨੇੜੇ ਬੜਾ ਲਿਆਂਦਾ। ਦੇਵ ਰਾਜ ਜੱਸਲ ਵਰਗਾ ਭੰਗੜਾ ਕੌਣ ਪਾ ਲਊ। ਸਾਜ਼ ਉਹ ਕਿਹੜਾ, ਜਿਹੜਾ ਉਹਨੇ ਵਜਾਇਆ ਨਹੀਂ! ਤੇ ਉਹਦੇ ਨਾਲ ਉਹਦੀ ਪਤਨੀ ਅਤੇ ਤਿੰਨ ਬੇਟੇ ਤਾਂ ਕੀ, ਉਹਦੇ ਨਾਲ ਕੋਈ ਵੀ ਸ਼ਾਇਰ, ਕਲਾਕਾਰ, ਸੰਗੀਤਕਾਰ ਤੇ ਕਲਾ-ਪ੍ਰੇਮੀ ਸ਼ਾਇਦ ਹੀ ਕਦੇ ਰੁੱਸਿਆ ਹੋਵੇ। ਉਂ ਤਾਂ ਆਪਾਂ ਕਹਿ ਦੇਨੇ ਆਂ, 'ਉੱਠ ਗਏ ਗੁਆਂਢੋਂ ਯਾਰ' ਪਰ ਜੱਸਲ ਦੀ ਮੌਤ ਨਾਲ ਲੱਗਦੈ, ਘਰੋਂ ਹੀ ਉੱਠ ਗਏ ਯਾਰ। ਇਹ ਫੋਟੋ ਕਵੈਂਟਰੀ ਦੇ ਹੀ ਇਕ ਮੇਲੇ ਦੀ ਹੈ, ਤੇ ਢੋਲਾਂ ਵਿਚ ਜੱਸਲ ਨਾਲ ਦਿਸ ਰਿਹੈ ਇੰਗਲੈਂਡ ਦਾ ਪ੍ਰਸਿੱਧ ਢੋਲੀ ਗੁਰਚਰਨ ਮੱਲ। ਇਹ ਸਮਾਗਮ ਵੀ ਮੈਨੂੰ ਇਸ ਕਰਕੇ ਚੇਤੇ ਹੈ ਕਿ ਇਥੇ ਇੰਦਰਜੀਤ ਹਸਨਪੁਰੀ ਵੀ ਸੁਣਾ ਕੇ ਗਿਆ ਸੀ, 'ਤੇਰਾ ਨਹੀਂਓ ਜੱਗ 'ਤੇ ਜਵਾਬ ਨੀ ਪੰਜਾਬਣੇ...' ਤੇ ਹੁਣ ਹੌਲ ਪੈਂਦੈ ਕਿ ਨਾ ਹਸਨਪੁਰੀ ਸਾਡੇ ਵਿਚਕਾਰ ਹੈ ਤੇ ਨਾ ਜੱਸਲ। ਲੱਲੀਆਂ (ਜਲੰਧਰ) ਵਿਚ ਜੰਮਿਆ ਦੇਵ ਰਾਜ ਜੱਸਲ ਆਪਣੀ ਯੋਗਤਾ ਤੇ ਕਿਰਦਾਰ ਤੋਂ ਕਦੇ ਵੀ ਉਣਾ ਨਹੀਂ ਦੇਖਿਆ।




-ਐਸ. ਅਸ਼ੋਕ ਭੌਰਾ

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### *ਗਰਦਣਾਂ ਦਾ ਮੁੱਲ*

ਮੇਰੇ ਮੁਲਕ ਦਾ ਬਣੇਗਾ ਕੀ ਰੱਬਾ, ਰਾਜਨੀਤੀ ਦਾ ਜਿਹੜਾ ਇਹ ਹਾਲ ਹੋਇਆ?
ਛੱਡਿਆ ਕੱਖ ਨ੍ਹੀਂ ਇਨ੍ਹਾਂ ਪੰਜਾਬ ਪੱਲੇ, ਗਾਲ ਦਿੱਤਾ ਇਹ ਜਿਧਰੋਂ ਵੀ ਗਾਲ ਹੋਇਆ
ਪੁਸ਼ਤਾਂ ਤੀਕਰ ਹੀ ਕਰਨਗੇ ਰਾਜ ਇਹੋ, ਬੰਨ੍ਹਿਆ ਵੰਸ਼ ਦਾ ਕੁਰਸੀ ਨਾ' ਕਾਲ ਹੋਇਆ!
ਇਕ ਸੀ ਫ਼ਿਕਰ ਪੰਜਾਬ ਦਾ ਕਰ ਬੈਠਾ, ਹੱਥੋਂ ਇਨ੍ਹਾਂ ਦੇ ਕਿੰਨਾ ਹਲਾਲ ਹੋਇਆ।
ਨਸ਼ਾ ਜੀਜੇ ਦੀ ਕੁਰਸੀ ਦਾ ਸਿਰ ਚੜ੍ਹਿਆ, ਸਾਲਾ ਵਾਂਗ ਟਮਾਟਰ ਦੇ ਲਾਲ ਹੋਇਆ।
ਸੁਣੇ ਲਾਰਿਆਂ ਵਾਲੇ ਬਿਆਨ ਲੱਖਾਂ, ਪਰ ਆਹ ਤਾਂ ਨਵਾਂ ਕਮਾਲ ਹੋਇਆ!
ਗਰਦਣਾਂ ਲਾਹੁਣ ਦੀਆਂ ਧਮਕੀਆਂ ਦੇਣ ਲੱਗੇ, ਕੀਤਾ ਇਕ ਹੁਣ ਜ਼ਿਮੀਂ-ਪਤਾਲ ਹੋਇਆ।

ਵਿਚਾਰ-ਚਰਚਾ

## ਇਕੀਵੀਂ ਸਦੀ ਵਿਚ "ਸਿੱਖ ਸਟੇਟ" ਦਾ ਸੁਪਨਾ-4

# ਅਜਮੇਰ ਸਿੰਘ ਦੀ ਲਿਖਤ ਅੰਦਰ 'ਕਹਿਰ' ਕਿ 'ਜ਼ਹਿਰ'

**ਸਿੱਖ ਚਿੰਤਕ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਉਤੇ ਬਹਿਸ ਜਾਰੀ ਹੈ। ਇਸ ਬਹਿਸ ਦੇ ਸਿਲਸਿਲੇ ਵਿਚ ਖੱਬੇ ਪੱਖੀ ਚਿੰਤਕ ਸ੍ਰੀ ਕਰਮ ਬਰਸਟ ਦਾ ਇਹ ਚੌਥਾ ਲੇਖ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਕਰਮ ਬਰਸਟ ਨੇ ਇਸ ਲੇਖ ਵਿਚ ਵੀ ਅਜਮੇਰ ਸਿੰਘ ਦੀਆਂ ਪੁਸਤਕਾਂ ਵਿਚਲੇ ਵਿਰੋਧਾਭਾਸਾਂ ਉਪਰ ਉਂਗਲ ਧਰਨ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਇਸ ਸਿਲਸਿਲੇ ਵਿਚ ਹੋਰ ਚਿੰਤਕਾਂ ਦੇ ਵਿਚਾਰਾਂ ਦੀ ਉਡੀਕ ਰਹੇਗੀ। ਫਿਰ ਸਪਸ਼ਟ ਕਰ ਦਈਏ ਕਿ ਅਦਾਰਾ ਪੰਜਾਬ ਟਾਈਮਜ਼ ਦਾ ਇਸ ਬਹਿਸ ਵਿਚ ਪੇਸ਼ ਕੀਤੇ ਜਾ ਰਹੇ ਵੱਖੋ ਵੱਖਰੇ ਨੁਕਤਾ ਨਿਗਾਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ**

**ਕਰਮ ਬਰਸਟ**

ਸਰਦਾਰ ਅਜਮੇਰ ਸਿੰਘ ਪੰਜਾਬੀ ਦੇ ਰਾਜਨੀਤਕ ਇਤਿਹਾਸ ਦਾ ਨਵਾਂ ਹਸਤਾਖਰ ਹੈ। ਲੱਖ ਵਿਰੋਧਾਂ ਦੇ ਬਾਵਜੂਦ ਵੀ, ਜੇ ਇਹ ਕਹਿ ਲਿਆ ਜਾਵੇ ਕਿ ਉਹ ਰਾਜਨੀਤਿਕ ਸਾਹਿਤ ਦੇ ਆਕਾਸ਼ ਵਿਚ 'ਨਵਾਂ ਨਕੋਰ ਸਿਤਾਰਾ' ਹੈ ਤਾਂ ਅਤਿ ਕਥਨੀ ਨਹੀਂ ਹੋਵੇਗੀ। ਸ਼ਬਦਾਂ ਦਾ ਸੂਤ ਕੱਤਣ ਤੇ ਫੇਰ ਬੁਣਤੀ ਪਾਉਣ ਵਿਚ ਉਸ ਨੂੰ ਵਿਸ਼ੇਸ਼ ਮੁਹਾਰਤ ਹਾਸਲ ਹੈ। ਨਿਤ ਨਵੀਂ ਲਿਖਤ ਨਾਲ ਇਹ ਰੰਗ ਹੋਰ ਦੂਣ ਸਵਾਇਆ ਹੋ ਕੇ ਕੇ ਨਿਖਰ ਰਿਹਾ ਹੈ। ਇਕ ਵਿਸ਼ੇਸ਼ ਵਿਚਾਰਧਾਰਾ ਦੇ ਨਵੇਂ ਪਾਠਕਾਂ ਨੂੰ ਰਵਾਨਗੀ ਨਾਲ ਕੀਲ ਕੇ ਬੰਨ੍ਹ ਲੈਣ ਵਿਚ ਉਹ ਕਿਸੇ ਸਪੇਰੇ ਨਾਲੋਂ ਘੱਟ ਨਹੀਂ ਹੈ। ਉਸ ਦੇ ਸ਼ਰਧਾਲੂ ਤਾਂ ਦੁਆ ਕਰਦੇ ਹੀ ਹੋਣਗੇ ਸਗੋਂ ਉਸ ਦੇ ਸੱਚੇ ਵਿਚਾਰਧਾਰਕ ਵਿਰੋਧੀ ਵੀ ਆਸ ਰੱਖਦੇ ਹਨ ਕਿ ਉਨ੍ਹਾਂ ਦੀ ਕਲਮ ਮੀਨਾਰ ਦੀਆਂ ਸਿਖਰਲੀਆਂ ਬੁਰਜੀਆਂ ਨੂੰ ਛੂਹਣ ਦਾ ਮਾਣ ਹਾਸਲ ਕਰੇ। ਆਪਣੀ ਪੁਸਤਕ ਲੜੀ "ਵੀਹਵੀਂ ਸਦੀ ਦੀ ਸਿੱਖ ਰਾਜਨੀਤੀ" ਨਾਲ ਉਨ੍ਹਾਂ ਨੇ "ਸਿੱਖ ਕੌਮ" ਦੀ ਸਿਧਾਂਤਕ ਉਸਾਰੀ ਅਤੇ ਫੇਰ ਖਾਲਿਸਤਾਨ ਦੀ ਸਥਾਪਨਾ ਦੇ ਪ੍ਰਾਜੈਕਟ ਦੀ ਜਿਹੜੀ ਹਲਾਈ ਵਗਲੀ ਸੀ, ਉਹ "1984-ਅਣਚਿਤਵਿਆ ਕਹਿਰ" ਨਾਲ ਵਾਹਣ ਦੀ ਮੁਕੰਮਲਤਾ ਵੱਲ ਵਧ ਰਹੀ ਹੈ। ਇਸ ਤੋਂ ਬਾਅਦ, ਯਕੀਨੀ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਉਹ ਖਾਲਿਸਤਾਨੀ ਲਹਿਰ ਦੀਆਂ ਸਿਧਾਂਤਕ ਕਠਿਨਾਈਆਂ ਦੇ ਨਾਲ ਨਾਲ, ਇਸ ਅੱਗੇ ਆਪਣੇ ਮਿਸ਼ਨ ਨੂੰ ਨੇਪਰੇ ਚਾੜ੍ਹਨ ਦਾ ਇਕ ਸੰਪੂਰਨ ਖਾਕਾ ਨਾ ਹੋਣ ਦੀ ਗੱਲ ਤਾਂ ਕਰਨਗੇ ਹੀ, ਸਗੋਂ ਉਮੀਦ ਹੈ ਕਿ ਅਗਲੀ ਵਾਰ ਉਨ੍ਹਾਂ ਦੀ ਵੱਧ ਦਾਬ ਇਕ ਵਾਰ ਫੇਰ "ਦੁਸ਼ਟ ਹਿੰਦੂ ਹਾਕਮਾਂ" ਦੀਆਂ ਕਮੀਨੀਆਂ ਚਾਲਾਂ ਦੀ ਬਦਖੋਈ ਕਰਨ ਤੱਕ ਸੀਮਤ ਨਹੀਂ ਰਹੇਗੀ।

ਲੇਕਿਨ ਅਜਿਹੀ ਆਸ ਦੇ ਉਲਟ ਸੋਚਣ ਵਾਲੇ ਬਹੁਤ ਸਾਰੇ ਪਾਠਕਾਂ ਕੋਲ ਵਜ਼ਨੀ ਕਾਰਨ ਮੌਜੂਦ ਹਨ। ਉਨ੍ਹਾਂ ਨੇ ਆਪਣੇ ਇਸ ਸਮੁੱਚੇ ਪ੍ਰਾਜੈਕਟ ਦਾ ਠੋਸ ਨੀਂਹ ਪੱਥਰ ਪੰਜਾਬੀ ਵਿਚ ਨਿਕਲਦੇ ਰਸਾਲੇ "ਦੇਸ ਪੰਜਾਬ" ਦੇ ਮਾਰਚ 1999 ਦੇ ਅੰਕ ਵਿਚ ਛਪੇ ਲੰਬੇ ਲੇਖ "ਵੀਹਵੀਂ ਸਦੀ ਦੀ ਸਿੱਖ ਲਹਿਰ ਦਾ ਲੇਖਾ ਜੋਖਾ" ਨਾਲ ਧਰ ਦਿੱਤਾ ਸੀ। ਸੰਪਾਦਕਾਂ ਨੇ ਇਸ ਨੂੰ "ਅਜਮੇਰ ਸਿੰਘ ਦੀ ਚੇਤਨਾ ਝੰਜੋੜੂ ਦਸਤਾਵੇਜ਼" ਦਾ ਨਾਮ ਦਿੱਤਾ ਸੀ। ਵਾਕਿਆ ਹੀ ਇਹ ਵੱਖ ਵੱਖ ਵੰਨਗੀ ਦੇ ਲੋਕਾਂ ਲਈ ਚੇਤਨਾ ਝੰਜੋੜੂ ਦਸਤਾਵੇਜ਼ ਹੀ ਸੀ। ਇਹ ਆਉਣ ਵਾਲੀਆਂ ਕਿਤਾਬਾਂ ਦਾ ਮੰਗਲਾਚਰਣ ਵੀ ਕਹੀ ਜਾ ਸਕਦੀ ਸੀ। ਕੀਹਦੀ ਚੇਤਨਾ ਝੰਜੋੜੀ ਗਈ, ਕੀਹਦੀ ਖੁੰਢੀ ਹੋ ਗਈ, ਇਸ ਦਾ ਨਿਰਣਾ ਪਾਠਕ ਖੁਦ ਕਰਦੇ ਰਹਿਣਗੇ, ਲੇਕਿਨ ਸਾਡੇ ਵਰਗੇ ਸਾਧਾਰਨ ਪਾਠਕ ਜਿਹੜੇ ਸਤੰਬਰ 1985 ਤੋਂ ਹੀ ਉਸ ਦੀ ਪਾਰਟੀ ਵਲੋਂ ਅਮਰੀਕਾ ਦੇ ਕਮਿਊਨਿਸਟ ਆਗੂ ਬਾਬ ਅਵੇਕੀਅਨ ਦੇ ਅਸਰ ਅਧੀਨ ਛਾਪੇ ਕਿਤਾਬਚੇ 'ਪੰਜਾਬੀ ਕੌਮ ਦੀ ਮੁਕਤੀ ਦਾ ਪ੍ਰੋਗਰਾਮ' ਤੋਂ ਸਿਧਾਂਤਕ ਪਿੱਛਾ ਕਰਦੇ ਆ ਰਹੇ ਸਨ, ਨੂੰ ਉਦੋਂ ਹੀ ਸ਼ੰਕਾ ਪੈਦਾ ਹੋ ਗਿਆ ਸੀ ਕਿ ਭਾਰਤ ਵਰਗੇ ਇਕ ਇਕਜੁੱਟ ਅਤੇ ਵਡੇਰੇ ਭੂਖੰਡ ਵਿਚ, ਜਿੱਥੇ ਰੂਸ ਵਾਂਗ ਕੋਈ ਵੀ 'ਕੱਲੀ ਕਹਿਰੀ ਕੌਮ ਨਹੀਂ ਹੈ ਜੋ ਦੂਸਰੀਆਂ ਕੌਮਾਂ ਨੂੰ ਦਬਾਉਂਦੀ ਹੋਵੇ, ਵਿਚ ਇਕੱਲੀਆਂ ਇਕੱਲੀਆਂ ਕੌਮਾਂ ਦੀ ਮੁਕਤੀ ਦਾ ਪ੍ਰੋਗਰਾਮ ਮਾਰਕਸਵਾਦ ਦੇ ਬੁਨਿਆਦੀ ਸੰਕਲਪਾਂ ਦੇ ਅਨੁਕੂਲ ਨਹੀਂ ਹੈ। ਅਤੇ ਉਹ ਵੀ ਉਸ ਦੌਰ ਵਿਚ ਜਦੋਂ ਸਾਮਰਾਜੀ ਵਿਤੀ ਪੂੰਜੀ ਨੇ ਨਵਬਸਤੀਆਨਾ ਸ਼ਕਲ ਦੀ ਲੁੱਟ ਦਾ ਅਸਿੱਧਾ ਰਾਹ ਫੜ ਲਿਆ ਹੋਵੇ ਅਤੇ "ਕੌਮੀ" ਕਹੀ ਜਾਂਦੀ ਸਰਮਾਏਦਾਰੀ ਨੇ ਖਰੀ ਅਜ਼ਾਦੀ ਦਾ ਅਤੇ ਕੌਮੀ ਰਾਜਾਂ ਦੀ ਉਸਾਰੀ ਦਾ ਆਪਣਾ ਇਤਿਹਾਸਕ ਮਿਸ਼ਨ ਤਿਆਗ ਕੇ ਅਜਾਰੇਦਾਰ ਸਰਮਾਏਦਾਰੀ ਦੀ ਤਾਬੇਦਾਰੀ ਪ੍ਰਵਾਨ ਕਰ ਲਈ ਹੋਵੇ। ਇਸ ਲਈ ਪੰਜਾਬੀ ਕੌਮ ਦੀ ਮੁਕਤੀ ਦੇ ਅਜੰਡੇ ਦਾ ਹਸ਼ਰ ਵੀ ਕੋਈ ਬਹੁਤਾ ਵਧੀਆ ਨਹੀਂ ਹੋਣ ਲੱਗਿਆ। ਖੈਰ! ਹੋਇਆ ਵੀ ਉਹੀ। ਪੰਜਾਬੀ ਕੌਮ ਦਾ ਸੰਕਲਪ ਇਕ ਪੜਾਅ ਤੇ ਜਾ ਕੇ ਸਿੱਖ ਕੌਮ ਵਿਚ ਪਲਟ ਗਿਆ ਅਤੇ ਇਕ ਕਮਿਊਨਿਸਟ ਪਾਰਟੀ ਦਾ ਵਰੋਲੇ ਵਾਂਗ ਉਠਿਆ ਗਰੁੱਪ, ਤੇਜ਼ੀ ਨਾਲ ਹੀ ਸਿੱਖ ਰਾਜ ਕਾਇਮ ਕਰਨ ਦੀ ਲਹਿਰ ਨਾਲ ਵਿਆਹ ਵਿਚ ਇਕੱਠੀਆਂ ਹੁੰਦੀਆਂ ਵੰਨ-ਸੁਵੰਨੀਆਂ ਅਣਜਾਣ ਪਾਰਟੀਆਂ ਵਾਂਗ ਖਿੰਡ ਪੁੰਡ ਗਿਆ। ਇਹ ਕੋਈ ਮਿਹਣੇ ਵਾਲੀ ਗੱਲ ਨਹੀਂ ਹੈ, ਇਤਿਹਾਸ ਵਿਚ ਸੈਂਕੜੇ ਹੀ ਘਟਨਾਵਾਂ ਮਿਲਦੀਆਂ ਹਨ, ਜਦੋਂ ਇਕੋ ਹੀ ਖਿਆਲਾਂ ਵਾਲੇ ਲੋਕ ਵੀ ਅੱਡ ਅੱਡ ਹੁੰਦੇ ਰਹੇ ਹਨ। ਪਰ ਇਥੇ ਤਾਂ ਅੱਡ ਹੋਣ ਦੇ ਆਸਾਰ ਪਹਿਲਾਂ ਤੋਂ ਹੀ ਮੌਜੂਦ ਸਨ ਕਿਉਂਕਿ ਨਾ ਤਾਂ ਵਿਚਾਰ ਮਿਲਦੇ ਸਨ, ਨਾ ਕੰਮ ਕਰਨ ਦੇ ਤੌਰ ਤਰੀਕੇ।

ਤੀਜੀ ਕਿਤਾਬ "1984 ਅਣਚਿਤਵਿਆ ਕਹਿਰ" ਇਕ ਬਹੁਤ ਹੀ ਸੰਵੇਦਨਸ਼ੀਲ ਮਸਲੇ ਨਾਲ ਸਬੰਧਤ ਹੈ। 3 ਜੂਨ 1984 ਤੋਂ ਲੈ ਕੇ 3 ਨਵੰਬਰ 1984 ਦੇ ਪੰਜ ਮਹੀਨਿਆਂ ਦੇ ਬਹੁਤ ਹੀ ਛੋਟੇ ਅਰਸੇ ਵਿਚ ਦੋ ਅਜਿਹੇ ਹੌਲਨਾਕ ਜਾਂ ਹੋਰ ਵੱਧ ਠੀਕ ਕਹਿਣਾ ਹੋਵੇ, ਅਜ਼ਾਦ ਭਾਰਤ ਦੇ ਇਤਿਹਾਸ ਵਿਚ ਸਿੱਖਾਂ ਨਾਲ ਦੋ ਅਜਿਹੇ ਸ਼ਰਮਨਾਕ ਤੇ ਜ਼ਲੀਲ ਕਰੂ ਵਰਤਾਰੇ ਵਾਪਰੇ ਜਿਸ ਨਾਲ ਉਨ੍ਹਾਂ ਨੇ ਤਾਂ ਜ਼ਿਹਨੀ ਅਤੇ ਜਿਸਮਾਨੀ ਤੌਰ 'ਤੇ ਹਲੂਣਿਆ ਜਾਣਾ ਹੀ ਸੀ, ਸਗੋਂ ਦੁਨੀਆਂ ਭਰ ਦੇ ਲੋਕ ਵਿਸ਼ੇਸ਼ ਕਰਕੇ ਭਾਰਤ ਦੇ ਰੋਸ਼ਨ ਖਿਆਲ ਹਿੰਦੂਆਂ ਦੇ ਜਮਹੂਰੀਅਤਪਸੰਦ ਹਿੱਸਿਆਂ ਦੀ ਰੂਹ ਵੀ ਝੰਜੋੜੀ ਗਈ। ਜੂਨ 1984 ਦੇ ਦਰਦਨਾਕ ਕਾਂਡ ਉਪਰ ਤਾਂ ਹਿੰਦੂਆਂ ਅਤੇ ਸਿੱਖਾਂ ਦੇ ਹਕੂਮਤੀ ਲਾਣੇ ਨੇ ਉਕਾ ਹੀ ਮਿੱਟੀ ਪਾ ਦਿੱਤੀ ਹੈ। ਲੇਕਿਨ ਨਵੰਬਰ 1984 ਦੇ ਮਨੁੱਖਤਾ ਵਿਰੋਧੀ ਨੀਚ ਕਾਰਨਾਮੇ ਨੂੰ ਕਮਿਸ਼ਨਾਂ ਤੇ ਕਮੇਟੀਆਂ ਦੇ ਗਧੀਗੇੜ ਵਿਚ ਪਾ ਕੇ ਦੋਸ਼ੀਆਂ ਦੀ ਭਾਫ਼ ਤੱਕ ਨਹੀਂ ਨਿਕਲਣ ਦਿੱਤੀ ਗਈ। ਹੋਂਦ-ਚਿੱਲੜ ਵਰਗੇ ਨਿੱਤ ਨਵੇਂ ਕਾਂਡ ਅਜੇ ਤੱਕ ਵੀ ਇਕ ਇਕ ਕਰਕੇ ਸਾਹਮਣੇ ਆਈਂ ਜਾ ਰਹੇ ਹਨ।

ਸਵਾਲ ਰਹਿ ਜਾਂਦਾ ਹੈ ਕਿ ਅਜਿਹੇ ਸ਼ਰਮਨਾਕ ਵਰਤਾਰਿਆਂ ਦਾ ਵਿਸ਼ਲੇਸ਼ਣ ਕਿਵੇਂ ਕੀਤਾ ਜਾਵੇ? ਇਕ ਤਰੀਕਾ ਤਾਂ ਉਹ ਹੈ ਜਿਹੜਾ ਸਿੱਖ ਭਾਈਚਾਰੇ ਦੇ ਰੋਸ਼ਨ ਖਿਆਲ ਦਾਨਿਸ਼ਵਰਾਂ ਅਤੇ ਮਨੁੱਖਤਾ ਦਾ ਦਰਦ ਸਾਂਝੀ ਬੈਠੇ, ਭਾਵੇਂ ਥੋੜੇ ਹੀ ਸਹੀ, ਲੇਕਿਨ ਧੜੱਲੇ ਨਾਲ ਹਿੰਦੂ ਭਾਈਚਾਰੇ ਵਿਚੋਂ ਸਾਹਮਣੇ ਆਏ ਲੋਕਾਂ ਨੇ ਕੀਤਾ ਹੈ। ਟੁੱਟਵੇਂ-ਵਿਰਲੇ ਲੋਕਾਂ ਨੇ ਕੇਂਦਰੀ ਹਕੂਮਤ ਦੇ ਖਿਲਾਫ਼ ਹੱਕੀ ਰੋਹ ਤੇ ਰੋਸ ਪ੍ਰਗਟ ਕਰਦੇ ਹੋਏ ਆਪਣੇ ਸਾਰੇ ਇਨਾਮ ਸਨਮਾਨ ਅਤੇ ਅਹੁਦੇ ਵਾਪਸ ਕਰ ਦਿੱਤੇ ਸਨ। ਲੇਕਿਨ ਦੁੱਖ ਦੀ ਇਸ ਭਿਆਨਕ ਘੜੀ ਵਿਚ ਵੀ ਆਪਣੇ ਹਮਧਰਮੀਆਂ ਨੂੰ ਧੀਰਜ ਰੱਖਣ ਦੀ ਤਾਕੀਦ ਕਰੀਂ ਰੱਖੀ। ਦੋਵੇਂ ਸਾਕਿਆਂ ਬਾਰੇ ਸਭ ਤੋਂ ਪਹਿਲਾਂ ਠੋਸ ਤੱਥ ਤੇ ਸਬੂਤ ਸਾਹਮਣੇ ਲਿਆ ਕੇ ਦਿੱਲੀ ਦੇ ਹਾਕਮਾਂ ਦੀ ਸੰਸਾਰ ਪੱਧਰੀ ਤੋਏ ਤੋਏ ਕਰਵਾਉਣ ਦਾ ਕਾਰਜ 'ਰੋਸ਼ਨ ਖਿਆਲ' ਹਿੰਦੂ ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁਨਾਂ ਨੇ ਹੀ ਕੀਤਾ। "ਦਿੱਲੀ ਦੰਗਿਆਂ ਦੇ ਦੋਸ਼ੀ ਕੌਣ?" ਅਤੇ "ਦਿੱਲੀ ਦੀ ਹਿੰਸਾ ਬਾਰੇ ਸੱਚਾਈ-ਕੌਮ ਦੇ ਨਾਮ ਇਕ ਰਿਪੋਰਟ" ਵਰਗੀਆਂ ਤੁਰੰਤ ਪੈਰੀਆਂ ਰਿਪੋਰਟਾਂ ਉਨ੍ਹਾਂ ਜਥੇਬੰਦੀਆਂ ਨੇ ਛਪਵਾਈਆਂ ਜਿਨ੍ਹਾਂ ਵਿਚ ਇਕ ਵੀ ਸਿੱਖ ਕਾਰਕੁਨ ਨਹੀਂ ਸੀ। ਰਜਨੀ ਕੋਠਾਰੀ, ਗੋਬਿੰਦ ਮੁਖੋਟੀ, ਜਸਟਿਸ ਵੀ.ਐਮ. ਤਾਰਕੁੰਡੇ, ਮਧੂ ਕਿਸ਼ਵਰ, ਨੰਦਿਤਾ ਹਕਸਰ ਆਦਿ ਅਨੇਕਾਂ ਨਾਮ ਹਨ, ਜਿਨ੍ਹਾਂ ਨੇ ਕਾਂਗਰਸੀ ਹਾਕਮਾਂ ਨੂੰ ਸ਼ਰੇਆਮ ਲਲਕਾਰਿਆ। ਦਿਲਚਸਪ ਗੱਲ ਇਹ ਹੈ ਕਿ ਜਾਂਚ ਪੜਤਾਲ ਕਰਨ ਵਾਲੀਆਂ ਟੀਮਾਂ ਵਿਚ ਅੱਧੀਆਂ ਤੋਂ ਵੱਧ 'ਰੋਸ਼ਨ ਖਿਆਲ' ਕੁਆਰੀਆਂ ਹਿੰਦੂ ਕੁੜੀਆਂ ਸਨ। ਇਨ੍ਹਾਂ ਜਵਾਨ ਕੁੜੀਆਂ ਨੇ ਆਪਣੀ ਅਜ਼ਮਤ ਨੂੰ ਦਾਅ ਤੇ ਲਗਾ ਕੇ ਵੀ ਵਹਿਸ਼ੀ ਦਰਿੰਦਿਆਂ ਦੀਆਂ ਭੀੜਾਂ ਨੂੰ ਸ਼ਰੇਆਮ ਵੰਗਾਰਨ ਦੀ ਹਿੰਮਤ ਦਿਖਾਈ। ਉਹ ਅਨੇਕਾਂ ਹੀ ਸਿੱਖ ਔਰਤਾਂ ਦੀ ਇੱਜ਼ਤ ਲੁੱਟਣ, ਗੁਰਧਾਮਾਂ ਅਤੇ ਵਪਾਰਕ ਅਦਾਰਿਆਂ ਨੂੰ ਸਾੜ ਫੂਕ ਦੇਣ ਦੇ ਵਿਰੁਧ ਡੱਟ ਗਈਆਂ ਸਨ। ਰਾਹਤ ਕੈਂਪਾਂ ਵਿਚ ਆਪਣੇ ਵਿਤ ਮੁਤਾਬਕ ਮਦਦ ਕਰਨ ਦਾ ਕੰਮ ਸੰਭਾਲ ਲਿਆ ਸੀ।

ਅਜਮੇਰ ਸਿੰਘ ਜਦੋਂ ਇਨ੍ਹਾਂ ਰਿਪੋਰਟਾਂ ਵਿਚੋਂ ਪੈਰ੍ਹਿਆਂ ਦੇ ਪੈਰ੍ਹੇ ਚੁੱਕ ਕੇ ਆਪਣੀ ਕਿਤਾਬ ਵਿਚ ਪੇਸ਼ ਕਰ ਰਿਹਾ ਹੈ ਤਾਂ ਉਹ ਕੇਵਲ ਦੁਹਰਾਈ ਮਾਤਰ ਕਰ ਰਿਹਾ ਮਲੂਮ ਹੁੰਦਾ ਹੈ। ਦੁਹਰਾਈ ਕਰਨਾ ਵੀ ਕੋਈ ਮਾੜੀ ਗੱਲ ਨਹੀਂ ਹੁੰਦੀ, ਲੇਕਿਨ ਜਦੋਂ ਕੋਈ ਲੇਖਕ ਆਪਣੇ ਕਿਸੇ ਵਿਸ਼ੇਸ਼ ਮੰਤਵ ਨਾਲ ਸਿੱਖ ਜਵਾਨੀ ਅੰਦਰ ਜ਼ਹਿਰ ਭਰਨ ਲਈ ਉਸ ਦੌਰ ਦੀਆਂ ਰਿਪੋਰਟਾਂ ਤੇ ਲਿਖਤਾਂ ਨੂੰ ਤੱਤੇ ਵਿਸ਼ੇਸ਼ਣ ਅਤੇ ਮਸਾਲੇ ਲਗਾ ਕੇ ਪੇਸ਼ ਕਰੇ ਤਾਂ ਉਸ ਦੀ ਨੀਅਤ ਤੇ ਸ਼ੱਕ ਹੋਣ ਲੱਗ ਪੈਂਦਾ ਹੈ। ਹੁਣ ਜੇਕਰ ਅਜਮੇਰ ਸਿੰਘ ਵਰਗੇ ਬੁਲੰਦ ਬਾਂਗ ਬੁੱਧੀਜੀਵੀ ਉਨ੍ਹਾਂ ਰਿਪੋਰਟਾਂ ਦੇ ਲਿਖਣਹਾਰਿਆਂ ਦੇ ਇਸ ਸੁੱਚੇ ਕਰਮ ਵਿਚੋਂ ਵੀ ਸਿੱਖ ਜਜ਼ਬਾਤ ਉਤੇ ਠੰਢਾ ਛਿੜਕਣ ਦੀ ਸਾਜ਼ਸ਼ ਲੱਭਣ ਦੀ ਕੋਸ਼ਿਸ਼ ਕਰਦੇ ਪ੍ਰਤੀਤ ਹੁੰਦੇ ਹਨ, ਤਾਂ ਸਮਝ ਨਹੀਂ ਆਉਂਦੀ ਕਿ ਉਹ ਕੀ ਕਰਨਾ ਚਾਹੁੰਦੇ ਹਨ?

ਜਦੋਂ ਕੋਈ ਪਾਠਕ ਪੁਸਤਕ ਲੜੀ ਦੀ ਤੀਜੀ ਕਿਤਾਬ ਪੜ੍ਹਨ ਬੈਠਦਾ ਹੈ ਤਾਂ ਕੁੱਝ ਕੁ ਪੰਨੇ ਘੋਖਣ ਤੋਂ ਬਾਅਦ ਹੀ ਇਕ ਵਾਰ ਮੁੜ ਬਦੋ ਬਦੀ ਉਸ ਵਲੋਂ ਦੂਜੀ ਕਿਤਾਬ ਵਿਚ ਸੰਸਾਰ ਪ੍ਰਸਿੱਧ ਇਤਿਹਾਸਸ਼ਾਸਤਰੀ ਈ.ਐਚ. ਕਾਰ ਦੇ ਕੇਂਦਰੀ ਕਥਨਾਂ ਦੀ ਕੀਤੀ ਵਿਆਖਿਆ ਜ਼ਿਹਨ ਵਿਚ ਉਭਰਨ ਲੱਗਦੀ ਹੈ, "ਹਰ ਲੇਖਕ ਉਤੇ ਹੀ ਆਪਣੇ ਜ਼ਮਾਨੇ ਦੀ ਭਾਰੂ ਵਿਚਾਰਧਾਰਾ ਦਾ ਰੰਗ ਚੜ੍ਹਿਆ ਹੁੰਦਾ ਹੈ .. ਇਤਿਹਾਸ ਲਿਖਣ ਲੱਗਿਆ ਉਹ ਆਪਣੇ ਜ਼ਿਹਨ ਅੰਦਰ ਪੂਰਵ ਮਨੌਤਾਂ ਬਣਾ ਕੇ ਚਲਦਾ ਹੈ। ਉਹ ਅਤੀਤ ਪ੍ਰਤੀ ਇਕ ਖਾਸ ਕਿਸਮ ਦੀ ਸਮਝ ਅਤੇ ਮਨੋਬਿਰਤੀ ਧਾਰਨ ਕਰਕੇ ਤੁਰਦਾ ਹੈ। ਇਸ ਨੁਕਤਾ ਨਿਗਾਹ ਤੋਂ ਹੀ ਉਹ ਲੋੜੀਂਦੇ ਤੱਥ ਤੇ ਵੇਰਵੇ ਇਕੱਠੇ ਕਰਦਾ ਹੈ।.. (ਦੂਜੀ ਕਿਤਾਬ ਪੰਨਾ-119) ਇਸ ਲੰਬੀ ਟੂਕ ਤੋਂ ਬਿਲਕੁਲ ਸਪਸ਼ਟ ਹੈ ਕਿ ਅਜਮੇਰ ਸਿੰਘ ਦੀਆਂ ਤਿੰਨੇ ਹੀ ਕਿਤਾਬਾਂ ਵਿਚ ਪੂਰਵ ਮਨੌਤਾਂ, ਇਕ ਖਾਸ ਕਿਸਮ ਦੀ ਸਮਝ ਤੇ ਮਨੋਬਿਰਤੀ ਦਾ ਖੁੱਲ੍ਹ ਕੇ ਮੁਜ਼ਾਹਰਾ ਕੀਤਾ ਮਿਲਦਾ ਹੈ। ਉਨ੍ਹਾਂ ਨੇ ਸਿਰਫ਼ ਉਹੀ ਤੱਥ ਤੇ ਵੇਰਵੇ ਇਕੱਤਰ ਕੀਤੇ ਹਨ, ਜਿਹੜੇ ਉਨ੍ਹਾਂ ਦੇ ਸਿੱਖ ਰਾਜ ਦੀ ਕਾਇਮੀ ਦੇ ਨਿਸ਼ਾਨੇ ਦੇ ਹੱਕ ਵਿਚ ਭੁਗਤਾਏ ਜਾ ਸਕਦੇ ਹਨ। ਇਨ੍ਹਾਂ ਤੱਥਾਂ ਨੂੰ ਅਜਿਹੇ ਅੰਦਾਜ਼ ਵਿਚ ਪਰੋਸਿਆ ਹੈ ਕਿ ਪਾਠਕ ਵਰਗ ਦੇ ਸਿੱਖ ਜਨਸਮੂਹਾਂ ਅੰਦਰ ਭਾਰਤ ਦੇਸ਼ ਅਤੇ ਹਿੰਦੂ ਭਾਈਚਾਰੇ-ਜਿਸ ਅੰਦਰ ਕਿ ਅੱਜ ਵੀ ਕਰੋੜਾਂ ਲੋਕ ਅਣਹੋਇਆਂ ਅਤੇ ਨਿਆਸਰਿਆਂ ਦੇ ਹਾਰ ਜ਼ਿੰਦਗੀ ਕੱਟ ਰਹੇ ਹਨ-ਪ੍ਰਤੀ ਅਤਿ ਦੀ ਨਫ਼ਰਤ ਪੈਦਾ ਹੋ ਜਾਵੇ। ਉਹ ਸਿੱਖਾਂ ਨੂੰ ਵਾਰ ਵਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਉਸ "ਯੁੱਧਮੱਤ" ਦੀ ਯਾਦ ਦਿਵਾਉਂਦਾ ਪ੍ਰਤੀਤ ਹੁੰਦਾ ਹੈ ਕਿ ਜਦੋਂ ਤੱਕ ਵੱਡੀ ਪੱਧਰ ਤੇ 1947 ਵਾਂਗ ਮੁਸਲਮਾਨਾਂ ਦੇ ਕੀਤੇ ਕਤਲੇਆਮਾਂ ਵਾਂਗ ਹਿੰਦੂਆਂ ਦਾ ਵਢਾਂਗਾਂ ਨਹੀਂ ਕੀਤਾ ਜਾਂਦਾ ਤਦ ਤੱਕ ਸਿੱਖ ਰਾਜ ਦੀ ਗੱਲ ਅੱਗੇ ਨਹੀਂ ਤੁਰ ਸਕਦੀ। ਉਹ ਵਾਰ-ਵਾਰ ਮੁਹੰਮਦ ਅਲੀ ਜਿਨਾਹ ਵਾਂਗ ਪੰਜਾਬ ਦੇ ਸਿੱਖਾਂ ਨੂੰ ਮੁਸਲਿਮ ਲੀਗ ਦੇ 'ਡਾਇਰੈਕਟ ਐਕਸ਼ਨ' ਦੀ ਹੀ ਦੁਹਰਾਈ ਕਰਨ ਲਈ ਪ੍ਰੇਰ ਰਿਹਾ ਨਜ਼ਰ ਆਉਂਦਾ ਹੈ। ਨਾਲ ਹੀ ਉਹ ਆਪਣੀਆਂ ਹੀ ਕਹੀਆਂ ਗੱਲਾਂ ਵੀ ਭੁੱਲ ਜਾਂਦਾ ਹੈ ਕਿ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਸਦੀਆਂ ਪੁਰਾਣੀ ਸਾਂਝ ਹੋਣ ਕਰਕੇ ਹੀ ਸਿੱਖ ਹਿੰਦੂਆਂ ਦੇ ਕਤਲ ਕਰਨ ਤੋਂ ਝਿਜਕਦੇ ਰਹੇ ਜਦਕਿ ਸੰਤ ਜੀ ਨੇ ਉਨ੍ਹਾਂ ਨੂੰ "ਯੁੱਧਮੱਤ" ਸਿਖਾਈ ਹੋਈ ਸੀ।



ਖੁਸ਼ਵੰਤ ਸਿੰਘ

ਲੇਖਕ ਨੇ ਇਹ ਵੀ ਦੱਸਿਆ ਹੋਇਆ ਹੈ ਕਿ ਸਿੱਖਾਂ ਅਤੇ ਹਿੰਦੂਆਂ ਦਾ ਮੁਸਲਮਾਨਾਂ ਨਾਲ ਸਦੀਆਂ ਤੋਂ ਖੋਰ ਹੋਣ ਕਰਕੇ 1947 ਦੇ ਫਿਰਕੂ ਕਤਲ ਦੀ ਕਾਲੀ ਅਤੇ ਸ਼ੂਕਦੀ ਹਨੇਰੀ ਦੇ ਚੁੰਧਲਾਏ ਹੋਏ ਹੀ ਉਹ ਪੂਰਬੀ ਪੰਜਾਬ ਵਿਚੋਂ ਮੁਸਲਮਾਨਾਂ ਦਾ ਲਗਭਗ ਖੁਰਾ ਖੋਜ ਮਿਟਾਉਣ ਵਿਚ ਸਫ਼ਲ ਹੋ ਗਏ ਸਨ। ਦੰਦ ਕਥਾ ਮੁਤਾਬਕ ਸਿਰਫ਼ ਮਲੇਰਕੋਟਲੇ ਅਤੇ ਲਾਗੇ ਚਾਗੇ ਦੇ ਮੁਸਲਮਾਨ ਹੀ ਬਚ ਸਕੇ ਸਨ ਕਿਉਂਕਿ ਨਵਾਬ ਸ਼ੇਰ ਮੁਹੰਮਦ ਖਾਨ ਵਲੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਖਿਲਾਫ਼ ਮਾਰੇ ਗਏ 'ਹਾਅ ਦੇ ਨਾਅਰੇ' ਦੀ ਬਦੌਲਤ ਸਿੱਖਾਂ ਨੇ ਉਨ੍ਹਾਂ ਨੂੰ ਕੁੱਝ ਨਹੀਂ ਸੀ ਕਿਹਾ। ਉਹ ਸਾਫ਼ ਸਾਫ਼ ਬਖਸ਼ੇ ਗਏ ਸਨ।

ਅਜਮੇਰ ਸਿੰਘ ਕੋਲ ਸਿੱਖ ਕੌਮ ਲਈ ਧਰਤੀ ਦੇ ਇਸ ਟੁਕੜੇ ਭਾਵ ਮੌਜੂਦਾ ਪੰਜਾਬ ਤੇ ਸਿੱਖ ਅਰਦਾਸ ਵਿਚ 'ਖਾਲਸਾ ਜੀ ਕੇ ਬੋਲ ਬਾਲੇ' ਦੇ ਸੰਕਲਪ ਨੂੰ ਸਾਕਾਰ ਕਰਨ ਲਈ ਹਿੰਦੂਆਂ ਦੀ ਵੱਢ ਟੁੱਕ ਕਰਨ ਤੋਂ ਬਿਨਾਂ ਹੋਰ ਕੋਈ ਰਸਤਾ ਦਿਖਾਈ ਨਹੀਂ ਦਿੰਦਾ। ਕਮਿਊਨਿਸਟਾਂ ਅਤੇ ਉਦਾਰਵਾਦੀ ਸਿੱਖਾਂ ਨੂੰ ਤਾਂ ਉਸ ਨੇ ਹਕਾਰਤ ਦੀ ਨਜ਼ਰ ਨਾਲ ਦੇਖਣਾ ਹੀ ਸੀ, ਸਗੋਂ ਉਹ ਤਾਂ ਖੇਤੀ ਕਰਦੇ 'ਜੱਟ ਬੂਟ' ਸਿੱਖਾਂ ਅਤੇ ਬਗਾਵਤ ਕਰਨ ਵਾਲੇ ਧਰਮੀ ਫੌਜੀਆਂ ਦੀ ਨਾਲਾਇਕੀ ਉਪਰ ਵੀ ਆਪਣਾ ਕਹਿਰ ਨਾਜ਼ਲ ਕਰਦਾ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਸੰਤ ਜੀ ਦੀ ਸਿੱਖਿਆ ਦਾ ਸਹੀ ਪਾਲਣ ਨਹੀਂ ਕੀਤਾ ਸੀ। (ਵਿਸਥਾਰ ਵਿਚ ਦੇਖੋ, ਪਹਿਲੀ ਕਿਤਾਬ ਦੀ ਚੌਥੀ ਛਾਪ, ਸਤੰਬਰ 2007 ਦਾ ਪੰਨਾ 446 ਤੋਂ 450)

ਲੇਖਕ ਦੇ ਲੁਕਵੇਂ ਇਸ਼ਾਰਿਆਂ ਵਿਚੋਂ ਸਪਸ਼ਟ ਝਲਕਦਾ ਹੈ ਕਿ ਜੇਕਰ "1984 ਦੇ ਦੋਵੇਂ ਹੀ ਅਣਚਿਤਵੇ, ਨਾ ਮੰਨਣਯੋਗ, ਨਾ ਭੁਲਣਯੋਗ ਅਤੇ ਨਾ ਬਖ਼ਸ਼ਣਯੋਗ ਕਹਿਰਾਂ" ਦੇ ਮੋੜਵੇਂ ਜਵਾਬ ਵਿਚ ਪੰਜਾਬ ਵਿਚ "ਦੁਸ਼ਟ ਹਿੰਦੂਆਂ" ਦੀ ਦੂਹਰੀ ਤੀਹਰੀ ਮਾਤਰਾ ਵਿਚ ਨਸਲਕੁਸ਼ੀ ਵਿੱਢ ਦਿੱਤੀ ਜਾਂਦੀ ਤਾਂ ਨਾ ਕੇਵਲ 'ਮੱਕਾਰ, ਡਰਪੋਕ ਅਤੇ ਕੁਲੱਛਣੇ ਹਿੰਦੂਆਂ' ਦੀ ਅਕਲ ਹੀ ਟਿਕਾਣੇ ਆ ਜਾਣੀ ਸੀ ਸਗੋਂ ਪਾਕਿਸਤਾਨ ਦੀ ਕਾਇਮੀ ਵਾਂਗ ਸਿੱਖਾਂ ਨੂੰ 'ਖਾਲਿਸਤਾਨ' ਵੀ ਮਿਲ ਜਾਣਾ ਸੀ। ਮੰਨ ਲਈਏ ਕਿ ਜੇਕਰ ਇਹ ਭਾਣਾ ਵਾਪਰ ਵੀ ਜਾਂਦਾ ਤਾਂ ਕੀ ਹੋਣਾ ਸੀ? ਲੇਖਕ ਜੀ ਨੂੰ ਤਾਂ ਕੀ ਪਤਾ ਹੋਣਾ ਸੀ, ਇਹ ਤਾਂ 1984 ਦੇ ਕਹਿਰ ਤੱਕ 'ਦੁਸ਼ਟ ਹਿੰਦੂਆਂ' ਦੇ ਭੇਤੀ ਅਤੇ ਸਾਰੀਆਂ ਮਰਜ਼ਾਂ ਦੇ ਜਾਣੀਜਾਣ ਸੰਤਾਂ ਨੂੰ ਅਤੇ ਉਨ੍ਹਾਂ ਦੇ ਬਾਅਦ ਵਿਚ ਉਭਰੇ ਪੈਰੋਕਾਰਾਂ ਨੂੰ ਅੱਜ ਤੱਕ ਵੀ ਪਤਾ ਨਹੀਂ ਲੱਗਿਆ ਕਿ ਇਸ ਖੇਤਰ ਵਿਚ ਉਨ੍ਹਾਂ ਵਿਚੋਂ ਖਾਲਸੇ ਨੂੰ ਕਿੰਨੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਦੇ ਨਜ਼ਾਰੇ ਨਸੀਬ ਹੋਣੇ ਸਨ, ਜਿਨ੍ਹਾਂ ਦਾ ਅਸੀਂ ਰੋਜ਼ ਹੀ ਅਰਦਾਸ ਵਿਚ ਸ਼ਰਧਾ ਨਾਲ ਜ਼ਿਕਰ ਕਰਦੇ ਹਾਂ। ਇਸ 'ਹਲੇਮੀ' ਰਾਜ ਦਾ ਆਰਥਿਕ, ਸਮਾਜਿਕ ਅਤੇ ਰਾਜਨੀਤਕ ਭਵਿੱਖ-ਨਕਸ਼ਾ ਕਿਹੋ ਜਿਹਾ ਹੋਣਾ ਸੀ? ਇਸ ਉਪਰ ਸਿਆਸੀ ਪੁੱਗਤ ਮਲਿਕ ਭਾਗੋਆਂ ਦੀ ਹੋਣੀ ਸੀ ਜਾਂ ਭਾਈ ਲਾਲੋਆਂ ਨੇ "ਚੌਥੇ ਪੌੜੇ" ਦੇ ਸਿੰਘ ਹੀ ਬਣੇ ਰਹਿਣਾ ਸੀ?

ਇਹ ਗੱਲ ਦੱਸਣੀ ਕੁਥਾਂ ਨਹੀਂ ਹੋਵੇਗੀ ਕਿ ਪਾਕਿਸਤਾਨ ਵਿਚ ਹੋਈਆਂ ਪਹਿਲੀਆਂ ਹੀ ਕੌਮੀ ਚੋਣਾਂ ਵਿਚ ਮੁਸਲਿਮ ਲੀਗ ਨੂੰ ਬਹੁਤ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਅਜੇ ਵੀ ਕੁੱਝ ਲੋਕ ਮਜ਼ਾਕ ਨਾਲ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਜੇਕਰ ਭਾਰਤ ਦੀ ਵੰਡ ਨੂੰ ਕੁੱਝ ਚਿਰ ਹੋਰ ਲਮਕਾ ਲਿਆ ਜਾਂਦਾ ਤਾਂ ਦੋ ਦੇਸ਼ਾਂ ਦੀ ਨੌਬਤ ਹੀ ਨਹੀਂ ਸੀ ਆਉਣੀ, ਕਿਉਂਕਿ ਕੈਂਸਰ ਦੇ ਅਸਾਧ ਰੋਗੀ ਮੁਹੰਮਦ ਅਲੀ ਜਿਨਾਹ ਨੇ ਤਾਂ ਜਲਦੀ ਹੀ ਮਰ ਜਾਣਾ ਸੀ। ਹਾਲਾਂਕਿ ਇਹ ਅੰਤਰਮੁਖੀ ਮਨੌਤਾਂ ਹੀ ਹਨ। ਉਸ ਸਮੇਂ ਘਟਨਾਕ੍ਰਮ ਨੂੰ ਜਿਸ ਮੋੜ 'ਤੇ ਲਿਜਾਇਆ ਜਾ ਚੁੱਕਾ ਸੀ, ਸਮੇਂ ਨੂੰ ਪੁੱਠਾ ਗੇੜਾ ਦੇਣਾ ਇੰਨਾ ਆਸਾਨ ਕੰਮ ਨਹੀਂ ਸੀ। ਫੇਰ ਵੀ ਇਕ ਗੱਲ ਤਾਂ ਸਾਫ਼ ਹੈ, ਕਿ ਅਜਮੇਰ ਸਿੰਘ ਦੀਆਂ ਹੁਣ ਤੱਕ ਦੀਆਂ ਤਿੰਨਾਂ ਕਿਤਾਬਾਂ ਵਿਚ ਪੇਸ਼ ਕੀਤੀਆਂ ਦਲੀਲਾਂ ਅਤੇ ਤੱਥਾਂ ਨੂੰ ਇਕ ਤੋਂ ਬਾਅਦ ਦੂਜੀ ਚੜ੍ਹਦੀ ਹੇਕ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਜਾਪਦਾ ਹੈ, ਜਿਵੇਂ ਉਨ੍ਹਾਂ ਨੇ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਸਾਂਝ ਦੀ ਕਣੀ ਨਾ ਰਹਿਣ ਦਾ ਬੀੜਾ ਚੁੱਕ ਰਖਿਆ ਹੋਵੇ। ਇਹ ਗੱਲ ਉਨ੍ਹਾਂ ਨੂੰ ਸ਼ੋਭਾ ਨਹੀਂ ਦਿੰਦੀ। ਲੇਖਕ ਵਰਗੇ ਸੂਝਵਾਨ ਬੁੱਧੀਜੀਵੀ ਤਾਂ ਸਾਡੇ ਵਰਗੇ ਮੂੜ੍ਹ ਬੰਦਿਆਂ ਨੂੰ ਵੱਖ ਵੱਖ ਫ਼ਿਰਕਿਆਂ ਵਿਚਕਾਰ ਇਸ ਤਰ੍ਹਾਂ ਸੋਹ ਦਾ ਤੱਕਲਾ ਗੱਡ ਕੇ ਰੱਖਣ ਦੀ ਵਿਓਂਤਬੱਧ ਪਹੁੰਚ ਅਪਨਾਉਣ ਤੋਂ ਵਰਜਦੇ ਹੁੰਦੇ ਹਨ। ਅਜਿਹੀ ਹੋਣੀ ਦਾ ਸਰਾਪ ਲੈ ਲੈਣ ਦਾ ਦਰਦ ਬਹੁਤ ਭਿਆਨਕ ਹੋਇਆ ਕਰਦਾ ਹੈ।

ਲੜੀ ਦੀ ਤੀਜੀ ਪੁਸਤਕ ਵਿਚ ਆਏ ਹਵਾਲਿਆਂ ਨੂੰ ਇਸ ਢੰਗ ਨਾਲ ਚੁੱਕਿਆ ਅਤੇ ਪੇਸ਼ ਕੀਤਾ ਗਿਆ ਹੈ ਕਿ ਆਮ ਸਿੱਖਾਂ ਦੇ ਮਨਾਂ ਵਿਚ ਹਿੰਦੂਆਂ ਪ੍ਰਤੀ ਬਦੋ ਬਦੀ ਜ਼ਹਿਰ ਭਰਨ ਲੱਗਦਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਕਿਤਾਬ ਜੂਨ 2009 ਭਾਵ ਖੂਨੀ ਸਾਕੇ ਤੋਂ ਕਰੀਬ 25 ਸਾਲਾਂ ਬਾਅਦ ਆਈ ਹੈ। ਇਨ੍ਹਾਂ ਪੱਚੀ ਸਾਲਾਂ ਦੌਰਾਨ ਤਾਂ ਜਮਨਾ ਦੇ ਪੁਲਾਂ ਹੇਠੋਂ ਲੰਘੇ ਪਾਣੀਆਂ ਨੇ ਡੁੱਲ੍ਹੇ ਲਹੂ ਨੂੰ ਧੋ ਧੋ ਕੇ ਬੰਗਾਲ ਦੀ ਖਾੜੀ ਰਾਹੀਂ ਹਿੰਦ ਮਹਾਂਸਾਗਰ ਦੇ ਡੂੰਘੇ ਪਾਣੀਆਂ ਵਿਚ ਜਜ਼ਬ ਕਰ ਸੁੱਟਿਆ ਹੈ। ਬਕੌਲ ਪ੍ਰਿੰਸੀਪਲ ਅਮਰਜੀਤ ਸਿੰਘ ਪਰਾਗ ਦੇ ਕਾਰਪੋਰੇਟ ਪੂੰਜੀ ਨੇ (ਕੋਈ ਬੰਦਾ ਜੇ ਚਾਹੇ ਤਾਂ ਇਸ ਨੂੰ ਬ੍ਰਾਹਮਣਵਾਦੀ ਮੈਲ ਵੀ ਕਹਿ ਸਕਦਾ ਹੈ) ਪੰਜਾਬ ਦੀ ਬੌਧਿਕ ਤੇ ਤਕਨੀਕੀ ਜਵਾਨੀ ਨੂੰ ਇਸ ਕਦਰ ਮੋਹ ਲਿਆ ਹੈ ਕਿ ਉਨ੍ਹਾਂ ਲਈ ਪੰਜਾਬ ਤਾਂ ਛੋਟਾ ਲੱਗਣਾ ਹੀ ਸੀ, ਹਿੰਦੁਸਤਾਨ ਵੀ ਗਲੋਬ ਦਾ ਟੁਕੜਾ ਮਾਤਰ ਰਹਿ ਗਿਆ ਹੈ। ਇਕ ਹਵਾਈ ਜਹਾਜ਼ ਰੋਜ਼ਾਨਾ ਭਰ ਕੇ ਬਾਹਰਲੇ ਮੁਲਕਾਂ ਨੂੰ ਜਾ ਰਿਹਾ ਹੈ। ਜਿਹੜੇ ਸੱਜਣ ਆਪਣੇ ਦੇਸ਼ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਜਾਂ ਬ੍ਰਾਹਮਣਵਾਦ ਦੇ ਖਾਰੇ ਸਮੁੰਦਰ ਦੀਆਂ ਬਾਤਾਂ ਪਾਉਂਦੇ ਹਨ, ਅਮਰੀਕਾ ਦੇ ਹਵਾਈ ਅੱਡਿਆਂ 'ਤੇ ਉਨ੍ਹਾਂ ਦੀਆਂ ਦਸਤਾਰਾਂ ਫਰੋਲੀਆਂ ਜਾ ਰਹੀਆਂ ਹਨ। ਕਛਹਿਰੇ ਉਤਾਰ ਕੇ ਤਲਾਸ਼ੀਆਂ ਹੁੰਦੀਆਂ ਹਨ। ਫਰਾਂਸ ਵਿਚ ਧਾਰਮਕ ਚਿੰਨ੍ਹਾਂ ਨੂੰ ਪਹਿਨਣ 'ਤੇ ਪਾਬੰਦੀ ਲੱਗ ਚੁੱਕੀ ਹੈ। ਕੋਈ ਸਿੱਖ ਛੋਟੀ ਕਿਰਪਾਨ ਪਹਿਨ ਕੇ ਹਵਾਈ ਜਹਾਜ਼ਾਂ ਵਿਚ ਸਫ਼ਰ ਨਹੀਂ ਕਰ ਸਕਦਾ। ਅਜੇ ਹੁਣੇ ਜਿਹੇ ਹੀ ਕਨੇਡਾ ਦੇ ਫੈਡਰਲ ਢਾਂਚੇ ਵਾਲੇ ਸੂਬੇ ਕਿਊਬੇਕ ਵਿਚ ਸਿੱਖਾਂ ਉਪਰ ਸੰਸਦ ਵਿਚ ਕਿਰਪਾਨ ਪਹਿਨਣ 'ਤੇ ਪਾਬੰਦੀ ਲੱਗੀ ਹੈ। ਇਹ ਉਹ ਸੂਬਾ ਹੈ, ਜਿਸਨੂੰ ਰਾਏਸ਼ੁਮਾਰੀ ਜ਼ਰੀਏ ਕਨੇਡਾ ਨਾਲੋਂ ਵੱਖ ਹੋਣ ਦਾ ਅਧਿਕਾਰ ਹਾਸਲ ਹੈ। ਕਰੀਬ ਇਕ ਦਹਾਕਾ ਪਹਿਲਾਂ ਹੋਈ ਰਾਏਸ਼ੁਮਾਰੀ ਵਿਚ ਕਿਊਬੇਕ ਵਾਸੀਆਂ ਨੇ ਕਨੇਡਾ ਨਾਲੋਂ ਵੱਖ ਹੋਣ ਦੇ ਖਿਲਾਫ਼ ਵੋਟਾਂ ਪਾਈਆਂ ਸਨ।

ਦੁਨੀਆਂ ਭਰ ਦੀਆਂ ਕੌਮਾਂ ਤੇ ਕੌਮੀਅਤਾਂ ਅੰਦਰ ਵੱਖ ਵੱਖ ਕਿਸਮ ਦੇ ਵਰਤਾਰੇ ਚੱਲ ਰਹੇ ਸਨ। ਕਿਤੇ ਦੋਵੇਂ ਯਮਨ ਅਤੇ ਜਰਮਨੀ ਇਕੱਠੇ ਹੋਏ ਸਨ, ਕਿਤੇ ਇੰਡੋਨੇਸ਼ੀਆ ਨਾਲੋਂ ਈਸਟ ਤਿਮੂਰ ਅੱਡ ਹੋ ਗਿਆ ਸੀ ਅਤੇ ਹੁਣੇ ਜਿਹੇ ਹੀ ਸੂਡਾਨ ਦੇ ਦੋ ਟੋਟੇ ਕਰਨ ਦਾ ਸਿਧਾਂਤਕ ਫੈਸਲਾ ਹੋਇਆ ਹੈ। ਕਿਸੇ ਵੇਲੇ ਸੋਵੀਅਤ ਯੂਨੀਅਨ ਅਤੇ ਯੂਗੋਸਲਾਵੀਆ ਟੁੱਟ ਗਏ ਸਨ ਅਤੇ ਦੋਵਾਂ ਕੋਰੀਆਂ ਦੇ ਇਕੱਠੇ ਹੋਣ ਦੀ ਗੱਲ ਚੱਲ ਚੁੱਕੀ ਹੈ। ਕੋਈ ਵੀ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਭਾਰਤ ਅਤੇ ਪਾਕਿਸਤਾਨ ਕਦੇ ਇਕੱਠੇ ਹੋ ਹੀ ਨਹੀਂ ਹੋ ਸਕਦੇ? ਦਿੱਲੀ ਦੇ ਭਿਆਨਕ ਸਾਕੇ ਨੂੰ

ਹੱਡੀਂ ਹੰਢਾਉਣ ਵਾਲੇ ਕਿੰਨੇ ਕੁ ਸ਼ਹਿਰੀ ਸਿੱਖਾਂ ਨੂੰ ਅੱਜ ਦਾ ਪੰਜਾਬ ਸਨਮਾਨਯੋਗ ਰੁਜ਼ਗਾਰ ਅਤੇ ਰੋਟੀ ਦੇ ਸਕਦਾ ਹੈ? ਤਦ ਘੱਟਗਿਣਤੀ ਹੋਣ ਦਾ ਸੰਤਾਪ ਭੋਗਣ ਦੀਆਂ ਗੱਲਾਂ ਕਰਨ ਵਾਲੇ, ਅੱਜ ਦੀ ਸਿੱਖ ਜਵਾਨੀ ਨੂੰ ਪੁੱਛ ਕੇ ਤਾਂ ਦੇਖ ਲੈਣ ਕਿ ਉਹ ਆਖਰ ਚਾਹੁੰਦੀ ਕੀ ਹੈ?

ਅਰੰਭਲੇ ਦੌਰ ਦੇ ਕਮਿਊਨਿਸਟ ਮੁਲਕਾਂ ਦੀ ਪਹਿਲ-ਤਾਜ਼ਗੀ ਰਹਿਣ ਤੱਕ, ਅੱਜ ਦੇ ਨਵਬਸਤੀਆਨਾ ਲੁੱਟ ਦੇ ਸਮੇਂ ਅਰਥਾਤ ਕਾਰਪੋਰੇਟੀ ਯੁੱਗ ਵਿਚ ਅਜੇ ਤੱਕ ਕੋਈ ਵੀ ਅਜਿਹਾ ਮੁਲਕ ਨਹੀਂ ਬਣ ਸਕਿਆ, ਜਿਥੇ ਘੱਟਗਿਣਤੀ ਕੌਮੀਅਤਾਂ, ਧਾਰਮਕ ਘੱਟਗਿਣਤੀਆਂ ਅਤੇ ਨਸਲੀ ਸਮੂਹਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਭਾਰੂ ਫ਼ਿਰਕਿਆਂ ਜਾਂ ਭਾਈਚਾਰਿਆਂ ਦੀ ਧੰਗੇੜ ਨਾ ਝੱਲਣੀ ਪੈ ਰਹੀ ਹੋਵੇ। (ਕਹਿਣ ਤੋਂ ਭਾਵ ਇਹ ਨਹੀਂ ਕਿ ਇਹ ਧੰਗੇੜ ਮੁੱਕ ਨਹੀਂ ਸਕਦੀ ਜਾਂ ਮੁੱਕਣੀ ਨਹੀਂ ਚਾਹੀਦੀ, ਲੇਕਿਨ ਇਸਨੂੰ ਮੁਕਾਉਣ ਦਾ ਵੱਧ ਦਰੁਸਤ ਰਾਹ ਉਹੀ ਹੈ, ਜੋ ਅਜਮੇਰ ਬਾਈ ਅੱਜ ਤੋਂ ਤੀਹ ਕੁ ਵਰ੍ਹੇ ਪਹਿਲਾਂ ਦੱਸਿਆ ਕਰਦਾ ਸੀ) ਖ਼ੁਦ ਧਰਮ ਦੇ ਆਧਾਰ 'ਤੇ ਵੱਖਰੇ ਹੋਏ ਪਾਕਿਸਤਾਨ ਵਿਚੋਂ ਹੀ 24 ਸਾਲਾਂ ਦੇ ਅੰਦਰ ਹੀ ਮੁਸਲਿਮ ਬੰਗਾਲੀ ਕੌਮੀਅਤ ਨੇ ਆਪਣਾ ਵੱਖਰਾ ਦੇਸ਼ ਬਣਾ ਲਿਆ ਸੀ। ਭਾਵੇਂ ਕਿ ਇਹਦੇ ਪਿੱਛੇ ਭਾਰਤ ਦੇ ਪਸਾਰਵਾਦੀ ਹਾਕਮਾਂ ਦੀ ਵੀ ਭੂਮਿਕਾ ਸੀ, ਤਦ ਵੀ ਕਿਸੇ ਵਰਤਾਰੇ ਨੂੰ ਸਿਰਫ਼ ਬਾਹਰੀ ਸ਼ਕਤੀਆਂ ਦੇ ਸਿਰ ਮੜ੍ਹ ਕੇ ਮਸਲੇ ਦੀ ਅਹਿਮੀਅਤ ਨੂੰ ਨਹੀਂ ਝੁਠਲਾਇਆ ਜਾ ਸਕਦਾ। ਜਦੋਂ ਤੱਕ ਕਿਸੇ ਪਰਿਵਾਰ, ਵਿਅਕਤੀ ਅਤੇ ਕੌਮ ਅੰਦਰ ਬਾਹਰੋਂ ਸੰਨ੍ਹ ਲਾਉਣ ਦੀ ਗੁੰਜਾਇਸ਼ ਨਾ ਹੋਵੇ, ਬਾਹਰੀ ਸ਼ਕਤੀਆਂ ਕੁੱਝ ਵੀ ਨਹੀਂ ਕਰ ਸਕਦੀਆਂ ਹੁੰਦੀਆਂ। ਅਜਮੇਰ ਸਿੰਘ ਇਸ ਮਸਲੇ 'ਤੇ ਆਪ ਹੀ ਉਨ੍ਹਾਂ ਲੋਕਾਂ ਨੂੰ ਜਚਵਾਂ ਜਵਾਬ ਦੇ ਚੁੱਕੇ ਹਨ, ਜਿਹੜੇ ਸੰਤ ਭਿੰਡਰਾਵਾਲੇ ਨੂੰ ਨਿਰੋਲ ਕਾਂਗਰਸ ਦਾ ਏਜੰਟ ਕਹਿ ਕੇ ਭੰਡਦੇ ਆ ਰਹੇ ਹਨ। ਪਾਕਿਸਤਾਨ ਅੰਦਰ ਅੱਜ ਧਾਰਮਿਕ ਘੱਟਗਿਣਤੀਆਂ ਅਤੇ ਸਿੰਧੀ, ਬਲੋਚਾਂ, ਪਖਤੂਨਾਂ ਅਤੇ 1947 ਵਿਚ ਗਏ ਹਿਜ਼ਰਤੀਆਂ ਦੀ ਕੀ ਹਾਲਤ ਹੈ? ਕਿਸੇ ਕੋਲੋਂ ਭੁੱਲੀ ਹੋਈ ਨਹੀਂ। ਧਰਮ ਨਿੰਦਕਾਂ ਦੇ ਬੇਸਿਰ ਪੈਰ ਦੋਸ਼ ਲਗਾ ਕੇ ਜਿਵੇਂ ਈਸਾਈਆਂ 'ਤੇ ਹਮਲੇ ਕੀਤੇ ਗਏ ਹਨ ਅਤੇ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਅਤੇ ਧਾਰਮਿਕ ਘੱਟਗਿਣਤੀਆਂ ਦੇ ਈਸਾਈ ਵਜ਼ੀਰ ਸ਼ਾਹਬਾਜ਼ ਭੱਟੀ ਦੇ ਉਪਰੋਥਲੀ ਕਤਲ ਹੋਏ ਹਨ, ਇਹ ਕਿਸੇ ਵੀ ਮਜਹਬੀ ਸਟੇਟ ਦੀ ਕਰੂਰਤਾ ਦੇ ਨਮੂਨੇ ਮਾਤਰ ਹਨ। ਅਜਮੇਰ ਸਿੰਘ ਅਤੇ ਉਸਦੇ ਪ੍ਰਸ਼ੰਸਕ 4 ਮਾਰਚ ਦੀ 'ਇੰਡੀਅਨ ਐਕਸਪ੍ਰੈਸ' ਅਖਬਾਰ ਅੰਦਰ 'ਇਕ ਹੋਰ ਕਤਲ' ਸਿਰਲੇਖ ਹੇਠ ਛਪੀ ਇਸਲਾਮਾਬਾਦ ਦੀ ਬਾਜ਼ਮੀਰ ਕਾਲਮਨਵੀਸ ਆਇਸ਼ਾ ਸਿਦੀਕਾ ਦੀ ਰਿਪੋਰਟ ਪੜ੍ਹਕੇ ਤਾਂ ਵੇਖਣ! ਆਤਮਾ ਕੰਬ ਕੇ ਰਹਿ ਜਾਵੇਗੀ।

ਜੇਕਰ ਭਾਰਤ ਵਿਚ ਵੀ 'ਦੁਸ਼ਟ ਹਿੰਦੂਆਂ' ਦੀ ਮਜਹਬੀ ਸਟੇਟ ਹੁੰਦੀ ਤਾਂ ਸਿੱਖਾਂ ਦੀ ਅੱਜ ਉਹ ਹਾਲਤ ਨਾ ਹੁੰਦੀ, ਜੋ ਅੱਜ ਹੈ। ਮਨਮੋਹਨ ਜਾਂ ਖੁਸ਼ਵੰਤ ਸਿੰਘ ਵਰਗਿਆਂ ਨੂੰ ਸਿਰਫ਼ 'ਚਕਰੈਲ' ਜਾਂ 'ਮਿਲਵਰਤਨੀਏ' ਕਹਿਣ ਨਾਲ ਗੱਲ ਨਹੀਂ ਬਣਨੀ। ਭਾਰਤੀ ਸਟੇਟ ਦੇ ਅਹਿਮ ਅੰਗ ਫੌਜ ਵਿਚ ਅਫਸਰਾਂ ਦੀ ਗਿਣਤੀ 22 ਫੀਸਦੀ ਅਤੇ ਆਮ ਫੌਜੀਆਂ ਦੀ ਗਿਣਤੀ 12 ਫੀਸਦੀ ਚਕਰੈਲਾਂ ਨਾਲ ਭਰੀ ਹੋਈ ਨਹੀਂ ਹੋਣੀ ਸੀ। ਕਿਸੇ ਸਿੱਖ ਨੇ ਭਾਵੇਂ ਉਹ ਚਕਰੈਲ ਹੀ ਹੈ, ਇਕੋ ਵੇਲੇ ਹਿੰਦੂ ਸਟੇਟ ਦਾ ਪ੍ਰਧਾਨ ਮੰਤਰੀ, ਭਾਰਤੀ ਫੌਜਾਂ ਦਾ ਮੁਖੀ ਅਤੇ ਯੋਜਨਾ ਕਮਿਸ਼ਨ ਦਾ ਚੇਅਰਮੈਨ ਨਹੀਂ ਬਣ ਸਕਣਾ ਸੀ। ਜੇਕਰ ਸਿੱਖਾਂ ਦੀ ਹਿੰਦੂਆਂ ਨਾਲ ਸੱਚੀਓਂ ਹੀ ਹਜ਼ਾਰਾਂ ਸਦੀਆਂ ਦੀ ਅੰਦਰੂਨੀ ਸਾਂਝ ਨਾ ਹੁੰਦੀ ਤਾਂ ਨਾ ਉਨ੍ਹਾਂ ਦੇ ਜਾਤ ਗੋਤ ਇਕ ਹੋਣੇ ਸਨ ਤੇ ਨਾ ਹੀ ਅੰਤਰਧਰਮੀ ਵਿਆਹ। ਨਾ ਹੀ ਔਖੀਆਂ ਘੜੀਆਂ ਵਿਚ ਕਿਸੇ ਨੇ ਕਿਸੇ ਦੀ ਮਦਦ ਤੇ ਆਉਣਾ ਸੀ। ਨਵੰਬਰ 1984 ਦਾ ਖੂਨੀ ਕਾਂਡ ਇਕ ਅਪਵਾਦ ਸੀ ਅਤੇ ਇਹਦੇ ਲਈ ਜ਼ਮੀਨ ਵੀ ਪੰਜਾਬ ਵਿਚ ਹੀ ਤਿਆਰ ਕੀਤੀ ਗਈ ਸੀ।

ਉਂਜ ਦੰਗਾਕਾਰੀਆਂ ਦਾ ਕੋਈ ਧਰਮ ਨਹੀਂ ਹੁੰਦਾ। ਪੂਰਬੀ ਪੰਜਾਬ ਦੇ ਲੋਕ 1947 ਵਿਚ ਦੇਖ ਚੁੱਕੇ ਹਨ ਕਿ ਜਦੋਂ ਮੁਸਲਮਾਨਾਂ ਦੇ ਵਢਾਂਗੇ ਦਾ ਸਵਾਲ ਆਇਆ ਤਾਂ ਸਿੱਖ ਸਭ ਤੋਂ ਅੱਗੇ ਸਨ। 1984 ਵਿਚ ਤਾਂ ਸਿਰਫ਼ ਤਿੰਨ ਦਿਨ ਦੀ ਗੱਲ ਸੀ ਲੇਕਿਨ 1947 ਵਿਚ ਇਹ ਕਤਲੇਆਮ ਕਰੀਬ ਛੇ ਮਹੀਨੇ ਤੱਕ ਚਲਦਾ ਰਿਹਾ ਸੀ। ਅਜਮੇਰ ਸਿੰਘ ਮਿਸਲਾਂ ਦੇ ਜ਼ਮਾਨੇ ਬਾਰੇ ਲਿਖਦਾ ਹੈ, ਸਿੰਘਾਂ ਦਾ ਸਦਾਚਾਰ ਇੰਨਾ ਬੁਲੰਦ ਸੀ ਕਿ ਉਹ ਕਿਸੇ ਔਰਤ ਜਾਂ ਬੇਹਥਿਆਰੇ ਵਿਅਕਤੀ ਉਤੇ ਹੱਥ ਨਹੀਂ ਸੀ ਚੁੱਕਦੇ। (ਤੀਜੀ ਕਿਤਾਬ ਦਾ ਪੰਨਾ-25) ਲੇਕਿਨ ਅੱਗੇ ਜਾ ਕੇ ਉਹ ਖੁਦ ਹੀ ਆਪਣੀ ਇਸ ਕਹੀ ਗੱਲ ਨੂੰ ਕੱਟਦਾ ਤੁਰਿਆ ਜਾਂਦਾ ਹੈ। "ਜਦੋਂ ਬੰਦਾ ਸਿੰਘ ਬਹਾਦਰ ਦਾ ਸਮਾਣੇ ਉਤੇ ਰੋਹ ਨਾਜ਼ਲ ਹੋਇਆ ਤਾਂ ਸਿੰਘਾਂ ਨੇ ਇਨ੍ਹਾਂ ਸਾਰੇ ਦੋਖੀਆਂ ਦੇ ਖੁਰੇ ਲੱਭ ਕੇ ਉਨ੍ਹਾਂ ਦਾ ਟੱਬਰਾਂ ਸਮੇਤ ਸਫਾਇਆ ਕਰ ਦਿੱਤਾ.. ਸਢੌਰੇ ਦੇ ਪਾਪੀ ਖਾਨਦਾਨ ਦਾ ਸਫਾਇਆ ਕਰਕੇ ਹੀ ਸਬਰ ਨਹੀਂ ਸੀ ਆਇਆ ਉਨ੍ਹਾਂ ਗੁੱਸੇ ਵਿਚ ਆ ਕੇ ਇਸ 'ਪਾਪ ਦੀ ਨਿਸ਼ਾਨੀ' ਨੂੰ ਸਬੂਤਾ ਹੀ ਫਨਾਹ ਕਰ ਦਿੱਤਾ ਸੀ।" (ਪੰਨਾ-67) "ਅਬਦੁਲ ਰਜ਼ਾਕ ਨਾਂ ਦੇ ਕਾਜ਼ੀ ਦੇ ਪਿੰਡ ਅਲੀਗੜ੍ਹ ਜਾ ਕੇ ਉਸਦੇ ਸਾਰੇ ਖਾਨਦਾਨ ਦਾ ਖਾਤਮਾ ਕਰ ਦਿੱਤਾ ਸੀ ਜਿਸ ਮੁਫਤੀ ਨੇ ਭਾਈ ਸਾਹਿਬ ਨੂੰ ਸਜ਼ਾ ਸੁਣਾਈ ਸੀ ਉਸ ਦੇ ਟੱਬਰ ਦਾ ਸਫਾਇਆ ਕਰ ਦਿੱਤਾ ਸੀ...।" (ਪੰਨਾ-68) "ਸਿੰਘਾਂ ਨੇ ਮੋਰਿੰਡੇ ਦੇ ਰੰਘੜਾਂ ਨੂੰ ਸਮੁੱਚੇ ਪਰਿਵਾਰਾਂ ਸਮੇਤ ਕੁੱਟ ਕੁੱਟ ਕੇ ਜਾਨੋਂ ਮਾਰ ਸੁੱਟਿਆ। ਇਵੇਂ ਹੀ ਪਾਪ ਦੀ ਨਗਰੀ ਸਰਹੰਦ ਨੂੰ ਢਾਹ ਕੇ ਪੱਧਰਾ ਕਰ ਸੁੱਟਿਆ।" (ਪੰਨਾ-69) ਕੀ ਇਹ ਸਾਰੀਆਂ ਟੂਕਾਂ ਪੰਨਾ 25 ਤੇ ਦਿੱਤੀ ਟੂਕ ਦਾ ਨਿਖੇਧ ਨਹੀਂ ਕਰਦੀਆਂ? ਕੀ ਸਢੌਰਾ, ਸਮਾਣਾ, ਮੋਰਿੰਡਾ ਅਤੇ ਸਰਹੰਦ ਦੀ ਸਮੁੱਚੀ ਵਸੋਂ ਹੀ ਨਸਲਕੁਸ਼ੀ ਦੀ ਹੱਕਦਾਰ ਸੀ? ਕੀ ਇਹ ਭਾਈ ਕਨ੍ਹਈਆ ਜੀ ਦੀ ਵਿਰਾਸਤ ਦਾ ਨਿਖੇਧ ਨਹੀਂ ਸੀ? ਇਵੇਂ ਹੀ 1980 ਤੋਂ ਲੈਕੇ 1992 ਤੱਕ ਦੇ ਦੌਰ ਵਿਚ ਕੀਤੇ ਬੇਗੁਨਾਹ ਹਿੰਦੂਆਂ ਦੇ ਕਤਲ ਅਤੇ ਸਰਕਾਰੀ ਮੁਲਾਜ਼ਮਾਂ ਦੇ ਪਰਿਵਾਰਾਂ ਦੇ ਸਫਾਏ 'ਇਲਾਹੀ ਨਦਰ ਦੇ ਪੈਂਡੇ' ਤੋਂ ਹੇਠਾਂ ਖੱਡ ਵਿਚ ਉਤਰ ਜਾਣਾ ਨਹੀਂ ਸੀ?

ਦਿੱਲੀ ਦੰਗਿਆਂ ਦੇ ਵਿਰੋਧ ਵਿਚ ਅਜਮੇਰ ਸਿੰਘ ਤੱਥਾਂ ਦੀ ਮਨਭਾਉਂਦੀ ਛੰਗਾਈ ਕਰਦਾ ਹੈ।

***ਅਜਮੇਰ ਸਿੰਘ ਦੀਆਂ ਤਿੰਨੇ ਹੀ ਕਿਤਾਬਾਂ ਵਿਚ ਪੂਰਵ ਮਨੌਤਾਂ, ਇਕ ਖਾਸ ਕਿਸਮ ਦੀ ਸਮਝ ਤੇ ਮਨੋਬਿਰਤੀ ਦਾ ਖੁੱਲ ਕੇ ਮੁਜ਼ਾਹਰਾ ਕੀਤਾ ਮਿਲਦਾ ਹੈ। ਉਨ੍ਹਾਂ ਨੇ ਸਿਰਫ਼ ਉਹੀ ਤੱਥ ਤੇ ਵੇਰਵੇ ਇਕੱਤਰ ਕੀਤੇ ਹਨ, ਜਿਹੜੇ ਉਨ੍ਹਾਂ ਦੇ ਸਿੱਖ ਰਾਜ ਦੀ ਕਾਇਮੀ ਦੇ ਨਿਸ਼ਾਨੇ ਦੇ ਹੱਕ ਵਿਚ ਭੁਗਤਾਏ ਜਾ ਸਕਦੇ ਹਨ। ਇਨ੍ਹਾਂ ਤੱਥਾਂ ਨੂੰ ਅਜਿਹੇ ਅੰਦਾਜ਼ ਵਿਚ ਪਰੋਸਿਆ ਹੈ ਕਿ ਪਾਠਕ ਵਰਗ ਦੇ ਸਿੱਖ ਜਨਸਮੂਹਾਂ ਅੰਦਰ ਭਾਰਤ ਦੇਸ਼ ਅਤੇ ਹਿੰਦੂ ਭਾਈਚਾਰੇ-ਜਿਸ ਅੰਦਰ ਕਿ ਅੱਜ ਵੀ ਕਰੋੜਾਂ ਲੋਕ ਅਣਹੋਇਆਂ ਅਤੇ ਨਿਆਸਰਿਆਂ ਦੇ ਹਾਰ ਜ਼ਿੰਦਗੀ ਕੱਟ ਰਹੇ ਹਨ-ਪ੍ਰਤੀ ਅਤਿ ਦੀ ਨਫ਼ਰਤ ਪੈਦਾ ਹੋ ਜਾਵੇ।***

ਮਿਸਾਲ ਵਜੋਂ ਖੁਸ਼ਵੰਤ ਸਿੰਘ ਵਲੋਂ ਮੌਜੂਦਾ ਪ੍ਰਧਾਨ ਮੰਤਰੀ ਦੀ ਪਤਨੀ ਬਾਰੇ ਲਿਖੇ ਉਸਤਤਨੁਮਾ ਲੇਖ ਦੀ ਪੇਸ਼ਕਾਰੀ ਦਾ ਨਮੂਨਾ ਦੇਖਿਆ ਜਾ ਸਕਦਾ ਹੈ। "ਉਸਨੇ ਅਸ਼ੋਕ ਵਿਹਾਰ ਵਿਚ ਆਪਣਾ ਘਰ ਆਪਣੀ ਹੀ ਧੀ ਉਪਿੰਦਰ ਕੌਰ ਅਤੇ ਉਸਦੇ ਪਤੀ ਜੋ ਕਿ ਹਿੰਦੂ ਸੀ, ਨੂੰ ਸੌਂਪ ਦਿੱਤਾ ਸੀ ਅਤੇ ਆਪ ਕਾਲਜਾਂ ਦੇ ਪ੍ਰੋਫੈਸਰਾਂ ਦੇ ਕੁਆਟਰਾਂ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਸੀ। ਪਰ ਘਰ ਉਤੇ ਨਾਂ ਦਾ ਫੱਟਾ ਮਨਮੋਹਨ ਸਿੰਘ ਦਾ ਹੀ ਰਹਿਣ ਦਿੱਤਾ ਗਿਆ ਸੀ।" ਲੇਖਕ ਨੇ ਇਹ ਹਵਾਲਾ 16 ਫਰਵਰੀ 2009 ਦੇ ਆਉਟਲੁੱਕ ਦੇ ਪੰਨਾ 64 ਤੋਂ ਲੈਣ ਦਾ ਜ਼ਿਕਰ ਕੀਤਾ ਹੈ ਲੇਕਿਨ ਇਸ ਲੇਖ ਵਿਚ ਇਹ ਲਾਈਨ ਹੀ ਨਹੀਂ ਹੈ। (ਤੀਜੀ ਕਿਤਾਬ ਪੰਨਾ-88) ਦੂਜੀ ਗੱਲ ਬਕੌਲ ਅਜਮੇਰ ਸਿੰਘ ਦਗੰਈਆਂ ਕੋਲ ਵੋਟਰ ਸੂਚੀਆਂ ਅਤੇ ਰਾਸ਼ਨ ਕਾਰਡਾਂ ਦੀਆਂ ਸੂਚੀਆਂ ਸਨ। ਫੇਰ ਉਹ ਖੁਸ਼ਵੰਤ ਸਿੰਘ ਕੋਲੋਂ ਆਪ ਹੀ 'ਮਜ਼ਾਕੀਆ ਟਿੱਪਣੀ' ਦਾ ਵਾਧੂ ਸ਼ਬਦ ਜੋੜਦਾ ਹੈ। "ਕੰਮ ਆ ਗਿਆ ਨਾ ਹਿੰਦੂ ਜਵਾਈ" ਲੇਖਕ ਦੀ ਅਗਲੀ ਟਿੱਪਣੀ ਸੁਣੋ, "ਜਿਹਨਾਂ ਬਦਨਸੀਬ ਸਿੱਖਾਂ ਦਾ ਕੋਈ ਹਿੰਦੂ ਜਵਾਈ ਨਹੀਂ ਸੀ, ਉਹ ਆਪਣੀਆਂ ਜਾਨਾਂ ਅਤੇ ਮਕਾਨਾਂ ਦੋਹਾਂ ਤੋਂ ਹੱਥ ਧੋ ਬੈਠੇ ਸਨ।" ਜੇਕਰ ਲੇਖਕ ਦੇ ਵਾਧੂ ਸ਼ਬਦਾਂ ਅਤੇ ਉਸ ਅੰਦਰ ਛੁਪੇ ਜ਼ਹਿਰ ਨੂੰ ਛੱਡ ਵੀ ਦੇਈਏ ਤਾਂ ਇਹ ਸਾਡੇ ਸਦੀਆਂ ਦੇ ਸਾਂਝੇ ਭਾਈਚਾਰੇ ਦੀ ਹਕੀਕਤ ਹੈ ਕਿ ਸ਼ਹਿਰੀ ਸਮਾਜ ਦੇ ਸਿੱਖ ਅਤੇ ਹਿੰਦੂ ਵਪਾਰੀ ਵਰਗਾਂ ਦੇ ਧੀਆਂ ਪੁੱਤਰਾਂ ਦਾ ਆਪਸ ਵਿਚ ਵਿਆਹ ਹੋਣਾ ਨਮੋਸ਼ੀ ਨਹੀਂ ਸਗੋਂ ਮਾਣ ਵਾਲੀ ਗੱਲ ਸਮਝੀ ਜਾਂਦੀ ਰਹੀ ਹੈ। ਇਹੀ ਉਹ ਗੱਲ ਹੈ ਜੋ ਖੁਸ਼ਵੰਤ ਸਿੰਘ ਵਰਗੇ ਉਦਾਰਵਾਦੀ ਸਿੱਖ ਕਰਨਾ ਅਤੇ ਦੇਖਣਾ ਚਾਹੁੰਦੇ ਹਨ। ਇਸ ਨਾਲ ਕਿਸੇ ਦੀ ਨਿੰਦਾ ਤਾਂ ਕੀਤੀ ਜਾਂ ਸਕਦੀ ਹੈ ਲੇਕਿਨ 'ਸਭੈ ਸਾਂਝੀਵਾਲ ਸਦਾਇਨ' ਦੀ ਮਾਨਵਵਾਦੀ ਵਿਚਾਰਧਾਰਾ ਦਾ ਫੈਲਾ ਨਹੀਂ ਕੀਤਾ ਜਾ ਸਕਦਾ।

ਖੁਸ਼ਵੰਤ ਸਿੰਘ ਬਾਰੇ ਹੀ ਲੇਖਕ ਲਿਖਦਾ ਹੈ, "ਉਸਨੇ ਇਹ ਗੱਲ ਬਿਨਾਂ ਝਿੱਜਕ ਕਬੂਲ ਕਰ ਲਈ ਸੀ ਕਿ ਉਸਨੇ ਸੰਤ ਭਿੰਡਰਾਂਵਾਲੇ ਦਾ ਮੁਲਾਂਕਣ ਕਰ ਲਈ ਮਹਾਤਮਾ ਗਾਂਧੀ ਦੇ ਵਿਚਾਰਾਂ ਨੂੰ ਅਧਾਰ ਬਣਾਇਆ ਸੀ, ਨਾ ਕਿ ਸਿੱਖ ਸਿਧਾਂਤਾਂ ਤੇ ਰਵਾਇਤਾਂ ਨੂੰ।" ਲੇਖਕ ਦੀ ਇਹ ਗੱਲ ਖੁਸ਼ਵੰਤ ਸਿੰਘ ਦੀਆਂ ਬਾਅਦ ਵਿਚ ਲਿਖੀਆਂ ਲਿਖਤਾਂ ਨਾਲ ਮੇਲ ਨਹੀਂ ਖਾਂਦੀ। ਆਪਾਂ ਕੁਝ ਨਮੂਨੇ ਦੇਣ ਦੀ ਗੁਸਤਾਖੀ ਕਰਾਂਗੇ। "ਉਸਦੇ ਹਥਿਆਰਬੰਦ ਬਾਡੀਗਾਰਡ ਦਰਬਾਰ ਸਾਹਿਬ ਉਪਰ ਕਾਬਜ਼ ਸਨ ਅਤੇ ਜਿਹੜਾ ਵੀ ਉਨ੍ਹਾਂ ਦੇ ਰਸਤੇ ਵਿਚ ਆਉਂਦਾ, ਉਸਨੂੰ ਮਾਰ ਦਿੰਦੇ ਸਨ.. ਮੈਂ ਭਿੰਡਰਾਂਵਾਲੇ ਨੂੰ ਇਕ ਮਾੜਾ ਬੰਦਾ ਸਮਝਦਾ ਸਾਂ, ਜਿਸਦੀ ਮੌਤ ਇਸੇ ਤਰਾਂ ਦੀ ਹੋਣੀ ਸੀ.. ਚੂਹੇ ਨੂੰ ਮਾਰਨ ਲਈ ਜ਼ਰੂਰੀ ਨਹੀਂ ਕਿ ਸਾਰਾ ਮਕਾਨ ਹੀ ਢਾਹ ਦਿੱਤਾ ਜਾਵੇ।" ('ਮੌਜ ਮੇਲਾ' ਪੰਨਾ 349 ਤੋਂ 352) ਫੇਰ ਸਮਝ ਨਹੀਂ ਆਉਦੀਂ ਕਿ ਅਜਮੇਰ ਸਿੰਘ ਵਰਗਾ ਇਤਿਹਾਸ ਦਾ ਕਥਾਵਾਚਕ ਆਪਣੀਆਂ ਬਹੁਤ ਸਾਰੀਆਂ ਦਲੀਲਾਂ ਨੂੰ ਠੀਕ ਸਾਬਤ ਕਰਨ ਲਈ ਖੁਸ਼ਵੰਤ ਸਿੰਘ ਦਾ ਸਹਾਰਾ ਕਿਉਂ ਲੈਂਦਾ ਹੈ? ਅਜਮੇਰ ਸਿੰਘ ਨੇ ਖੁਸ਼ਵੰਤ ਸਿੰਘ ਦੇ ਹਵਾਲੇ ਨਾਲ ਦੰਗਿਆਂ ਦੌਰਾਨ ਚਰਨਜੀਤ ਸਿੰਘ ਕੋਕਾ ਕੋਲਾ ਦਾ ਜੋ ਨਕਸ਼ਾ ਖਿਚਿਆ ਹੈ, ਖੁਸ਼ਵੰਤ ਸਿੰਘ ਦੀ ਪੁਸਤਕ 'ਮੌਜ ਮੇਲਾ' ਦੇ ਪੰਨਾ 432 'ਤੇ ਬਿਲਕੁਲ ਹੀ ਉਲਟ ਗੱਲ ਕਹੀ ਮਿਲਦੀ ਹੈ। ਉਸ ਮੁਤਾਬਕ ਕੋਕਾ ਕੋਲਾ ਦੀਆਂ ਫੈਕਟਰੀਆਂ ਜਲਾਉਣ ਪਿੱਛੇ ਸੌਫ਼ਟ ਡਰਿੰਕ ਬਣਾਉਣ ਵਾਲੀ ਕਿਸੇ ਸ਼ਰੀਕ ਕੰਪਨੀ ਦਾ ਹੱਥ ਸੀ, ਜਿਸ ਨੇ ਗੁੰਡਿਆਂ ਨੂੰ ਕਿਰਾਏ 'ਤੇ ਲਿਆ ਕੇ ਇਹ ਕੰਮ ਕਰਵਾਇਆ ਸੀ।

ਅਜਮੇਰ ਸਿੰਘ ਦੀ ਦਲੀਲ ਹੈ ਕਿ 1984 ਦੇ ਅਣਚਿਤਵੇ ਕਾਂਡਾਂ ਲਈ ਇੰਦਰਾ ਗਾਂਧੀ ਦੀ ਪਹਿਲਾਂ ਤੋਂ ਘੜੀ ਗਈ ਸਕੀਮ ਮੁਤਾਬਕ ਕੰਮ ਹੋ ਰਿਹਾ ਸੀ। ਸੰਤ ਜਰਨੈਲ ਸਿੰਘ ਆਪਣੇ ਇਲਾਹੀ ਗਿਆਨ ਨਾਲ ਇਹ ਸਾਰਾ ਕੁੱਝ ਬੁੱਝ ਲੈਣ ਵਿਚ ਕਿਵੇਂ ਅਤੇ ਕਿੱਥੇ ਖਤਾ ਖਾ ਗਏ, ਅਜਮੇਰ ਸਿੰਘ ਕੋਈ ਵਿਆਖਿਆ ਪੇਸ਼ ਨਹੀਂ ਕਰ ਸਕਿਆ। ਲੇਕਿਨ ਖੁਸ਼ਵੰਤ ਸਿੰਘ ਦਾ ਕਹਿਣਾ ਹੈ, "ਮੇਰੇ ਕੋਲ ਇਹ ਯਕੀਨ ਕਰਨ ਲਈ ਠੋਸ ਸਬੂਤ ਹਨ ਕਿ ਸ੍ਰੀਮਤੀ ਇੰਦਰਾ ਗਾਂਧੀ ਅਕਾਲ ਤਖ਼ਤ ਵਿਚ ਦੜੇ ਬੈਠੇ ਸੰਤ ਭਿੰਡਰਾਂਵਾਲੇ ਅਤੇ ਉਸਦੇ ਲਫੰਗਿਆਂ ਤੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਮੁਕਤ ਕਰਾਉਣ ਲਈ ਫੌਜ ਤਾਇਨਾਤ ਕਰਨ ਦੇ ਵਿਰੁਧ ਸੀ, ਅਜਿਹਾ ਕਰਨ ਲਈ ਉਸ ਨੂੰ ਉਸਦੇ ਸਲਾਹਕਾਰਾਂ ਵਲੋਂ ਰਾਜ਼ੀ ਕੀਤਾ ਗਿਆ ਸੀ, ਕਿਉਂਕਿ ਉਹ ਸਪਸ਼ਟ ਤੌਰ ਤੇ ਸਿੱਖਾਂ, ਉਨ੍ਹਾਂ ਦੇ ਇਤਿਹਾਸ ਅਤੇ ਉਹਨਾਂ ਲਈ ਹਰਿਮੰਦਰ ਸਾਹਿਬ ਦੀ ਕੀ ਮਹੱਤਤਾ ਹੈ, ਦੇ ਬਾਰੇ ਵਿਚ ਬਹੁਤ ਥੋੜਾ ਜਾਣਦੇ ਸਨ.. ਜਦੋਂ ਸ੍ਰੀਮਤੀ ਗਾਂਧੀ ਦੋ ਦਿਨਾਂ ਬਾਅਦ ਸਵਰਨ ਮੰਦਰ ਦੇ ਦਰਸ਼ਨਾਂ ਨੂੰ ਗਈ ਤਾਂ ਉਹ ਸਾਰਾ ਦ੍ਰਿਸ਼ ਦੇਖਕੇ ਅੰਦਰ ਤੱਕ ਹਿਲ ਗਈ। ਅਜੇ ਵੀ ਅੰਮ੍ਰਿਤ ਸਰੋਵਰ ਵਿਚ ਲੋਥਾਂ ਤੈਰ ਰਹੀਆਂ ਸਨ। ਅਕਾਲ ਤਖਤ ਖੰਡਰ ਬਣਿਆ ਪਿਆ ਸੀ, ਮਾਰਕ ਟੱਲੀ ਨੇ ਇਸਨੂੰ ਠੀਕ ਹੀ "ਘਾਤਕ ਦੁਰਅੰਦਾਜ਼ਿਆਂ" ਦਾ ਨਾਮ ਦਿੱਤਾ ਹੈ।" ਖੁਸ਼ਵੰਤ ਸਿੰਘ ਇਹ ਸਾਰਾ ਕੁੱਝ ਨਵੰਬਰ 2009 ਵਿਚ ਲਿਖ ਰਿਹਾ ਸੀ ਫੇਰ ਅਜਮੇਰ ਸਿੰਘ ਨੇ ਕਿਵੇਂ ਲਿਖ ਦਿੱਤਾ ਕਿ ਉਸਨੇ 2005 ਵਿਚ ਸੰਤ ਭਿੰਡਰਾਂਵਾਲੇ ਦਾ ਠੀਕ ਮੁਲਾਂਕਣ ਨਹੀਂ ਕੀਤਾ ਸੀ। ਜਦੋਂ ਲੇਖਕ ਈ.ਐਚ. ਕਾਰ ਦੀ ਠੀਕ ਵਡਿਆਈ ਕਰਦਾ ਹੋਇਆ ਵੀ ਕਿਸੇ ਵਿਸ਼ੇਸ਼ ਵਿਚਾਰਧਾਰਾ ਦਾ ਅਸਰ ਕਬੂਲ ਕਰਦਾ ਹੋਇਆ ਮਨਮਤੀ ਪੇਸ਼ਕਾਰੀ ਕਰਦਾ ਹੈ, ਤਾਂ ਨਾ ਤਾਂ ਈ.ਐਚ. ਕਾਰ ਨਾਲ ਇਨਸਾਫ਼ ਹੋ ਰਿਹਾ ਹੈ, ਨਾ ਹੀ ਇਤਿਹਾਸ ਨਾਲ।

ਆਪਣੀ ਪਹਿਲੀ ਕਿਤਾਬ ਵਿਚ ਸ. ਅਜਮੇਰ ਸਿੰਘ ਨੇ ਜ਼ੋਰਦਾਰ ਢੰਗ ਨਾਲ ਉਸ ਧਾਰਨਾ ਭਾਵ ਸਾਜ਼ਿਸ ਦੇ ਸਿਧਾਂਤ ਦਾ ਖੰਡਨ ਕੀਤਾ ਸੀ, ਕਿਉਂਕਿ 80ਵਿਆਂ ਦੇ ਦੌਰ ਵਿਚ ਬਹੁਤ ਸਾਰੇ ਲੋਕ ਸੰਤ ਜੀ ਨੂੰ ਕਾਂਗਰਸ ਦਾ ਏਜੰਟ ਕਿਹਾ ਕਰਦੇ ਸਨ, ਲੇਖਕ ਦੀ ਗੱਲ ਵਿਚ ਦਮ ਲੱਗਦਾ ਹੈ ਕਿ ਕਿਸੇ ਦੇ ਚੁੱਕੇ ਚੁਕਾਏ ਤੇ ਮਨੁੱਖ ਮਾੜਾ ਕੰਮ ਨਹੀਂ ਕਰਦਾ ਹੁੰਦਾ। ਅਸਲ ਵਿਚ ਉਸਦੇ ਅੰਦਰ ਹੀ ਅਜਿਹਾ ਕਰਨ ਦੇ 'ਜ਼ਰਮ' ਪਏ ਹੁੰਦੇ ਹਨ। ਸਾਜ਼ਿਸ ਦਾ ਇਹੀ ਸਿਧਾਂਤ ਉਹ ਅਜਮੇਰ ਸਿੰਘ ਦੇ ਕਮਿਊਨਿਸਟ ਗਰੁੱਪ ਉਪਰ ਵੀ ਲਗਾਉਂਦੇ ਹੁੰਦੇ ਸਨ ਕਿ ਉਹ ਖਾਲਿਸਤਾਨ ਕਮਾਂਡੋ ਫੋਰਸ ਦੇ "ਜਨਰਲ" ਲਾਭ ਸਿੰਘ ਨੂੰ ਦਿਸ਼ਾ ਅਗਵਾਈ ਦੇ ਰਿਹਾ ਸੀ। ਲਾਭ ਸਿੰਘ ਦੀ ਮੌਤ ਉਪਰੰਤ ਉਸ ਦੀ ਜੇਬ ਵਿਚੋਂ ਇਕ ਹੱਥ ਲਿਖਤ ਦਸਤਾਵੇਜ਼ ਨਿੱਕਲਣ ਦੀ ਖਬਰ ਬੜੀ ਚਰਚਾ ਦਾ ਵਿਸ਼ਾ ਹੁੰਦੀ ਸੀ। ਅਫਵਾਹ ਸੀ ਕਿ ਇਸ ਲਿਖਤ ਦੀ ਬਣਤਰ ਅਤੇ ਸ਼ਬਦਾਵਲੀ ਹੂਬਹੂ ਅਜਮੇਰ ਸਿੰਘ ਦੀਆਂ ਲਿਖਤਾਂ ਨਾਲ ਮਿਲਦੀ ਜੁਲਦੀ ਹੈ। ਇਸ ਲਿਖਤ ਨੂੰ ਕਨੇਡਾ ਤੋਂ ਛਪਦੇ ਹਫਤਾਵਾਰੀ ਅਖਬਾਰ ਇੰਡੋ-ਕਨੇਡੀਅਨ ਟਾਈਮਜ਼ ਦੇ ਇਕ 1-7 ਜੂਨ, 1995 ਦੇ ਅੰਕ ਵਿਚ ਜਨਰਲ ਲਾਭ ਸਿੰਘ ਦੀ ਡਾਇਰੀ ਦੇ ਅਨੁਵਾਨ ਤਹਿਤ ਛਾਪਿਆ ਗਿਆ ਸੀ। ਬਾਅਦ ਵਿਚ ਇਸ ਉਪਰ ਸ਼ਹੀਦ ਅਵਤਾਰ ਸਿੰਘ ਪਾਸ਼ ਦੇ ਪਿਤਾ ਸਰਦਾਰ ਸੋਹਣ ਸਿੰਘ ਸੰਧੂ ਨੇ 'ਪ੍ਰੀਤਲੜੀ' ਰਸਾਲੇ (ਅਗਸਤ 2010) ਵਿਚ ਟਿੱਪਣੀ ਵੀ ਕੀਤੀ ਸੀ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਪੰਜਾਬ ਪੁਲਿਸ ਨੇ ਇਸ ਲੇਖੇ ਜੋਖੇ ਦੀ ਸੂਹ ਕੱਢਣ ਲਈ ਅਜਮੇਰ ਸਿੰਘ ਦੀ ਅਗਵਾਈ ਵਾਲੇ ਪੈਗਾਮ ਗਰੁੱਪ ਦੇ ਨੇੜਲੇ ਸਹਿਯੋਗੀ, ਸਾਡੇ ਬੇਲੀ ਮਾਲਵਿੰਦਰ ਸਿੰਘ ਮਾਲੀ ਨੂੰ ਵੀ ਚੁੱਕ ਕੇ ਅਣਮਨੁੱਖੀ ਤਸੀਹੇ ਦਿੱਤੇ ਸਨ। ਲਾਭ ਸਿੰਘ ਇਸ ਦੁਨੀਆਂ ਵਿਚ ਨਹੀਂ ਰਿਹਾ। ਹੁਣ ਤਾਂ ਸਿਰਫ਼ ਵਾਹਿਗੁਰੂ ਹੀ ਜਾਣਦਾ ਹੈ ਕਿ ਸੱਚ ਕੀ ਹੈ? ਲੇਕਿਨ ਉਸ ਕਥਿਤ ਲੇਖੇ ਜੋਖੇ ਵਿਚਲੀ ਸ਼ਬਦਾਵਲੀ ਅਤੇ ਸ. ਅਜਮੇਰ ਸਿੰਘ ਦੀਆਂ ਲਿਖਤਾਂ ਵਿਚ ਆਈ ਸ਼ਬਦਾਵਲੀ ਵਿਚੋਂ ਕੁੱਝ ਨਮੂਨੇ ਪਾਠਕਾਂ ਨੂੰ ਕਿਸੇ ਸਿੱਟੇ ਤੇ ਪਹੁੰਚਣ ਲਈ ਮਦਦ ਕਰ ਸਕਦੇ ਹਨ:

1. "ਸਿੰਘ ਆਮ ਤੌਰ ਤੇ ਲੜਾਈ ਦਾ ਛਾਪਾਮਾਰ ਢੰਗ ਅਮਲ ਵਿਚ ਲਿਆ ਰਹੇ ਸਨ। ਉਹ ਦੁਸ਼ਮਣ ਦੇ ਖਿਲਾਫ਼ ਪਿੜ-ਮੱਲਵੀਂ (ਪੁਜ਼ੀਸ਼ਨਲ ਵਾਰਫੇਅਰ) ਜੰਗ ਲੜਨ ਤੋਂ ਵਾਹ ਲੱਗਦੀ ਪਰਹੇਜ਼ ਕਰ ਰਹੇ ਸਨ।" (ਤੀਜੀ ਕਿਤਾਬ, ਪੰਨਾ-15)

2. ਸੈਨਿਕ ਪੱਖ ਤੋਂ ਦੇਖਿਆਂ ਸ੍ਰੀ ਦਰਬਾਰ ਸਾਹਿਬ ਅੰਦਰ ਬੈਠ ਕੇ ਗਿਣਤੀ ਤੇ ਹਥਿਆਰਾਂ ਦੇ ਪੱਖੋਂ ਤਾਕਤਵਰ ਦੁਸ਼ਮਣ ਧਿਰ ਨਾਲ ਸਿੱਧੇ ਮੱਥੇ ਥਾਂ-ਮੱਲਵੀਂ (ਪੁਜ਼ੀਸ਼ਨਲ ਵਾਰਫੇਅਰ) ਦੇਣ ਦਾ ਪੈਂਤੜਾ ਗਲਤ ਸਾਬਤ ਹੋਇਆ ਹੈ। (ਲਾਭ ਸਿੰਘ ਦੀ ਡਾਇਰੀ)

3. ਹੁਣ ਤਾਂ ਖਾੜਕੂਆਂ ਅੰਦਰਲੇ ਸਿਆਸੀ ਤੌਰ 'ਤੇ ਬੌਂਗੇ ਬੰਦਿਆਂ ਨੂੰ ਵੀ ਕਾਲੀ ਗਰਜ ਦੇ ਨਾਲ ਸੁਨੇਹਾ ਮਿਲ ਗਿਆ ਹੋਵੇਗਾ ਕਿ ਭਾਵੇਂ ਗੁਰਦੁਆਰਾ ਅਧਾਰਤ ਸਿਆਸੀ ਸਰਗਰਮੀ ਤਾਂ ਹੋ ਸਕਦੀ ਹੈ ਲੇਕਿਨ ਗੁਰਦੁਆਰਿਆਂ ਤੋਂ ਖਾੜਕੂ ਲੜਾਈ ਦੇ ਦਿਨ ਪੁੱਗ ਗਏ ਹਨ। (ਪੀ. ਐਚ. ਆਰ. ਓ. ਦੀ ਰਿਪੋਰਟ ਪੰਜਾਬ ਬੁਲਡੋਜ਼ਡ ਪੰਨਾ- 21 ਜੂਨ 1988)

4. ਸ੍ਰੀ ਦਰਬਾਰ ਸਾਹਿਬ ਨੂੰ ਧਾਰਮਿਕ ਤੇ ਸਿਆਸੀ ਸਰਗਰਮੀਆਂ ਦਾ ਕੇਂਦਰ ਬਣਾਉਣਾ ਤਾਂ ਠੀਕ ਹੈ, ਪਰ ਇਸ ਨੂੰ ਸੈਨਿਕ ਦ੍ਰਿਸ਼ਟੀਕੋਣ ਤੋਂ ਲੜਾਈ ਦਾ ਮੋਰਚਾ ਬਣਾਉਣਾ ਉਕਾ ਹੀ ਗਲਤ ਹੈ। (ਲਾਭ ਸਿੰਘ ਦੀ ਡਾਇਰੀ)

ਉਪਰੋਕਤ ਵੇਰਵਿਆਂ ਤੋਂ ਦੋ ਗੱਲਾਂ ਨਿਕਲ ਸਕਦੀਆਂ ਹਨ, ਜਾਂ ਤਾਂ ਅਜਮੇਰ ਸਿੰਘ ਜੀ "ਜਨਰਲ" ਲਾਭ ਸਿੰਘ ਨੂੰ ਦਿਸ਼ਾ ਨਿਰਦੇਸ਼ ਦੇ ਰਹੇ ਸਨ ਜਾਂ "ਜਨਰਲ" ਅਜਮੇਰ ਸਿੰਘ ਦੀ ਕਮਿਊਨਿਸਟ ਲੀਹ ਉਪਰ ਹਾਵੀ ਹੋ ਰਿਹਾ ਸੀ। ਬਿਲਕੁੱਲ ਸਪਸ਼ਟ ਹੈ ਕਿ ਜੇਕਰ ਲਾਭ ਸਿੰਘ ਦੀ ਜੇਬ ਵਿਚੋਂ ਨਿਕਲੀ ਦਸਤਾਵੇਜ਼ ਉਸੇ ਦੀ ਹੀ ਲਿਖਤ ਹੁੰਦੀ ਅਤੇ ਉਹ ਇੰਨਾਂ ਹੀ ਬੁੱਧੀਮਾਨ ਹੁੰਦਾ ਤਾਂ ਉਸ ਨੂੰ ਅਜਿਹੀ ਲਿਖਤ ਆਪਣੇ ਨਾਲ ਚੁੱਕੀ ਫਿਰਨ ਦੀ ਲੋੜ ਨਹੀਂ ਸੀ। ਉਹ ਆਪਣੇ ਹਮਸਫ਼ਰਾਂ ਨੂੰ ਜ਼ਬਾਨੀ ਕਲਾਮੀ ਵੀ ਆਪਣੇ ਭਾਵਾਂ ਤੋਂ ਜਾਣੂੰ ਕਰਵਾ ਸਕਦਾ ਸੀ। ਦੂਜਾ 'ਖਾੜਕੂ ਲਹਿਰ ਦੇ ਉਸੇ ਲੇਖੇ ਜੋਖੇ' ਵਿਚ ਲਾਭ ਸਿੰਘ ਨੂੰ ਆਪਣਾ ਹੀ ਨਾਮ ਇਸ ਤਰ੍ਹਾਂ ਲਿਖਣ ਦੀ ਲੋੜ ਨਹੀਂ ਸੀ, "ਗੁਰਜੀਤ ਸਿੰਘ ਦੀ ਗ੍ਰਿਫਤਾਰੀ ਬਾਰੇ ਜਨਰਲ ਲਾਭ ਸਿੰਘ ਦੇ ਬਿਆਨ ਤਾਂ ਲੱਗਦੇ ਰਹੇ ਲੇਕਿਨ ਵੱਡੀ ਸਿਆਸੀ ਅਹਮਿਅਤ ਵਾਲੇ ਮਸਲਿਆਂ ਬਾਰੇ ਵੱਡੀ ਲੀਡਰਸ਼ਿਪ ਨੇ ਚੁੱਪ ਹੀ ਧਾਰੀ ਰੱਖੀ।" ਹੁਣ ਜਿਹੜਾ ਬੰਦਾ ਆਪ ਹੀ ਜਨਰਲ ਹੋਵੇ ਤੇ ਆਪ ਹੀ ਲੀਡਰ ਹੋਵੇ ਤਾਂ ਉਹ ਹੀ ਲੀਡਰਸ਼ਿਪ ਨੂੰ ਚੁੱਪ ਧਾਰਨ ਬਦਲੇ ਅਤੇ "ਜਨਰਲ" ਦੇ ਨਾਮ ਹੇਠਾਂ ਬਿਆਨ ਜਾਰੀ ਕਰਨ ਬਦਲੇ ਨਿੰਦ ਰਿਹਾ ਹੋਵੇ, ਠੀਕ ਨਹੀਂ ਲਗਦਾ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਹੁੰਦੇ ਅਨੇਕਾਂ ਆਪ ਮੁਹਾਰੇ ਕਤਲਾਂ ਦੀਆਂ ਲਾਭ ਸਿੰਘ ਹਰ ਰੋਜ਼ ਜ਼ਿੰਮੇਵਾਰੀਆਂ ਲੈ ਰਿਹਾ ਸੀ।

ਪ੍ਰੰਤੂ ਇਥੇ ਜ਼ਿਕਰ ਅਧੀਨ ਦਸਤਾਵੇਜ਼ ਅੰਦਰ ਬਕੌਲ "ਜਨਰਲ" ਲਾਭ ਸਿੰਘ "ਸਾਰੇ ਹਿੰਦੂਆਂ ਨੂੰ ਇਕੋ ਪੱਲੜੇ ਵਿਚ ਤੋਲਣ ਅਤੇ ਥੋਕ ਰੂਪ ਵਿਚ ਦੁਸ਼ਮਣ ਬਣਾ ਧਰਨ ਦੀ ਨੀਤੀ ਨਿਹਾਇਤ ਘਾਤਕ ਹੈ। ਦੇਸ਼ ਭਰ ਵਿਚੋਂ ਸੰਗੀ ਢੂੰਡਣੇ ਚਾਹੀਦੇ ਹਨ ਅਤੇ ਉਨ੍ਹਾਂ ਨਾਲ ਸੰਗਰਾਮੀ ਸਾਂਝ ਦੀਆਂ ਤੰਦਾਂ ਮਜ਼ਬੂਤ ਕਰਨੀਆਂ ਚਾਹੀਦੀਆਂ ਹਨ।" ਸੰਭਵ ਹੈ ਕਿ ਇਹ ਸਾਰੀ ਲਿਖਤ ਉਪਰੇਸ਼ਨ ਬਲੈਕਥੰਡਰ ਤੋਂ ਕੁਝ ਸਮਾਂ ਪਹਿਲਾਂ, 1988 ਦੇ ਅਪਰੈਲ ਮਹੀਨੇ ਵਿਚ ਲਿਖੀ ਗਈ ਹੋਵੇ, ਕਿਉਂਕਿ ਪੱਡੇ ਅਤੇ ਪਾਸ਼ ਦੇ ਕਤਲ ਮਾਰਚ ਮਹੀਨੇ ਵਿਚ ਹੋ ਚੁੱਕੇ ਸਨ। ਕੁੱਝ ਵੀ ਹੋਵੇ, ਇਹ ਲਿਖਤ ਭਾਵੇਂ ਕਿਸੇ ਨੇ ਵੀ ਲਿਖੀ ਹੋਵੇ, ਖਾੜਕੂ ਲਹਿਰ ਦੇ ਇਕ ਹਿੱਸੇ ਅੰਦਰ ਆ ਰਹੇ ਸ਼ੁਭ ਮੋੜੇ ਦਾ ਸੰਕੇਤ ਦਿੰਦੀ ਹੈ, ਭਾਵੇਂ ਕਿ ਇਸ ਨਾਲ ਪੰਜਾਬ ਦੇ ਹਾਲਾਤ ਵਿਚ ਕੋਈ ਸਿਫ਼ਤੀ ਤਬਦੀਲੀ ਨਹੀਂ ਆਈ। ਨਾ ਹੀ ਕੋਈ ਸਰਬ ਪ੍ਰਵਾਨਤ ਲੀਡਰਸ਼ਿਪ ਉਭਰ ਸਕੀ। ਲੇਕਿਨ ਇਕ ਗੱਲ ਬਹੁਤ ਹੀ ਖੂਬਸੂਰਤ ਹੈ ਕਿ ਇਸ ਵਿਚ ਦੇਸ਼ ਦੇ ਹੋਰਨਾਂ ਭਾਗਾਂ ਵਿਚ ਸੰਗਰਾਮੀ ਹਿੰਦੂ ਜਥੇਬੰਦੀਆਂ ਦੀ ਨਿਸ਼ਾਨਦੇਹੀ ਕਰਨ ਦੀ ਅਤੇ ਉਨ੍ਹਾਂ ਨਾਲ ਘੁਟਵੀਂ ਸਾਂਝ ਪੈਦਾ ਕਰਨ ਦੀ ਗੱਲ ਕੀਤੀ ਗਈ ਸੀ। ਭਾਵੇਂ ਸ. ਅਜਮੇਰ ਸਿੰਘ ਦਾ ਇਸ ਲੇਖੇ-ਜੋਖੇ ਨਾਲ ਦੂਰ ਦੂਰ ਦਾ ਵਾਸਤਾ ਵੀ ਨਾ ਹੋਵੇ, ਤਦ ਵੀ ਇਸ ਗੱਲ ਵਿਚ ਕੋਈ ਸ਼ੱਕ ਹੀ ਨਹੀਂ ਕਿ ਉਸ ਵੇਲੇ ਉਨ੍ਹਾਂ ਦੀ ਸਿਧਾਂਤਕ ਪੁਜ਼ੀਸ਼ਨ ਹਿੰਦੂਆਂ ਨੂੰ ਥੋਕ ਰੂਪ ਵਿਚ ਦੁਸ਼ਮਣ ਸਮਝਣ ਵਾਲੀ ਨਹੀਂ ਸੀ। ਫੇਰ ਸਮਝ ਨਹੀਂ ਆਉਂਦੀ ਕਿ ਉਸ ਵਰਗਾ ਐਡਾ ਵੱਡਾ ਬੁੱਧੀਵਾਨ ਅਤੇ ਕਿਸੇ ਸਮੇਂ ਸਮੁੱਚੀ ਮਨੁੱਖਤਾ ਨੂੰ ਪਰੇਮ ਕਰਨ ਵਾਲਾ ਜੀ ਹੋਸ਼ ਇਨਸਾਨ ਹਿੰਦੂਆਂ ਨੂੰ ਥੋਕ ਰੂਪ ਵਿਚ ਦੁਸ਼ਮਣ ਸਮਝਣ ਦੀ ਲੀਹ 'ਤੇ ਕਿਉਂ ਆ ਗਿਆ? ਉਹ 'ਦੇਸ਼ ਪੰਜਾਬ' ਦੇ ਮਾਰਚ 1999 ਦੇ ਅੰਕ ਵਿਚ ਛਪੇ "20ਵੀਂ ਸਦੀ ਦੀ ਸਿੱਖ ਲਹਿਰ ਦਾ ਲੇਖਾ ਜੋਖਾ" ਵਾਲੇ ਲੰਬੇ ਲੇਖ ਤੋਂ ਸ਼ੁਰੂ ਕਰਕੇ "1984 ਦਾ ਅਣਚਿਤਵਿਆ ਕਹਿਰ" ਤੱਕ ਸਾਰੇ ਹਿੰਦੂਆਂ ਨੂੰ ਦੁਸ਼ਟ ਮੰਨ ਕੇ ਕਿਉਂ ਚੱਲ ਨਿਕਲਿਆ? ਕੀ ਕਿਤੇ ਉਨ੍ਹਾਂ ਅੰਦਰ ਪਹਿਲਾਂ ਤੋਂ ਹੀ ਤਾਂ ਅਜਿਹੇ 'ਜ਼ਰਮ' ਨਹੀਂ ਸਨ ਪਏ ਹੋਏ? ਇਸ ਬਾਬਤ ਗੁਰਬਾਣੀ ਹੀ ਸਾਡਾ ਰਾਹ ਰੁਸ਼ਨਾਉਂਦੀ ਹੈ:

ਕੋਈ ਗਲਾ ਕਰੇ ਘਨੇਰੀਆ
ਜਿ ਘਰ ਵਥੁ ਹੋਵੈ ਸਾਈ ਖਾਇ॥
ਕੂੜ ਠਗੀ ਗੁਝੀ ਨਾ ਰਹੈ
ਮੁਲੰਮਾ ਪਾਜੁ ਲਹਿ ਜਾਇ॥॥
(ਮਹਲਾ ੪ ਪੰਨਾ-303)

# ਨੈਣ ਨਕਸ਼

*(ਸਫਾ 29 ਦੀ ਬਾਕੀ)*

ਰਿਵਾਲਵਰ ਕਿੱਲੀ ਤੋਂ ਲਾਹਿਆ। ਗੁੱਸੇ ਵਿਚ ਆਏ ਸਾਨ੍ਹ ਵਰਗੇ ਜ਼ੋਰ ਨੇ ਦਰਵਾਜ਼ਾ ਸਣੇ ਚੁਗਾਠਾਂ ਦੇ ਪੁੱਟ ਸੁੱਟਿਆ। ਤਿੰਨ ਧੀ ਦੀ ਹਿੱਕ ਵਿਚੋਂ ਤੇ ਤਿੰਨ ਉਹਦੇ...ਦੀ ਖੋਪਰੀ ਵਿਚੋਂ ਲੰਘਾ ਕੇ ਸ਼ਾਂਤ ਚਿੱਤ ਹੋ ਕੇ ਲੇਟਿਆ ਰਿਹਾ ਜਿਵੇਂ ਸਾਰੇ ਦੁੱਖਾਂ ਦਾ ਅੰਤ ਹੋ ਗਿਆ ਹੋਵੇ।

ਸਵੇਰੇ ਪੁਲਿਸ ਪ੍ਰੇਮੀ ਜੋੜੇ ਦੀ ਹਾਲਤ ਵੇਖ ਕੇ ਸਮਝ ਤਾਂ ਗਈ ਸੀ ਕਿ ਸਾਰਾ ਕੁਝ ਕਿਉਂ ਹੋਇਆ ਪਰ ਫਿਰ ਵੀ ਥਾਣੇਦਾਰ ਨੇ ਗੁਰਦਿਆਲ ਨੂੰ ਸਵਾਲ ਕੀਤਾ ਕਿ, "ਤੈਂ ਇਹ ਕੀ ਕੀਤਾ?"

"ਮੈਂ ਕੁਝ ਨੀਂ ਕੀਤਾ। ਸਿਰਫ਼ ਜੇਲ੍ਹ ਦਾ ਥਾਂ ਬਦਲਿਆ। ਪਹਿਲਾਂ ਅਠਾਰਾਂ ਸਾਲ ਕੱਟ ਕੇ ਆਇਆਂ ਅਤੇ ਹੁਣ ਦੋ ਸਾਲ ਵਧ ਜਾਣੀ ਕਿ ਵੀਹ ਸਾਲ ਹੋ'ਜੂ।"

ਤੇ ਪੁਲਿਸ ਦੀ ਜਿਪਸੀ ਵਿਚ ਬੈਠਦਿਆਂ ਗੁਰਦਿਆਲ ਦੇ ਚਿਹਰੇ 'ਤੇ ਰੌਣਕ ਲੱਗਦੀ ਸੀ ਜਿਵੇਂ ਉਹ ਸਾਰੇ ਸੰਕਟਾਂ ਤੋਂ ਮੁਕਤ ਹੋ ਗਿਆ ਹੋਵੇ।

**ਅੰਤਿਕਾ:**

ਪਤੀ: ਮੈਨੂੰ ਅਮਰੀਕਾ ਆਏ ਨੂੰ
ਹੋ ਗਏ ਅਠਾਰਾਂ ਸਾਲ ਕੁੜੇ
ਮੈਂ ਹੁਣ ਤਕ ਪੱਕਾ ਹੋਣ ਲਈ
ਬੁਣਦਾ ਰਿਹਾ ਇੰਦਰ ਜਾਲ ਕੁੜੇ
ਹੁਣ ਆਉਂਦੇ ਸਾਰ ਛੁਡਾ ਲੈਣੀ
ਜਿਹੜੀ ਗਹਿਣੇ ਪਈ ਜ਼ਮੀਨ ਕੁੜੇ
ਮੈਂ ਤੇਰੇ ਸਾਰੇ ਸ਼ੌਕ ਪੁਗਾ ਦਊਂਗਾ,
ਮੈਨੂੰ ਮਿਲ ਗਿਆ ਕਾਰਡ ਗਰੀਨ ਕੁੜੇ।
ਪਤਨੀ: ਕੀ ਕਰਨਾ ਕਾਰਡ ਗਰੀਨਾਂ ਨੂੰ
ਜਦ ਵਕਤ ਸੋਹਣਿਆਂ ਬੀਤ ਗਿਆ
ਤੇਰੀਆਂ ਰਾਹਾਂ ਨੂੰ ਤੱਕਦਾ
ਤੇਰਾ ਬਾਪੂ ਅੱਖੀਆਂ ਮੀਟ ਗਿਆ
ਜਿੰਦ ਵਿੰਨ੍ਹ ਸੁੱਟੀ ਏ ਜ਼ਖ਼ਮਾਂ ਨੇ
ਹੁਣ ਹੋਰ ਨੀਂ ਹੁੰਦਾ ਜੀਅ ਮਾਹੀਆ
ਇਕ ਦੁੱਖ ਵਿਛੋੜੇ ਵਾਲਾ
ਦੂਜੀ ਕੋਠੇ ਜਿੱਡੀ ਧੀ ਮਾਹੀਆ।

***(ਜਰਨੈਲ ਚੱਕ ਹਾਜ਼ੀਪੁਰ)***

# ਰੱਖਦੀ ਉਡੀਕਾਂ ਤੇਰੀਆਂ...

## ਸ਼ਬਦ-ਝਰੋਖਾ

**ਬਲਜੀਤ ਬਾਸੀ**
ਫੋਨ:734-454-4958



'ਕਾਸੇ ਦੀ ਤਾਕ ਵਿਚ ਰਹਿਣ' ਦੇ ਅਰਥਾਂ ਵਾਲਾ ਖ਼ੂਬਸੂਰਤ ਪੰਜਾਬੀ ਸ਼ਬਦ 'ਉਡੀਕ' ਉਤਰ-ਪੱਛਮੀ ਭਾਰਤ ਦੀਆਂ ਲਗਭਗ ਸਾਰੀਆਂ ਬੋਲੀਆਂ ਜਿਵੇਂ ਡੋਗਰੀ, ਪਹਾੜੀ, ਹਰਿਆਣਵੀ, ਰਾਜਸਥਾਨੀ ਆਦਿ ਵਿਚ ਬੋਲਿਆ ਜਾਂਦਾ ਹੈ। ਇਸ ਸ਼ਬਦ ਦੀ ਖ਼ੂਬਸੂਰਤੀ ਦਾ ਇਕ ਕਾਰਨ ਤਾਂ ਮੈਨੂੰ ਇਹ ਪ੍ਰਤੀਤ ਹੋਇਆ ਹੈ ਕਿ ਇਸ ਵਿਚ 'ਡ' ਅੱਖਰ ਦੇ ਨਾਲ ਲੱਗੀ ਵੱਡੀ ਈ ਦੀ ਮਾਤਰਾ ਅਰਥਾਤ ਬਿਹਾਰੀ (ੀ) ਇਸ ਦੀ ਧੁਨੀ ਨੂੰ ਇਸ ਕਦਰ ਲਮਕਾ ਦਿੰਦੀ ਹੈ ਕਿ ਉਡੀਕ ਜਾਣੋ ਇਕ ਮੁੱਦਤ ਜਿੰਨੀ ਹੋਣ ਦਾ ਪ੍ਰਭਾਵ ਦੇਣ ਲਗਦੀ ਹੈ। ਫਿਰ ਜਦ ਇਸਦੀ ਬਹੁਵਚਨ ਰੂਪ 'ਉਡੀਕਾਂ' ਵਜੋਂ ਵਰਤੋਂ ਕੀਤੀ ਜਾਂਦੀ ਹੈ ਤਾਂ ਹੋਰ ਵੀ ਸੋਨੇ 'ਤੇ ਸੁਹਾਗਾ ਫਿਰ ਜਾਂਦਾ ਹੈ। 'ਰੱਖਦੀ ਉਡੀਕ ਤੇਰੀ' ਦੀ ਥਾਂ 'ਰੱਖਦੀ ਉਡੀਕਾਂ ਤੇਰੀਆਂ' ਕਹਿਣ ਵਾਲੀ ਕੋਲ ਲਗਦਾ ਏ, ਜ਼ਿੰਦਗੀ ਵਿਚ ਹੋਰ ਕੰਮ ਹੀ ਨਹੀਂ ਰਹਿ ਗਿਆ।

ਭਾਵਵਾਚੀ ਨਾਂਵਾਂ ਦੇ ਬਹੁਵਚਨ ਬਣਾ ਕੇ ਉਨ੍ਹਾਂ ਦੀ ਕਾਵਿਮਈ ਵਰਤੋਂ ਪੰਜਾਬੀ ਭਾਸ਼ਾ ਦੀ ਇਕ ਵਿਸ਼ੇਸ਼ ਜੁਗਤ ਹੈ ਜੋ ਆਪਣੇ ਆਪ ਵਿਚ ਕਿਸੇ ਅਲੰਕਾਰ ਤੋਂ ਘਟ ਨਹੀਂ। ਆਸ਼ਕੀਆਂ, ਯਾਰੀਆਂ, ਪ੍ਰੀਤਾਂ, ਬੇਕਦਰੀਆਂ, ਬੇਵਫ਼ਾਈਆਂ, ਮਿਹਰਬਾਨੀਆਂ, ਦੀਦਾਰੇ, ਕਰਾਰਾਂ... ਕਿੰਨੇ ਹੀ ਸ਼ਬਦ ਹਨ ਜੋ ਇਸ ਕੋਟੀ ਵਿਚ ਆ ਜਾਂਦੇ ਹਨ। ਹੋਰ ਤਾਂ ਹੋਰ ਇਸ ਦੇ ਕ੍ਰਿਆ ਰੂਪ ਨੂੰ ਅਸੀਂ ਦੂਹਰਾ ਕੇ ਵੀ ਵਰਤ ਸਕਦੇ ਹਾਂ, 'ਤੁਹਾਨੂੰ ਉਡੀਕ ਉਡੀਕ ਕੇ ਸਾਡੀਆਂ ਤਾਂ ਅੱਖਾਂ ਪੱਕ ਗਈਆਂ.' ਪਰ ਕਵਿਤਾ ਵਿਚ ਇਸ ਸ਼ਬਦ ਦੀ ਵਰਤੋਂ ਨਾਲ ਜੋ ਸਨਸਨੀਖੇਜ਼ ਬਿੰਬ ਸ਼ਿਵ ਕੁਮਾਰ ਨੇ ਪੈਦਾ ਕੀਤਾ ਹੈ, ਉਸ ਦੀ ਮਿਸਾਲ ਲਭਣੀ ਮੁਸ਼ਕਿਲ ਹੈ:

ਕਬਰਾਂ ਉਡੀਕਦੀਆਂ
ਜਿਉਂ ਪੁਤਰਾਂ ਨੂੰ ਮਾਂਵਾਂ।

ਪੰਜਾਬੀਆਂ ਦਾ ਪਰਵਾਸ ਵੱਲ ਰੁਝਾਨ ਤੇ ਰੁਜ਼ਗਾਰ ਲਈ ਫੌਜ ਦੀ ਨੌਕਰੀ ਜਿਹੇ ਤੱਥ ਪੰਜਾਬੀ ਲੋਕ ਜੀਵਨ ਵਿਚ ਉਡੀਕ ਦੇ ਮਹੱਤਵ ਨੂੰ ਉਜਾਗਰ ਕਰਦੇ ਹਨ। ਫਿਰ ਪਿਆਰ ਵਿਚ ਉਡੀਕ ਦਾ ਮਸਾਲਾ ਨਾ ਹੋਵੇ ਤਾਂ ਇਸ ਦਾ ਸਵਾਦ ਕਾਹਦਾ। ਮਾਹੀ ਦੀ ਨਹੀਂ ਤਾਂ ਘਟੋ ਘਟ ਉਸ ਦੀ ਚਿੱਠੀ ਜਾਂ ਸੁਖ-ਸੁਨੇਹੜੇ ਦੀ ਉਡੀਕ ਬਣੀ ਹੀ ਰਹਿੰਦੀ ਹੈ। ਸੂਫ਼ੀ ਜੀਵਨ ਵਿਚ ਮੁਰਸ਼ਦ ਦੀ ਸਿੱਕ ਇਕ ਪ੍ਰਮੁਖ ਭਾਵ ਹੈ। ਜੇ ਸੂਫ਼ੀ ਕਲਾਮ ਵਿਚ ਉਡੀਕ ਸ਼ਬਦ ਬਾਰੰਬਾਰ ਆਉਂਦਾ ਹੈ ਤਾਂ ਇਸ ਵਿਚ ਕੋਈ ਹੈਰਾਨੀ ਨਹੀਂ:

ਮੈਂ ਉਡੀਕਾਂ ਕਰ ਰਹੀ
ਕਦੇ ਆ ਕਰ ਫੇਰਾ....

ਉਡੀਕ ਸ਼ਬਦ ਸੰਸਕ੍ਰਿਤ ਦੇ 'ਉਦੀਕਸ਼' ਤੋਂ ਵਿਕਸਿਤ ਹੋਇਆ ਹੈ ਜਿਸ ਦੇ ਸੰਸਕ੍ਰਿਤ ਵਿਚ ਵੀ ਇਹੋ ਅਰਥ ਹਨ। ਉਦੀਕਸ਼ = ਉਦ+ਈਕਸ਼। ਇਸ ਵਿਚ 'ਉਦ' ਇਕ ਅਗੇਤਰ ਹੈ ਜੋ ਕਿਸੇ ਸ਼ਬਦ ਤੋਂ ਪਹਿਲਾਂ ਲੱਗ ਕੇ 'ਉਪਰ ਵੱਲ' ਦੇ ਭਾਵ ਦਿੰਦਾ ਹੈ। ਇਸ ਅਗੇਤਰ ਤੋਂ ਬਣੇ ਅਸੀਂ ਕਈ ਹੋਰ ਸ਼ਬਦ ਦੇਖ ਸਕਦੇ ਹਾਂ ਜਿਵੇਂ ਉਦਭਵ, ਉਦਘਾਟਨ, ਉਦਯੋਗ ਆਦਿ। ਸੰਸਕ੍ਰਿਤ ਵਿਚ 'ਈਕਸ਼' ਧਾਤੂ ਦਾ ਅਰਥ ਦੇਖਣਾ ਹੁੰਦਾ ਹੈ ਜੋ ਪੰਜਾਬੀ ਵਿਚ ਜਾ ਕੇ 'ਖਿ' ਜਾਂ 'ਖ' ਵਿਚ ਪਲਟ ਜਾਂਦਾ ਹੈ। ਨਿਰੀਖਣ, ਪਰੀਖਿਆ, ਸਮੀਖਿਆ ਆਦਿ ਅਨੇਕਾਂ ਸ਼ਬਦ ਹਨ ਜੋ ਵਿਭਿੰਨ ਅਗੇਤਰ ਲੱਗ ਕੇ ਇਸੇ ਧਾਤੂ ਤੋਂ ਬਣੇ ਹਨ। ਪੰਜਾਬੀ ਸ਼ਬਦ ਭੰਡਾਰ ਵਿਚ ਵਾਧਾ ਕਰਨ ਹਿੱਤ ਸੰਤ ਸਿੰਘ ਸੇਖੋਂ ਤਾਂ ਅਪੇਖਿਆ, ਉਪੇਖਿਆ ਜਿਹੇ ਸ਼ਬਦ ਵੀ ਵਰਤ ਲੈਂਦੇ ਸਨ। ਅਪੇਖਿਆ ਦਾ ਮਤਲਬ ਆਸ਼ਾ ਹੁੰਦਾ ਹੈ, 'ਮੈਨੂੰ ਤੇਰੇ ਤੋਂ ਇਹ ਅਪੇਖਿਆ ਨਹੀਂ ਸੀ' ਅਰਥਾਤ ਇਹ ਆਸ ਨਹੀਂ ਸੀ। ਇਸੇ ਤਰ੍ਹਾਂ ਉਪੇਖਿਆ ਅਪੇਖਿਆ ਤੋਂ ਉਲਟ ਹੈ। ਕਿਸੇ ਦੀ ਉਪੇਖਿਆ ਕਰਨਾ ਦਾ ਮਤਲਬ ਕਿਸੇ ਨੂੰ ਨਜ਼ਰਅੰਦਾਜ਼ ਕਰਨਾ ਹੈ। ਸੰਸਕ੍ਰਿਤ ਵਿਚ 'ਈਕਸ਼' ਸੁਤੰਤਰ ਸ਼ਬਦ ਵੀ ਹੈ ਜਿਸ ਦੇ ਅਰਥ ਦੇਖਣਾ, ਤੱਕਣਾ; ਚਿਤਵਣਾ; ਸਮਝਣਾ; ਤਾੜਨਾ; ਕਿਸੇ ਦਾ ਭਵਿਖ ਦੱਸਣਾ ਆਦਿ ਹੁੰਦਾ ਹੈ। ਪਰ ਪੰਜਾਬੀ ਵਿਚ ਇਹ ਸ਼ਬਦ ਜਾਂ ਇਸ ਦਾ ਕੋਈ ਰੂਪ ਮੌਜੂਦ ਨਹੀਂ ਹੈ। ਸੋ ਉਦੀਕਸ਼ ਜਾਂ ਉਡੀਕ ਦੇ ਸ਼ਾਬਦਿਕ ਅਰਥ ਹੋਏ ਉਪਰ ਵੱਲ ਨੂੰ ਦੇਖਣਾ। ਉਪਰ ਵੱਲ ਨੂੰ ਅਸੀਂ ਕਿਸੇ ਝਾਕਾ ਲਈ ਹੀ ਦੇਖਦੇ ਹਾਂ। ਰੱਬ ਦੀ ਮਿਹਰ ਜਾਂ ਮੀਂਹ ਦੀ ਉਡੀਕ ਵਿਚ ਅਸੀਂ ਉਪਰ ਵੱਲ ਨੂੰ ਦੇਖਦੇ ਹਾਂ।

ਇਹ ਤਾਂ ਹੋ ਗਈ ਪੰਜਾਬ ਤੇ ਇਸ ਦੇ ਆਸ ਪਾਸ ਦੀ ਗੱਲ। ਆਉ ਜ਼ਰਾ ਜਮਨਾ ਪਾਰ ਹੋ ਆਈਏ ਤੇ ਦੇਖੀਏ ਉਥੇ ਉਡੀਕ ਕਿਵੇਂ ਕੀਤੀ ਜਾਂਦੀ ਹੈ। ਤੁਸੀਂ ਸਭ ਜਾਣਦੇ ਹੀ ਹੋਵੋਗੇ ਕਿ ਹਿੰਦੀ ਤੇ ਇਸ ਦੀਆਂ ਬਹੁਤ ਸਾਰੀਆਂ ਉਪਬੋਲੀਆਂ ਵਿਚ ਉਡੀਕ ਲਈ ਪ੍ਰਤੀਕਸ਼ਾ ਸ਼ਬਦ ਵਰਤਿਆ ਜਾਂਦਾ ਹੈ। ਧਿਆਨ ਦੇਣ ਵਾਲੀ ਗੱਲ ਹੈ ਕਿ ਇਸ ਸ਼ਬਦ ਵਿਚ ਲੱਗਾ 'ਪ੍ਰਤੀ' ਤਾਂ 'ਉਦ' ਦੀ ਤਰ੍ਹਾਂ ਇਕ ਅਗੇਤਰ ਹੀ ਹੈ। ਪ੍ਰਤਿ/ਪ੍ਰਤੀ ਅਗੇਤਰ ਦਾ ਅਰਥ 'ਉਲਟੇ ਰੁਖ' ਜਾਂ 'ਵੱਲ ਨੂੰ' ਹੁੰਦਾ ਹੈ ਜਿਵੇਂ ਪ੍ਰਤਿਬਿੰਬ, ਪ੍ਰਤਿਕ੍ਰਿਆ ਆਦਿ। ਪਰੰਤੂ ਏਥੇ ਪ੍ਰਤੀ ਦੇ ਨਾਲ ਲੱਗਾ 'ਈਕਸ਼ਾ' ਉਡੀਕ ਵਾਲਾ ਹੀ ਦ੍ਰਿਸ਼ਟੀਗੋਚਰ ਹੋ ਰਿਹਾ ਹੈ। ਸੋ ਪ੍ਰਤੀਕਸ਼ਾ ਦਾ ਸ਼ਾਬਦਿਕ ਅਰਥ ਬਣਿਆ 'ਵੱਲ ਤੱਕਣਾ'। ਏਥੇ ਤੱਕਣ ਦਾ ਭਾਵ ਵੀ ਉਡੀਕ ਕਰਨ ਦੇ ਅਰਥਾਂ ਵਿਚ ਹੀ ਹੈ। ਕਿਸੇ ਦਾ ਰਾਹ ਤੱਕਣਾ ਉਸ ਦੀ ਝਾਕਾ ਰੱਖਣਾ ਜਾਂ ਉਡੀਕਣਾ ਹੀ ਹੁੰਦਾ ਹੈ, ਅੱਖਾਂ ਵਿਛਾਉਣਾ ਵਿਚ ਵੀ ਅੱਖਾਂ ਦੀ ਕ੍ਰਿਆ ਹੀ ਨਜ਼ਰ ਆਉਂਦੀ ਹੈ। ਗਹੁ ਨਾਲ ਵਿਚਾਰਿਆਂ ਪਤਾ ਲਗਦਾ ਹੈ ਕਿ ਪ੍ਰਤੀਕਸ਼ਾ ਵਿਚ ਉਡੀਕ ਜਿਹੀ ਅਪਣੱਤ ਤੇ ਲਚਕ ਨਹੀਂ-'ਹਮ ਤੁਮਹਾਰੀ ਪ੍ਰਤੀਕਸ਼ਾਏਂ ਕਰਤੇ ਰਹੇ' ਤਾਂ ਨਹੀਂ ਕਹਿ ਸਕਦੇ। ਹਿੰਦੀ ਵਿਚ ਇਸ ਸ਼ਬਦ ਦਾ ਕੋਈ ਕ੍ਰਿਆ ਰੂਪ ਵੀ ਨਹੀਂ ਰੜਕਦਾ। ਪਰ ਫਿਰ ਵੀ ਹਿੰਦੀ ਕਵੀਆਂ ਨੇ ਇਸ ਦੀ ਖ਼ੂਬਸੂਰਤ ਵਰਤੋਂ ਕੀਤੀ ਹੈ। ਹਰਿਵੰਸ਼ ਰਾਏ ਬਚਨ ਦੀ ਇਕ ਪੰਕਤੀ ਹੈ:

ਮਧੁਰ ਪ੍ਰਤੀਕਸ਼ਾ ਹੀ ਜਬ ਇਤਨੀ,
ਪ੍ਰਿਆ ਤੁਮ ਆਤੇ ਤਬ ਕਿਆ ਹੋਤਾ?
ਹੋਰ ਦੇਖੋ:
ਰੋਜ਼ ਸੁਬਹ ਸੇ
ਕੋਈ ਦੇਖਤਾ ਹੈ ਰਾਸਤਾ ਡਾਕੀਏ ਕਾ
ਮਾਲੂਮ ਭੀ ਹੈ ਕਿ
ਨਹੀਂ ਆਏਗੀ ਕੋਈ ਚਿੱਠੀ
ਉਸ ਕੇ ਨਾਮ ਤੁਮਹਾਰੇ ਗਾਂਵ ਸੇ
ਫਿਰ ਭੀ ਉਸੇ ਪਸੰਦ ਹੈ
ਸਾਂਝ ਢਲੇ ਤਕ ਕਰਨਾ
ਡਾਕੀਏ ਕੀ ਪ੍ਰਤੀਕਸ਼ਾ।

ਅਸੀਂ ਦੇਖ ਚੁਕੇ ਹਾਂ ਕਿ ਉਡੀਕ ਦੇ ਭਾਵ ਵਿਚ ਦੇਖਣ ਦਾ ਸੰਕਲਪ ਹੀ ਪ੍ਰਤੱਖ ਹੁੰਦਾ ਹੈ। ਨਿਰੁਕਤੀ ਦੇ ਅਧਿਐਨ ਵਿਚ ਇਹ ਗੱਲ ਮਹੱਤਵਪੂਰਨ ਹੈ ਕਿ ਅਕਸਰ ਹੀ ਵੱਖ ਵੱਖ ਭਾਸ਼ਾਵਾਂ, ਭਾਵੇਂ ਉਹ ਇਕੋ ਪਰਿਵਾਰ ਨਾਲ ਸਬੰਧ ਨਹੀਂ ਵੀ ਰੱਖਦੀਆਂ, ਇਕੋ ਸੰਕਲਪ ਤੋਂ ਸ਼ਬਦ ਉਤਪੰਨ ਕਰਦੀਆਂ ਹਨ। ਅਰਬੀ ਇਕ ਗ਼ੈਰ-ਭਾਰੋਪੀ ਭਾਸ਼ਾ ਹੈ। ਗ਼ੌਰਤਲਬ ਹੈ ਕਿ ਉਡੀਕ ਦੇ ਅਰਥਾਂ ਵਾਲੇ ਅਰਬੀ ਸ਼ਬਦ 'ਇੰਤਜ਼ਾਰ' ਵਿਚ ਵੀ ਤੱਕਣ ਦਾ ਭਾਵ ਹੀ ਸਮਾਇਆ ਹੋਇਆ ਹੈ। ਇਹ ਲਫ਼ਜ਼ 'ਨਜ਼ਰ' ਤੋਂ ਵਿਉਤਪਤ ਹੋਇਆ ਹੈ ਤੇ ਅਰਬੀ ਵਿਚ ਨਜ਼ਰ ਦਾ ਅਰਥ ਤੱਕਣਾ ਹੁੰਦਾ ਹੈ। ਨਜ਼ਰ ਤੇ ਇੰਤਜ਼ਾਰ ਲਫ਼ਜ਼ ਫਾਰਸੀ ਤੋਂ ਹੁੰਦੇ ਹੋਏ ਉਰਦੂ, ਪੰਜਾਬੀ, ਹਿੰਦੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਦਾਖ਼ਿਲ ਹੋ ਗਏ ਹਨ ਪਰ ਆਮ ਬੋਲਚਾਲ ਵਿਚ ਇੰਤਜ਼ਾਰ ਸ਼ਬਦ ਨਾਲ ਅਪਣੱਤ ਵਾਲੇ ਭਾਵਾਂ ਦਾ ਇਜ਼ਹਾਰ ਨਹੀਂ ਹੁੰਦਾ। ਉਰਦੂ ਵਿਚ ਇੰਤਜ਼ਾਰੀ ਦੇਖਣਾ ਮੁਹਾਵਰਾ ਵੀ ਵਰਤਿਆ ਜਾਂਦਾ ਹੈ। ਅਸੀਂ ਕਿਸੇ ਸ਼ਬਦ ਨੂੰ ਉਸ ਦੇ ਸਮੁਚੇ ਰੂਪ ਵਿਚ ਹੀ ਗ੍ਰਹਿਣ ਕਰਦੇ ਹਾਂ, ਇਸ ਦੇ ਜੁਜ਼ਾਂ ਦੇ ਅਰਥਾਂ ਨੂੰ ਨਹੀਂ ਗੌਲਦੇ। ਇੰਤਜ਼ਾਰੀ ਦੇਖਣਾ ਮੁਹਾਵਰੇ ਦੇ ਵਿਕਸਿਤ ਹੋਣ ਸਮੇਂ ਕਿਸੇ ਨੇ ਇਹ ਨਹੀਂ ਘੋਖਿਆ ਹੋਣਾ ਕਿ ਦੇਖਣ ਦਾ ਭਾਵ ਤਾਂ ਇੰਤਜ਼ਾਰ ਵਿਚ ਪਹਿਲਾਂ ਹੀ ਮੌਜੂਦ ਹੈ!

ਆਉ ਦੇਖੀਏ, ਉਡੀਕ ਦੇ ਸਮਾਨੰਤਰ ਅੰਗਰੇਜ਼ੀ ਦੇ ਸ਼ਬਦ ਕਿਵੇਂ ਪੇਸ਼ ਆਉਂਦੇ ਹਨ। ਗਹੁ ਨਾਲ ਵਾਚਿਆਂ ਪਤਾ ਲਗਦਾ ਹੈ ਕਿ ਏਥੇ ਵੀ ਤਕਣ, ਦੇਖਣ ਦੇ ਭਾਵਾਂ ਦੀ ਹੀ ਕਹਾਣੀ ਹੈ। ਤੇਰ੍ਹਵੀਂ ਸਦੀ ਵਿਚ ਅੰਗਰੇਜ਼ੀ ਸ਼ਬਦ ਵੇਟ (wait) ਦਾ ਅਰਥ 'ਕਿਸੇ ਦੀ ਘਾਤਕ ਇਰਾਦੇ ਨਾਲ ਉਡੀਕ' ਹੁੰਦਾ ਸੀ। ਜਾਣੋਂ ਸਾਡੇ ਵਾਕੰਸ਼ ਸ਼ਹਿ ਲਾਉਣਾ, ਘਾਤ ਲਾਉਣਾ ਵਾਲੇ ਅਰਥ ਦਿੰਦਾ ਸੀ। ਇਹ ਜਿਸ ਫ਼ਰਾਂਸੀਸੀ ਸ਼ਬਦ ਤੋਂ ਵਿਕਸਿਤ ਹੋਇਆ ਉਸ ਦਾ ਅਰਥ ਨਿਗ੍ਹਾ ਰੱਖਣਾ, ਪਹਿਰਾ ਦੇਣਾ ਹੁੰਦਾ ਸੀ। ਪੁਰਾਣੀ ਅੰਗਰੇਜ਼ੀ ਵਿਚ wait ਦਾ ਇਕ ਅਰਥ ਪਹਿਰੇਦਾਰ ਵੀ ਹੁੰਦਾ ਸੀ। ਅੰਗਰੇਜ਼ੀ ਦੇ ਹੋਰ ਸ਼ਬਦ watch ਤੇ wake ਵੀ ਇਸ ਦੇ ਸਕੇ ਭਰਾ-ਭਤੀਜੇ ਹੀ ਹਨ। ਵੇਟ ਵਿਚ ਉਡੀਕ ਕਰਨ ਦੇ ਅਰਥ 14ਵੀਂ ਸਦੀ ਵਿਚ ਨੋਟ ਕੀਤੇ ਗਏ। ਰੈਸਤੋਰਾਂ ਆਦਿ ਵਿਚ ਸੇਵਾ ਕਰਨ ਦੇ ਅਰਥ ਬਹੁਤ ਬਾਅਦ ਵਿਚ 16 ਵੀਂ ਸਦੀ ਵਿਚ ਪ੍ਰਗਟ ਹੋਏ। ਫਿਰ ਤਾਂ ਗਾਹਕਾਂ ਦੀ ਖਾਤਰ ਕਰਨ ਵਾਲਾ 'ਵੇਟਰ' ਵੀ ਸਾਹਮਣੇ ਆ ਗਿਆ। ਦਰਅਸਲ ਇਸ ਵੇਟਰ ਦਾ ਕੰਮ ਵੀ ਗਾਹਕਾਂ ਦੀ ਦੇਖ-ਰੇਖ ਕਰਨਾ ਹੀ ਹੈ। ਧਿਆਨ ਰਹੇ, ਨਿਰੁਕਤਕ ਅਰਥਾਂ ਅਨੁਸਾਰ ਵੇਟਰ ਸਾਡੇ ਆਰਡਰ ਦਾ ਉਡੀਕਵਾਨ ਨਹੀਂ ਹੈ, ਸਾਡੀ ਦੇਖ-ਰੇਖ ਕਰਨ ਵਾਲਾ, ਟਹਿਲ-ਸੇਵਾ ਕਰਨ ਵਾਲਾ ਹੈ। ਅੰਗਰੇਜ਼ੀ ਵਿਚ wait on ਦਾ ਅਰਥ ਵੇਟਰ ਦਾ ਕੰਮ ਕਰਨਾ ਵੀ ਹੈ ਤੇ ਕਿਸੇ ਦੇ ਦਰਸ਼ਨ ਕਰਨਾ ਵੀ ਹੈ।

ਅੰਗਰੇਜ਼ੀ ਵਿਚ ਉਡੀਕ ਸ਼ਬਦ ਦੇ ਟਾਕਰੇ 'ਤੇ ਇਕ ਹੋਰ ਅੰਗਰੇਜ਼ੀ ਸ਼ਬਦ ਹੈ expect. ਇਹ ਸ਼ਬਦ ਅਸਲ ਵਿਚ ਆਸਵੰਦ ਉਡੀਕ ਦੇ ਅਰਥ ਦਿੰਦਾ ਹੈ ਪਰ ਸੰਕਲਪ ਦੇ ਪੱਖ ਤੋਂ ਕਹਾਣੀ ਇਸ ਸ਼ਬਦ ਦੀ ਵੀ ਇਹੋ ਹੈ। expect ਸ਼ਬਦ ਵਿਚੋਂ ਜੇ ਅਗੇਤਰ ex ਕਢ ਲਿਆ ਜਾਵੇ ਤਾਂ ਬਾਕੀ ਬਚਦਾ ਹੈ, pect ਜੋ ਕਿ ਲਾਤੀਨੀ spectare ਤੋਂ ਬਣਿਆ ਹੈ। ਲਾਤੀਨੀ ਵਿਚ ਇਸ ਦਾ ਅਰਥ ਵੀ ਦੇਖਣਾ ਹੁੰਦਾ ਹੈ। ਨਾਲ ਲਗਦੀ ਇਹ ਗੱਲ ਵੀ ਦੱਸ ਦੇਵਾਂ ਕਿ spectare ਸ਼ਬਦ ਦੀ ਸੰਸਕ੍ਰਿਤ ਸ਼ਬਦ 'ਸਪਸ਼' ਨਾਲ ਸੁਜਾਤੀ ਸਾਂਝ ਹੈ ਤੇ ਇਸ ਦਾ ਅਰਥ ਵੀ ਦੇਖਣਾ ਹੀ ਹੁੰਦਾ ਹੈ। ਇਸ ਸ਼ਬਦ ਦਾ ਅਗਲਾ ਪਿਛਲਾ ਇਕ ਵੱਖਰੇ ਲੇਖ ਵਿਚ ਫਰੋਲਿਆ ਜਾਵੇਗਾ। ਅੰਗਰੇਜ਼ੀ ਵਿਚ ਤੀਬਰਤਾ ਨਾਲ ਉਡੀਕ ਦੇ ਅਰਥਾਂ ਵਾਲਾ ਇਕ ਹੋਰ ਵਾਕੰਸ਼ ਆਮ ਚਲਦਾ ਹੈ, to look forward to, ਇਸ ਵਿਚ look (ਦੇਖਣਾ) ਤਾਂ ਸਪਸ਼ਟ ਹੀ ਦਿਸ ਰਿਹਾ ਹੈ।

# ਸਿਰੋਪਾਓ ਗੁਰੂ ਦੀ ਬਖ਼ਸ਼ਿਸ਼ ਹੈ, ਕੋਈ ਤਮਾਸ਼ਾ ਨਹੀਂ

**ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ***

ਕਦੇ ਕਿਸੇ ਜ਼ਮਾਨੇ ਵਿਚ ਸਿਰੋਪਾਓ ਦੀ ਬਹੁਤ ਵੱਡੀ ਮਹੱਤਤਾ ਹੁੰਦੀ ਸੀ ਅਤੇ ਕਿਸੇ ਵੱਡੇ ਭਾਗਾਂ ਵਾਲੇ ਗੁਰਸਿੱਖ ਜਾਂ ਸੇਵਕ ਨੂੰ ਇਹ ਦਾਤ ਪ੍ਰਾਪਤ ਹੁੰਦੀ ਸੀ; ਉਹ ਵੀ ਕਿਸੇ ਵੱਡੀ ਪ੍ਰਾਪਤੀ ਦੇ ਕਾਰਨ ਕਰਕੇ ਹੀ। ਵੱਡੇ-ਵੱਡੇ ਕੀਰਤਨ ਦਰਬਾਰਾਂ ਵਿਚ ਕਿਸੇ ਸਿਰਮੌਰ ਰਾਗੀ ਸਿੰਘ ਨੂੰ ਗੁਰੂਘਰ ਵੱਲੋਂ ਸਿਰੋਪਾਓ ਦਿੱਤਾ ਜਾਂਦਾ ਸੀ। ਗੁਰੂਘਰ ਵਿਚ ਕਿਸੇ ਐਸੇ ਨਿਸ਼ਕਾਮ ਸੇਵਕ ਨੂੰ ਸਿਰੋਪਾਓ ਮਿਲਦਾ ਸੀ ਜੋ ਮਹੀਨੇ ਨਹੀਂ, ਸਾਲਾਂ-ਬੱਧੀ ਜੋੜੇ ਝਾੜਦਾ, ਲੰਗਰ ਵਿਚ ਜੂਠੇ ਭਾਂਡੇ ਮਾਂਜਦਾ, ਝਾੜੂ ਫੇਰਦਾ, ਸੰਗਤ ਨੂੰ ਜਲ ਛਕਾਉਂਦਾ ਤੇ ਦੀਵਾਨਾਂ ਵਿਚ ਪੱਖੇ ਦੀ ਸੇਵਾ ਕਰਦਾ।

ਜਿਨ੍ਹਾਂ ਨੂੰ ਸਿਰੋਪਾਓ ਮਿਲਦਾ ਸੀ, ਉਹ ਆਪਣੇ ਆਪ ਨੂੰ ਬਹੁਤ ਹੀ ਵਡਭਾਗੇ ਸਮਝਦੇ ਸਨ ਅਤੇ ਸਾਰਾ ਪਰਿਵਾਰ ਹੀ ਉਸ ਸਿਰੋਪਾਓ ਦਾ ਸਤਿਕਾਰ ਕਰਦਾ ਸੀ। ਘਰ ਵਿਚ ਗੁਰਬਾਣੀ ਦੇ ਸੁੰਦਰ ਗੁਟਕੇ ਜਾਂ ਘਰ ਵਿਚ ਕਿਸੇ ਪੂਜਣਯੋਗ ਅਸਥਾਨ 'ਤੇ ਸਿਰੋਪਾਓ ਰੱਖ ਕੇ ਇਸ ਨੂੰ ਆਦਰ ਦਿੱਤਾ ਜਾਂਦਾ ਸੀ। ਸਿਰੋਪਾਓ ਦਾ ਕੱਪੜਾ ਉਦੋਂ ਵੀ ਸਵਾ ਦੋ ਗਜ਼ ਜਾਂ ਢਾਈ ਗਜ਼ ਹੀ ਹੁੰਦਾ ਸੀ ਪਰ ਉਸ ਨੂੰ ਮਹਿਜ ਕੱਪੜਾ ਨਹੀਂ, ਸਤਿਗੁਰਾਂ ਦੀ ਬਖ਼ਸ਼ਿਸ਼ ਸਮਝਿਆ ਜਾਂਦਾ ਸੀ।

ਹੁਣ ਤਾਂ ਕੋਈ ਗੁਰੂ ਤੋਂ ਡਰਨ ਨੂੰ ਤਿਆਰ ਨਹੀਂ, ਫਿਰ ਸਿਰੋਪਾਓ ਦੀ ਇੱਜ਼ਤ ਕੌਣ ਕਰੇਗਾ? ਅੱਜ ਕੱਲ੍ਹ ਜੋ ਹਾਲਤ ਸਿਰੋਪਾਓ ਦੀ ਹੋ ਰਹੀ ਹੈ, ਉਹ ਕਿਸੇ ਤੋਂ ਵੀ ਲੁਕੀ ਛਿਪੀ ਨਹੀਂ ਹੈ। ਰਾਗੀ ਜਥਾ ਅਜੇ ਕੀਰਤਨ ਕਰ ਰਿਹਾ ਹੁੰਦਾ ਹੈ ਤਾਂ ਪ੍ਰਬੰਧਕ ਕਮੇਟੀ ਦਾ ਕੋਈ ਵੀ ਇਕ ਮੈਂਬਰ ਪਿਛਲੇ ਪਾਸੇ ਤੋਂ ਹੀ ਸਿਰੋਪਾਓ ਰਾਗੀਆਂ ਦੀਆਂ ਧੌਣਾਂ 'ਤੇ ਸੁੱਟ ਦਿੰਦਾ ਹੈ ਜਿਵੇਂ ਕੋਈ ਬਹੁਤ ਵੱਡੀ ਮੁਸੀਬਤ ਪਈ ਹੋਈ ਹੋਵੇ। ਇਸ ਨਾਲ ਦੋ ਮਸਲੇ ਹੱਲ ਹੋ ਜਾਂਦੇ ਹਨ; ਸਿਰੋਪਾਓ ਵੀ ਧੌਣ 'ਤੇ ਜਾ ਬੈਠਦਾ ਹੈ ਅਤੇ ਜਥੇ ਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਸਾਡਾ ਸਮਾਂ ਪੂਰਾ ਹੋ ਗਿਆ ਹੈ। ਸਾਜ਼ ਬੰਦ ਕਰੋ ਅਤੇ ਤੁਰਦੇ ਬਣੋ। ਪਹਿਲੇ ਸਮਿਆਂ ਵਿਚ ਜਥੇ ਦੇ ਮੁੱਖ ਕੀਰਤਨੀਏ ਸਿੰਘ ਦੇ ਗਲ ਵਿਚ ਸਿਰੋਪਾਓ ਗੁਰੂ ਦੀ ਬਖਸ਼ਿਸ਼ ਵਜੋਂ ਬਾਕਾਇਦਾ ਸੰਗਤ ਵਿਚ ਸਾਹਮਣੇ ਤੋਂ ਗਲ ਵਿਚ ਪਾਇਆ ਜਾਂਦਾ ਸੀ ਅਤੇ ਸਿਰੋਪਾਓ ਲੈਣ ਵਾਲੇ ਦਾ ਸਿਰ ਵੀ ਆਪਣੇ ਆਪ ਹੀ ਝੁਕ ਜਾਂਦਾ ਸੀ। ਹੁਣ ਹਾਲਾਤ ਹੀ ਹੋਰ ਹਨ। ਕਈ ਸਮਾਗਮਾਂ ਉਤੇ ਤਾਂ ਕੇਸਰੀ ਰੰਗ ਦੇ ਕੱਪੜੇ ਦੇ ਢੇਰਾਂ ਦੇ ਢੇਰ ਲੱਗੇ ਪਏ ਹੁੰਦੇ ਹਨ ਅਤੇ ਤਿੰਨ-ਚਾਰ ਸੁਪਰੀਮੋ ਮੈਂਬਰ ਤਾਂ ਸਿਰੋਪਿਆਂ ਦੀਆਂ ਪੂਣੀਆਂ ਕਰਨ 'ਤੇ ਲੱਗੇ ਹੋਏ ਹੁੰਦੇ ਸਨ। ਇਕ ਜਣਾ ਨਾਂ ਬੋਲੀ ਜਾਂਦਾ ਹੈ ਅਤੇ ਕੋਈ ਇਕ ਹੋਰ ਅੰਨ੍ਹੇਵਾਹ ਸਿਰੋਪਾਓ ਧੋਣਾਂ 'ਤੇ ਸੁੱਟੀ ਜਾਂਦਾ ਹੈ।

ਕੋਈ ਤਿੰਨ ਕੁ ਸਾਲ ਪਹਿਲਾਂ ਅਸੀਂ ਇੰਡੀਆ ਸਾਂ ਕਿ ਸਾਡੇ ਪਿੰਡ ਦੇ ਹੀ ਇਕ ਭਾਈ ਸਾਹਿਬ ਕਹਿਣ ਲੱਗੇ, ਚਲੋ ਤੁਹਾਨੂੰ ਇਕ ਸਮਾਗਮ ਦਿਖਾ ਲਿਆਈਏ। ਮੈਂ ਕਿਹਾ, ਸਾਡੀ ਤਾਂ ਉਥੇ ਕੋਈ ਜਾਣ-ਪਛਾਣ ਨਹੀਂ, ਅਸੀਂ ਉਥੇ ਕੀ ਕਰਨਾ ਹੈ? ਪਰ ਭਾਈ ਸਾਹਿਬ ਜ਼ਿਦ ਕਰ ਕੇ ਸਾਨੂੰ ਲੈ ਗਏ। ਸਮਾਗਮ ਵਾਕਿਆ ਹੀ ਬਹੁਤ ਵੱਡਾ ਸੀ। ਪੰਜਾਬ ਦੀ ਸਾਰੀ ਵਜ਼ਾਰਤ ਸਮੇਤ ਬਾਦਲ ਨੇ ਉਥੇ ਪਹੁੰਚਣਾ ਸੀ। ਕਿਸੇ ਵੱਡੇ ਲੀਡਰ ਦੇ ਵੱਡੇ ਘਰ ਵਿਚ ਹੀ ਸਮਾਗਮ ਸੀ। ਜਦ ਅਸੀਂ ਉਥੇ ਪਹੁੰਚੇ, ਚਾਰ ਕੁ ਸੌ ਬੰਦਾ ਪੰਡਾਲ ਵਿਚ ਬੈਠਾ ਸੀ। ਅਖੰਡ ਪਾਠ ਦਾ ਭੋਗ ਪਿਆ, ਅਰਦਾਸ ਹੋਈ ਅਤੇ ਪਾਵਨ ਹੁਕਮਨਾਮੇ ਮਗਰੋਂ ਰਾਗੀ ਜਥੇ ਨੇ ਕੀਰਤਨ ਸ਼ੁਰੂ ਕੀਤਾ। ਅਜੇ ਸ਼ਬਦ ਸ਼ੁਰੂ ਹੀ ਹੋਇਆ ਸੀ ਕਿ ਸੈਕਟਰੀ ਦੀ ਆਵਾਜ਼ ਆਈ, ਸ਼ਬਦ ਜ਼ਰਾ ਛੇਤੀ ਮੁਕਾ ਦਿਓ। ਮੁੱਖ ਮਹਿਮਾਨ ਬਾਹਰ ਆਣ ਪਹੁੰਚੇ ਹਨ। 'ਛੇਤੀ ਕਰੋ, ਛੇਤੀ ਕਰੋ' ਦੀ ਆਵਾਜ਼ ਹਰ ਪਾਸੇ ਸੀ। ਰਾਗੀ ਵੀ ਫਟਾਫਟ ਸ਼ਬਦ ਪੂਰਾ ਕਰਨ ਲਈ ਹੱਥ-ਪੈਰ ਮਾਰ ਰਹੇ ਸਨ। ਖ਼ੈਰ, ਸ਼ਬਦ ਪੂਰਾ ਹੋਣ ਤੋਂ ਪਹਿਲਾਂ ਹੀ 'ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਪੂਰਾ ਪਿੰਡ ਹੀ ਗੂੰਜ ਉਠਿਆ। ਰਾਗੀ ਵਿਚਾਰੇ ਸੜੇ-ਬਲੇ ਸਾਜ਼ ਬੰਨ੍ਹ ਰਹੇ ਸਨ ਤੇ ਪਿੱਛੋਂ ਇਕ ਬੰਦੇ ਨੇ ਤਿੰਨਾਂ ਦੀਆਂ ਧੋਣਾਂ 'ਤੇ ਸਿਰੋਪੇ ਦੇ ਮਾਰੇ। ਨਾਅਰੇ 'ਤੇ ਨਾਅਰਾ ਲੱਗ ਰਿਹਾ ਸੀ। ਦੋ-ਤਿੰਨ ਬੰਦਿਆਂ ਨੇ ਕੇਸਰੀ ਸਿਰੋਪਿਆਂ ਦੀਆਂ ਤਿੰਨ-ਚਾਰ ਪੰਡਾਂ ਉਥੇ ਲਿਆ ਰੱਖੀਆਂ। ਪੰਜਾਹ ਕੁ ਵਧੀਆ ਲੋਈਆਂ ਦੀ ਪੰਡ ਵੀ ਆ ਪਹੁੰਚੀ।

ਹਰ ਬੰਦਾ ਦੌੜਿਆ ਹੀ ਫਿਰਦਾ ਸੀ। ਲਓ ਜੀ, ਪੰਜਾਬ ਦਾ ਬੇਤਾਜ ਬਾਦਸ਼ਾਹ ਫੁੱਲਾਂ ਦੇ ਹਾਰਾਂ ਨਾਲ ਲੱਦਿਆ ਹੋਇਆ ਆਪਣੇ ਪੂਰੇ ਲਾਮ-ਲਸ਼ਕਰ ਨਾਲ ਪੰਡਾਲ ਵਿਚ ਆ ਵੜਿਆ। ਵਿਚਾਰੇ ਨੇ ਔਖੇ-ਸੌਖੇ ਮੱਥਾ ਟੇਕਿਆ। ਨਾਲ ਹੀ ਅਨਾਊਂਸਮੈਂਟ ਹੋਈ, ਬਾਦਲ ਸਾਹਿਬ ਨੇ ਅੱਗੇ ਬੜੇ ਜ਼ਰੂਰੀ ਪ੍ਰੋਗਰਾਮ 'ਤੇ ਪਹੁੰਚਣਾ ਹੈ ਅਤੇ ਉਹ ਪਹਿਲਾਂ ਹੀ ਬਹੁਤ ਲੇਟ ਹਨ, ਉਨ੍ਹਾਂ ਦੇ ਵਿਚਾਰ ਸੁਣੋ! ਵਿਚਾਰ ਕਾਹਦੇ ਸਨ, ਫ਼ਤਿਹ ਬੁਲਾ ਕੇ ਦੋ ਗੱਲਾਂ ਕੀਤੀਆਂ ਅਤੇ ਸੰਗਤ ਤੋਂ ਮੁਆਫ਼ੀ ਮੰਗੀ।

ਫਟਾਫਟ ਪਸ਼ਮੀਨੇ ਦੀ ਸ਼ਾਲ ਬਾਦਸ਼ਾਹ ਦੇ ਗਲ ਵਿਚ ਪਾਈ ਗਈ ਅਤੇ ਬਾਦਸ਼ਾਹ ਔਹ ਗਿਆ, ਔਹ ਗਿਆ। ਸੰਸਾਰ ਦਾ ਪਾਤਸ਼ਾਹ ਅਜੇ ਪੰਡਾਲ ਵਿਚ ਹੀ ਬਿਰਾਜਮਾਨ ਸੀ ਪਰ ਦੁਨਿਆਵੀ ਬਾਦਸ਼ਾਹ ਉਥੋਂ ਜਾ ਚੁੱਕਾ ਸੀ। ਉਸ ਦੇ ਜਾਣ ਤੋਂ ਬਾਅਦ ਦਾ ਜੋ ਨਜ਼ਾਰਾ ਸੀ, ਉਹ ਵੇਖਣ ਵਾਲਾ ਸੀ। ਕਿਆ ਸਿਰੋਪਾਓ ਚੱਲ ਰਹੇ ਸਨ, ਕੋਈ ਮਾਂ ਦਾ ਪੁੱਤ ਸਿਰੋਪਾਓ ਤੋਂ ਖ਼ਾਲੀ ਨਹੀਂ ਗਿਆ, ਬਿਨਾ ਮੇਰੇ ਤੋਂ। ਤਿੰਨ ਸਾਢੇ-ਤਿੰਨ ਸੌ ਸਿਰੋਪਾਓ ਵੰਡਿਆ ਗਿਆ। ਸਿਰੋਪਿਆਂ ਦੀ ਇਹ ਬੇਅਦਬੀ ਦੇਖ ਕੇ ਮੈਂ ਸੁੰਨ ਜਿਹੀ ਹੋ ਗਈ ਸਾਂ ਅਤੇ ਮੇਰੇ ਸੋਹਣੇ ਸਤਿਗੁਰ ਦੇ ਦਰਬਾਰ ਵਿਚ ਇਹ ਕੀ ਹੋ ਰਿਹਾ ਸੀ, ਮੇਰੀ ਸਮਝ ਤੋਂ ਬਾਹਰ ਸੀ।

ਅੰਦਰੋਂ ਮੈਂ ਆਪਣੇ ਬਾਜਾਂ ਵਾਲੇ ਪਿਤਾ ਨੂੰ ਆਵਾਜ਼ਾਂ ਦੇ ਰਹੀ ਸਾਂ। ਮੇਰੇ ਦਸਮੇਸ਼ ਪਿਤਾ! ਆਹ ਵੇਖ...ਤੇਰੇ ਸਿੱਖਾਂ ਦੇ ਕੀ ਹਾਲ ਹੋਏ ਪਏ ਨੇ। ਗੁਰੂ ਦੇ ਦਰਬਾਰ ਵਿਚ ਜੰਗਲ ਦਾ ਮਾਹੌਲ ਬਣਿਆ ਪਿਆ ਸੀ। ਨਾਲ ਲੈ ਕੇ ਆਏ ਭਾਈ ਸਾਹਿਬ ਬੋਲੇ: ਸੁਰਜੀਤ ਬੇਟਾ, ਕੀ ਹੋਇਆ ਹੈ! ਕਿਉਂ ਰੋ ਰਹੀ ਹੈਂ? ਜਿਸ ਦਾ ਜਵਾਬ ਸੀ, ਮੈਂ ਆਪਣੀ ਕੌਮ ਦੇ ਮਾੜੇ ਕੰਮਾਂ 'ਤੇ ਰੋ ਰਹੀ ਹਾਂ।

ਭਾਈ ਸਾਹਿਬ ਕਹਿਣ ਲੱਗੇ, ਚਲੋ ਲੰਗਰ ਛਕੀਏ ਪਰ ਮੇਰਾ ਜਵਾਬ ਸੀ ਜਿਸ ਘਰ ਵਿਚ ਮੇਰੇ ਸਤਿਗੁਰੂ ਦਾ ਸਤਿਕਾਰ ਨਹੀਂ, ਗੁਰੂ ਮਰਯਾਦਾ ਦਾ ਸਤਿਕਾਰ ਨਹੀਂ; ਉਸ ਘਰ ਦੀ ਰੋਟੀ ਮੇਰੇ ਅੰਦਰ ਕਿਵੇਂ ਜਾ ਸਕਦੀ ਹੈ!

ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਜਿਹੜਾ ਸ਼ਰਧਾਲੂ ਪੰਜ ਸੌ ਰੁਪਏ ਦੇਵੇ, ਉਹਨੂੰ ਰੇਸ਼ਮੀ ਸਿਰੋਪਾਓ ਮਿਲਦਾ ਹੈ ਅਤੇ ਜਿਹੜਾ ਮੇਰੇ ਵਰਗਾ ਗ਼ਰੀਬ ਸੌ ਰੁਪਏ ਦੇਵੇ, ਉਹਨੂੰ ਸੂਤੀ ਸਿਰੋਪਾਓ। ਦੱਸੋ...ਇਨ੍ਹਾਂ ਨੂੰ ਕੌਣ ਹੁਣ ਉਬਲਦੇ ਹੋਏ ਤੇਲ ਵਿਚ ਸਾੜੇਗਾ? ਪਿਤਾ ਜੀ ਕਹਿੰਦੇ ਹੁੰਦੇ ਸਨ:

ਜੇ ਵਿਗੜੇ ਇਕ ਤੇ ਸਮਝਾਵੇ ਵਿਹੜਾ,
ਜੇ ਵਿਗੜੇ ਵਿਹੜਾ ਤੇ ਸਮਝਾਵੇ ਕਿਹੜਾ?

ਸਿਰੋਪਾਓ ਗੁਰੂ ਦੀ ਰਹਿਮਤ ਹੈ, ਬਖ਼ਸ਼ਿਸ਼ ਹੈ। ਸਿਰੋਪਾਓ ਦੇਣ ਵਾਲੇ ਵੀ ਅਤੇ ਲੈਣ ਵਾਲੇ ਵੀ ਗੁਰੂ ਤੋਂ ਡਰਨ।

*ਫੋਨ:916-687-3536

# ‘ਗੱਲੀਂ-ਬਾਤੀਂ’ ਕਿਆ ਕਮਾਲ ਹੈ!

## ਪੁਸਤਕ ਚਰਚਾ

***ਐਸ ਅਸ਼ੋਕ ਭੌਰਾ ਦੇ ਪੰਜਾਬ ਟਾਈਮਜ਼ ਵਿਚ ‘ਗੱਲੀਂਬਾਤੀਂ’ ਕਾਲਮ ਅਧੀਨ ਪਿਛਲੇ ਸਮੇਂ ਵਿਚ ਛਪੇ ਲੇਖ ਉਸ ਨੇ ਪੁਸਤਕ ਰੂਪ ਵਿਚ ਇਸੇ ਨਾਂ ਹੇਠ ਛਪਵਾਏ ਹਨ। ਸ਼ਬਦਾਂ ਦੇ ਜਾਦੂਗਰ ਅਸ਼ੋਕ ਦੀਆਂ ਲਿਖਤਾਂ ਦੇ ਪਾਠਕਾਂ ਦਾ ਆਪਣਾ ਇਕ ਵੱਡਾ ਵਰਗ ਹੈ। ਇਸ ਪੁਸਤਕ ਦੀ ਭੂਮਿਕਾ ਦੇ ਤੌਰ ’ਤੇ ਛਪਿਆ ਡਾ. ਗੁਰਭਜਨ ਗਿੱਲ ਦਾ ਇਹ ਲੇਖ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

‘ਗੱਲੀਂ-ਬਾਤੀਂ’ ਪੁਸਤਕ ਦੀ ਜਾਣ-ਪਛਾਣ ਕਰਵਾਉਣ ਲੱਗਿਆਂ ਮੈਨੂੰ ਵਧੇਰੇ ਪ੍ਰਸੰਨਤਾ ਹੈ ਕਿਉਂਕਿ ਮੈਂ ਇਸੇ ਸਾਲ ਆਪਣੀ ਅਮਰੀਕਾ ਫੇਰੀ ਦੌਰਾਨ ਅਸ਼ੋਕ ਭੌਰਾ ਦੇ ‘ਪੰਜਾਬ ਟਾਈਮਜ਼’ ਵਿਚ ਲਿਖੇ ਲੇਖਾਂ ਦੀ ਲੜੀ ਨੂੰ ਪਾਠਕਾਂ ਵੱਲੋਂ ਉਡੀਕਦਿਆਂ ਖ਼ੁਦ ਵੇਖਿਆ ਹੈ। ਇਸੇ ਨਾਮ ਅਧੀਨ ਉਸ ਦਾ ਹਫ਼ਤਾਵਾਰੀ ਕਾਲਮ ਕਿਸੇ ਵਿਸ਼ਾ ਵਿਸ਼ੇਸ਼ ’ਤੇ ਕੇਂਦਰਿਤ ਹੋਣ ਦੀ ਥਾਂ ਵਗਦੇ ਦਰਿਆ ਵਾਂਗ ਬਹੁਤੀ ਵਾਰ ਵਹਿਣ ਬਦਲ ਜਾਂਦਾ ਹੈ ਅਤੇ ਦਰਿਆਈ ਮੌਜ ਵਾਂਗ ਆਪਣੀ ਰਫ਼ਤਾਰ ਖ਼ੁਦ ਨਿਸਚਿਤ ਕਰਦਾ ਹੈ। ਅਸ਼ੋਕ ਜਦੋਂ ਪੰਜਾਬ ਵਿਚ ਵੱਸਦਾ ਸੀ ਤਾਂ ਇਸ ਦੀ ਮੁਹਾਰਤ ਦਾ ਖੇਤਰ ਲੋਕ ਸਾਹਿਤ, ਸੰਗੀਤ, ਸਭਿਆਚਾਰ ਅਤੇ ਪੇਂਡੂ ਜ਼ਿੰਦਗੀ ਦੇ ਉਹ ਜੀਵੰਤ ਕਿਰਦਾਰ ਹੁੰਦੇ ਸਨ ਜਿਨ੍ਹਾਂ ਸਦਕਾ ਪੰਜਾਬ ਨੂੰ ਸਭਿਆਚਾਰ ਦਾ ਪੰਘੂੜਾ ਗਿਣਿਆ ਜਾਂਦਾ ਹੈ।

ਹੁਣ ਅਸ਼ੋਕ ਭੌਰਾ ਪੰਜਾਬੀ ਹੈ ਪਰ ਭਾਰਤੀ ਪੰਜਾਬੀ ਨਹੀਂ। ਅਮਰੀਕਨ ਪੰਜਾਬੀ ਬਣ ਕੇ ਉਸ ਦੇ ਸਰੋਕਾਰ ਵੀ ਗਲੋਬਲ ਹੋ ਗਏ ਹਨ। ਉਸ ਦੀ ਵਿਸ਼ਾ ਚੋਣ ਵਿਚ ਵੀ ਵੰਨ-ਸੁਵੰਨਤਾ ਆਈ ਹੈ। ਚੰਗੀ ਗੱਲ ਇਹ ਹੈ ਕਿ ਉਹ ਕਿਸੇ ਵੀ ਵਿਸ਼ੇ ‘ਤੇ ਗੱਲ ਕਰਨ ਲੱਗਿਆਂ ਮਿਸਾਲਾਂ ਪੰਜਾਬ ਦੇ ਸਭਿਆਚਾਰ ਵਿਚੋਂ ਹੀ ਚੁਣਦਾ ਹੈ। ਉਸ ਦੇ ਸਿਰਲੇਖ ਦਿਲ-ਖਿੱਚਵੇਂ ਤਾਂ ਹੁੰਦੇ ਹੀ ਹਨ, ਦਿਲ-ਟੁੰਬਵੇਂ ਵੀ ਬਣ ਜਾਂਦੇ ਹਨ ਕਿਉਂਕਿ ਉਹ ਆਪਣੇ ਲੇਖ ਸ਼ਬਦਾਂ ਦੇ ਸਹਾਰੇ ਚਿਣਦਾ ਹੈ ਪਰ ਰੂਹ ਦੀ ਭਾਵਨਾ ਨੂੰ ਨਾਲੋ-ਨਾਲ ਜੋੜਦਾ ਹੈ। ਇਸੇ ਕਰਕੇ ਉਸ ਦੀ ਲਿਖਤ ਨੂੰ ਸਿਰਫ਼ ਪੰਜਾਬੀ ਨੌਜਵਾਨ ਹੀ ਪ੍ਰਵਾਨ ਨਹੀਂ ਕਰਦੇ ਸਗੋਂ ਬਜ਼ੁਰਗ ਵੀ ਚਾਹ ਕੇ ਪੜ੍ਹਦੇ ਹਨ।

ਉਮਰ ਦੇ ਜਿਸ ਮੁਕਾਮ ‘ਤੇ ਉਹ ਇਸ ਵੇਲੇ ਬੈਠਾ ਹੈ, ਉਸ ਨਾਲ ਉਸ ਦਾ ਸੁਚੇਤ ਤਜਰਬਾ 35 ਵਰ੍ਹਿਆਂ ਤੋਂ ਵੱਧ ਨਹੀਂ ਪਰ ਲਿਖਤ ਵਿਚੋਂ ਉਹ 100 ਸਾਲ ਦੇ ਤਜਰਬੇ ਵਾਲਾ ਬਾਬਾ ਬੋਹੜ ਲੱਗਦਾ ਹੈ। ਮਿਸਾਲਾਂ ਦੇਣ ਲੱਗਿਆਂ ਉਹ ਇਤਿਹਾਸ ਦੀਆਂ ਪਰਤਾਂ ਨੂੰ ਇੰਨੀ ਕਾਮਯਾਬੀ ਨਾਲ ਫੋਲਦਾ ਹੈ ਕਿ ਗਹਿਰ-ਗੰਭੀਰ ਚਿੰਤਕ ਜਾਪਦਾ ਹੈ। ਘਟਨਾਵਾਂ-ਦੁਰਘਟਨਾਵਾਂ ਦੇ ਚੱਕਰਵਿਊ ਨੇ ਉਸ ਨੂੰ ਬਹੁਤ ਸਿਆਣਾ ਕਰ ਦਿੱਤਾ ਹੈ। ਯੂਨਾਈਟਿਡ ਅਰਬ ਅਮੀਰਾਤ ਵਿਚ ਨਿੱਕੇ ਜਿਹੇ ਕਲੇਸ਼ ਤੋਂ ਫ਼ਾਂਸੀ ਦੀ ਸਜ਼ਾ ਵਿਚ ਫਸੇ ਪੰਜਾਬੀ ਨੌਜਵਾਨਾਂ ਦੀ ਪੈਰਵੀ ਕਰਦਿਆਂ ਉਸ ਨੇ ਆਪਣੇ ਲੇਖ ‘ਹਾੜਾ ਵੇ ਏਡਾ ਜ਼ੁਲਮ ਨਾ ਕਰ ਹਾਕਮਾਂ’ ਵਿਚ ਇਤਿਹਾਸਕ ਘਟਨਾਵਾਂ ਦੇ ਹਵਾਲੇ ਨਾਲ ਆਪਣੀ ਗੱਲ ਆਖੀ ਹੈ। ਉਨ੍ਹਾਂ ਮੁਲਕਾਂ ਦੀ ਸਭਿਆਚਾਰਕ ਹਸਤੀ ਦਾ ਜ਼ਿਕਰ ਕਰਦਿਆ ਉਹ ਦੱਸਦਾ ਹੈ, “ਮੰਨੋਗੇ ਕਿ ਚੱਪਲਾਂ ਪਾ ਕੇ ਬੱਕਰੀਆਂ ਚਾਰਨ ਵਾਲੇ ਬੱਦੂਆਂ ਦੇ ਭਾਗ ਉਦੋਂ ਜਾਗੇ ਜਦੋਂ ਅਰਬ ਮੁਲਕਾਂ ਵਿਚ ਕਾਲੇ ਸੋਨੇ ਯਾਨੀ ਕਿ ਤੇਲ ਦੀ ਸਰਦਾਰੀ ਹੋ ਗਈ।” ਜੰਗਲ ਦੇ ਰਾਜ ਵਰਗੇ




ਹਾਲਾਤ ਨਾਲ ਸਿੱਝਣ ਲਈ ਉਹ ਅਰਬ ਦੇਸ਼ਾਂ ਦੀ ਰੂਹ ਨੂੰ ਇਸਲਾਮ ਦਾ ਹਵਾਲਾ ਦੇ ਕੇ ਜੋੜਦਾ ਹੈ।

ਮਮਤਾ ਦਾ ਮਾਂ ਦਾ ਰਿਸ਼ਤਾ ਬਿਆਨਦਿਆਂ ਉਹ ਹਜ਼ਰਤ ਮੁਹੰਮਦ ਸਾਹਿਬ, ਨੈਪੋਲੀਅਨ, ਪ੍ਰੋਫ਼ੈਸਰ ਮੋਹਨ ਸਿੰਘ ਅਤੇ ਧਰਤੀ ਦੀਆਂ ਮਹੱਤਵਪੂਰਨ ਹਸਤੀਆਂ ਦੇ ਹਵਾਲੇ ਨਾਲ ਕੁੱਖ ਦੀ ਸਲਾਮਤੀ ਲਈ ਦੁਆ ਕਰਦਾ ਹੈ। ਕੌਮਾਂਤਰੀ ਅਤਿਵਾਦ ਦੇ ਖ਼ਿਲਾਫ਼ ਉਸ ਦੀ ਕਲਮ ਵਾਰ-ਵਾਰ ਹਮਲਾਵਰ ਰੁਖ਼ ਗ੍ਰਹਿਣ ਕਰਦੀ ਹੈ। ਸੱਪਾਂ ਦੀ ਦੋਸਤੀ ਦਾ ਪ੍ਰਸੰਗ ਅਖ਼ਬਾਰੀ ਖ਼ਬਰ ਵਿਚੋਂ ਪਕੜ ਕੇ ਉਹ ਸੰਸਾਰ ਦੀ ਸਮੁੱਚੀ ਸਰਪ-ਕਥਾ ਸਾਡੇ ਸਾਹਮਣੇ ਬਿਆਨ ਦਿੰਦਾ ਹੈ। ਲੁਧਿਆਣਾ ਸ਼ਹਿਰ ਦੀ ਅਜ਼ਮਤ ਬਿਆਨਦਿਆਂ ਉਹ ਜੱਸੋਵਾਲ ਵਾਲੇ ਜਗਦੇਵ ਸਿੰਘ ਅਤੇ ਇਥੋਂ ਦੀ ਅਦਬੀ ਸਭਿਆਚਾਰਕ ਤੇ ਸਮਾਜਕ ਜ਼ਿੰਦਗੀ ਨੂੰ ਵੀ ਪਾਠਕਾਂ ਦੇ ਰੂਬਰੂ ਕਰਦਾ ਹੈ। ਪੰਜਾਬੀ ਭਵਨ ਲੁਧਿਆਣਾ ਨਾਲੋਂ ਵੀ ਵਧੇਰੇ ਰੌਣਕੀਲਾ ਸ. ਜਗਦੇਵ ਸਿੰਘ ਜੱਸੋਵਾਲ ਦਾ ਡੇਰੇ ਵਰਗਾ ਘਰ ਮੁੱਖ ਕੇਂਦਰ ਵਜੋਂ ਉਭਰਦਾ ਹੈ ਜਿਥੋਂ ਡਾ. ਸੁਖਨੈਨ, ਕੁਲਦੀਪ ਪਾਰਸ, ਰਵਿੰਦਰ ਗਰੇਵਾਲ ਅਤੇ ਹਰਭਜਨ ਮਾਨ ਨੂੰ ਸੰਗੀਤਕ ਪਛਾਣ ਮਿਲੀ।

ਪਰਦੇਸਵਾਸ ਅਤੇ ਉਸ ਨਾਲ ਜੁੜੇ ਸਰੋਕਾਰ ਵੀ ਉਸ ਦੇ ਲੇਖਾਂ ਵਿਚ ਥਾਂ ਪਰ ਥਾਂ ਹਾਜ਼ਰ ਹਨ। ਧੀਆਂ ਦੀ ਪੌੜੀ ਵਜੋਂ ਵਰਤੋਂ ਨੂੰ ਉਹ ਗੁਨਾਹ ਵਾਂਗ ਵੇਖਦਾ ਹੈ ਅਤੇ ਦੋਆਬਾ ਖੇਤਰ ਦੀ ਸਭਿਆਚਾਰਕ ਤਬਾਹੀ ਨੂੰ ਪਰਦੇਸ ਮੋਹ ਵਜੋਂ ਪਛਾਣਦਾ ਹੈ। ਇਹ ਗੱਲ ਵੱਖਰੀ ਹੈ ਕਿ ਉਹ ਖ਼ੁਦ ਵੀ ਪਰਦੇਸ ਵਿਚ ਵਸ ਰਿਹਾ ਹੈ, ਦੋਆਬੀਆ ਵੀ ਹੈ ਅਤੇ ਸਭਿਆਚਾਰਕ ਕਾਮਾ ਵੀ। ਧੀਆਂ ਦੀ ਸਾਧਨ ਵਜੋਂ ਵਰਤੋਂ ਉਸ ਦੀ ਲਿਖਤ ਨੂੰ ਸੰਘਣਾਪਣ ਦਿੰਦੀ ਹੈ। ਭ੍ਰਿਸ਼ਟ ਨਿਜ਼ਾਮ ਵੀ ਉਸ ਦੀ ਕਲਮ ਦਾ ਸ਼ਿਕਾਰ ਹੁੰਦਾ ਹੈ। ਵੱਖ-ਵੱਖ ਮੁਲਕਾਂ ਦੇ ਭ੍ਰਿਸ਼ਟ ਹਾਕਮਾਂ ਦੇ ਹਵਾਲੇ ਨਾਲ ਉਹ ਸਾਨੂੰ ਇਹ ਗੱਲ ਜਚਾ ਦਿੰਦਾ ਹੈ ਕਿ ਸਮੁੱਚੇ ਸੰਸਾਰ ਵਿਚ ਜਿਥੇ ਕਿਤੇ ਭ੍ਰਿਸ਼ਟਾਚਾਰ ਹੈ, ਉਥੇ ਉਥੇ ਹੀ ਵਿਕਾਸ ਦੀ ਰਫ਼ਤਾਰ ਮੱਧਮ ਹੈ। ਸਮੱਸਿਆਵਾਂ ਵਿਚ ਘਿਰੇ ਪੰਜਾਬੀ ਮਨ ਨੂੰ ਉਹ ਪਸ਼ੂਆਂ ਦੇ ਹਵਾਲੇ ਨਾਲ ਨਿਤਾਰਦਾ ਹੈ ਅਤੇ ਕੁਝ ਅਜਿਹੇ ਮਸਲੇ ਨਜਿੱਠਣ ਵਿਚ ਕਾਮਯਾਬ ਹੁੰਦਾ ਹੈ ਜਿਨ੍ਹਾਂ ਦਾ ਉਤਰ ਮਨੁੱਖਾਂ ਕੋਲ ਨਹੀਂ, ਸਿਰਫ਼ ਪਸ਼ੂਆਂ-ਪੰਛੀਆਂ ਕੋਲ ਹੈ। ਬੇਗ਼ਰਜ਼, ਲੋਭਹੀਣ, ਈਮਾਨਦਾਰ, ਮਾਰ-ਧਾੜ ਰਹਿਤ ਨਿਜ਼ਾਮ ਉਸਾਰਨ ਲਈ ਉਹ ਪ੍ਰੇਰਕ ਬਣਦਾ ਹੈ। ਪੁਲੀਸ ਦੇ ਜਬਰ ਦਾ ਖ਼ੁਦ ਹੰਢਾਇਆ ਅਨੁਭਵ ਉਸ ਦੀ ਲਿਖਤ ਦਾ ਵਿਸ਼ਾ ਬਣਦਾ ਹੈ ਪਰ ਨਾਲ ਹੀ ਸਾਨੂੰ ਕੰਬਣੀ ਛੇੜ ਜਾਂਦਾ ਹੈ ਕਿ ਅਸੀਂ ਕਿਸ ਨਿਜ਼ਾਮ ਵਿਚ ਬਘਿਆੜਾਂ ਦੇ ਵਸ ਪੈ ਕੇ ਜੀਅ ਰਹੇ ਹਾਂ।

ਕੰਪਿਊਟਰ ਦੀ ਅੰਧਾਧੁੰਦ ਵਰਤੋਂ ਅਤੇ ਉਸ ਨਾਲ ਜੁੜੇ ਸਵਾਲਾਂ ਨੂੰ ਵੀ ਉਹ ਥਾਂ-ਪੁਰ-ਥਾਂ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਕੁਝ ਗੀਤਕਾਰਾਂ ਦੇ ਜੀਵਨ ਹਵਾਲਿਆਂ ਦੀ ਪੇਸ਼ਕਾਰੀ ਕਰਨ ਲੱਗਿਆਂ ਸਾਨੂੰ ਵੱਖ-ਵੱਖ ਇਲਾਕਿਆਂ ਦੀ ਲੋਕਧਾਰਾ ਦੇ ਸਨਮੁਖ ਖੜ੍ਹਾ ਕਰ ਦਿੰਦਾ ਹੈ। ਪੀਟਾ ਚੰਦੇਲੀਵਾਲਾ ਹੋਵੇ ਜਾਂ ਦੇਬੀ ਮਖਸੂਸਪੁਰੀ, ਦੋਹਾਂ ਦੇ ਬਹਾਨੇ ਉਹ ਸੁਰਜੀਤ ਪਾਤਰ ਅਤੇ ਡਾ. ਜਗਤਾਰ ਨੂੰ ਵੀ ਸਲਾਮ ਆਖ ਜਾਂਦਾ ਹੈ। ਰਿਸ਼ਤਿਆਂ ਦੀ ਪਵਿੱਤਰ ਤੰਦ ਦੇ ਓਹਲੇ ਵਿਚ ਲਾਲਚ ਤੇ ਗ਼ਰਜ਼ ਦਾ ਰੂਪ ਵੇਖ ਕੇ ਉਹ ਤੜਫ਼ ਉਠਦਾ ਹੈ। ਗੀਤਕਾਰ ਮੰਗਲ ਹਠੂਰ ਦਾ ਜ਼ਿਕਰ ਕਰਦਿਆਂ ਉਹ ਕਈ ਵਾਰ ਆਸੇ-ਪਾਸੇ ਧੁਰਲੀ ਮਾਰ ਜਾਂਦਾ ਹੈ। ਮਿਸਾਲ ਦੇ ਤੌਰ ‘ਤੇ ਮੰਗਲ ਦੀ ਗੱਲ ਕਰਦਾ-ਕਰਦਾ ਉਹ ਆਪਣੀ ਚਰਨਜੀਤ ਆਹੂਜਾ ਵਰਗੇ ਸੰਗੀਤਕਾਰਾਂ ਨਾਲ ਰਿਸ਼ਤੇ ਦੀ ਗੱਲ ਛੇੜ ਲੈਂਦਾ ਹੈ। ਅਜਿਹੇ ਪਲ ਉਹ ਸਾਨੂੰ ਇਹ ਗੱਲ ਆਨੇ-ਬਹਾਨੇ ਦੱਸ ਜਾਂਦਾ ਹੈ ਕਿ ਮੈਂ ਇਨ੍ਹਾਂ ਸਾਰਿਆਂ ਦਾ ਅੰਦਰੋਂ ਵੀ ਭੇਤੀ ਹਾਂ। ਆਪਣੇ ਮਿੱਤਰ-ਦਾਇਰੇ ਦੇ ਅਧਿਕਾਰੀ ਲੋਕਾਂ ਨੂੰ ਵੀ ਉਹ ਸਲਾਮ ਆਖਣੋਂ ਨਹੀਂ ਖੁੰਝਦਾ। ਮਿੱਤਰ ਭਾਵੇਂ ਆਈ.ਏ.ਐਸ. ਅਫ਼ਸਰ ਕ੍ਰਿਸ਼ਨ ਕੁਮਾਰ ਹੈ ਜਾਂ ਸਤਵੰਤ ਸਿੰਘ ਜੌਹਲ। ਇਨ੍ਹਾਂ ਵੱਲੋਂ ਕੀਤੇ ਸ਼ੁਭ ਕਾਰਜਾਂ ਨੂੰ ਵੀ ਮੋਟੇ ਅੱਖਰਾਂ ਵਿਚ ਬਿਆਨਦਾ ਹੈ। ਦੀਦਾਰ ਸੰਧੂ ਦੀ ਗੱਲ ਕਰਦਾ-ਕਰਦਾ ਉਹ ਦੀਦਾਰ ਨਾਲ ਜੁੜੇ ਬਹੁਤ ਸਾਰੇ ਹੋਰ ਸਵਾਲ ਵੀ ਸਾਨੂੰ ਜਵਾਬਾਂ ਦੇ ਰੂਪ ਵਿਚ ਦੱਸ ਜਾਂਦਾ ਹੈ। ਉਸ ਦੇ ਗੀਤਾਂ ਦੀ ਸਿਰਜਣ ਪ੍ਰਕਿਰਿਆ ਬਾਰੇ ਸੁਣੀਆਂ ਗੱਲਾਂ ਦੇ ਹਵਾਲੇ ਨਾਲ ਸਾਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਰੱਖਦਾ ਹੈ।

ਚੰਗੀ ਗੱਲ ਇਹ ਹੈ ਕਿ ਦੂਰ ਬੈਠਾ ਅਸ਼ੋਕ ਭੌਰਾ ਪੰਜਾਬ ਦੀਆਂ ਲੋਕ ਸੱਥਾਂ, ਪਿੱਪਲਾਂ-ਬੋਹੜਾਂ ਅਤੇ ਡਾਂਗ ਵਾਲੇ ਬਾਬਿਆਂ ਦਾ ਜ਼ਿਕਰ ਕਰਨ ਲੱਗਾ ਇਸ ਨੂੰ ਪਿੰਡਾਂ ਦੀ ਰੌਣਕ ਵਜੋਂ ਚੇਤੇ ਕਰਦਾ ਹੈ। ਉਸ ਨੂੰ ਇਹ ਗੱਲ ਅੱਖਰਦੀ ਹੈ ਕਿ ਪੰਜਾਬ ਪਹਿਲਾਂ ਵਰਗਾ ਕਿਉਂ ਨਹੀਂ ਰਿਹਾ। ਗ਼ਰੀਬ ਮੁਲਕਾਂ ਵਿਚ ਫੈਲ ਰਹੇ ਦੇਹ ਵਪਾਰ ਅਤੇ ਲੌਂਡੇਬਾਜ਼ੀ ਦਾ ਜ਼ਿਕਰ ਕਰ ਕੇ ਉਹ ਸੰਸਾਰ ਸਿਹਤ ਸੰਸਥਾ (ਡਬਲਿਊ.ਐਚ.ਓ.) ਦੇ ਹਵਾਲੇ ਨਾਲ ਸਾਨੂੰ ਏਡਜ਼ ਅਤੇ ਹੋਰ ਬੀਮਾਰੀਆਂ ਤੋਂ ਸੁਚੇਤ ਕਰਦਾ ਹੈ। ਪ੍ਰਮਾਰਥ ਦਾ ਮਾਰਗ ਦੱਸਣ ਵਾਲੇ ਸਾਧਾਂ-ਸੰਤਾਂ ਦੀਆਂ ਲਾਲ ਬੱਤੀਆਂ ਨੂੰ ਵੀ ਉਹ ਦੁਨਿਆਵੀ ਕੋਹੜ ਦੀ ਨਿਸ਼ਾਨੀ ਵਜੋਂ ਵੇਖਦਾ ਹੈ ਅਤੇ ਇਨ੍ਹਾਂ ਸਾਧਾਂ-ਸੰਤਾਂ ਦੀ ਹੰਕਾਰੀ ਮਾਨਸਿਕਤਾ ਦੇ ਨਿਸ਼ਾਨ ਵਜੋਂ ਇਸ ਵਰਤਾਰੇ ਨੂੰ ਪਛਾਣਦਾ ਹੈ। ਵਿਦਿਆਰਥੀ ਜੀਵਨ ਵੇਲੇ ਦੀਆਂ ਘਟਨਾਵਾਂ-ਦੁਰਘਟਨਾਵਾਂ ਦੇ ਹਵਾਲੇ ਨਾਲ ਸਾਨੂੰ ਵਰਤਮਾਨ ਸਮੇਂ ਸੁਚੇਤ ਹੋਣ ਦੀ ਪ੍ਰੇਰਨਾ ਦਿੰਦਾ ਹੈ।

ਸੰਤ ਰਾਮ ਉਦਾਸੀ, ਲਾਲ ਚੰਦ ਯਮਲਾ ਜੱਟ ਅਤੇ ਹੋਰ ਕਈ ਲੇਖਕਾਂ ਦੀਆਂ ਲਿਖਤਾਂ ਦੇ ਹਵਾਲੇ ਨਾਲ ਆਪਣੀ ਬਾਤ ਨੂੰ ਬਹੁਤੀ ਵਾਰ ਆਪੇ ਹੀ ਹੁੰਗਾਰਾ ਭਰ ਜਾਂਦਾ ਹੈ। ਸ਼ਿਵ ਕੁਮਾਰ ਬਟਾਲਵੀ ਨੂੰ ਚੇਤੇ ਕਰਦਿਆਂ ਉਹ ਸਭਿਆਚਾਰ ਦੀ ਧਰਤੀ ਦੇ ਨਿਘਾਰ ਨੂੰ ਪਛਾਣਦਾ ਹੈ। ਜ਼ਿੰਦਗੀ, ਮੌਤ ਅਤੇ ਸੰਘਰਸ਼ ਦਾ ਜ਼ਿਕਰ ਉਸ ਦੀਆਂ ਲਿਖਤਾਂ ਵਿਚ ਵਾਰ-ਵਾਰ ਆਉਂਦਾ ਹੈ। ਗਾਇਕਾਂ, ਗੀਤਕਾਰਾਂ, ਸਾਜ਼ਿੰਦਿਆਂ ਅਤੇ ਸਭਿਆਚਾਰਕ ਸਮਾਗਮਾਂ ਦਾ ਅੰਦਰਲਾ ਭੇਤੀ ਹੋਣ ਕਾਰਨ ਕਈ ਘਟਨਾਵਾਂ ਉਹ ਅਜਿਹੀਆਂ ਵੀ ਸੁਣਾਉਂਦਾ ਹੈ ਜਿਸ ਦੀ ਪੁਸ਼ਟੀ ਕਰਨ ਲਈ ਸਿਰਫ਼ ਮੈਂ ਹੀ ਨਹੀਂ, ਮੇਰੇ ਵਰਗੇ ਬਹੁਤ ਸਾਰੇ ਲੋਕ ਅੱਜ ਵੀ ਜਿਉਂਦੇ ਹਨ। ਇਸ ਲਈ ਅਸ਼ੋਕ ਭੌਰਾ ਦੀ ਲਿਖਤ ਨੂੰ ਵਕਤ ਦੇ ਦਸਤਾਵੇਜ਼ਾਂ ਵਜੋਂ ਪੜ੍ਹਨ ਦੀ ਲੋੜ ਹੈ। ਮਾਈਕਲ ਜੈਕਸਨ ਦੀ ਮੌਤ ਪਿੱਛੋਂ ਉਸ ਦੇ ਅੰਕੜਾ ਆਧਾਰਤ ਹਵਾਲਾ ਭਰਪੂਰ ਲੇਖ ਨੂੰ ਪ੍ਰਮਾਣਿਕ ਦਸਤਾਵੇਜ਼ ਵਜੋਂ ਸੰਭਾਲਿਆ ਜਾ ਸਕਦਾ ਹੈ। ਗ਼ੈਰਕਾਨੂੰਨੀ ਢੰਗ ਨਾਲ ਪਰਦੇਸ ਜਾਣ ਦੀ ਲਲ੍ਹਕ ਦੇ ਖ਼ਿਲਾਫ਼ ਵੀ ਉਸ ਦਾ ਲੇਖ ‘ਇੰਜ ਨਾ ਜਾਇਓ ਪਰਦੇਸ, ਪੁੱਤਰੋ ਨਾ ਜਾਇਓ’ ਤਾਂ ਹਰ ਜਵਾਨ ਪੁੱਤਰ-ਧੀ ਨੂੰ ਪੜ੍ਹਾਉਣ ਦੀ ਲੋੜ ਹੈ। ਅਮਰੀਕਾ ਵਿਚ ਵਿਆਹ-ਸ਼ਾਦੀਆਂ ਦੇ ਅੰਦਾਜ਼ ਨੂੰ ਵੀ ਉਹ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਤਰਕਸ਼ੀਲ ਸੋਚ ਦਾ ਧਾਰਨੀ ਹੋਣ ਕਾਰਨ ਉਹ ਅੰਧ-ਵਿਸ਼ਵਾਸ ਦੇ ਹਨ੍ਹੇਰੇ ਦੀ ਚਾਦਰ ਚੀਰਦਾ ਹੈ। ਪੰਜਾਬ ਦੀ ਗੱਲ ਕਰਦਾ-ਕਰਦਾ ਉਹ ਇੰਨਾ ਭਾਵੁਕ ਹੋ ਜਾਂਦਾ ਹੈ ਕਿ ਸ਼ਬਦ ਹਉਕੇ ਭਰਦੇ ਸੁਣੇ ਜਾ ਸਕਦੇ ਹਨ। ਇਕੱਲੇ-ਇਕੱਲੇ ਲੇਖ ਦੇ ਹਵਾਲੇ ਨਾਲ ਗੱਲ ਕਰਾਂਗਾ ਤਾਂ ਬਾਤ ਬਹੁਤ ਦੂਰ ਚਲੇ ਜਾਵੇਗੀ। ਇਸ ਪੁਸਤਕ ਦੇ ਲੇਖਾਂ ਵਿਚ ਉਹ ਢੱਡ-ਸਾਰੰਗੀ ਵਜਾਉਣ ਵਾਲੇ ਕਲਾਕਾਰਾਂ ਨੂੰ ਚੇਤੇ ਕਰਦਿਆਂ ਉਨ੍ਹਾਂ ਨਾਲ ਜੁੜੀ ਲੋਕ-ਧਾਰਾ ਨੂੰ ਪਾਠਕਾਂ ਨਾਲ ਸਾਂਝਾ ਕਰਦਾ ਹੈ।

ਅਸ਼ੋਕ ਭੌਰਾ ਦੀ ਇਹ ਵਾਰਤਕ ਰਚਨਾ ਉਸ ਦੇ ਮਨ ਅੰਦਰਲੇ ਵਲਵਲਿਆਂ ਦੀ ਸੱਚੀ-ਸੁੱਚੀ ਪੇਸ਼ਕਾਰੀ ਹੋਣ ਕਾਰਨ ਜਿਥੇ ਗਿਆਨ ਦਾ ਸੋਮਾ ਬਣਦੀ ਹੈ, ਉਥੇ ਸਾਨੂੰ ਧਰਤੀ ਦੀਆਂ ਮੂਲ ਸ਼ਕਤੀਆਂ ਨਾਲ ਵੀ ਜੋੜਦੀ ਹੈ। ਦੇਸ਼ ਵਿਚ ਬੈਠਾ ਪਾਠਕ ਪਰਦੇਸੀਂ ਬੈਠੇ ਵੀਰ ਦੀ ਮਨੋਦਸ਼ਾ ਨੂੰ ਇਸ ਪੁਸਤਕ ਰਾਹੀਂ ਸਹਿਜੇ ਜਾਣ ਸਕਦਾ ਹੈ ਅਤੇ ਪਰਦੇਸੀਂ ਬੈਠਾ ਪਾਠਕ ਪੰਜਾਬ ਦੀ ਧਰਤੀ ਦੀਆਂ ਖ਼ੂਬਸੂਰਤੀਆਂ ਅਤੇ ਖ਼ੁਸ਼ਬੋਈਆਂ ਤੋਂ ਰੂਹ ਨੂੰ ਵਾਕਿਫ਼ ਕਰਵਾ ਸਕਦਾ ਹੈ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਇਹ ਕਿਤਾਬ ਮੇਰੇ ਮਿੱਤਰ ਨੇ ਲਿਖੀ ਹੈ।

ਇਸ ਲਿਖਤ ਨੂੰ ਪੜ੍ਹਨ, ਸਮਝਣ ਅਤੇ ਭਵਿੱਖ ਨੂੰ ਸ਼ਿੰਗਾਰਨ ਲਈ ਵਕਤ ਦੇ ਦਸਤਾਵੇਜ਼ ਵਜੋਂ ਸੰਭਾਲਣ ਲਈ ਮੈਂ ਤੁਹਾਨੂੰ ਸਭ ਨੂੰ ਹਾਰਦਿਕ ਸੱਦਾ ਦਿੰਦਾ ਹਾਂ।

***-ਗੁਰਭਜਨ ਸਿੰਘ ਗਿੱਲ,***
***ਪ੍ਰਧਾਨ, ਪੰਜਾਬੀ ਸਾਹਿਤ ਅਕਾਦਮੀ,***
***ਲੁਧਿਆਣਾ।***

## ਪੁਸਤਕ ਗੱਲੀਬਾਤੀਂ ਬਾਰੇ ਕੁਝ ਪ੍ਰਤੀਕਰਮ

ਅਸੀਂ ਮੇਲੇ ਲਾਉਂਦੇ ਸੀ ਪਰ ਅਸ਼ੋਕ ਨੇ ਜ਼ਿੰਦਗੀ ਦੇ ਯਥਾਰਥ ਦਾ ਮੇਲੇ ਵਰਗਾ ਸਵਾਦ ਭਰ ਦਿੱਤਾ ਹੈ। ਜਿਹੜੇ ਇਹ ਕਹਿੰਦੇ ਨੇ ਕਿ ਪੰਜਾਬੀਆਂ ਨੂੰ ਪੁਸਤਕਾਂ ਪੜ੍ਹਨ ਦੀ ਆਦਤ ਨਹੀਂ ਰਹੀ, ਇਸ ਪੁਸਤਕ ਨੇ ਇਹ ਭਰਮ ਵੀ ਦੂਰ ਕਰ ਦਿੱਤਾ ਹੈ। ਜਸਵੰਤ ਸਿੰਘ ਕੰਵਲ ਦੇ ਨਾਵਲਾਂ ਤੋਂ ਬਾਅਦ ਦਸ ਹਜ਼ਾਰ ਦੀ ਗਿਣਤੀ ਵਿਚ ਕਿਤਾਬ ਦਾ ਛਪਣਾ ਤਾਂ ਇਕ ਰਿਕਾਰਡ ਹੈ ਹੀ ਸਗੋਂ ਸਭ ਤੋਂ ਵੱਧ ਪੜ੍ਹੀ ਜਾ ਰਹੀ ਹੈ ਤੇ ਪੜ੍ਹੀ ਜਾਣ ਵਾਲੀ ਪੁਸਤਕ ਵੀ ‘ਗੱਲੀਂਬਾਤੀਂ’ ਹੀ ਹੈ।

***ਜਗਦੇਵ ਸਿੰਘ ਜੱਸੋਵਾਲ,***
***ਲੁਧਿਆਣਾ।***

ਜਿਨ੍ਹਾਂ ਨੇ ਸ਼ਬਦਾਂ ਤੇ ਸ਼ੈਲੀ ਪੱਖੋਂ ਲੋਕ ਗੀਤਾਂ ਵਰਗਾ ਸਵਾਦ ਲੈਣਾ ਹੋਵੇ, ਉਨ੍ਹਾਂ ਨੂੰ ਗੱਲੀਂਬਾਤੀਂ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।

***ਸ਼ਮਸ਼ੇਰ ਸਿੰਘ ਸੰਧੂ, ਚੰਡੀਗੜ੍ਹ।***

ਪੁਸਤਕਾਂ ਬੜੀਆਂ ਛਾਪੀਆਂ ਹਨ ਪਰ ਅਸ਼ੋਕ ਭੌਰੇ ਦੀ ਗੱਲੀਂਬਾਤੀਂ ਛਾਪ ਕੇ ਸੁਆਦ ਹੀ ਨਹੀਂ ਆਇਆ ਸਗੋਂ ਲਗਦਾ ਹੈ ਕਿ ਜ਼ਿੰਦਗੀ ਦਾ ਚੰਗਾ ਕੰਮ ਮੁਕਾ ਲਿਆ ਹੈ।

***ਤਰਲੋਚਨ ਸਿੰਘ,***
***ਮਾਲਕ, ਤਰਲੋਚਨ ਪਬਲੀਕੇਸ਼ਨ,***
***ਚੰਡੀਗੜ੍ਹ।***

ਗੱਲੀਂਬਾਤੀਂ ਪੁਸਤਕ ਪੜ੍ਹ ਕੇ ਅਨੇਕਾਂ ਵਿਸ਼ਿਆਂ ‘ਤੇ ਬਹੁਤ ਕੁਝ ਨਵਾਂ ਹਾਸਿਲ ਹੋਇਆ ਹੈ, ਢੁਕਵੀਆਂ ਥਾਂਵਾਂ ‘ਤੇ ਇਹ ਪੁਸਤਕ ਹਵਾਲੇ ਵਜੋਂ ਵਰਤੀ ਜਾ ਸਕੇਗੀ। ਚਿਰਾਂ ਤੀਕਰ ਇਹ ਪੁਸਤਕ ਮੇਰੇ ਨਾਲ ਰਹੇਗੀ ਤੇ ਮੇਰੇ ਸੌਣ ਵਾਲੇ ਕਮਰੇ ਵਿਚ ਸਿਰਹਾਣੇ ਪਈ ਰਹੇਗੀ।

***ਕੈ. ਕਰਨੈਲ ਸਿੰਘ ਪੀ ਸੀ ਐਸ,***
***ਐਸ ਡੀ ਐਮ, ਹੁਸ਼ਿਆਰਪੁਰ।***

ਅਸ਼ੋਕ ਭੌਰਾ ਲੰਮੇ ਸਮੇਂ ਤੋਂ ਪੰਜਾਬ ਦੇ ਪ੍ਰਿੰਟ ਮੀਡੀਏ ਨਾਲ ਜੁੜਿਆ ਰਿਹਾ ਹੈ। ਅਖਬਾਰ ਜੱਗਬਾਣੀ ਵਲੋਂ ਗੱਲੀਂਬਾਤੀਂ ਪੁਸਤਕ ਵਿਚਲੇ ਬਹੁਤੇ ਫੀਚਰ ਲੜੀਵਾਰ ਛਾਪਣ ਦੀ ਖ਼ੁਸ਼ੀ ਲਈ ਜਾ ਰਹੀ ਹੈ।

***ਕੁਲਦੀਪ ਸਿੰਘ ਬੇਦੀ,***
***ਇੰਚਾਰਜ ਮੈਗਜ਼ੀਨ ਸੈਕਸ਼ਨ,***
***ਜੱਗਬਾਣੀ, ਜਲੰਧਰ।***

ਗੱਲੀਂਬਾਤੀਂ ਪੁਸਤਕ ਗਿਆਨ ਅਤੇ ਵਿਗਿਆਨ ਦਾ ਸਾਂਝਾ ਇਨਸਾਈਕਲੋਪੀਡੀਆ ਹੈ।

***ਪ੍ਰੋ. ਗੁਰਭਜਨ ਗਿੱਲ, ਪ੍ਰਧਾਨ***
***ਪੰਜਾਬੀ ਸਾਹਿਤ ਅਕਾਦਮੀ,***
***ਲੁਧਿਆਣਾ।***

# ਵਿਆਹ ਵਾਲਾ ਦਿਨ ਬਨਾਮ ਪਿਆਜ਼ਾਂ ਦੀ ਮਹਿਕ

***(ਸਫਾ 27 ਦੀ ਬਾਕੀ)***

ਮੈਂ ਤੁਹਾਡੇ ਲਈ ਰੋਟੀ ਲੈ ਕੇ ਆਉਂਦੀ ਹਾਂ।” ਉਸੇ ਵੇਲੇ ਘਰ ਦੀ ਨੌਕਰਾਣੀ ਪਿੱਤਲ ਦੀਆਂ ਦੋ ਥਾਲੀਆਂ ਵਿਚ ਰੋਟੀ ਲੈ ਕੇ ਆ ਗਈ। ਦੋ ਕੌਲੀਆਂ ਵਿਚ ਦੁਪਹਿਰ ਦੀ ਠੰਢੀ ਮਾਂਹ ਦੀ ਦਾਲ ਤੇ ਆਲੂਆਂ ਦੀ ਪਤਲੀ ਤਰੀ ਵਾਲੀ ਸਬਜ਼ੀ ਤੇ ਨਾਲ ਥਾਲੀ ਵਿਚ ਪੰਜ ਛੇ ਠੰਢੀਆਂ ਰੋਟੀਆਂ ਰੱਖੀਆਂ ਹੋਈਆਂ ਸਨ। ਅਗਲੇ ਗੇੜੇ ਵਿਚ ਜੱਗ ਵਿਚ ਪਾਣੀ ਅਤੇ ਦੋ ਗਿਲਾਸ ਰੱਖ ਕੇ ਜਾਣ ਲੱਗੀ। ਫੇਰ ਪਤਾ ਨਹੀਂ ਕੀ ਸੋਚ ਕੇ ਉਹ ਮੁੜੀ, ਤੇ ਤਾਈ ਵੱਲ ਦੇਖ ਕੇ ਬੋਲੀ, “ਮੈਂ ਕਿਹਾ ਰਾਣੀਏ (ਲਾਗਣ), ਜੇ ਗੱਠਾ-ਗੁੱਠਾ ਪਿਆਜ਼ ਖਾਣ ਨੂੰ ਜੀਅ ਕਰੇ ਤਾਂ ਅੰਦਰੋਂ ਲੈ ਲਵੀਂ। ਬਥੇਰਾ ਚੁਬਾਰਾ ਭਰਿਆ ਪਿਆ ਹੈ।”

ਨਣਦ ਅਜਿਹੀ ਰੋਟੀ ਦੇਖ ਕੇ ਦੰਗ ਰਹਿ ਗਈ। ਸ਼ਰਮਿੰਦੀ ਜਿਹੀ ਹੋ ਕੇ ਉਹ ਮੇਰਾ ਹੱਥ ਫੜ ਕੇ ਬੋਲੀ, “ਭਾਬੀ ਜੀ ਲਗਦਾ ਹੈ, ਝਿਊਰੀ ਗ਼ਲਤੀ ਨਾਲ ਕਿਸੇ ਹੋਰ ਦੀ ਰੋਟੀ ਤੁਹਾਨੂੰ ਦੇ ਗਈ ਹੈ। ਤੁਸੀਂ ਇਹ ਰੋਟੀ ਨਾ ਖਾਇਓ। ਮੈਂ ਹੋਰ ਰੋਟੀ ਲੈ ਕੇ ਆਉਂਦੀ ਹਾਂ।” ਫੇਰ ਉਹ ਹੱਸ ਕੇ ਬੋਲੀ, “ਪਤਾ ਹੈ ਅੱਜ ਪੂਰਨਮਾਸ਼ੀ ਹੈ। ਪੂਰੇ ਚੰਦ ਦੀ ਰਾਤ: ਤੁਸੀਂ ਚੰਦ ਵਿਚੋਂ ਵੀਰੇ ਦਾ ਚਿਹਰਾ ਦੇਖੋ। ਤਦ ਤੱਕ ਮੈਂ ਰੋਟੀ ਲੈ ਕੇ ਆਉਂਦੀ ਹਾਂ। ਵੀਰਾ ਤਾਂ ਬਾਹਰਲੇ ਘਰ ਬੈਠਾ ਆਪਣੇ ਦੋਸਤਾਂ ਨਾਲ ਦਾਰੂ ਪੀ ਰਿਹਾ ਹੈ। ਹੁਣ ਉਸ ਨੇ ਇਧਰ ਨਹੀਂ ਆਉਣਾ।” ਕਹਿ ਕੇ ਉਹ ਝੱਟਪਟ ਹੇਠਾਂ ਉਤਰ ਗਈ।

ਫੇਰ ਹੇਠੋਂ ਉੱਚੀ-ਉੱਚੀ ਆਵਾਜ਼ਾਂ ਆਉਣ ਲੱਗ ਪਈਆਂ ਜਿਵੇਂ ਕਈ ਔਰਤਾਂ ਆਪਸ ਵਿਚ ਲੜ ਰਹੀਆਂ ਹੋਣ। ਫੇਰ ਚੁੱਪ ਵਰਤ ਗਈ। ਬੜੀ ਦੇਰ ਤੱਕ ਜਦ ਕੋਈ ਉਪਰ ਨਹੀਂ ਆਇਆ ਤਾਂ ਤਾਈ ਜਮੇਰੋ ਨੇ ਭੁੱਖ ਤੋਂ ਤੰਗ ਹੋ ਕੇ ਉਹੀ ਰੋਟੀ ਖਾ ਲਈ ਤੇ ਉਸੇ ਮੰਜੇ ‘ਤੇ ਟੇਢੀ ਹੋ ਗਈ ਤੇ ਥੋੜ੍ਹੀ ਦੇਰ ਮਗਰੋਂ ਘੁਰਾੜੇ ਮਾਰਨ ਲੱਗ ਪਈ। ਮੈਂ ਆਪਣੀ ਥਾਲੀ ਮੰਜੇ ਦੇ ਹੇਠਾਂ ਸਰਕਾ ਦਿੱਤੀ ਤੇ ਪਾਣੀ ਦਾ ਗਿਲਾਸ ਪੀ ਕੇ ਤਾਰਿਆਂ ਭਰੇ ਆਕਾਸ਼ ਵਿਚ ਪੂਰੇ ਚੰਦਰਮਾ ਨੂੰ ਦੇਖਣ ਲੱਗ ਪਈ।


ਬੜੀ ਦੇਰ ਬਾਅਦ ਨਣਦ ਆਈ ਤੇ ਸ਼ਰਮਿੰਦਾ ਜਿਹਾ ਹੋ ਕੇ ਬੋਲੀ, “ਭਾਬੀ ਜੀ, ਮਾਫ ਕਰਨਾ” ਮੈਂ ਵਿਚੋਂ ਹੀ ਟੋਕ ਕੇ ਕਿਹਾ, “ਕੋਈ ਗੱਲ ਨਹੀਂ, ਮੈਨੂੰ ਬਿਲਕੁਲ ਭੁੱਖ ਨਹੀਂ ਹੈ। ਬੱਸ ਤੁਸੀਂ ਮੇਰਾ ਬੈਗ ਲਿਆ ਦਿਓ। ਮੈਂ ਕੱਪੜੇ ਬਦਲ ਲਵਾਂ।” ਉਸ ਨੇ ਮੇਰਾ ਬੈਗ ਲਿਆ ਦਿੱਤਾ ਅਤੇ ਬੋਲੀ, “ਤੁਸੀਂ ਚੁਬਾਰੇ ਵਿਚ ਹੀ ਕੱਪੜੇ ਬਦਲ ਲੈਣਾ।” ਮੈਂ ਚੁਬਾਰੇ ਦਾ ਦਰਵਾਜ਼ਾ ਖੋਲ੍ਹਿਆ: ਕਮਰਾ ਪਿਆਜ਼ਾਂ ਨਾਲ ਭਰਿਆ ਪਿਆ ਸੀ। ਗਰਮੀ ਕਰਕੇ ਬੰਦ ਕਮਰੇ ਵਿਚੋਂ ਪਿਆਜ਼ਾਂ ਦੀ ਹਵਾੜ ਇਕਦਮ ਮੇਰੇ ਸਿਰ ਨੂੰ ਚੜ੍ਹ ਗਈ। ਮੈਂ ਔਖੇ-ਸੌਖੇ ਹੋ ਕੇ ਵਿਆਹ ਵਾਲਾ ਸੂਟ ਬਦਲ ਕੇ ਰਾਤ ਵਾਲਾ ਸੂਟ ਪਾ ਲਿਆ ਪਰ ਪਿਆਜ਼ਾਂ ਦੀ ਮਹਿਕ ਕਰਕੇ ਮੇਰਾ ਸਿਰ ਚਕਰਾ ਗਿਆ। ਗੁੱਸਾ ਤਾਂ ਮੈਨੂੰ ਪਹਿਲਾਂ ਹੀ ਆਇਆ ਹੋਇਆ ਸੀ ਹੁਣ ਮੈਨੂੰ ਅੰਤਾਂ ਦਾ ਰੋਣਾ ਆਇਆ। ਰੋ-ਰੋ ਕੇ ਜਦ ਮਨ ਕੁਝ ਸ਼ਾਂਤ ਹੋਇਆ ਤਾਂ ਮੈਂ ਏਵੇਂ ਹੀ ਏਧਰ ਉਧਰ ਘੁੰਮਣ ਲਗ ਪਈ। ਤਾਈ ਗਰਮੀ ਦੇ ਮਾਰੇ ਪਸੀਨਾ-ਪਸੀਨਾ ਹੋਈ ਪਈ ਸੀ। ਘੁੰਮਦਿਆਂ-ਘੁੰਮਦਿਆਂ ਮੈਂ ਛੋਟੀ ਜਿੰਨੀ ਕੰਧ ਦੇ ਉਤੋਂ ਝਾਕ ਕੇ ਹੇਠਾਂ ਦੇਖਿਆ। ਚੁਬਾਰੇ ਦੀ ਸੱਜੀ ਬਾਹੀ ਦੇ ਨਾਲ ਹੇਠਾਂ ਇਕ ਖੂਹ ਸੀ ਜਿਸ ਦੇ ਪਰਲੇ ਪਾਸੇ ਏਧਰ ਨਲਕਾ ਲੱਗਾ ਹੋਇਆ ਸੀ। ਬਾਅਦ ਵਿਚ ਉਸ ’ਤੇ ਮੋਟਰ ਲਗਾ ਦਿੱਤੀ ਗਈ ਸੀ। ਅਸਲ ਵਿਚ ਪਹਿਲਾਂ ਇਥੇ ਖੇਤ ਸਨ ਜਿਸ ਵਿਚ ਖੂਹ ਲੱਗਿਆ ਹੋਇਆ ਸੀ। ਬਾਅਦ ਵਿਚ ਉਰਲੇ ਬੰਨ੍ਹੇ ਘਰ ਬਣਾ ਲਿਆ ਗਿਆ ਪਰ ਖੂਹ ਉਵੇਂ ਹੀ ਲੱਗਿਆ ਰਿਹਾ। ਪਤਾ ਨਹੀਂ ਮੇਰੇ ਮਨ ਵਿਚ ਕਿਆ ਖੁਰਾਫਾਤ ਆਈ। ਮੈਂ ਛੱਤ ’ਤੇ ਪਈ ਟੋਕਰੀ ਚੁੱਕੀ ਅਤੇ ਪਿਆਜ਼ਾਂ ਨਾਲ ਭਰ-ਭਰ ਕੇ ਹੇਠਾਂ ਖੂਹ ਵਿਚ ਸੁੱਟਣੀ ਸ਼ੁਰੂ ਕਰ ਦਿੱਤੀ। ਨੀਂਦ ਤਾਂ ਮੈਨੂੰ ਵੈਸੇ ਹੀ ਨਹੀਂ ਸੀ ਆ ਰਹੀ। ਭੁੱਖ ਵੀ ਲੱਗੀ ਹੋਈ ਸੀ। ਬੱਸ ਮੇਰੇ ਕੋਲ ਤਾਂ ਟਾਈਮ ਹੀ ਟਾਈਮ ਸੀ। ਘੰਟੇ ਡੇਢ ਵਿਚ ਮੈਂ ਸਾਰੇ ਪਿਆਜ਼ ਹੇਠਾਂ ਖੂਹ ਵਿਚ ਸੁੱਟ ਦਿੱਤੇ ਅਤੇ ਫੇਰ ਰੜਕਾ (ਝਾੜੂ) ਲੈ ਕੇ ਕਮਰਾ ਸਾਫ ਕਰ ਦਿੱਤਾ ਅਤੇ ਪੱਖਾ ਚਲਾ ਕੇ ਪਿਆਜ਼ਾਂ ਦੀ ਸਾਰੀ ਹਵਾੜ ਬਾਹਰ ਕੱਢ ਦਿੱਤੀ। ਫੇਰ ਮੈਂ ਤਾਈ ਨੂੰ ਜਗਾ ਕੇ ਮੰਜਾ ਅੰਦਰ ਕਰਵਾਇਆ ਅਤੇ ਅਸੀਂ ਦੋਵੇਂ ਜਣੀਆਂ ਆਰਾਮ ਨਾਲ ਉਸ ’ਤੇ ਸੌਂ ਗਈਆਂ।

ਸਵੇਰੇ ਨਹਾ ਕੇ ਸਤੀਆਂ-ਸਮਾਧਾਂ ‘ਤੇ ਮੱਥਾ ਟੇਕ ਕੇ ਅਸੀਂ ਘਰ ਆ ਗਏ। ਬਾਅਦ ’ਚ ਪਿਆਜ਼ਾਂ ਦੀ ਜਲ ਸਮਾਧੀ ਬਾਰੇ ਕੀ ਚਰਚਾ ਹੋਈ; ਕਿਸ ਨੇ ਕੀ ਕਿਹਾ? ਕੀ ਸੋਚਿਆ? ਮੈਨੂੰ ਅੱਜ ਤੱਕ ਪਤਾ ਨਹੀਂ ਲੱਗਾ ਪਰ ਅੱਜ ਪਿਆਜ਼ਾਂ ਦੇ ਵਧਦੇ ਰੇਟ ਦੇਖ ਕੇ ਮੈਂ ਸੋਚਦੀ ਹਾਂ ਉਸ ਦਿਨ ਅਣਜਾਣੇ ਹੀ ਮੈਂ ਸਹੁਰਿਆਂ ਦਾ ਕਿੰਨਾ ਨੁਕਸਾਨ ਕਰ ਦਿੱਤਾ ਸੀ।

## ਕਹਾਣੀ

# ਟੁੱਟਾ ਹੋਇਆ ਸਿਰਾ

-ਸੁਖਬੀਰ



ਉਸ ਦਿਨ ਫੇਰ ਮਾਂ ਨੇ ਬੜੀ ਫ਼ਿਕਰਮੰਦ ਹੋ ਕਿ ਮੇਰੇ ਨਾਲ ਨਾਲ ਤੋਸ਼ੀ ਦੇ ਰਿਸ਼ਤੇ ਦੀ ਗੱਲ ਛੇੜੀ, "ਤੈਨੂੰ ਤਾਂ ਜਿਵੇਂ ਕੋਈ ਫ਼ਿਕਰ ਹੀ ਨਹੀਂ। ਇਨੀ ਵੱਡੀ ਹੋ ਗਈ ਏ। ਇਸ ਕੱਤਕ ਤੋਂ ਵੀਹਵਾਂ ਲਗ ਗਿਆ ਏ। ਹੁਣ ਹੋਰ ਨਹੀਂ ਮੈਂ ਉਡੀਕ ਸਕਣਾ।"

ਅਸਲ ਵਿਚ, ਤੋਸ਼ੀ ਦੇ ਰਿਸ਼ਤੇ ਬਾਰੇ ਮੈਨੂੰ ਫ਼ਿਕਰ ਸੀ ਵੀ, ਤੇ ਨਹੀਂ ਵੀ। ਹਾਲੀਂ ਉਹ ਪੜ੍ਹ ਰਹੀ ਸੀ। ਮੈਂ ਸੋਚਦਾ ਕਿ ਉਹ ਬੀ.ਏ. ਕਰ ਲਏ, ਸਗੋਂ ਐਮ.ਏ. ਕਰ ਲਏ, ਫੇਰ ਹੀ ਕਿਤੇ ਰਿਸ਼ਤਾ ਕੀਤਾ ਜਾ ਸਕਦਾ ਹੈ। ਨਾਲੇ, ਉਹ ਮੈਨੂੰ ਇਨੀ ਮਾਸੂਮ ਜਿਹੀ ਲਗਦੀ ਕਿ ਕਦੇ ਏਡੀ ਵੱਡੀ ਜਾਪੀ ਹੀ ਨਹੀਂ ਸੀ ਕਿ ਉਸ ਦੇ ਰਿਸ਼ਤੇ ਦਾ ਖ਼ਾਸ ਫ਼ਿਕਰ ਹੁੰਦਾ।

ਮਾਂ ਨਾਲ ਗੱਲਾਂ ਕਰਦਿਆਂ ਅਚਾਨਕ ਮੈਨੂੰ ਅਨੂਪ ਦਾ ਖ਼ਿਆਲ ਆਇਆ ਤੇ ਹੈਰਾਨੀ ਹੋਈ ਕਿ ਭਲਾ ਇਸ ਤੋਂ ਪਹਿਲਾਂ ਕਦੇ ਉਸ ਦਾ ਖ਼ਿਆਲ ਕਿਉਂ ਨਹੀਂ ਸੀ ਆਇਆ। ਉਂਜ, ਮਾਂ ਦੇ ਨੁਕਤੇ ਤੋਂ ਸੋਚਿਆਂ ਉਸ ਦਾ ਖਿਆਲ ਆਉਣਾ ਸੰਭਵ ਸੀ ਵੀ ਨਹੀਂ।

ਅਨੂਪ ਉਨ੍ਹੀਂ ਦਿਨੀਂ ਹਿੰਦੁਸਤਾਨ ਦੇ ਜੰਗਲੀ ਇਲਾਕਿਆਂ ਦਾ ਦੌਰਾ ਕਰ ਰਿਹਾ ਸੀ। ਇਹ ਉਸ ਦਾ ਇਕ ਤਰ੍ਹਾਂ ਦਾ ਝੱਲਪੁਣਾ ਹੀ ਸੀ। ਇਕ ਵਾਰ ਉਸਨੂੰ ਖ਼ਿਆਲ ਆਇਆ ਕਿ ਉਹ ਇਲਾਕੇ ਵੇਖਣੇ ਚਾਹੀਦੇ ਹਨ, ਤਾਂ ਕੁਝ ਦਿਨ ਉਨ੍ਹਾਂ ਇਲਾਕਿਆਂ ਬਾਰੇ ਪੜ੍ਹਦਾ ਰਿਹਾ, ਦੋਸਤਾਂ ਨਾਲ ਗੱਲਾਂ ਕਰਦਾ ਰਿਹਾ, ਤੇ ਫੇਰ ਇਕ ਦਿਨ ਨੌਕਰੀ ਛੱਡ ਕੇ ਉਨ੍ਹਾਂ ਇਲਾਕਿਆਂ ਦੇ ਦੌਰੇ 'ਤੇ ਤੁਰ ਪਿਆ। ਉਹ ਸਾਲ ਭਰ ਦਾ ਪ੍ਰੋਗਰਾਮ ਬਣਾ ਕੇ ਗਿਆ ਸੀ, ਪਰ ਸੱਤਾਂ ਮਹੀਨਿਆਂ ਪਿਛੋਂ ਹੀ ਪਰਤ ਆਇਆ। ਉਹ ਮੈਨੂੰ ਮਿਲਿਆ, ਤਾਂ ਮੈਂ ਉਸਨੂੰ ਪਛਾਣ ਹੀ ਨਾ ਸਕਿਆ। ਉਸ ਦੇ ਚਿਹਰੇ 'ਤੇ ਦਾੜ੍ਹੀ-ਮੁੱਛਾਂ ਸਨ, ਤੇ ਸਿਰ ਦੇ ਵਾਲ ਵਧੇ ਹੋਏ। ਦਾੜ੍ਹੀ-ਮੁੱਛਾਂ ਵਿਚ ਉਸ ਦਾ ਚਿਹਰਾ ਭਰਿਆ ਹੋਇਆ ਲਗ ਰਿਹਾ ਸੀ। ਤੇ ਉਸ ਨੇ ਵਧੀਆ ਸੂਟ ਪਾਇਆ ਹੋਇਆ ਸੀ। ਅਖ਼ੀਰ, ਜਦ ਮੈਂ ਉਸਨੂੰ ਪਛਾਣਿਆ, ਤਾਂ ਮੇਰੇ ਮੂੰਹੋਂ ਨਿਕਲਿਆ, "ਜੰਗਲਾਂ ਵਿਚ ਜਾ ਕੇ ਇਹ ਕੀ ਸ਼ਕਲ ਬਣਾ ਲਈ ਏ!"

"ਇਸ ਸ਼ਕਲ ਕਰਕੇ ਜੰਗਲੀ ਲੋਕਾਂ ਨਾਲ ਮਿਲਣ-ਜੁਲਣ ਵਿਚ ਬੜੀ ਮਦਦ ਮਿਲੀ ਏ। ਤੇ ਫੇਰ, ਉਥੇ ਹਜਾਮਤ ਕਰਨ ਦਾ ਸਮਾਂ ਕਿਥੇ ਮਿਲਦਾ ਸੀ?"

ਅਸੀਂ ਦੇਰ ਤਕ ਗੱਲਾਂ ਕਰਦੇ ਰਹੇ। ਜੰਗਲੀ ਇਲਾਕਿਆਂ ਦੇ ਲੋਕਾਂ ਦੀ ਰਹਿਣੀ-ਬਹਿਣੀ, ਖਾਣ-ਪੀਣ, ਰਸਮਾਂ-ਰਿਵਾਜ਼ਾਂ ਤੇ ਸੱਭਿਅਤਾ ਬਾਰੇ ਅਨੂਪ ਨੇ ਬੜੀਆਂ ਦਿਲਚਸਪ ਗੱਲਾਂ ਦੱਸੀਆਂ। ਉਸ ਦੀ ਆਪਣੀ ਜ਼ਿੰਦਗੀ ਵੀ ਕੋਈ ਘਟ ਦਿਲਚਸਪ ਨਹੀਂ ਸੀ। ਕਦੇ ਅਸੀਂ ਕਾਲਜ ਵਿਚ ਇਕੱਠੇ ਪੜ੍ਹਦੇ ਸਾਂ। ਫੇਰ, ਜ਼ਿੰਦਗੀ ਵਿਚ ਮੈਂ ਹੋਰ ਪਾਸੇ ਨਿਕਲ ਗਿਆ, ਅਨੂਪ ਹੋਰ ਪਾਸੇ। ਬਿਲਕੁਲ ਹੀ ਵਖ-ਵਖ ਕਿਸਮ ਦੀਆਂ ਜ਼ਿੰਦਗੀਆਂ ਸਨ ਸਾਡੀਆਂ, ਪਰ ਫੇਰ ਵੀ ਸਾਡਾ ਆਪਸ ਵਿਚ ਅਜਿਹਾ ਸੰਬੰਧ ਸੀ ਕਿ ਅਸੀਂ ਮਿਲਦੇ ਤਾਂ ਘੰਟਿਆਂਬੱਧੀ ਗੱਲਾਂ ਕਰਦੇ, ਘੁੰਮਦੇ-ਫਿਰਦੇ। ਪੜ੍ਹਾਈ ਪੂਰੀ ਕਰਕੇ ਮੈਂ ਵਪਾਰ ਵਿਚ ਪੈ ਗਿਆ ਸਾਂ ਪਰ ਅਨੂਪ ਨੇ ਕੋਈ ਕੰਮ ਨਹੀਂ ਸੀ ਫੜਿਆ। ਉਂਜ, ਵੇਖਿਆ ਜਾਏ ਤਾਂ ਉਹ ਕਈ ਕੰਮਾਂ ਵਿਚ ਪਿਆ ਸੀ। ਉਹ ਸ਼ੁਰੂ ਤੋਂ ਹੀ ਅਜਿਹਾ ਉਖੜਿਆ ਸੀ ਕਿ ਉਸ ਦੇ ਪੈਰ ਵਧੇਰੇ ਚਿਰ ਲਈ ਇਕ ਥਾਂ ਟਿਕੇ ਨਹੀਂ ਸਨ। ਪਿਛਲੇ ਅੱਠਾਂ ਵਰ੍ਹਿਆਂ ਵਿਚ ਉਸਨੇ ਕਈ ਕੰਮ ਕੀਤੇ ਸਨ, ਜਿਨ੍ਹਾਂ ਵਿਚ ਵਿਹਲੇ ਬੈਠ ਕੇ ਤੇ ਘੁੰਮ-ਫਿਰ ਕੇ ਸਮਾਂ ਕੱਟਣਾ ਵੀ ਇਕ ਕੰਮ ਸੀ। ਉਸ ਦੀ ਨਜ਼ਰ ਵਿਚ ਇਹ ਸਭ ਤੋਂ ਵਧ ਦਿਲਚਸਪ ਤੇ ਅਹਿਮ ਕੰਮ ਸੀ। ਜੰਗਲੀ ਇਲਾਕਿਆਂ ਦੇ ਦੌਰੇ 'ਤੇ ਜਾਣ ਤੋਂ ਪਹਿਲਾਂ ਉਹ ਇਕ ਨਵੀਂ ਖੁੱਲ੍ਹੀ ਵਿਗਿਆਪਨ ਕੰਪਨੀ ਵਿਚ ਆਰਟ-ਡਾਇਰੈਕਟਰ ਲੱਗਾ ਹੋਇਆ ਸੀ, ਜਿਥੇ ਉਸ ਨੂੰ ਸਾਢੇ ਅੱਠ ਸੌ ਰੁਪਏ ਤਨਖ਼ਾਹ ਮਿਲਦੀ ਸੀ। ਉਹ ਦਫ਼ਤਰ ਵਿਚ ਕਮਰਸ਼ੀਅਲ ਆਰਟ ਦਾ ਕੰਮ ਕਰਦਾ ਤੇ ਘਰ ਆ ਕੇ ਅਮੂਰਤ ਕਿਸਮ ਦੇ ਚਿੱਤਰ ਬਣਾਉਂਦਾ। ਉਹ ਕਿਹਾ ਕਰਦਾ, "ਕਮਰਸ਼ੀਅਲ ਆਰਟ ਦੇ ਕੰਮ ਵਿਚ ਇਨਾਂ ਅਕੇਵਾਂ ਹੋ ਜਾਂਦਾ ਏ ਤੇ ਐਬਸਟਰੈਕਟ ਪੇਂਟਿੰਗ ਕਰਕੇ ਉਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਏ।"

ਇਸ ਨੌਕਰੀ ਤੋਂ ਪਹਿਲਾਂ ਉਹ ਕਾਲਜ ਵਿਚ ਪੜ੍ਹਾਉਂਦਾ ਸੀ, ਪਰ ਇਕ ਸਾਲ ਵਿਚ ਹੀ ਅੱਕ ਗਿਆ ਸੀ। ਉਹ ਕਿਹਾ ਕਰਦਾ, "ਅਜ-ਕਲ੍ਹ ਦੀ ਤਾਲੀਮ ਦਾ ਪੱਧਰ ਇਨਾ ਨੀਵਾਂ ਏ ਕਿ ਪੜ੍ਹਾਉਣ ਵਿਚ ਕੋਈ ਸਵਾਦ ਹੀ ਨਹੀਂ ਆਉਂਦਾ। ਇੰਜ ਲਗਦਾ ਏ, ਜਿਵੇਂ ਪੰਜਵੀਂ-ਛੇਵੀਂ ਦੇ ਬੱਚਿਆਂ ਨੂੰ ਪੜ੍ਹਾਉਣਾ ਪੈ ਰਿਹਾ ਹੋਵੇ। ਕੀਟਸ ਤੇ ਵਰਡਸਵਰਥ ਦੀਆਂ ਕਵਿਤਾਵਾਂ ਦੇ ਅਰਥ ਦਸ ਦੇਣੇ ਤੇ ਨੋਟਸ ਲਿਖਾ ਦੇਣੇ ਹੀ ਤਾਂ ਪੜ੍ਹਾਉਣਾ ਨਹੀਂ ਏ। ਤੇ ਜੇ ਰਤਾ ਸਹੀ ਅਰਥਾਂ ਵਿਚ ਕੀਟਸ ਜਾਂ ਵਰਡਸਵਰਥ ਪੜ੍ਹਾਇਆ ਜਾਏ ਤਾਂ ਵਿਦਿਆਰਥੀ ਮੂੰਹ ਵੇਖਦੇ ਰਹਿ ਜਾਂਦੇ ਹਨ।"

ਕਾਲਜ ਦੀ ਨੌਕਰੀ ਕਰਦਿਆਂ ਵੀ ਉਹ ਇਨਾ ਅੱਕ ਗਿਆ ਸੀ ਕਿ ਉਸ ਨੇ ਨੌਕਰੀ ਛੱਡਣ ਪਿਛੋਂ ਪਤਯਥਾਰਥਵਾਦੀ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ, ਤੇ ਕੁਝ ਹੀ ਚਿਰ ਪਿਛੋਂ ਉਸ ਅਕੇਵੇਂ ਤੋਂ ਛੁਟਕਾਰਾ ਪਾ ਗਿਆ ਸੀ। ਫੇਰ, ਉਸਨੇ ਕਵਿਤਾਵਾਂ ਲਿਖਣੀਆਂ ਛੱਡ ਦਿਤੀਆਂ ਸਨ। ਅਖ਼ੀਰ, ਪਤਾ ਨਹੀਂ ਉਸ ਦੇ ਮਨ ਵਿਚ ਕੀ ਆਇਆ ਸੀ ਕਿ ਉਸਨੇ ਕਮਰਸ਼ੀਅਲ ਆਰਟਿਸਟ ਦੇ ਤੌਰ 'ਤੇ ਨੌਕਰੀ ਕਰ ਲਈ ਸੀ।

ਕਾਲਜ ਦੀ ਨੌਕਰੀ ਤੋਂ ਪਹਿਲਾਂ ਉਸਨੇ ਕਈ ਕੁਝ ਕੀਤਾ ਸੀ। ਉਹ ਛੇ ਮਹੀਨੇ ਕਲਾਸਕੀ ਸੰਗੀਤ ਸਿੱਖਦਾ ਰਿਹਾ ਸੀ, ਸਾਲ ਭਰ ਰਾਜਨੀਤਿਕ ਸਰਗਰਮੀਆਂ ਵਿਚ ਲੱਗਾ ਰਿਹਾ ਸੀ, ਕੁਝ ਚਿਰ ਪੇਂਟਿੰਗ ਦਾ ਕੋਰਸ ਕੀਤਾ ਸੀ, ਟਿਊਸ਼ਨਾਂ ਕੀਤੀਆਂ ਸਨ, ਜਾਣ-ਬੁੱਝ ਕੇ ਬੇਕਾਰ ਰਿਹਾ ਸੀ, ਅਵਾਰਾਗਰਦੀ ਕਰਦਿਆਂ ਇਸ ਸ਼ਹਿਰ ਬਾਰੇ ਇਕ ਕਿਤਾਬ ਲਿਖਣ ਲਈ ਮਸਾਲਾ ਇਕੱਠਾ ਕੀਤਾ ਸੀ, ਤੇ ਉਸ ਕਿਤਾਬ ਲਈ ਉਸਨੇ ਆਪ ਕਈ ਰੇਖਾ-ਚਿਤਰ ਬਣਾਏ ਸਨ, ਤੇ ਉਸ ਦਾ ਕਹਿਣਾ ਸੀ ਕਿ ਉਸ ਕਿਤਾਬ ਵਿਚ ਕਿਸੇ ਵੀ ਉਸ ਸ਼ਹਿਰ ਦੀ ਝਲਕ ਵੇਖੀ ਜਾ ਸਕੇਗੀ, ਜੋ ਪੂੰਜੀਵਾਦੀ ਦੌਰ 'ਚੋਂ ਲੰਘ ਰਿਹਾ ਹੈ।

ਕਾਲਜ ਦੀ ਪੜ੍ਹਾਈ ਦੇ ਦਿਨਾਂ ਵਿਚ ਵੀ ਅਨੂਪ ਨੂੰ ਸਮਝਣਾ ਸੌਖਾ ਨਹੀਂ ਸੀ। ਪਹਿਲਾਂ ਉਸਨੇ ਸਾਇੰਸ ਲਈ। ਉਹ ਡਾਕਟਰ ਬਣਨਾ ਚਾਹੁੰਦਾ ਸੀ। ਫੇਰ, ਉਸਨੇ ਆਰਟਸ ਲਈ। "ਭਲਾ ਸਾਇੰਸ ਲੈ ਕੇ ਕਾਲਜ ਦੀ ਜ਼ਿੰਦਗੀ ਦਾ ਕੋਈ ਸਵਾਦ ਏ! ਪਹਿਲਾਂ ਸਾਰਾ ਦਿਨ ਕਾਲਜ ਵਿਚ ਪੜ੍ਹਦੇ ਰਹੋ, ਫੇਰ ਘਰ ਜਾ ਕੇ ਪੜ੍ਹਦੇ ਰਹੋ", ਉਹ ਕਿਹਾ ਕਰਦਾ। ਉਨ੍ਹੀਂ ਦਿਨੀਂ ਉਸ ਦਾ ਇਕ ਕੁੜੀ ਨਾਲ ਰੁਮਾਂਸ ਹੋਇਆ ਸੀ ਤੇ ਕੁਝ ਹੀ ਚਿਰ ਪਿਛੋਂ ਟੁੱਟ ਗਿਆ ਸੀ। ਬਾਅਦ ਵਿਚ ਕਦੇ ਉਸ ਰੁਮਾਂਸ ਦਾ ਜ਼ਿਕਰ ਹੁੰਦਾ ਤਾਂ ਉਹ ਹੱਸ ਛਡਦਾ, "ਉਹ ਵੀ ਕਿਹੋ ਜਿਹਾ ਬਚਪਨ ਸੀ। ਪਤਾ ਨਹੀਂ, ਉਹ ਕੁੜੀ ਮੈਨੂੰ ਕਿਉਂ ਪਸੰਦ ਆ ਗਈ ਸੀ। ਬਸ, ਗੁੱਡੀ ਜਿਹੀ ਸੀ। ਸ਼ਾਇਦ ਇਸ ਲਈ ਪਸੰਦ ਆਈ ਹੋਵੇ ਕਿ ਉਸ ਦੀਆਂ ਅੱਖਾਂ ਇੰਨ-ਬਿੰਨ ਮੇਰੀ ਮਾਂ ਦੀਆਂ ਅੱਖਾਂ ਵਰਗੀਆਂ ਸਨ। ਮਾਂ ਭਾਵੇਂ ਮੇਰੇ ਬਚਪਨ ਵਿਚ ਹੀ ਮਰ ਗਈ ਸੀ, ਪਰ ਉਸ ਦੀਆਂ ਅੱਖਾਂ ਮੈਨੂੰ ਨਹੀਂ ਭੁਲਦੀਆਂ। ਹੋ ਸਕਦਾ ਏ, ਮਨ ਦੀ ਕਿਸੇ ਡੂੰਘਾਣ ਵਿਚ ਮੈਂ ਆਪਣੀ ਮਾਂ ਨੂੰ ਵੇਖਦਾ ਹੋਵਾਂ। ਉਂਜ, ਉਹ ਬੜੀ ਮੂਰਖ ਕਿਸਮ ਦੀ ਕੁੜੀ ਸੀ। ਪੜ੍ਹਾਈ ਵਿਚ ਬਿਲਕੁਲ ਡਫ਼ਰ। ਭਲਾ ਜਿਸ ਨੂੰ ਕਵਿਤਾਵਾਂ ਵਿਚ ਸਵਾਦ ਨਾ ਆਵੇ, ਉਸਨੂੰ ਆਰਟਸ ਲੈਣ ਦੀ ਕੀ ਲੋੜ ਸੀ?"

ਸ਼ਾਇਦ ਉਸੇ ਕੁੜੀ ਦੀ ਪ੍ਰੇਰਨਾ ਸਦਕਾ ਅਨੂਪ ਨੇ ਉਨ੍ਹੀਂ ਦਿਨੀਂ ਰੁਮਾਂਟਿਕ ਕਿਸਮ ਦੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ ਸਨ। ਉਹ ਕਵਿਤਾਵਾਂ ਪ੍ਰੋਫੈਸਰਾਂ ਨੇ ਬਹੁਤ ਪਸੰਦ ਕੀਤੀਆਂ ਸਨ। ਇਕ ਪ੍ਰੋਫੈਸਰ ਉਨ੍ਹਾਂ ਨੂੰ ਕਿਸੇ ਪ੍ਰਕਾਸ਼ਕ ਕੋਲੋਂ ਕਿਤਾਬੀ ਸ਼ਕਲ ਵਿਚ ਛਪਵਾਉਣ ਦਾ ਪ੍ਰਬੰਧ ਕਰ ਰਿਹਾ ਸੀ, ਪਰ ਅਨੂਪ ਮੰਨਿਆ ਨਹੀਂ ਸੀ। ਉਸ ਨੇ ਕਿਹਾ ਸੀ, "ਕੁਝ ਠਹਿਰ ਕੇ ਵੇਖਿਆ ਜਾਏਗਾ।" ਤੇ ਫੇਰ, ਬੀ.ਏ. ਵਿਚ ਪਹੁੰਚ ਕੇ ਉਸਨੇ ਉਹ ਕਵਿਤਾਵਾਂ ਪਾੜ ਕੇ ਸੁੱਟ ਦਿਤੀਆਂ ਸਨ।

ਮੈਂ ਸੋਚਿਆ ਕਿ ਤੋਸ਼ੀ ਦੇ ਰਿਸ਼ਤੇ ਬਾਰੇ ਮਾਂ ਕੋਲ ਅਨੂਪ ਦਾ ਜ਼ਿਕਰ ਕਰਾਂ। ਪਰ ਨਹੀਂ, ਕਿਉਂ ਨਾ ਪਹਿਲਾਂ ਅਨੂਪ ਨਾਲ ਗੱਲ ਕਰਾਂ? ਪਤਾ ਨਹੀਂ, ਮੰਨੇ ਕਿ ਨਾ। ਦੋ-ਤਿੰਨ ਸਾਲ ਪਹਿਲਾਂ ਇਕ ਥਾਂ ਉਸ ਦੇ ਰਿਸ਼ਤੇ ਦੀ ਗੱਲ ਹੋਈ ਸੀ, ਤੇ ਉਹ ਮੰਨ ਵੀ ਗਿਆ ਸੀ, ਪਰ ਕੁੜੀ ਨੂੰ ਵੇਖਣ ਪਿਛੋਂ ਨਾਂਹ ਕਰ ਦਿੱਤੀ ਸੀ। "ਉਹ ਤਾਂ ਬਿਲਕੁਲ ਬੱਚੀ ਲਗਦੀ ਏ। ਉਸ ਨਾਲ ਮੈਂ ਜ਼ਿੰਦਗੀ ਕਿਵੇਂ ਕਟ ਸਕਾਂਗਾ?" ਉਸਨੇ ਕਿਹਾ ਸੀ। ਉਹ ਕੁੜੀ ਉਸੇ ਕਾਲਜ ਵਿਚ ਪੜ੍ਹਦੀ ਸੀ, ਜਿਸ ਵਿਚ ਉਹ ਪੜ੍ਹਾਉਂਦਾ ਸੀ। ਉਹ ਘਰੋਂ ਵੀ ਚੰਗੀ ਸੀ। ਪਰ ਅਨੂਪ ਨੇ ਨਾਂਹ ਕਰ ਦਿਤੀ ਸੀ।

ਤੋਸ਼ੀ ਬਾਰੇ ਵੀ ਤਾਂ ਉਸ ਦਾ ਇਹੋ ਖ਼ਿਆਲ ਹੋ ਸਕਦਾ ਏ, ਮੈਂ ਸੋਚਿਆ। ਪਰ ਕਈ ਵਾਰ ਸੰਜੋਗ ਦਾ ਪਤਾ ਨਹੀਂ ਹੁੰਦਾ। ਅਖ਼ੀਰ, ਇਕ ਦਿਨ ਮੈਂ ਅਨੂਪ ਨੂੰ ਕਿਹਾ, "ਜੇ ਵਿਹਲ ਹੋਵੇ, ਤਾਂ ਮੇਰਾ ਇਕ ਛੋਟਾ ਜਿਹਾ ਕੰਮ ਕਰ ਦੇ।"

"ਅੱਜ-ਕਲ੍ਹ ਤਾਂ ਵਿਹਲ ਹੀ ਵਿਹਲ ਏ। ਦੱਸ ਕੀ ਕੰਮ ਏ? ਵਪਾਰ ਵਿਚ ਤਾਂ ਨਹੀਂ ਨਾ ਫਸਾਉਣਾ ਚਾਹੁੰਦਾ?"

"ਨਹੀਂ, ਵਪਾਰ ਵਿਚ ਤੂੰ ਕਿੱਥੇ ਫਸੇਂਗਾ! ਕੰਮ ਤੇਰੇ ਲਈ ਸੌਖਾ ਵੀ ਏ, ਪਰ ਔਖਾ ਵੀ।"

"ਹਾਂ-ਹਾਂ, ਦੱਸ।"

"ਜੇ ਭਲਾ ਹਫ਼ਤੇ ਵਿਚ ਦੋ ਦਿਨ ਤੋਸ਼ੀ ਨੂੰ ਪੜ੍ਹਾ ਦਿਆ ਕਰੇਂ? ਬ੍ਰਾਊਨਿੰਗ ਉਸਨੂੰ ਕੁਝ ਔਖਾ ਲਗਦਾ ਏ।"

"ਬ੍ਰਾਊਨਿੰਗ ਤਾਂ ਚੰਗੇ-ਚੰਗਿਆਂ ਨੂੰ ਔਖਾ ਲਗਦਾ ਏ। ਪਰ ਸਵਾਦ ਆ ਜਾਂਦਾ ਏ ਪੜ੍ਹ ਕੇ! ਇੰਨੀ ਮਨੋਵਿਗਿਆਨਕ ਸਮਝ ਕਿਸੇ ਹੋਰ ਅੰਗਰੇਜ਼ੀ ਕਵੀ ਵਿਚ ਨਹੀਂ। ਤੇ ਉਸ ਦੀਆਂ ਕਵਿਤਾਵਾਂ ਵਿਚ ਜੋ ਨਾਟਕੀ ਅੰਸ਼ ਏ, ਉਹ!"

"ਉਹ ਤੂੰ ਤੋਸ਼ੀ ਨੂੰ ਹੀ ਸਮਝਾਈਂ। ਮੈਨੂੰ ਤਾਂ ਕੋਈ ਵਪਾਰ ਦੀ ਗੱਲ ਸਮਝਾ", ਮੈਂ ਹੱਸ ਕੇ ਕਿਹਾ।

ਅਨੂਪ ਹੱਸਿਆ। "ਦੋ ਦਿਨ ਤਾਂ ਨਹੀਂ, ਐਤਵਾਰ ਨੂੰ ਇਕ ਦਿਨ ਲਈ ਆ ਜਾਇਆ ਕਰਾਂਗਾ। ਵਧੇਰੇ ਸਮਾਂ ਦੇ ਦਿਆਂਗਾ। ਫੇਰ, ਤੂੰ ਵੀ ਘਰ ਹੋਇਆ ਕਰੇਂਗਾ। ਮਗਰੋਂ ਬਾਹਰ ਕਿਤੇ ਘੁੰਮਣ ਦਾ ਪ੍ਰੋਗਰਾਮ ਬਣਾ ਲਿਆ ਕਰਾਂਗੇ।"

"ਇਕੋ ਦਿਨ ਸਹੀ। ਉਂਜ, ਤੇਰਾ ਕੀ ਭਰੋਸਾ ਕਿ ਫੇਰ ਕਿਤੇ ਚਲਾ ਜਾਵੇਂ। ਹਾਂ, ਹੁਣ ਅੱਗੋਂ ਕੀ ਕਰਨ ਦੀ ਸਲਾਹ ਏ? ਨੌਕਰੀ ਜਾਂ ਹੋਰ ਕੁਝ?"

"ਕੁਝ ਮਹੀਨੇ ਤਾਂ ਆਰਾਮ ਕਰਾਂਗਾ। ਤੇ ਜੇ ਹੋ ਸਕਿਆ, ਤਾਂ ਜੰਗਲੀ ਕਬੀਲਿਆਂ ਦੀ ਜ਼ਿੰਦਗੀ ਬਾਰੇ ਇਕ ਕਿਤਾਬ ਲਿਖਾਂਗਾ। ਉਂਜ, ਉਨ੍ਹਾਂ ਬਾਰੇ ਇਕ ਨਾਵਲ ਦੀ ਰੂਪ-ਰੇਖਾ ਵੀ ਮੇਰੇ ਦਿਮਾਗ਼ ਵਿਚ ਏ। ਵੇਖੋ ਕਿਹੜੀ ਚੀਜ਼ ਸਿਰੇ ਚੜ੍ਹਦੀ ਏ।"

ਅਨੂਪ ਤੋਸ਼ੀ ਨੂੰ ਪੜ੍ਹਾਉਣ ਲੱਗਾ। ਮਾਂ ਨੂੰ ਉਸ ਦੀ ਉਹ ਦਾੜ੍ਹੀ-ਮੁੱਛਾਂ ਤੇ ਲੰਮੇ ਵਾਲਾਂ ਵਾਲੀ ਸ਼ਕਲ ਚੰਗੀ ਨਾ ਲੱਗੀ। ਤੋਸ਼ੀ ਨੇ ਵੀ ਉਸ ਦਾ ਮਜ਼ਾਕ ਉਡਾਇਆ। "ਜੰਗਲੀ ਲੋਕਾਂ ਵਿਚ ਜਾ ਕੇ ਆਪ ਵੀ ਜੰਗਲੀ ਬਣ ਗਿਆ ਏ। ਅਜੀਬ ਏ ਤੁਹਾਡਾ ਇਹ ਦੋਸਤ। ਕਈ ਵਾਰ ਤਾਂ ਉਸ ਦੀਆਂ ਗੱਲਾਂ ਹੀ ਸਮਝ ਨਹੀਂ ਆਉਂਦੀਆਂ।" ਤੋਸ਼ੀ ਨੇ ਉਸ ਦੇ ਜਾਣ ਪਿਛੋਂ ਕਿਹਾ।

"ਪਰ ਬ੍ਰਾਊਨਿੰਗ ਦੀਆਂ ਕਵਿਤਾਵਾਂ ਤਾਂ ਸਮਝ ਆਈਆਂ ਨਾ?"

"ਹਾਂ, ਉਹ ਤਾਂ ਆਈਆਂ।"

ਅਨੂਪ ਜਦ ਅਗਲੇ ਐਤਵਾਰ ਆਇਆ ਤਾਂ ਉਸ ਦੀਆਂ ਦਾੜ੍ਹੀ-ਮੁੱਛਾਂ ਸਫਾਚਟ ਸਨ, ਤੇ ਉਸਨੇ ਸਿਰ ਦੇ ਵਾਲ ਛੋਟੇ ਕਰਵਾ ਲਏ ਸਨ। ਉਸ ਦਾ ਫੇਰ ਉਹੋ ਪਤਲਾ, ਕੁਝ ਲੰਮਾ, ਤਰਾਸ਼ਿਆ ਹੋਇਆ ਚਿਹਰਾ ਨਿਕਲ ਆਇਆ ਸੀ, ਜਿਸ 'ਤੇ ਉਸ ਦੀਆਂ ਹਲਕੇ ਭੂਰੇ ਰੰਗ ਦੀਆਂ ਅੱਖਾਂ ਵਧੇਰੇ ਲਿਸ਼ਕਵੀਆਂ ਤੇ ਵੱਡੀਆਂ ਜਾਪਣ ਲੱਗੀਆਂ ਸਨ।

"ਕੀ ਹੁਣ ਵੀ ਉਹ ਜੰਗਲੀ ਲਗਦਾ ਏ?" ਉਸ ਦੇ ਜਾਣ ਪਿਛੋਂ ਮੈਂ ਤੋਸ਼ੀ ਨੂੰ ਪੁਛਿਆ। ਤੋਸ਼ੀ ਅੱਗੋਂ ਸਿਰਫ ਮੁਸਕਰਾਈ। ਉਸ ਮੁਸਕਰਾਹਟ ਵਿਚ ਸੰਕੋਚ ਸੀ। ਫੇਰ, ਇਕ ਦਿਨ ਮੈਂ ਤੋਸ਼ੀ ਨੂੰ ਪੁਛਿਆ, "ਸੁਣਾ, ਬ੍ਰਾਊਨਿੰਗ ਦਾ ਕੀ ਹਾਲ ਏ? ਹੁਣ ਵੀ ਔਖਾ ਲਗਦਾ ਏ?"

"ਮੈਨੂੰ ਤਾਂ ਕੀ, ਹੁਣ ਤਾਂ ਉਹ ਮੇਰੀਆਂ ਸਹੇਲੀਆਂ ਨੂੰ ਵੀ ਬੜਾ ਸੌਖਾ ਲੱਗਣ ਲਗ ਪਿਆ ਏ। ਤੇ ਇੰਨਾ ਚੰਗਾ ਕਵੀ ਏ ਕਿ ਉਸ ਦੇ ਸਾਹਮਣੇ ਸਾਰੇ ਕਵੀ ਮਾਤ ਹਨ। ਇਨੀ ਮਨੋਵਿਗਿਆਨਕ ਸਮਝ ਕਿਸੇ ਹੋਰ ਅੰਗਰੇਜ਼ੀ ਕਵੀ ਵਿਚ ਨਹੀਂ ਏ। ਤੇ ਉਸ ਦੀਆਂ ਕਵਿਤਾਵਾਂ ਵਿਚ ਜੋ ਨਾਟਕੀ ਅੰਸ਼ ਏ, ਉਹ!"

"ਓਹ ਤੂੰ ਕਿਸੇ ਦਿਨ ਆਪਣੇ ਕਾਲਜ ਦੀ ਪ੍ਰੋਫੈਸਰ ਨੂੰ ਸਮਝਾਈਂ, ਜਿਸ ਤੋਂ ਪੜ੍ਹਨ 'ਤੇ ਬ੍ਰਾਊਨਿੰਗ ਤੈਨੂੰ ਬੜਾ ਔਖਾ ਲਗਦਾ ਸੀ।"

ਤਦੇ ਮਾਂ ਨੇ ਕਿਹਾ, "ਮੁੰਡਾ ਕੀ ਏ, ਹੀਰਾ ਏ! ਕਿਤੇ ਇਸ ਦੇ ਮਾਂ-ਪਿਓ ਹੁੰਦੇ ਤਾਂ...।"

ਕੁਝ ਦਿਨਾਂ ਪਿਛੋਂ ਮੈਨੂੰ ਫੇਰ ਵਪਾਰਕ ਦੌਰੇ 'ਤੇ ਬਾਹਰ ਜਾਣਾ ਪਿਆ।

ਮਾਂ ਤੇ ਤੋਸ਼ੀ ਦੇ ਖ਼ਤਾਂ ਤੋਂ ਘਰ ਦੇ ਹਾਲਾਤ, ਤੋਸ਼ੀ ਦੀ ਪੜ੍ਹਾਈ, ਤੇ ਅਨੂਪ ਬਾਰੇ ਪਤਾ ਲਗਦਾ ਰਿਹਾ। ਅਨੂਪ ਦਾ ਕਦੇ ਕੋਈ ਖ਼ਤ ਨਹੀਂ ਸੀ ਆਇਆ। ਉਸ ਬਾਰੇ ਮਸ਼ਹੂਰ ਸੀ ਕਿ ਉਸਨੇ ਕਦੇ ਕਿਸੇ ਨੂੰ ਖ਼ਤ ਨਹੀਂ ਸੀ ਲਿਖਿਆ। ਉਸਦੀ ਨਜ਼ਰ ਵਿਚ ਖ਼ਤ ਲਿਖਣਾ ਖ਼ਾਹਮਖ਼ਾਹ ਦਾ ਝੰਜਟ ਸੀ।

ਤੇ ਮਾਂ ਤੇ ਤੋਸ਼ੀ ਦੇ ਖ਼ਤਾਂ ਤੋਂ ਇਹ ਵੀ ਪਤਾ ਲਗਦਾ ਰਿਹਾ ਕਿ ਅਨੂਪ ਨਾਲ ਤੋਸ਼ੀ ਦਾ ਰਿਸ਼ਤਾ ਹੋ ਜਾਣ ਦੀ ਸੰਭਾਵਨਾ ਹੈ। ਦੋ ਮਹੀਨਿਆਂ ਪਿਛੋਂ ਮੈਂ ਪਰਤਿਆ ਤਾਂ ਤੋਸ਼ੀ ਨੂੰ ਵੇਖਦਿਆਂ ਹੀ ਸਭ ਕੁਝ ਸਮਝ ਗਿਆ। ਇਸ ਵਾਰ ਮਾਂ ਨੇ ਹਮੇਸ਼ਾਂ ਵਾਂਗ ਫ਼ਿਕਰਮੰਦ ਹੋ ਕੇ ਤੋਸ਼ੀ ਦੇ ਰਿਸ਼ਤੇ ਬਾਰੇ ਇਹ ਨਹੀਂ ਕਿਹਾ ਕਿ ਉਸ ਦਾ ਮੈਨੂੰ ਕੋਈ ਫ਼ਿਕਰ ਨਹੀਂ ਹੈ। ਸਗੋਂ ਹੁਣ ਉਹ ਤੋਸ਼ੀ ਦਾ ਵਿਆਹ ਇਨੀ ਛੇਤੀ ਕਰਨ ਲਈ ਤਿਆਰ ਨਹੀਂ ਸੀ। "ਕਿਹੜੀ ਕਾਹਲ ਪਈ ਏ" ਉਸਨੇ ਕਿਹਾ। "ਹਾਲੀਂ ਪੜ੍ਹ ਰਹੀ ਏ।' ਚਾਹੇ, ਤਾਂ ਹੋਰ ਪੜ੍ਹ ਲਏ ਦੋ ਸਾਲ।"

ਮੈਨੂੰ ਆਏ ਨੂੰ ਦਸ ਕੁ ਦਿਨ ਹੀ ਹੋਏ ਸਨ ਕਿ ਇਕ ਦਿਨ ਤੋਸ਼ੀ ਨੇ ਕਿਹਾ, "ਇਸ ਐਤਵਾਰ ਨੂੰ ਮੈਂ ਆਪਣੀ ਅੰਗਰੇਜ਼ੀ ਦੀ ਪ੍ਰੋਫੈਸਰ ਨੂੰ ਘਰ ਸੱਦਿਆ ਏ, ਉਸਨੂੰ ਨਹੀਂ ਜੋ ਬ੍ਰਾਊਨਿੰਗ ਪੜ੍ਹਾਉਂਦੀ ਏ। ਇਹ ਪ੍ਰੋਫੈਸਰ ਸ਼ੈਕਸਪੀਅਰ ਪੜ੍ਹਾਉਂਦੀ ਏ। ਤੁਸੀਂ ਘਰ ਹੀ ਰਹਿਣਾ। ਤੇ ਤੁਹਾਡੇ ਦੋਸਤ ਨੂੰ ਵੀ ਮੈਂ ਕਹਿ ਦਿੱਤਾ ਏ। ਤੁਸੀਂ ਵੀ ਪੱਕਾ ਕਰ ਦੇਣਾ। ਉਹ ਤੁਹਾਨੂੰ ਮਿਲ ਕੇ ਬਹੁਤ ਖ਼ੁਸ਼ ਹੋਵੇਗੀ।"

"ਮੈਨੂੰ?" ਮੈਂ ਸ਼ਰਾਰਤ ਨਾਲ ਕਿਹਾ।

ਤੋਸ਼ੀ ਮੁਸਕਰਾਈ, "ਤੁਹਾਨੂੰ ਦੋਵਾਂ ਨੂੰ ਹੀ। ਬੜਾ ਚੰਗਾ ਸੁਭਾਅ ਏ ਉਸਦਾ। ਪੜ੍ਹਾਉਂਦੀ ਵੀ ਬਹੁਤ ਚੰਗਾ ਏ। ਅਸੀਂ ਸਾਰੀਆਂ ਕੁੜੀਆਂ ਉਸ ਦੀ ਬਹੁਤ ਇੱਜ਼ਤ ਕਰਦੀਆਂ ਹਾਂ।"

"ਚੰਗਾ, ਦਰਸ਼ਨ ਕਰਾਂਗੇ ਅਜਿਹੀ ਦੇਵੀ ਦੇ! ਪਰ ਕਿਤੇ ਬੁੱਢੀ ਹੀ ਨਾ ਹੋਵੇ।"

ਤੋਸ਼ੀ ਕੁਝ ਕਹਿੰਦੀ-ਕਹਿੰਦੀ ਰੁਕ ਗਈ। ਉਹ ਦੂਜੇ ਪਾਸੇ ਵੇਖਣ ਲੱਗੀ, ਤੇ ਫੇਰ ਉਥੋਂ ਚਲੀ ਗਈ। ਮੈਂ ਇਸ ਦਾ ਕਾਰਨ ਨਾ ਸਮਝ ਸਕਿਆ।

ਪਰ ਇਹ ਗੱਲ ਉਸ ਵੇਲੇ ਸਮਝ ਆਈ, ਜਦ ਐਤਵਾਰ ਵਾਲੇ ਦਿਨ ਤੋਸ਼ੀ ਦੀ ਉਸ ਪ੍ਰੋਫੈਸਰ ਨੂੰ ਵੇਖਿਆ। ਇਨੀ ਕੋਝੀ ਤੀਵੀਂ ਮੈਂ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਵੇਖੀ। ਮੈਂ ਉਸਦੀ ਬਦਸੂਰਤੀ ਦਾ ਬਿਆਨ ਨਹੀਂ ਕਰ ਸਕਦਾ। ਕੱਦ-ਕਾਠ, ਰੰਗ-ਰੂਪ, ਨੈਣ-ਨਕਸ਼-ਕੋਈ ਵੀ ਤਾਂ ਖ਼ੂਬੀ ਨਹੀਂ ਸੀ ਉਸ ਵਿਚ। ਬੱਤੀਆਂ-ਤੇਤੀਆਂ ਦੀ ਉਮਰ ਹੋਵੇਗੀ ਉਸ ਦੀ, ਪਰ ਉਹ ਚਾਲੀਆਂ ਦੀ ਲਗਦੀ ਸੀ। ਅਨਘੜ, ਬੇਡੌਲ ਨਕਸ਼ ਸਨ ਉਸ ਦੇ। ਹਾਂ, ਉਸ ਦੀਆਂ ਉਨ੍ਹਾਂ ਸਧਾਰਣ ਜਹੀਆਂ ਅੱਖਾਂ ਵਿਚ ਜ਼ਰੂਰ ਕੋਈ ਗੱਲ ਸੀ, ਤੇ ਲਗਦਾ ਸੀ ਕਿ ਉਹ ਸਾਧਾਰਣ ਤੀਵੀਂ ਨਹੀਂ ਹੋਵੇਗੀ। ਉਨ੍ਹਾਂ ਅੱਖਾਂ ਵਿਚ ਅਜਿਹੀ ਚਮਕ ਸੀ ਤੇ ਅਜਿਹੀ ਨਰਮੀ ਕਿ ਉਹ ਅਗਲੇ ਨੂੰ ਕੀਲ ਲੈਂਦੀਆਂ ਸਨ। ਸ਼ਾਇਦ ਉਸ ਦੀਆਂ ਅੱਖਾਂ ਹੀ ਸਨ, ਜੋ ਵਿਦਿਆਰਥੀਆਂ ਨੂੰ ਕੀਲੀ ਰੱਖਦੀਆਂ ਸਨ, ਤੇ ਉਨ੍ਹਾਂ ਨੂੰ ਉਹ ਏਨੀ ਚੰਗੀ ਲਗਦੀ ਸੀ।

ਮੈਂ ਅਨੂਪ ਵਲ ਵੇਖਿਆ। ਉਸ ਨੇ ਵੀ ਸ਼ਾਇਦ ਉਹੋ ਕੁਝ ਮਹਿਸੂਸ ਕੀਤਾ ਸੀ, ਜੋ ਮੈਂ ਕੀਤਾ ਸੀ।

ਰਸਮੀ ਜਹੀ ਜਾਣ-ਪਛਾਣ ਮਗਰੋਂ ਅਸੀਂ ਇਧਰ-ਉਧਰ ਦੀਆਂ ਗੱਲਾਂ ਕਰਨ ਲਗੇ। ਗੱਲਾਂ ਕਰਦਿਆਂ ਪ੍ਰੋਫੈਸਰ ਦੇ ਚਿਹਰੇ 'ਤੇ ਹਲਕਾ ਜਿਹਾ ਸੰਕੋਚ ਸੀ, ਤੇ ਆਪਣੇ ਕੋਝੇ ਹੋਣ ਦਾ ਅਹਿਸਾਸ ਵੀ। ਫੇਰ, ਉਹ ਸਾਧਾਰਣ ਜਹੀਆਂ ਗੱਲਾਂ ਜਿਵੇਂ ਫੈਲਣ ਲੱਗੀਆਂ, ਤੇ ਅਸੀਂ ਸਾਹਿਤ, ਰਾਜਨੀਤੀ, ਚਿੱਤਰਕਲਾ ਆਦਿ ਬਾਰੇ ਗੱਲਾਂ ਕਰਨ ਲੱਗੇ। ਗੱਲਾਂ ਵਿਚ ਜੋ ਪੱਧਰ ਅਨੂਪ ਦਾ ਸੀ, ਉਹ ਪ੍ਰੋਫੈਸਰ ਦਾ ਵੀ ਸੀ। ਮੈਂ ਉਸ ਪੱਧਰ ਤਕ ਨਹੀਂ ਸਾਂ ਪਹੁੰਚ ਸਕਦਾ। ਅਖ਼ੀਰ, ਮੈਂ ਗੱਲਾਂ ਕਰਨ ਦੀ ਥਾਂ ਸੁਣਨ ਲੱਗਾ। ਉਸ ਵੇਲੇ ਪ੍ਰੋਫੈਸਰ ਦੇ ਚਿਹਰੇ 'ਤੇ ਨਾ ਕੋਈ ਸੰਕੋਚ ਸੀ, ਨਾ ਹੀ ਆਪਣੇ ਕੋਝੇ ਹੋਣ ਦਾ ਅਹਿਸਾਸ। ਉਹ ਜਿਵੇਂ ਆਪਣੀ ਸਰੀਰਕ ਹੋਂਦ ਨੂੰ ਭੁਲ ਗਈ ਸੀ। ਉਸਨੇ ਦਸਿਆ ਕਿ ਦੋ ਸਾਲ ਪਹਿਲਾ ਇਕ ਸਰਕਾਰੀ ਵਜ਼ੀਫ਼ੇ 'ਤੇ ਉਹ ਛੇ ਮਹੀਨੇ ਯੂਰਪ ਦਾ ਚੱਕਰ ਲਾ ਕੇ ਆਈ ਸੀ। ਤਦ ਅਨੂਪ ਬੜੀ ਦਿਲਚਸਪੀ ਨਾਲ ਉਥੋਂ ਦੀਆਂ ਗੱਲਾਂ ਪੁੱਛਣ ਲੱਗਾ। ਉਹ ਇਹ ਸੁਣ ਕੇ ਬਹੁਤ ਖ਼ੁਸ਼ ਹੋਇਆ ਕਿ ਉਸਨੇ ਪੈਰਿਸ ਵਿਚ ਮਾਤੀਸ ਤੇ ਪਿਕਾਸੋ ਦੇ ਅੰਤਲੇ ਦੌਰ ਦੇ ਚਿੱਤਰ ਵੇਖੇ ਸਨ, ਤੇ ਉਹ ਪਾਲ ਏਲੂਆਰ ਨੂੰ ਵੀ ਮਿਲੀ ਸੀ, ਜਿਸ ਦੀਆਂ ਕਵਿਤਾਵਾਂ ਦਾ ਉਹ ਖ਼ੁਦ ਸ਼ੈਦਾਈ ਸੀ ਤੇ ਉਸ ਨੂੰ ਫ਼ਰਾਂਸ ਦਾ ਸਭ ਤੋਂ ਵੱਡਾ ਕਵੀ ਮੰਨਦਾ ਸੀ। ਉਹ ਦੇਰ ਤਕ ਪੈਰਿਸ ਵਿਚ ਹੋ ਰਹੇ ਚਿੱਤਰਕਲਾ ਦੇ ਨਵੇਂ ਪ੍ਰਯੋਗਾਂ ਤੇ ਝੁਕਾਵਾਂ ਬਾਰੇ ਗੱਲਾਂ ਕਰਦਾ ਰਿਹਾ, ਦੂਜੀ ਵੱਡੀ ਜੰਗ ਪਿਛੋਂ ਪੈਦਾ ਹੋਏ ਉਥੋਂ ਦੇ ਪਿਛਾਂਹਖਿਚੂ ਸਾਹਿਤ ਬਾਰੇ ਬਹਿਸ ਕਰਦਾ ਰਿਹਾ।

ਖਾਣੇ ਦਾ ਵੇਲਾ ਹੋ ਗਿਆ ਸੀ। ਖਾਣਾ ਖਾਂਦਿਆਂ ਪ੍ਰੋਫੈਸਰ ਕਵਿਤਾ ਤੇ ਚਿੱਤਰਕਲਾ ਤੋਂ ਹਟ ਕੇ ਖਾਣ-ਪੀਣ ਦੀਆਂ ਚੀਜ਼ਾਂ ਬਾਰੇ ਗੱਲਾਂ ਕਰਨ ਲੱਗੀ। ਉਸਨੇ ਖਾਣੇ ਦੀ ਹਰ ਚੀਜ਼ ਦੀ ਪ੍ਰਸ਼ੰਸਾ ਕੀਤੀ, ਹਰ ਚੀਜ਼ ਦੇ ਸਵਾਦ ਨੂੰ ਸਲਾਹਿਆ। ਇਹ ਪ੍ਰਸ਼ੰਸਾ ਤੋਸ਼ੀ ਦੀ ਵੀ ਸੀ, ਮਾਂ ਦੀ ਵੀ ਸੀ। ਤੇ ਉਹ ਆਪ ਹੀ ਨਹੀਂ, ਸਾਨੂੰ ਵੀ ਬੜੇ ਚਾਅ ਤੇ ਸਵਾਦ ਨਾਲ ਖੁਆ ਰਹੀ ਸੀ। ਇੰਜ ਲੱਗ ਰਿਹਾ ਸੀ, ਜਿਵੇਂ ਉਹ ਆਪ ਘਰ ਵਾਲੀ ਹੋਵੇ ਤੇ ਅਸੀਂ ਸਾਰੇ ਪ੍ਰਾਹੁਣੇ ਹੋਈਏ। ਅਨੂਪ ਦੀ ਭੁਖ ਬਹੁਤ ਘਟ ਹੈ, ਪਰ ਪ੍ਰੋਫੈਸਰ ਨੇ ਹਰ ਚੀਜ਼ ਦੇ ਸਵਾਦ ਦੀ ਇਸ ਤਰ੍ਹਾਂ ਪ੍ਰਸ਼ੰਸਾ ਕੀਤੀ ਕਿ ਉਹ ਕਿਤੇ ਵਧ ਖਾਣੋਂ ਨਾ ਰਹਿ ਸਕਿਆ। ਮੈਨੂੰ ਟਮਾਟਰ ਕਦੇ ਚੰਗੇ ਨਹੀਂ ਸਨ ਲੱਗੇ ਪਰ ਪ੍ਰੋਫੈਸਰ ਦੇ ਕਹਿਣ 'ਤੇ ਖਾਣੇ ਪਏ ਤੇ ਉਹ ਬੁਰੇ ਵੀ ਨਾ ਲੱਗੇ।

ਅਸੀਂ ਖਾਣਾ ਖਾ ਰਹੇ ਸਾਂ, ਤਾਂ ਡਰਾਇੰਗ-ਰੂਮ ਵਿਚ ਰੇਡੀਓ ਵਜ ਰਿਹਾ ਸੀ। ਇਕ ਗੀਤ ਖ਼ਤਮ ਹੋਣ 'ਤੇ ਐਸਪਰੋ ਦੀ ਇਸ਼ਤਿਹਾਰਬਾਜ਼ੀ ਹੋਣ ਲੱਗੀ, ਤਾਂ ਪ੍ਰੋਫੈਸਰ ਨੇ ਮੁਸਕਰਾ ਕੇ ਕਿਹਾ, "ਗੀਤਾਂ ਦੇ ਪ੍ਰੋਗਰਾਮ ਵਿਚ ਇਸ਼ਤਿਹਾਰਬਾਜ਼ੀ ਸਭ ਤੋਂ ਵੱਡਾ ਸਿਰ ਦਰਦ ਏ। ਖਾਸ ਕਰ ਐਸਪਰੋ ਦੀ ਇਸ਼ਤਿਹਾਰਬਾਜ਼ੀ।"

ਅਸੀਂ ਸਾਰੇ ਹੱਸੇ।

ਜਦ ਅਗਲੇ ਗੀਤ ਦੇ ਸਾਜ਼ ਵੱਜਣੇ ਸ਼ੁਰੂ ਹੋਏ ਤਾਂ ਪ੍ਰੋਫੈਸਰ ਚਾਣਚੱਕ ਬੜੇ ਧਿਆਨ ਨਾਲ ਸੁਣਨ ਲੱਗੀ। ਤਦ ਉਸ ਦਾ ਧਿਆਨ ਕਿਸੇ ਹਦ ਤਕ ਖਾਣੇ ਵਲੋਂ ਹਟ ਗਿਆ। ਉਸਦੇ ਚਿਹਰੇ ਉਤਲਾ ਮੁਸਕਰਾਹਟ ਦਾ ਭਾਵ ਜਾਂਦਾ ਰਿਹਾ ਤੇ ਉਸ ਦੀ ਥਾਂ ਇਕ ਨਵਾਂ ਭਾਵ ਆਇਆ। ਫੇਰ, ਜਦ ਇਕ ਗ਼ਜ਼ਲ ਦੇ ਬੋਲ ਸ਼ੁਰੂ ਹੋਏ, ਤਾਂ ਪ੍ਰੋਫੈਸਰ ਦਾ ਸਿਰ ਕਿਸੇ ਲੋਰ ਵਿਚ ਹਿਲਿਆ। ਉਹ ਗ਼ਾਲਿਬ ਦੀ ਗ਼ਜ਼ਲ ਸੀ। ਪ੍ਰੋਫੈਸਰ ਦੇ ਹੱਥ ਵਿਚਲੀ ਬੁਰਕੀ ਮੂੰਹ ਤਕ ਨਾ ਜਾ ਸਕੀ। ਤਦ ਉਸ ਦੀਆਂ ਅੱਖਾਂ ਬੰਦ ਹੋ ਗਈਆਂ ਤੇ ਉਹ ਹਲਕਾ ਜਿਹਾ ਝੂਮਣ ਲੱਗੀ। ਉਹ ਜਿਵੇਂ ਆਪਣੇ ਆਪ ਵਿਚ ਗਵਾਚ ਗਈ। ਗ਼ਜ਼ਲ ਨੇ ਉਸਨੂੰ ਕੀਲਿਆ ਹੋਇਆ ਸੀ। ਗ਼ਜ਼ਲ ਖ਼ਤਮ ਹੋਣ ਪਿਛੋਂ ਵੀ ਉਹ ਕੁਝ ਚਿਰ ਉਸੇ ਤਰ੍ਹਾਂ ਅੱਖਾਂ ਮੀਟੀ ਬੇਮਲੂਮਾ ਜਿਹਾ ਝੂਮਦੀ

ਰਹੀ। ਅਖ਼ੀਰ, ਉਸਨੇ ਅੱਖਾਂ ਖੋਹਲੀਆਂ, ਤਾਂ ਕੁਝ ਸੰਕੋਚ ਜਿਹੇ ਵਿਚ ਕਿਹਾ, "ਮਾਫ਼ ਕਰਨਾ, ਗ਼ਜ਼ਲ ਮੇਰੀ ਬਹੁਤ ਵੱਡੀ ਕਮਜ਼ੋਰੀ ਏ। ਫੇਰ, ਜੇ ਉਹ ਗ਼ਾਲਿਬ ਦੀ ਗ਼ਜ਼ਲ ਹੋਵੇ!"

ਖਾਣੇ ਪਿਛੋਂ ਅਸੀਂ ਕਾਫ਼ੀ ਪੀ ਰਹੇ ਸਾਂ, ਤੇ ਇਧਰ-ਉਧਰ ਦੀਆਂ ਹਲਕੀਆਂ-ਫੁਲਕੀਆਂ ਗੱਲਾਂ ਹੋ ਰਹੀਆਂ ਸਨ ਕਿ ਪ੍ਰੋਫੈਸਰ ਨੇ ਅਨੂਪ ਦੇ ਹੱਥਾਂ ਵਲ ਵੇਖਦਿਆਂ ਕਿਹਾ, "ਤੁਹਾਡੇ ਹੱਥਾਂ ਦੀ ਜਿਲਦ ਵਿਚ ਕੋਈ ਖਰਾਬੀ ਨਾ ਹੋ ਜਾਏ, ਕਿਸੇ ਡਾਕਟਰ ਨੂੰ ਵਿਖਾਓ। ਜਾਂ ਪਹਿਲਾਂ ਕੁਝ ਦਿਨ ਵਿਟਾਮਿਨ ਬੀ. ਖਾ ਕੇ ਵੇਖੋ। ਉਸਦੀ ਘਾਟ ਲਗਦੀ ਏ।"

ਉਹ ਕੁਝ ਮਿੰਟ ਰੁਕੀ। ਫੇਰ, ਉਸਨੇ ਕਿਹਾ, "ਤੁਹਾਡੇ ਗਲ ਵਿਚ ਵੀ ਕੁਝ ਖਰਾਬੀ ਏ। ਕਿਤੇ ਖੰਘ ਨਾ ਹੋ ਜਾਏ। ਮੇਰੇ ਕੋਲ ਇਕ ਬੜੀ ਚੰਗੀ ਦਵਾਈ ਏ। ਮੈਂ ਤੋਸ਼ੀ ਦੇ ਹੱਥ ਭੇਜਾਂਗੀ। ਇਕ-ਦੋ ਦਿਨਾਂ ਵਿਚ ਹੀ ਤੁਹਾਡੀ ਬੈਠੀ ਹੋਈ ਆਵਾਜ਼ ਠੀਕ ਹੋ ਜਾਵੇਗੀ। ਕਈ ਪ੍ਰੋਫੈਸਰ ਤਾਂ ਉਸਨੂੰ ਖਾ ਕੇ ਬੜਾ ਉੱਚਾ ਬੋਲਣ ਲੱਗ ਪਏ ਹਨ।" ਉਹ ਠਹਾਕਾ ਮਾਰ ਕੇ ਹੱਸੀ।

ਅਸੀਂ ਵੀ ਖੁਲ੍ਹ ਕੇ ਹੱਸੇ।

ਫੇਰ, ਉਸਨੇ ਤੋਸ਼ੀ ਵਲ ਸੰਕੇਤ ਕਰਦਿਆਂ ਕਿਹਾ, "ਇਸਨੂੰ ਕਦੇ ਸ਼ੈਕਸਪੀਅਰ ਵੀ ਪੜ੍ਹਾ ਦਿਆ ਕਰੋ। ਬ੍ਰਾਊਨਿੰਗ ਦੀ ਤਾਂ ਹੁਣ ਇਹ ਇਨੀ ਭਗਤ ਹੋ ਗਈ ਏ ਕਿ ਇਕ ਦਿਨ ਕਹਿ ਰਹੀ ਸੀ ਕਿ ਉਹ ਸ਼ੈਕਸਪੀਅਰ ਨਾਲੋਂ ਵੱਡਾ ਕਵੀ ਏ।" ਅਨੂਪ ਮੁਸਕਰਾਇਆ। "ਨਹੀਂ, ਹੁਣ ਮੈਂ ਇਸਨੂੰ ਨਹੀਂ ਪੜ੍ਹਾਵਾਂਗਾ। ਹੁਣ ਤੁਸੀਂ ਹੀ ਇਸ ਨੂੰ ਪੜ੍ਹਾਓ। ਮੈਂ ਤਾਂ ਇਸਨੂੰ ਬ੍ਰਾਊਨਿੰਗ ਰਤਾ ਸੌਖਾ ਕਰਕੇ ਦਸਿਆ ਸੀ। ਕਹਿੰਦੀ ਸੀ ਕਿ ਬਹੁਤ ਔਖਾ ਏ।"

ਅਸੀਂ ਫੇਰ ਸਾਰੇ ਹੱਸੇ। ਪਰ ਮੈਨੂੰ ਲੱਗਾ ਕਿ ਇਸ ਵਾਰ ਤੋਸ਼ੀ ਖੁਲ੍ਹ ਕੇ ਨਹੀਂ ਸੀ ਹੱਸੀ। ਮੈਂ ਸਮਝ ਗਿਆ। ਝੱਲੀ ਕਿਤੋਂ ਦੀ! ਮੈਂ ਮਨ ਵਿਚ ਕਿਹਾ। ਅਨੂਪ ਨੇ ਤਾਂ ਉਂਜ ਹੀ ਕਿਹਾ ਹੈ। ਕਿਤੇ ਪੜ੍ਹਾਉਣੋਂ ਹਟ ਥੋੜ੍ਹਾ ਜਾਏਗਾ? ਜ਼ਰੂਰ ਪੜ੍ਹਾਏਗਾ।

ਤ੍ਰਕਾਲਾਂ ਤੀਕ ਗੱਲਾਂ ਹੁੰਦੀਆਂ ਰਹੀਆਂ।

**ਰਸਮੀ ਜਹੀ ਜਾਣ-ਪਛਾਣ ਮਗਰੋਂ ਅਸੀਂ ਇਧਰ-ਉਧਰ ਦੀਆਂ ਗੱਲਾਂ ਕਰਨ ਲਗੇ। ਗੱਲਾਂ ਕਰਦਿਆਂ ਪ੍ਰੋਫੈਸਰ ਦੇ ਚਿਹਰੇ 'ਤੇ ਹਲਕਾ ਜਿਹਾ ਸੰਕੋਚ ਸੀ, ਤੇ ਆਪਣੇ ਕੋਝੇ ਹੋਣ ਦਾ ਅਹਿਸਾਸ ਵੀ। ਫੇਰ, ਉਹ ਸਾਧਾਰਣ ਜਹੀਆਂ ਗੱਲਾਂ ਜਿਵੇਂ ਫੈਲਣ ਲੱਗੀਆਂ, ਤੇ ਅਸੀਂ ਸਾਹਿਤ, ਰਾਜਨੀਤੀ, ਚਿੱਤਰਕਲਾ ਆਦਿ ਬਾਰੇ ਗੱਲਾਂ ਕਰਨ ਲਗੇ। ਗੱਲਾਂ ਵਿਚ ਜੋ ਪੱਧਰ ਅਨੂਪ ਦਾ ਸੀ, ਉਹ ਪ੍ਰੋਫੈਸਰ ਦਾ ਵੀ ਸੀ। ਮੈਂ ਉਸ ਪੱਧਰ ਤਕ ਨਹੀਂ ਸਾਂ ਪਹੁੰਚ ਸਕਦਾ।**

ਪ੍ਰੋਫੈਸਰ ਦੀਆਂ ਗੱਲਾਂ ਵਿਚ ਬੜੀ ਅਪਣੱਤ ਸੀ। ਉਸਨੇ ਮੇਰੇ ਤੇ ਮੇਰੇ ਵਪਾਰ ਬਾਰੇ ਬੜੀ ਦਿਸਚਸਪੀ ਨਾਲ ਗੱਲਾਂ ਪੁਛੀਆਂ। ਤੋਸ਼ੀ ਦੀ ਪੜ੍ਹਾਈ ਬਾਰੇ ਉਹ ਇੰਜ ਗੱਲਾਂ ਕਰਦੀ ਰਹੀ, ਜਿਵੇਂ ਉਹ ਉਸਦੀ ਛੋਟੀ ਭੈਣ ਹੋਵੇ। ਇਸੇ ਤਰ੍ਹਾਂ ਉਸ ਨੇ ਅਨੂਪ ਨੂੰ ਕਿਹਾ ਕਿ ਉਹ ਆਪਣੀ ਪ੍ਰਤਿਭਾ ਨੂੰ ਇਸ ਤਰ੍ਹਾਂ ਅਜਾਈਂ ਨਾ ਗਵਾਏ ਤੇ ਕਿਸੇ ਵਡੇ ਉਦੇਸ਼ ਨੂੰ ਸਾਹਮਣੇ ਰਖਕੇ ਕੰਮ ਕਰੇ। ਜੇ ਚਾਹੇ, ਤਾਂ ਉਹ ਉਸਨੂੰ ਯੂਰਪ ਭੇਜਣ ਦਾ ਵੀ ਪ੍ਰਬੰਧ ਕਰ ਸਕਦੀ ਹੈ। ਤੇ ਆਪਣੀ ਸਿਹਤ ਦਾ ਪੂਰਾ ਖ਼ਿਆਲ ਰੱਖੇ। ਹੋਟਲਾਂ ਵਿਚ ਖਾਣਾ ਉੱਕਾ ਹੀ ਛੱਡ ਦੇਵੇ। ਜੇ ਹੋਰ ਕਿਤੇ ਚੰਗਾ ਪ੍ਰਬੰਧ ਨਾ ਹੁੰਦਾ ਹੋਵੇ ਤਾਂ ਉਨ੍ਹਾਂ ਦੇ ਹੋਸਟਲ ਵਿਚ ਆ ਕੇ ਖਾ ਲਿਆ ਕਰੇ। ਉਥੋਂ ਦਾ ਖਾਣਾ ਕਾਫ਼ੀ ਚੰਗਾ ਹੈ।

ਮਾਂ ਨਾਲ ਵੀ ਉਸ ਨੇ ਅਜਿਹੀ ਅਪਣੱਤ ਤੇ ਨਿੱਘ ਨਾਲ ਗੱਲਾਂ ਕੀਤੀਆਂ ਕਿ ਮਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਸ ਦੇ ਜਾਣ ਪਿਛੋਂ ਤੋਸ਼ੀ ਨੇ ਵਿਅੰਗ ਨਾਲ ਮੈਨੂੰ ਕਿਹਾ, "ਕਿਉਂ, ਪਸੰਦ ਆਈ ਮੇਰੀ ਪ੍ਰੋਫ਼ੈਸਰ? ਦਰਸ਼ਨ ਕਰ ਕੇ ਖ਼ੁਸ਼ੀ ਹੋਈ ਜਾਂ ਨਹੀਂ?"

ਮੈਂ ਕਿਹਾ, "ਜੇ ਇਸ ਕੋਲੋਂ ਪੜ੍ਹਨ ਦਾ ਮੌਕਾ ਮਿਲੇ ਤਾਂ ਮੈਂ ਮੁੜ ਕਾਲਜ ਵਿਚ ਦਾਖਲ ਹੋਣ ਲਈ ਤਿਆਰ ਹਾਂ।"

"ਟਿਊਸ਼ਨ ਕਿਉਂ ਨਹੀਂ ਰਖ ਲੈਂਦਾ ਉਸ ਦੀ?" ਅਨੂਪ ਨੇ ਹੱਸ ਕੇ ਕਿਹਾ।

ਮਾਂ ਉਂਜ ਤਾਂ ਬਹੁਤ ਪਹਿਲਾਂ ਤੋਂ ਹੀ ਤੋਸ਼ੀ ਦੇ ਵਿਆਹ ਦੀਆਂ ਚੀਜ਼ਾਂ ਤਿਆਰ ਕਰਨ ਵਿਚ ਲੱਗੀ ਹੋਈ ਸੀ, ਪਰ ਹੁਣ ਉਹ ਹਰ ਵੇਲੇ ਇਸ ਤਿਆਰੀ ਵਿਚ ਰੁੱਝੀ ਰਹਿਣ ਲੱਗੀ। ਕੁਝ ਚੀਜ਼ਾਂ ਦਾ ਪ੍ਰਬੰਧ ਕਰਨ ਲਈ ਉਸਨੇ ਮੈਨੂੰ ਕਿਹਾ। "ਮੇਰਾ ਖ਼ਿਆਲ ਏ ਕਿ ਅਗਲੀਆਂ ਛੁੱਟੀਆਂ ਵਿਚ ਵਿਆਹ ਰੱਖ ਦਿਤਾ ਜਾਏ। ਹਾਲੀਂ ਦੋ-ਢਾਈ ਮਹੀਨੇ ਪਏ ਨੇ। ਤਦ ਤਾਈਂ ਸਾਰੀ ਤਿਆਰੀ ਹੋ ਜਾਏਗੀ।"

"ਠੀਕ ਏ" ਮੈਂ ਕਿਹਾ।

ਇਸ ਦੌਰਾਨ ਅਨੂਪ ਤੋਸ਼ੀ ਨੂੰ ਪੜ੍ਹਾਉਂਦਾ ਰਿਹਾ। ਉਹ ਐਤਵਾਰ ਤੋਂ ਛੁੱਟ ਹਫਤੇ ਵਿਚ ਇਕ ਦਿਨ ਹੋਰ ਵੀ ਆ ਜਾਂਦਾ ਰਿਹਾ। ਉਸਨੇ ਤੋਸ਼ੀ ਨੂੰ ਬ੍ਰਾਊਨਿੰਗ ਤੋਂ ਛੁੱਟ ਦੂਜੇ ਅੰਗਰੇਜ਼ੀ ਲੇਖਕ ਵੀ ਪੜ੍ਹਾਏ, ਤੇ ਅੰਗਰੇਜ਼ੀ ਤੋਂ ਛੁੱਟ ਪੁਲੀਟੀਕਲ ਸਾਇੰਸ ਦਾ ਵੀ ਕੁਝ ਔਖਾ ਹਿੱਸਾ ਪੜ੍ਹਾਇਆ।

ਇਸੇ ਦੌਰਾਨ ਅਨੂਪ ਦੋ-ਤਿੰਨ ਵਾਰ ਤੋਸ਼ੀ ਦੇ ਕਾਲਜ ਵੀ ਗਿਆ। ਤੋਸ਼ੀ ਦੀ ਉਸ ਪ੍ਰੋਫ਼ੈਸਰ ਨੇ ਹੀ ਕਾਲਜ ਵਿਚ ਉਸ ਦਾ ਭਾਸ਼ਣ ਰਖਾਇਆ ਸੀ। ਭਾਸ਼ਣ ਬਹੁਤ ਸਫਲ ਰਿਹਾ ਸੀ, ਤੇ ਪ੍ਰਿੰਸੀਪਲ ਨੇ ਅਨੂਪ ਨੂੰ ਕੁਝ ਹੋਰ ਭਾਸ਼ਣ ਦੇਣ ਦੀ ਬੇਨਤੀ ਕੀਤੀ ਸੀ।

ਇਸੇ ਦੌਰਾਨ ਅਨੂਪ ਨੇ ਕੁਝ ਕਵਿਤਾਵਾਂ ਲਿਖੀਆਂ, ਪਿਆਰ ਦੀਆਂ ਬਹੁਤ ਸੋਹਣੀਆਂ ਕਵਿਤਾਵਾਂ। ਜੰਗਲੀ ਲੋਕਾਂ ਦੀ ਜੋ ਜ਼ਿੰਦਗੀ ਉਹ ਵੇਖ ਕੇ ਆਇਆ ਸੀ, ਉਸ ਬਾਰੇ ਇਕ ਨਾਵਲ ਲਿਖਣਾ ਸ਼ੁਰੂ ਕੀਤਾ। ਉਸ ਦੇ ਤਿੰਨ ਕਾਂਡ ਉਸਨੇ ਮੈਨੂੰ ਸੁਣਾਏ ਵੀ। ਮੈਂ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਉਸਦੀ ਨਜ਼ਰ ਕਿੰਨੀ ਤਿੱਖੀ ਸੀ, ਤੇ ਕਿੰਨੀ ਗਹਿਰਾਈ ਨਾਲ ਉਸ ਨੇ ਜੰਗਲੀ ਲੋਕਾਂ ਦੀ ਜ਼ਿੰਦਗੀ ਨੂੰ ਵੇਖਿਆ ਸੀ ਤੇ ਨਵੀਂ ਸਭਿਅਤਾ ਤੋਂ ਬੇਲਾਗ ਉਨ੍ਹਾਂ ਦੇ ਦਿਲਾਂ ਵਿਚ ਝਾਕਿਆ ਸੀ।



ਮੈਂ ਸੋਚਦਾ ਸਾਂ, ਹੋ ਸਕਦਾ ਏ ਵਿਆਹ ਪਿਛੋਂ ਅਨੂਪ ਦੀ ਜ਼ਿੰਦਗੀ ਵਿਚ ਟਿਕਾਅ ਆ ਜਾਏ, ਤੇ ਉਹ ਆਪਣੀ ਪ੍ਰਤਿਭਾ ਨੂੰ ਅਜਾਈਂ ਗਵਾਉਣ ਦੀ ਥਾਂ ਕੋਈ ਬਹੁਤ ਵੱਡਾ ਕੰਮ ਕਰੇ, ਕੋਈ ਬਹੁਤ ਵੱਡੀ ਚੀਜ਼ ਪੈਦਾ ਕਰੇ।

ਉਨ੍ਹੀਂ ਦਿਨੀਂ ਮੈਂ ਫੇਰ ਮਹੀਨੇ ਦੇ ਦੌਰੇ 'ਤੇ ਬਾਹਰ ਚਲਾ ਗਿਆ। ਮੈਨੂੰ ਗਿਆਂ ਹਾਲੀਂ ਦਸ ਹੀ ਦਿਨ ਹੋਏ ਸਨ ਕਿ ਅਨੂਪ ਦਾ ਖ਼ਤ ਮਿਲਿਆ। ਖ਼ਤ ਵੇਖ ਕੇ ਮੈਨੂੰ ਹੈਰਾਨੀ ਹੋਈ। ਉਸਨੇ ਤਾਂ ਕਦੇ ਕਿਸੇ ਨੂੰ ਖਤ ਨਹੀਂ ਸੀ ਲਿਖਿਆ। ਭਲਾ ਇਹ ਖ਼ਤ ਕਿਉਂ ਲਿਖਿਆ? ਜਦ ਮੈਂ ਖ਼ਤ ਖੋਹਲ ਕੇ ਪੜ੍ਹਿਆ, ਤਾਂ ਮੇਰੀ ਹੈਰਾਨੀ ਦੀ ਹਦ ਨਾ ਰਹੀ। ਚੌਂਹ ਸਤਰਾਂ ਦਾ ਛੋਟਾ ਜਿਹਾ ਖ਼ਤ ਸੀ ਉਹ, ਜਿਸ ਵਿਚ ਅਨੂਪ ਨੇ ਲਿਖਿਆ ਸੀ ਕਿ ਇਕ ਦਿਨ ਪਹਿਲਾਂ ਉਸਨੇ ਅਦਾਲਤ ਵਿਚ ਜਾ ਕੇ ਅੰਗਰੇਜ਼ੀ ਦੀ ਉਸ ਪ੍ਰੋਫ਼ੈਸਰ ਨਾਲ ਵਿਆਹ ਕਰ ਲਿਆ ਹੈ, ਤੇ ਹੁਣ ਉਹ ਵਿਆਹ ਦੀ ਇਕ ਛੋਟੀ ਜਿਹੀ ਪਾਰਟੀ ਦੇ ਰਿਹਾ ਹੈ। ਸੋ, ਮੈਂ ਪਤਾ ਦਵਾਂ ਕਿ ਕਦ ਤਕ ਵਾਪਸ ਆਵਾਂਗਾ।

ਮੈਂ ਕਿੰਨਾਂ ਚਿਰ ਖ਼ਤ ਨੂੰ ਇਕ ਟੱਕ ਵੇਖਦਾ ਰਿਹਾ ਤੇ ਉਸ ਦੀਆਂ ਸਤਰਾਂ ਵਿਚ ਅਨੂਪ ਨੂੰ ਪੜ੍ਹਨ ਦਾ ਜਤਨ ਕਰਦਾ ਰਿਹਾ। ਹੌਲੀ-ਹੌਲੀ ਮੇਰੀ ਹੈਰਾਨੀ ਦੂਰ ਹੁੰਦੀ ਗਈ, ਤੇ ਮੈਂ ਅਨੂਪ ਨੂੰ ਉਸਦੇ ਸਹੀ ਰੂਪ ਵਿਚ ਵੇਖਣ ਲੱਗਾ। ਇਕ ਵਾਰ ਤੋਸ਼ੀ ਮੇਰੇ ਸਾਹਮਣੇ ਆਈ, ਤੇ ਫੇਰ ਮਾਂ। ਪਰ ਤਦੇ ਖ਼ੁਸ਼ੀ ਦੀ ਇਕ ਲਹਿਰ ਮੇਰੇ ਅੰਦਰੋਂ ਉਠੀ ਤੇ ਮੈਂ ਅਨੂਪ ਨੂੰ ਵਧਾਈ ਦਾ ਖ਼ਤ ਲਿਖਣ ਬੈਠ ਗਿਆ, ਤੇ ਇਹ ਪਤਾ ਦੇਣ ਕਿ ਮੈਂ ਛੇਤੀ ਹੀ ਵਾਪਸ ਆ ਰਿਹਾ ਹਾਂ, ਤੇ ਪਾਰਟੀ ਦਾ ਪ੍ਰਬੰਧ ਮੈਂ ਖ਼ੁਦ ਕਰਾਂਗਾ, ਤੇ ਉਹ ਬਹੁਤ ਸ਼ਾਨਦਾਰ ਪਾਰਟੀ ਹੋਵੇਗੀ।

# ਇੱਕ ਫੋਨ – "ਜ਼ਿੰਦਗੀ ਹੱਥੋਂ ਸਤਾਏ ਮੇਰੇ ਦੋਸਤ ਦਾ – ਮੇਰੇ ਵੱਲ!"

"ਹੈਲੋ! ਹੈਲੋ! ਗੁਰਮੇਲ...! ਗੁਰਮੇਲ! ਮੈਂ... ਮੈਂ ਬੋਲ ਰਿਹਾਂ! ਕੀ ਹਾਲ-ਚਾਲ ਐ?"

"ਮੈਂ ਪਛਾਣਿਆ ਨਹੀਂ!...ਕੌਣ!"

"ਭੁੱਲ ਗਿਐਂ? ਮੈਂ ਹਸਮੁੱਖ!"

"ਓ ਹੱਸਮੁੱਖ! ਅੱਛਾ! ਅੱਛਾ! ਹੱਸਮੁੱਖ ਸਿੰਘ "ਦੁਖੀਆ"! ਦੁਖੀਆ ਸਾਹਬ! ਬੜੇ ਚਿਰਾਂ ਬਾਅਦ ਯਾਦ ਕੀਤਾ! ਕਿੱਥੇ ਰਹਿਣ ਲੱਗ ਪਏ ਸੀ?"

"ਰਹਿਣਾ ਕਿੱਥੇ ਸੀ ਗੁਰਮੇਲ! ਜਾਂ ਠੇਕੇ ਜਾਂ ਠਾਣੇ!"

ਗੁਰਮੇਲ ਬਦੇਸ਼ਾ ਸਰੀ, ਬੀ ਸੀ।
ਫੋਨ#604-537-9490

"ਆਦਤਾਂ ਗਈਆਂ ਨਹੀਂ ਅਜੇ?"

"ਨਹੀਂ! ਨਹੀਂ! ਆਦਤਾਂ ਤਾਂ ਜਾਣ ਲੱਗੀਆਂ ਸੀ, ਇੱਕ ਵਾਰ ਤਾਂ ਐਕਸਪਾਇਰ ਵੀ ਹੋ ਗਈਆਂ ਸੀ!"

"ਤੇ ਫੇਰ?"

"ਫੇਰ ਘਰਵਾਲੀ ਨੇ ਰਿਨਿਊ ਕਰਵਾ ਦਿੱਤੀਆਂ।"

"ਕੀ ਮਤਲਬ?"

"ਮਤਲਬ ਇਹ ਕਿ ਚੁੰਘੀ ਬੱਕਰੀ ਬਣਾ'ਤਾ ਡਾਕਾ... ਮਾੜੀ ਹੋਈ ਅਮਲੀ ਨਾਲ!"

"ਪਰ ਫਿਰ ਵੀ?"

"ਮੇਰੇ ਲੱਫੜ ਦਾ ਓਹਦੀ ਗੱਲ ਤੋਂ ਫਾਸਲਾ ਤਕਰੀਬਨ ਚਾਰ ਕੁ ਗਿੱਠਾਂ ਦਾ ਰਹਿ ਗਿਆ ਸੀ, ਸ਼ਇਦ ਮੇਰਾ ਲੱਫੜ ਮੰਜ਼ਿਲ ਤੱਕ ਪਹੁੰਚ ਜਾਂਦਾ!"

"ਫੇਰ...?"

"ਫੇਰ ਕੀ! ਉਨੇ ਚਿਰ ਨੂੰ ਉਹ ਫੋਨ ਕੋਲ ਪਹੁੰਚ'ਗੀ।"

"ਫੇਰ ਕੀ ਹੋਇਆ?"

"ਫੇਰ ਕੀ ਹੋਇਆ! ਫੇਰ ਕੀ ਹੋਇਆ? ਤੂੰ ਤਾਂ ਆਏਂ ਪੁੱਛੀ ਜਾਨੈਂ! ਜਿਵੇਂ ਤੇਰੇ ਨਾਲ ਕਦੇ ਹੋਇਆ ਈ ਨਾ ਹੋਵੇ? ਫੇਰ ਕੀ ਹੋਣਾ ਸੀ, ਥੋੜੇ ਚਿਰ ਤੱਕ ਘਰੇ ਪੁਲਿਸ ਪਹੁੰਚ'ਗੀ!"

"ਤੇ ਤੂੰ ਦੱਸਿਆ ਨਹੀਂ ਪੁਲਿਸ ਨੂੰ ਕਿ ਕੀ ਗੱਲ ਹੋਈ!"

"ਮੇਰੀ ਤਾਂ ਇੱਕ ਨਹੀਂ ਸੁਣੀ। ਜ਼ੀਰੋ ਟੌਲਰੈਂਸ ਅਧੀਨ ਹੱਥਕੜੀਆਂ ਲਾ ਕੇ ਮੈਨੂੰ ਆਏਂ ਜੂੜ ਲਿਆ ਜਿਵੇਂ ਦੋਦੇ ਵੈਹੜਕਾ ਖੱਸੀ ਕਰਨਾ ਹੋਵੇ। ਮੈਂ ਤਾਂ ਬੱਸ, ਛੜਾਂ ਮਾਰਨ ਜੋਗਾ ਹੀ ਰਹਿ ਗਿਆ।"

"ਫੇਰ ਉਦੂੰ ਬਾਅਦ ਕੀ ਹੋਇਆ?"

"ਹੋਣਾ ਕੀ ਸੀ? ਲੋਕਾਂ ਦੀਆਂ ਖੁਰਲੀਆਂ ਨਾਲ ਖਹਿਣ ਵਾਲੇ ਦੇ ਗਲ ਐਸੀ ਪੰਜਾਲੀ ਪਾਈ ਕਿ ਮਾਂ ਦੀ ਧੀ ਕੁੱਲੇ 'ਤੇ ਆਰ ਲਾ ਕੇ ਹੁਣ ਤੱਕ ਸੁਆਦ ਲੈਂਦੀ ਰਹੀ!"

"ਪਰ, ਦੁਖੀਆ ਸਾਹਬ! ਮੈਂ ਤਾਂ ਉਦੋਂ ਵੀ ਕਿਹਾ ਸੀ ਕਿ ਬਿਗਾਨੀਆਂ ਖੁਰਲੀਆਂ 'ਚ ਮੂੰਹ ਮਾਰਨੋ ਹਟ ਜਾਹ।"

"ਹਟ ਤਾਂ ਜਾਂਦਾ, ਪਰ ਘਰ ਦੀ ਖੁਰਲੀ ਕਿਹੜਾ ਮੇਰੇ ਵਾਸਤੇ ਵੜੇਵੇਂ ਪਰੋਸ ਕੇ ਰੱਖਦੀ ਹੁੰਦੀ ਸੀ? ਪੁੱਛ ਨਾ ਯਾਰ, ਰੀਣ 'ਚ ਮੂੰਹ ਮਾਰਦੇ ਦੀ ਜੀਭ 'ਤੇ ਛਾਲੇ ਪੈ'ਗੇ!"

"ਤੇ ਹੁਣ...?"

"ਹੁਣ ਕੀ? ਬੱਸ, ਬੋਤੇ ਵਾਂਗੂੰ ਉਗਾਲੀ ਕਰਦੇ ਦੀ ਜ਼ਿੰਦਗੀ ਬਤੀਤ ਹੋ ਰਹੀ ਏ! ਊਠ ਅੜਾਂਦੇ ਹੀ ਲੱਦੀਦੇ ਰਹੇ ਨੇ ਹੁਣ ਤੱਕ! ਪਹਿਲਾਂ ਇਹ ਮੰਗਾਈ, ਫੇਰ ਏਹਦੇ ਭੈਣ-ਭਰਾ, ਮਾਂ-ਪਿਉ! ਲੰਗੜੇ ਲੂਲੇ ਵੀ ਭੱਜ ਭੱਜ ਕੇ ਛਾਲਾਂ ਮਾਰ ਕੇ ਜਹਾਜੇ ਚੜ੍ਹ ਕੇ ਏਥੇ ਆ ਗਏ! ...ਤੇ ਹੁਣ ਏਥੇ ਆ ਕੇ ਜਵਾਈ ਨਾਲ ਹੀ ਰੇਸਾਂ ਲਾਉਣ ਲੱਗ ਪਏ।"

"ਓਦੂੰ ਬਾਅਦ ਵੀ ਤਾਂ ਮੈਂ ਏਨੀਆਂ ਏਥੇ ਕਨੇਡਾ ਵਾੜੀਆਂ, ਐਨੀਆਂ ਤਾਂ ਚੰਦਾਂ ਆਲੀ ਜਾਂ ਦਾਏ ਆਲੀ ਗਊਸ਼ਾਲਾ ਵਿਚ ਗਾਵਾਂ ਵੀ ਨਹੀਂ ਹੋਣੀਆਂ!"

"ਹੈਲੋ...?"

"ਹੈਲੋ!...ਇੱਕ ਮਿੰਟ! ਬੋਤਲ ਵਾਸ਼ਰੂਮ 'ਚ ਲਕੋਈ ਸੀ, ਉਥੋਂ ਵੀ ਚੱਕ ਕੇ ਪਤਾ ਨਹੀਂ ਕਿੱਥੇ...?"

"ਹੈਲੋ...?"

"ਹੈਲੋ...! ਹਾਂ, ਸੁਣ ਰਿਹਾਂ, ਲੱਭ'ਗੀ! ਮੇਰੇ ਸਾਲੇ ਦੀ ਨੇ ਟੌਇਲਟ ਦੀ ਡਿੱਗੀ 'ਚ ਰੱਖ'ਤੀ ਸੀ!"

"ਓਏ! ਅਜੇ ਤਾਂ ਦਿਨ ਖੜੈ! ਹੁਣੇ ਈ...?"

"ਸਾਖੀ ਦੇ ਮੈਖਾਨੇ ਦਿਨ ਰਾਤ ਦੇ ਪੈਮਾਨੇ ਨਹੀਂ ਮਿਣ ਸਕਦੇ।"

"ਤੂੰ ਨਹੀਂ ਸੁਧਰਨਾ। ਚੱਲ, ਭਰਜਾਈ ਨੂੰ ਫੋਨ ਫੜਾ, ਕਿੱਥੇ ਆ ਓਹ?"

"ਵਿਕਟਿਮ ਸਰਵਿਸ ਵਾਲਿਆਂ ਦੇ ਗਈ ਆ, ਪਤੀ-ਦੇਵ ਨੂੰ ਦੰਪਤੀ ਜੀਵਨ ਦੇ ਗੁਰ ਸਿਖਾਉਣ ਲਈ ਲੈਸਨ ਲੈਣ!"

"ਪਰ ਗਲਤ ਥਾਂ 'ਤੇ ਤਾਂ ਨਾ ਗਈ?"

"ਮੈਂ ਕਿਹੜਾ ਕਹਿੰਨਾਂ ਗਲਤ ਥਾਂ 'ਤੇ ਗਈ ਆ ਪਰ ਜਦੋਂ ਮੇਰੇ ਝੱਗੇ ਪਾੜ ਕੇ ਕਿੱਲੀਆਂ 'ਤੇ ਧਲਿਆਰਿਆਂ ਵਾਂਗੂੰ ਟੰਗਦੀ ਹੁੰਦੀ ਆ, ਓਦੋਂ ਮੇਰੀ ਤਾਂ ਕੋਈ ਸਾਰ ਨਹੀਂ ਲੈਂਦਾ!"

"ਓਏ ਤੂੰ ਬੰਦਾ ਏਂ!"

"ਬੰਦਾ ਵਿਕਟਮ ਨਹੀਂ ਹੋ ਸਕਦਾ? ਹੈਲੋ! ਹੁਣ ਬੋਲਦਾ ਕਿਉਂ ਨਹੀਂ? ਮੈਂ ਪੁੱਛਦਾਂ ਕਿ ਬੰਦਾ ਵਿਕਟਮ ਨਹੀਂ ਹੋ ਸਕਦਾ?"

"ਮੈਂ ਕੀ ਦੱਸਾਂ?"

"ਹੋਰ ਕੌਣ ਦੱਸੂ?"

"ਉਜਲ ਨੂੰ ਪੁੱਛ ਕੇ ਦੇਖ ਲੈ, ਸ਼ਾਇਦ ਉਹ ਹੀ ਦੱਸ ਸਕਦੈ।"

"ਉਜਲ ਨੂੰ ਕੀ ਪੁੱਛਣੈ, ਉਜਲ ਨੇ ਤਾਂ ਉਜਾੜ ਕੇ ਰੱਖ'ਤਾ!"

"ਪਰ ਕਾਨੂੰਨ ਤਾਂ ਸੱਭ ਲਈ ਬਰਾਬਰ ਐ! ਤੈਨੂੰ ਹੈਲਪ ਲੈਣੀ ਚਾਹੀਦੀ ਐ, ਸਮਾਜ ਸੇਵੀ ਸੰਸਥਾਵਾਂ ਤੋਂ!"

"ਗੁਰਮੇਲ! ਕਿਹੜੀਆਂ ਸੰਸਥਾਵਾਂ ਦੀ ਗੱਲ ਕਰਦੈਂ! ਸਭ ਦੀਆਂ ਨਜ਼ਰਾਂ 'ਚ ਮਰਦ, ਮਰਦ ਐ! ਔਰਤ, ਔਰਤ ਐ! ਔਰਤ ਜੁਲਮ ਸਹਿੰਦੀ ਆਈ ਐ, ਮਰਦ ਜੁਲਮ ਕਰਦਾ ਆ ਰਿਹੈ!"

"ਪਰ ਇਹ ਧਾਰਨਾ ਕਦੋਂ ਤਬਦੀਲ ਹੋਊਗੀ?"

"ਜਦੋਂ ਔਰਤਾਂ ਵਾਂਗੂੰ ਮਰਦਾਂ ਦੇ 'ਮਰਦ ਮੰਡਲ' ਬਣ ਗਏ।" ਜਨਾਨੀ ਇੱਕ ਵਾਰ ਸ਼ਿਕਾਇਤ ਕਰੇ ਤਾਂ ਸਹੀ, ਫੇਰ ਦੇਖ, ਕੀ ਪੁਲਿਸ, ਕੀ ਅਦਾਲਤ, ਆਹ! ਕੀ, 'ਸੋ ਕਾਲਡ' ਸਮਾਜ ਸੇਵੀ ਸੰਸਥਾਵਾਂ! ਬੂੜੀ ਦੁਆਲੇ ਮੱਖੀਆਂ ਵਾਂਗੂ ਭਿਣਕਣ ਲੱਗ ਪੈਂਦੀਆਂ ਨੇ ਪਰ ਯਾਰਾ, ਬੰਦਾ ਜਾਵੇ ਤਾਂ ਜਾਵੇ ਕਿੱਥੇ?"

ਹੈਲੋ? ਚੁੱਪ ਕਿਉਂ ਕਰ ਗਿਐਂ? ਹੈਲੋ! ਲਗਦੈ ਤੂੰ ਭਾਵੁਕ ਹੋ ਗਿਆ ਏਂ?"

"ਨਹੀਂ, ਨਹੀਂ! ਬੱਸ ਊਂ ਈ ਖ਼ੁਸ਼ੀ ਦੇ ਹੰਝੂ ਹਾਲ ਪੁੱਛਣ ਲਈ ਪਲਕਾਂ ਦੀ ਘੰਟੀ ਖੜਕਾਉਣ ਲੱਗ ਪਏ ਸੀ ਪਰ ਗੁਰਮੇਲ, ਮੈਂ ਤਾਂ ਕਹਿਨਾਂ ਅੱਧੇ ਘਰ ਇਨ੍ਹਾਂ ਨੇ ਪੱਟੇ ਐ। ਘਰੇਲੂ ਹਿੰਸਾ, ਘਰੇਲੂ ਹਿੰਸਾ ਦੀ ਦੁਹਾਈ ਪਿੱਟਣ ਵਾਲੀਆਂ ਦਾ ਸਿਰਫ ਇਕੋ-ਇੱਕ ਕੰਮ ਐ, ਲੋਕਾਂ ਦੇ ਘਰ ਪੱਟਣੇ ਜਾਂ ਸਰਕਾਰ ਤੋਂ ਪੈਸਾ ਲੈਣਾ। ਮਾੜੀ ਮੋਟੀ ਗੱਲ ਹੁੰਦੀ ਐ, ਜਨਾਨੀ ਨੂੰ ਐਸਾ ਸਬਕ ਪੜ੍ਹਾਉਂਦੀਆਂ ਨੇ, ਪੁੱਛ ਈ ਨਾ! ਨਾ ਹੁਣ ਨਾ ਜਾਈਂ, ਮਾਰ ਦੇਊਗਾ। ਦੇਖ ਲੈ ਆਪਣੀਆਂ ਪਹਿਲਾਂ ਹੀ ਕਿੰਨੀਆਂ ਕੁੜੀਆਂ ਮਾਰ ਦਿੱਤੀਆਂ ਨੇ!"

"ਦੁਖੀਆ ਸਾਹਬ! ਮਰਦ ਨੇ ਵੀ ਪੈਰ ਦੀ ਜੁੱਤੀ ਬਣਾ ਕੇ ਰੱਖਿਐ ਹੁਣ ਤੱਕ ਔਰਤ ਨੂੰ!"

"ਪਰ ਹੁਣ ਪੈਰ 'ਚ ਨਹੀਂ ਪੈਂਦੀ! ਸੁੱਖ ਨਾਲ ਹੁਣ ਤਾਂ ਸਿੱਧੀ ਸਿਰ 'ਚ ਹੀ ਪੈਂਦੀ ਆ! ਬੱਸ, ਯਾਰਾ! ਬੰਦਾ ਕਿਤੇ ਭਾਫ ਨਹੀਂ ਕੱਢ ਸਕਦਾ ਕਿਉਂਕਿ ਬੰਦਾ ਜੁ ਹੋਇਆ ਤੇ ਇਹ ਭਾਫ ਵਿਚੋ-ਵਿਚ ਰਿੱਝਦੀ ਰਹਿੰਦੀ ਐ। ਜਦੋਂ ਤੱਤੇ ਰੇਡੀਏਟਰ ਦਾ ਢੱਕਣ ਖੋਲ ਕੇ ਸੁਆਦ ਲੈਂਦੀਆਂ ਨੇ ਤਾਂ ਫਿਰ ਤੈਨੂੰ ਪਤਾ ਈ ਆ, ਕੀ ਰਿਜ਼ਲਟ ਨਿਕਲਦੈ? ਭਲਾ ਕੀਹਦਾ ਜੀਅ ਕਰਦੈ ਆਪਣਾ ਘਰ ਪੱਟਣ ਨੂੰ? ਕੀਹਦਾ ਜੀਅ ਕਰਦੈ ਰਹਿੰਦੀ ਉਮਰ ਜੇਲ ਦੀਆਂ ਸਲਾਖਾਂ ਪਿੱਛੇ ਰੋਲਣ ਨੂੰ?"

"ਓਏ! ਤੂੰ ਐਹੋ ਜਿਹਾ ਸੋਚਣਾ ਛੱਡ ਦੇਹ! ਹੈਲੋ?"

"ਹੈਲੋ! ਹਾਂ ਸੁਣਦਾਂ। ਇੱਕ ਮਿੰਟ!"

"ਲਗਦੈ, ਦੂਜਾ ਪੈਗ ਪਾਉਣ ਲੱਗ ਪਿਐਂ!"

"ਹਾਂ ਬਈ, ਹੁਣ ਦੱਸ? ਪਰ ਗੁਰਮੇਲ ਤੂੰ ਓਹ ਗਾਣਾ ਨਹੀਂ ਸੁਣਿਆ?"

"ਕਿਹੜਾ...?"

"ਮਰਦੀ ਨੇ ਅੱਕ ਚੱਬਿਆ, ਨੀ ਮੈਂ ਹਾਰ ਕੇ ਜੇਠ ਨਾਲ ਲਾਈਆਂ।"

"ਓਏ ਉਹਨੇ ਤਾਂ ਜੇਠ ਨਾਲ ਲਾ ਕੇ ਟਾਇਮ ਟਪਾ ਲਿਐ, ਤੇ ਤੂੰ ਬੋਤਲ ਨਾਲ ਲਾ ਕੇ ਬਹਿ ਗਿਆ ਏਂ, ਇਹਨੇ ਤੇਰੀ ਜ਼ਿੰਦਗੀ ਨਹੀਂ ਲੰਘਾਉਣੀ?"

"ਜੇ ਇਹਨੇ ਨਹੀਂ ਲੰਘਾਉਣੀ ਤਾਂ ਉਹ ਕਿਹੜਾ ਲੰਘਾਈ ਜਾਂਦੀ ਆ!"

"ਦੁਖੀਆ ਸਾਹਬ! ਮੈਨੂੰ ਇੱਕ ਗੱਲ ਦੀ ਸਮਝ ਨਹੀਂ ਆ ਰਹੀ ਕਿ ਔਰਤ ਬਾਹਰੋਂ ਕੰਮ ਕਰ ਕੇ ਆਉਂਦੀ ਐ ਫਿਰ ਘਰੇ ਆ ਕੇ ਸਾਰਾ ਕੰਮ ਕਰਦੀ ਐ ਤੇ ਘਰੇ ਆ ਕੇ ਬੰਦਾ ਤਾਂ ਡੱਕਾ ਦੂਹਰਾ ਨਹੀਂ ਕਰਦਾ। ਬੱਸ, ਤੇਰੇ ਵਰਗਾ ਚਾਰ ਕੁ ਲੰਡੂ ਜਿਹੇ ਪੈਗ ਲਾ ਕੇ ਘਰਵਾਲੀ ਤੇ ਕਦੇ ਬੱਚਿਆਂ 'ਤੇ ਖਰੀ ਕਰਦਾ ਰਹਿੰਦੈ।"

"ਓ ਜਾਣ ਦੇ ਭਰਾਵਾ! ਤੂੰ ਕਹਿੰਨੈਂ ਡੱਕਾ ਨਹੀਂ ਦੂਹਰਾ ਕਰਦਾ। ਮੇਰੇ ਆਲੀ ਨੇ ਤਾਂ ਬੰਦਾ ਦੂਹਰਾ ਕੀਤਾ ਪਿਐ! ਸਿੰਕ 'ਚ ਇੱਕ ਚਮਚਾ ਜੂਠਾ ਰਹਿ ਜੇ ਤਾਂ ਭਾਂਡੇ ਭੰਨਣ ਲੱਗ ਪੈਂਦੀ ਆ! ਸਿਰ ਤੋਂ ਲੈ ਕੇ ਪੈਰਾਂ ਤੱਕ ਪੂਰੀ ਕਨੇਡੀਅਨ ਬਣੀ ਪਈ ਆ! ਗਿੱਟਿਆਂ ਤੋਂ ਗਿੱਠ ਉਚੀ ਜੀਨ ਜਿਹੀ ਪਾ ਕੇ ਆਏਂ ਤੁਰਦੀ ਆ ਜਿਵੇਂ 'ਮਿਸ ਯੂਨੀਵਰਸ ਕੰਪੀਟੀਸ਼ਨ' 'ਚ ਭਾਗ ਲੈਣ ਜਾ ਰਹੀ ਹੋਵੇ। ਕਦੇ ਪੰਜਾਬੀ ਸੂਟ ਪਾ ਕੇ ਨਹੀਂ ਰਾਜੀ। ਇੰਡੀਆ ਤੋਂ ਮੇਰੀ ਮਾਂ ਨੇ ਚਾਵਾਂ ਨਾਲ ਏਹਦੇ ਵਾਸਤੇ ਦੋ ਦਰਜਨ ਚੂੜੀਆਂ ਭੇਜੀਆਂ, ਮਾਂ ਦੀ ਧੀ ਨੇ ਆਹ! ਇੱਕ ਦਿਨ ਨਹੀਂ ਪਾ ਕੇ ਦੇਖੀਆਂ! ਆਹ! ਤੂੰ ਸੁਣਦੈਂ? ਵੰਗਾਂ ਦੀ ਛਣ-ਛਣ...!"

"ਹਾਂ! ਸੁਣਦਾਂ! ਵੰਗਾਂ ਬਾਹਾਂ 'ਚ ਪਾ ਕੇ ਛਣਕਾਉਂਦਾ ਏਂ?"

"ਆਹੋ! ਬੱਸ, ਇਹ ਕਸਰ ਬਾਕੀ ਰਹਿ ਗਈ ਆ! ਇੱਕ ਨਾ ਇੱਕ ਦਿਨ ਤੇਰੀ ਇਹ ਰੀਝ ਵੀ ਪੂਰੀ ਕਰਾ ਕੇ ਹਟੂ!"

"ਨਹੀਂ! ਨਹੀਂ! ਮੈਂ ਤਾਂ ਹੱਸਦਾ ਸੀ!"

"ਯਾਰ ਹੋਣ ਤਾਂ ਤੇਰੇ ਵਰਗੇ! ਕੱਲ ਨੂੰ ਤੂੰ ਤਾਂ ਕਹੇਂਗਾ ਕਿ ਹੁਣ ਓਹਦੀ ਸੁਥਣ ਵੀ ਪਾ ਲੈ! ਭਰਾਵਾ! ਜੇ ਆਹ! ਹਾਲ ਰਿਹਾ ਤਾਂ ਓਹ ਵੀ ਪਾ ਲਊਂਗਾ! ਨਾਲੇ, ਘਰਵਾਲੀ ਨੂੰ ਵੀ ਆਪਣੇ ਮਰਦ ਨੂੰ ਨਾਲੇ ਤੋਂ ਫੜ੍ਹ ਕੇ ਘੜੀਸਣਾ ਸੌਖਾ ਹੋ ਜੂਗਾ!"

"ਪਰ ਯਾਰਾ! ਬੰਦਾ ਵੀ ਆਪਣੀਆਂ ਕਰਤੂਤਾਂ ਕਰ ਕੇ ਥੱਲੇ ਲੱਗਦੈ। ਜਨਾਨੀ ਦੀ ਕੀ ਮਜਾਲ ਕਿ...!"

"ਕੀ ਮਤਲਬ?"

"ਮਤਲਬ ਫੇਰ ਦੱਸੂੰ!"

"ਹੁਣ ਕਿਉਂ ਨਹੀਂ?"

ਲਗਦੈ, ਮੇਰੀ ਘਰਵਾਲੀ ਵੀ ਆ ਗਈ ਆ ਕੰਮ ਤੋਂ! ਚੰਗਾ ਫੋਨ ਫੇਰ ਕਰੂੰਗਾ!"

"ਦੋ ਮਿੰਟ ਗੱਲ ਤਾਂ ਕਰ ਲਾ!"

"ਨਹੀਂ, ਹੁਣ ਨਹੀਂ!"

"ਚੰਗਾ ਬਈ ਤੇਰੀ ਮਰਜੀ! ਪਰ ਤੇਰੇ ਘਰ ਦੇ ਹਾਲਾਤ ਵੀ ਮੇਰੇ ਘਰ ਵਾਲੇ ਈ ਲਗਦੇ ਆ! ਦੂਜਿਆਂ ਨੂੰ ਮੱਤਾਂ ਦੇਣੀਆਂ ਸੌਖੀਆਂ ਹੁੰਦੀਆਂ ਨੇ!"

"ਓ ਕੇ! ਫੋਨ ਰੱਖਦਾਂ!"

"ਰੱਖ ਦੇ ਭਰਾਵਾ! ਓ.ਕੇ., ਬਾਏ! ਬਾਏ।"

***(ਬਾਕੀ ਅਗਲੀ ਵਾਰ)***

## ਬਿਖੜੇ ਸਫ਼ਰ ਦਾ ਅਰੰਭ

# ਸੰਸਾਰ ਦੀ ਮਹਾਨ ਨ੍ਰਿਤਕੀ ਆਈਸਾਡੋਰਾ ਡੰਕਨ



*ਆਈਸਾਡੋਰਾ ਡੰਕਨ ਦੁਨੀਆਂ ਦੀ ਮਹਾਨ ਨ੍ਰਿਤਕੀ ਤਾਂ ਸੀ ਹੀ, ਉਹ ਮਹਾਨ ਇਨਕਲਾਬੀ ਅਤੇ ਅੰਤਾਂ ਦੀ ਮਨਮੋਹਕ ਵੀ ਸੀ। ਸਾਡੇ ਸ਼ੁਭਚਿੰਤਕ ਹਰਭਜਨ ਸਿੰਘ ਹੁੰਦਲ ਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਸ ਦੀ ਜੀਵਨੀ ਦਾ ਖਰੜਾ ਸਾਨੂੰ ਭੇਜਿਆ ਹੈ। ਅਸੀਂ ਇਸ ਵਿਚੋਂ ਕੁਝ ਅੰਸ਼ ਲੜੀਵਾਰ ਪਾਠਕਾਂ ਦੀ ਨਜ਼ਰ ਕਰਾਂਗੇ। ਸ਼ੁਰੂਆਤ ਵਜੋਂ ਆਈਸਾਡੋਰਾ ਡੰਕਨ ਦੀ ਜੀਵਨੀ ਵਿਚ ਹੁੰਦਲ ਹੁਰਾਂ ਦੀ ਦਿਲਚਸਪੀ ਕਿੰਜ ਬਣੀ, ਇਸ ਬਾਰੇ ਬਿਰਤਾਂਤ ਅਸੀਂ ਇਸ ਅੰਕ ਵਿਚ ਪਾਠਕਾਂ ਦੀ ਦਿਲਚਸਪੀ ਲਈ ਛਾਪ ਰਹੇ ਹਾਂ। -ਸੰਪਾਦਕ*

**ਹਰਭਜਨ ਸਿੰਘ ਹੁੰਦਲ**

ਆਈਸਾਡੋਰਾ ਡੰਕਨ ਸੰਸਾਰ ਪ੍ਰਸਿੱਧ ਨ੍ਰਿਤਕੀ ਸੀ ਜਿਸ ਦੇ ਮੌਲਿਕ ਨਾਚ ਦੀਆਂ ਧੁੰਮਾਂ ਸਾਰੇ ਯੂਰਪ ਵਿਚ ਪੈ ਚੁੱਕੀਆਂ ਸਨ ਪਰ ਸਾਡੀ ਜਾਣੇ ਬਲਾ! ਸਾਡੀ ਨਜ਼ਰ ਤਾਂ ਆਪਣੇ ਭੰਗੜੇ ਤੇ



ਗਿੱਧੇ ਤੋਂ ਪਾਰ ਵੇਖਣ ਜੋਗੀ ਭਲਾ ਕਿੱਥੇ ਸੀ? ਰਹਿੰਦੀ ਕਸਰ ਮੈਕਸਿਮ ਗੋਰਕੀ ਦੀ ਕਿਤਾਬ 'ਸਾਹਿਤ ਬਾਰੇ' ਨੇ ਪੂਰੀ ਕਰ ਦਿੱਤੀ ਜਿਹੜੀ 1960 ਵਿਚ ਅਸੀਂ ਪੰਜਾਬ ਬੁੱਕ ਸੈਂਟਰ ਤੋਂ ਢਾਈ ਰੁਪਏ ਵਿਚ ਖਰੀਦੀ ਸੀ ਅਤੇ ਜਿਹੜੀ ਸਾਡੇ ਹਮਉਮਰ ਲਿਖਾਰੀ ਭਾਈ ਗੁਲਜ਼ਾਰ ਸਿੰਘ ਸੰਧੂ ਨੇ ਆਪਣੀ ਚੜ੍ਹਦੀ ਉਮਰੇ 'ਜੀਵਨ ਤੇ ਸਾਹਿਤ' ਨਾਮ ਹੇਠ ਉਲਥਾਈ ਹੋਈ ਸੀ।

ਇਸ ਕਿਤਾਬ ਵਿਚ ਰੂਸ ਦੇ ਨੌਜਵਾਨ ਕਵੀ ਸਰਗੇਈ ਯੈਸੇਨਿਨ ਦਾ ਦਿਲਚਸਪ ਰੇਖਾ ਚਿਤਰ ਸੀ। ਨਾਲ ਹੀ ਆਈਸਾਡੋਰਾ ਡੰਕਨ ਅਤੇ ਉਸ ਦੇ ਨਾਚ ਬਾਰੇ ਵੀ ਟਿੱਪਣੀ ਸੀ। ਇਸ ਟਿੱਪਣੀ ਨੂੰ ਪੜ੍ਹ ਕੇ ਅਸੀਂ ਡੰਕਨ ਬਾਰੇ ਸੋਚਣਾ ਹੀ ਛੱਡ ਦਿੱਤਾ। ਕੀ ਸੀ ਉਹ ਟਿੱਪਣੀ ਭਲਾ? ਲਉ ਜ਼ਰਾ ਤੁਸੀਂ ਵੀ ਪੜ੍ਹ ਲਵੋ:

"ਇਸ ਮੌਕੇ ਖਾਣਾ ਖਾਣ ਅਤੇ ਕੁਝ ਵੋਦਕਾ ਪੀਣ ਤੋਂ ਬਾਅਦ ਉਸ ਨੇ ਥੋੜ੍ਹੀ ਦੇਰ ਨਾਚ ਵੀ ਪੇਸ਼ ਕੀਤਾ। ਇਹ ਨਾਚ ਡੰਕਨ ਦੀ ਉਮਰ ਅਤੇ ਉਸ ਦੇ ਜਿਸਮ ਦੀ ਲੋੜ ਵਿਚ ਸੰਘਰਸ਼ ਪਿਆ ਦਿਸਦਾ ਸੀ ਜਿਹੜਾ ਪ੍ਰਸਿੱਧੀ ਅਤੇ ਪਿਆਰ ਨੇ ਵਿਗਾੜ ਛੱਡਿਆ ਸੀ। ਇਨ੍ਹਾਂ ਸ਼ਬਦਾਂ ਨਾਲ ਮੈਂ ਉਸ ਔਰਤ ਦੀ ਹੱਤਕ ਕਰਨ ਦਾ ਕੋਈ ਇਰਾਦਾ ਨਹੀਂ ਰੱਖਦਾ। ਇਹ ਸ਼ਾਇਦ ਕੁਝ ਹੱਦ ਤੱਕ ਢਾਲੇ ਪਈ ਉਮਰ ਦਾ ਸਰਾਪ ਵੀ ਸੀ। ਉਸ ਨੂੰ ਤੱਕਦਿਆਂ ਇੰਜ ਮਲੂਮ ਹੁੰਦਾ ਸੀ, ਮਾਨੋ ਕੋਈ ਅੱਧਖੜ ਉਮਰ ਦੀ ਔਰਤ ਘੱਟ ਕੱਪੜੇ ਪਹਿਨੇ ਹੋਣ ਕਾਰਨ ਲੱਗਦੀ ਕੜਾਕੇ ਦੀ ਠੰਢ ਤੋਂ ਬਚਣ ਲਈ ਨਿੱਕੇ ਜਿਹੇ ਕਮਰੇ ਵਿਚ ਤੇਜੀ ਨਾਲ ਗੇੜੇ ਕੱਢੀ ਜਾ ਰਹੀ ਹੋਵੇ।"

ਇਸ ਮਹਾਨ ਰੂਸੀ ਲੇਖਕ ਵਲੋਂ ਆਈਸਾਡੋਰਾ ਡੰਕਨ ਬਾਰੇ ਦਿੱਤੀ ਜਾਣਕਾਰੀ ਤੋਂ ਮਨ ਅੰਦਰ ਉਸ ਬਾਰੇ ਬਣੀ ਤਸਵੀਰ ਦੇ ਤਬਦੀਲ ਹੁੰਦਿਆਂ ਕਰੀਬ ਅੱਧੀ ਸਦੀ ਦਾ ਸਮਾਂ ਲੱਗ ਗਿਆ। ਪਾਠਕਾਂ ਦੀ ਦਿਲਚਸਪੀ ਲਈ ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਮੇਰੀ ਇਸ ਤਬਦੀਲੀ ਲਈ ਸਾਡਾ ਮਿੱਤਰ ਪਿਆਰਾ ਅਤੇ ਅਜ਼ੀਜ਼ ਗੁਰਦਿਆਲ ਬੱਲ ਜ਼ਿੰਮੇਵਾਰ ਹੈ-ਜੋ ਪਿਛਲੇ ਕਈ ਵਰ੍ਹਿਆਂ ਤੋਂ ਅਕਸਰ ਹੀ ਇਸ ਮਹਾਨ ਆਤਮਾ ਦਾ ਜ਼ਿਕਰ ਬੜੇ ਹੀ ਸਤਿਕਾਰ ਨਾਲ ਕਰਦਾ ਆ ਰਿਹਾ ਸੀ।

ਅਗਲੀ ਕਹਾਣੀ ਦੱਸਣ ਤੋਂ ਪਹਿਲਾਂ ਚੰਗਾ ਰਹੇਗਾ ਜੇਕਰ ਪਾਠਕਾਂ ਨੂੰ ਇਹ ਵੀ ਦੱਸ ਦਿਆਂ ਕਿ ਗੁਰਦਿਆਲ ਬੱਲ ਨਾਲ ਮੇਰਾ ਵਾਹ 1965-66 ਵਿਚ ਉਸ ਸਮੇਂ ਪਿਆ ਸੀ ਜਦੋਂ ਉਸ ਦੀ ਉਮਰ 15-16 ਸਾਲਾਂ ਦੀ ਸੀ। ਉਹ ਉਸ ਸਾਲ ਨੈਸ਼ਨਲ ਕਾਲਜ, ਸਠਿਆਲੇ ਪੜ੍ਹਦੇ ਮੇਰੇ ਛੋਟੇ ਭਰਾ ਕੁਲਬੀਰ ਹੁੰਦਲ ਦਾ ਸਭ ਤੋਂ ਨੇੜੇ ਦਾ ਯਾਰ ਬਣ ਗਿਆ ਸੀ ਅਤੇ ਸਾਡੇ ਘਰੇ ਆਉਣ ਲੱਗ ਪਿਆ ਸੀ। ਸੁਰਜੀਤ ਹਾਂਸ ਅਤੇ ਐਸ. ਐਸ. ਮੀਸ਼ਾ ਉਦੋਂ ਅਜੇ ਉਸੇ ਕਾਲਜ ਵਿਚ ਹੀ ਪੜ੍ਹਾਉਂਦੇ ਸਨ ਅਤੇ ਉਥੇ ਅਗਾਂਹਵਧੂ ਸਾਹਿਤ ਪੜ੍ਹਨ ਵਾਲੇ ਤੇ ਮਾਰਕਸੀ ਵਿਚਾਰਾਂ ਵਾਲੇ ਮੁੰਡਿਆਂ ਦਾ ਤਕੜਾ ਪਿੜ ਬੱਝਿਆ ਹੋਇਆ ਸੀ।

> ***ਪੰਜਾਬ ਦੀ ਲੀਹੋਂ ਲੱਥੀ ਨੌਜਵਾਨ ਪੀੜ੍ਹੀ ਜਦੋਂ ਲੀਹ 'ਤੇ ਵਾਪਸ ਪਰਤੇਗੀ ਤਾਂ ਉਸਨੂੰ ਨਵੀਂ ਪ੍ਰੇਰਨਾ ਲਈ ਸੰਸਾਰ ਸਾਹਿਤ ਦੇ ਅਜਿਹੇ ਜਰਖੇਜ਼ ਸੋਮਿਆਂ ਦੀ ਜ਼ਰੂਰਤ ਪੈਣੀ ਹੀ ਪੈਣੀ ਹੈ।***

ਸ਼ੁਰੂ ਦੇ ਸਾਲਾਂ ਦੌਰਾਨ ਹੀ ਸੋਵੀਅਤ ਯੂਨੀਅਨ ਅੰਦਰ ਸਮਾਜਵਾਦ ਦੀ ਉਸਾਰੀ ਕਰਦਿਆਂ ਕਾਮਰੇਡ ਸਟਾਲਿਨ ਕੋਲੋਂ ਹੋਈਆਂ ਵਧੀਕੀਆਂ ਬਾਰੇ ਲੋੜ ਨਾਲੋਂ ਬਾਹਲੀਆਂ ਪੁਸਤਕਾਂ ਪੜ੍ਹ ਜਾਣ ਕਰਕੇ ਜਾਂ ਆਪਣੇ ਸਾਥੀ ਕਮਿਊਨਿਸਟ ਲੜਕਿਆਂ ਦੇ ਵਰਤੋਂ ਵਿਹਾਰ ਨੂੰ ਵੇਖ ਕੇ ਬੱਲ ਨੇ ਛੇਤੀ ਹੀ ਕਮਿਊਨਿਸਟ ਵਿਚਾਰਾਂ ਨਾਲੋਂ ਤਾਂ ਕਿਨਾਰਾ ਕਰ ਲਿਆ ਪਰ ਵੱਖ-ਵੱਖ ਵਿਸ਼ਿਆਂ 'ਤੇ ਪੁਸਤਕਾਂ ਇਕੱਠੀਆਂ ਕਰਨ ਅਤੇ ਪੜ੍ਹਨ-ਪੜ੍ਹਾਉਣ ਦੀ ਰੁਚੀ ਜਾਰੀ ਰਹੀ ਸਗੋਂ ਲਗਾਤਾਰ ਵਧਦੀ ਚਲੀ ਗਈ। ਉਨ੍ਹਾਂ ਸਮਿਆਂ ਦੌਰਾਨ ਅੰਮ੍ਰਿਤਸਰ ਦੇ ਮਸ਼ਹੂਰ ਹਾਲ ਗੇਟ ਦੇ ਬਾਹਰ ਪੁਰਾਣੀਆਂ, ਦੁਰਲੱਭ ਅਤੇ ਸਸਤੀਆਂ ਕਿਤਾਬਾਂ ਦੇ ਕਬਾੜੀਆਂ ਨੇ ਕਿਤਾਬਾਂ ਦੇ ਢੇਰ ਲਗਾਏ ਹੁੰਦੇ ਸਨ। ਬੱਲ ਦੱਸਦਾ ਹੈ ਕਿ ਉਨ੍ਹਾਂ 'ਦੁਕਾਨਾਂ' ਦਾ ਸਭ ਤੋਂ ਵੱਧ ਲਾਹਾ ਸ਼ਾਇਦ ਉਸ ਨੇ ਹੀ ਲਿਆ ਸੀ। ਉਸ ਦੇ ਦੱਸਣ ਅਨੁਸਾਰ ਆਈਸਾਡੋਰਾ ਡੰਕਨ ਦੀ ਸਵੈ-ਜੀਵਨੀ 'ਮਾਈ ਲਾਈਫ' ਵੀ ਉਸ ਨੇ ਉਥੋਂ ਹੀ ਖਰੀਦੀ ਸੀ ਅਤੇ ਆਪਣੇ ਕਈ ਸਾਥੀਆਂ ਨੂੰ ਪੜ੍ਹਾਈ ਸੀ। 1978 ਵਿਚ ਉਹ 'ਪੰਜਾਬੀ ਟ੍ਰਿਬਿਊਨ' ਵਿਚ ਆ ਲੱਗਿਆ ਅਤੇ ਇਸ ਕਿਤਾਬ ਦੇ ਸਰਕੂਲੇਸ਼ਨ ਦਾ ਸਿਲਸਿਲਾ ਵੀ ਚਲਦਾ ਰਿਹਾ। ਇਸ ਕਿਤਾਬ ਨਾਲ ਵਾਧਾ ਲਿਓਨ ਟਰਾਸਟਕੀ, ਫਰਾਂਜ ਕਾਫਕਾ ਤੇ ਉਸਦੀ ਸਹੇਲੀ ਮਿਲੇਨਾ ਅਤੇ ਅੰਮ੍ਰਿਤਾ ਸ਼ੇਰਗਿੱਲ ਦੀਆਂ ਜੀਵਨੀਆਂ ਦਾ ਹੋ ਗਿਆ। ਉਨ੍ਹਾਂ ਵਰ੍ਹਿਆਂ ਵਿਚ ਹੀ ਕੁਝ ਦੋਸਤਾਂ ਦੀ ਅਣਗਹਿਲੀ ਸਦਕਾ 'ਮਾਈ ਲਾਈਫ' ਤੇ 'ਕਾਫਕਾ'ਜ਼ ਮਿਲੇਨਾ' ਨਾਂ ਦੀਆਂ ਉਸ ਦੀਆਂ ਮਨਭਾਉਂਦੀਆਂ ਕਿਤਾਬਾਂ ਗੁੰਮ ਹੋ ਗਈਆਂ। ਉਸ ਦੇ ਕਹਿਣ ਅਨੁਸਾਰ ਉਸ ਦੀ ਚੰਡੀਗੜ੍ਹ ਠਹਿਰ ਦਾ ਜੋ ਦੌਰ ਸੀ, ਉਹ ਵੀ 1990 ਵਿਚ ਖ਼ਤਮ ਹੋ ਗਿਆ ਪਰ ਆਈਸਾਡੋਰਾ ਡੰਕਨ ਜਾਂ ਮਿਲੇਨਾ ਦੀਆਂ ਮਿਕਨਾਤੀਸੀ ਸ਼ਖ਼ਸੀਅਤਾਂ ਪ੍ਰਤੀ ਉਸ ਦੀ ਖਿੱਚ ਖ਼ਤਮ ਨਾ ਹੋਈ। ਦੋ ਕੁ ਵਰ੍ਹਿਆਂ ਪਿੱਛੋਂ ਉਸਨੇ ਇਨ੍ਹਾਂ ਕਿਤਾਬਾਂ ਦੀ ਭਾਲ ਦੁਬਾਰਾ ਸ਼ੁਰੂ ਕਰ ਦਿੱਤੀ। 1992 ਤੋਂ ਲੈ ਕੇ ਉਹ ਹਰ ਦੋ ਵਰ੍ਹਿਆਂ ਪਿੱਛੋਂ ਫਰਵਰੀ ਮਹੀਨੇ ਦੌਰਾਨ ਨਵੀਂ ਦਿੱਲੀ ਲੱਗਣ ਵਾਲੇ ਕੌਮਾਂਤਰੀ ਪੁਸਤਕ ਮੇਲਿਆਂ ਵਿਚ ਵੀ ਜਾਂਦਾ। ਉਸ ਦੀ ਮਿਹਨਤ ਉਸ ਸਮੇਂ ਫਲੀ ਜਦੋਂ 2004 ਜਾਂ ਸ਼ਾਇਦ 2006 ਦੇ ਅਜਿਹੇ ਹੀ ਮੇਲੇ ਤੋਂ ਮੇਰਠ ਦੇ 'ਸੰਵਾਦ' ਪ੍ਰਕਾਸ਼ਨ ਵਲੋਂ ਛਾਪੇ ਇਨ੍ਹਾਂ ਦੋਵਾਂ ਕਿਤਾਬਾਂ ਦੇ ਹਿੰਦੀ ਐਡੀਸ਼ਨ ਮਿਲ ਗਏ। ਉਹ ਇਹ ਕਿਤਾਬਾਂ ਲੈ ਆਇਆ ਅਤੇ ਇਨ੍ਹਾਂ ਦੀਆਂ ਕਈ ਕਈ ਫੋਟੋ ਕਾਪੀਆਂ ਕਰਵਾ ਕੇ ਮਿੱਤਰਾਂ ਨੂੰ ਵੰਡ ਛੱਡੀਆਂ।

ਸਾਡਾ ਇਹੋ ਅਨੋਖਾ ਮਿੱਤਰ ਮੈਨੂੰ ਪਿਛਲੇ 15 ਵਰ੍ਹਿਆਂ ਤੋਂ ਕਹਿੰਦਾ ਆ ਰਿਹਾ ਸੀ ਕਿ ਤੁਸੀਂ ਪਾਬਲੋ ਨਰੂਦਾ, ਨਾਜਮ ਹਿਕਮਤ, ਮਹਿਮੂਦ ਦਰਵੇਸ਼ ਅਤੇ ਦੁਨੀਆਂ ਭਰ ਦੇ ਹੋਰ ਲੋਕ ਪੱਖੀ ਸ਼ਾਇਰਾਂ ਦੇ ਅਨੁਵਾਦ ਬੇਸ਼ਕ ਕਰੀ ਚਲੋ, ਮਹਾਨ ਕਲਾਕਾਰਾਂ ਅਤੇ ਸਾਹਿਤਕਾਰਾਂ ਬਾਰੇ ਲੇਖ ਵੀ ਲਿਖੀ ਜਾਵੋ, ਪੰਜਾਬ ਦੀ ਲੀਹੋਂ ਲੱਥੀ ਨੌਜਵਾਨ ਪੀੜ੍ਹੀ ਜਦੋਂ ਲੀਹ 'ਤੇ ਵਾਪਸ ਪਰਤੇਗੀ ਤਾਂ ਉਸ ਨੂੰ ਨਵੀਂ ਪ੍ਰੇਰਨਾ ਲਈ ਸੰਸਾਰ ਸਾਹਿਤ ਦੇ ਅਜਿਹੇ ਜਰਖੇਜ਼ ਸੋਮਿਆਂ ਦੀ ਜ਼ਰੂਰਤ ਪੈਣੀ ਹੀ ਪੈਣੀ ਹੈ। ਉਸ ਦਾ ਕਹਿਣਾ ਸੀ ਕਿ ਪੰਜਾਬ ਦੀਆਂ ਨੌਜਵਾਨ ਲੜਕੀਆਂ ਨੂੰ ਵੀ ਜ਼ਿੰਦਗੀ ਨੂੰ ਸ਼ਿੱਦਤ ਅਤੇ ਸ਼ਾਨ ਨਾਲ ਜਿਊਣ ਦੇ ਚੱਜ ਸਿੱਖਣ ਦੀ ਲੋੜ ਹੈ। ਉਨ੍ਹਾਂ ਲਈ ਰੋਲ ਮਾਡਲ ਕਿੱਥੋਂ ਆਉਣਗੇ। ਗੁਰਦਿਆਲ ਬੱਲ ਪੂਰੇ ਦਾਅਵੇ ਨਾਲ ਕਹਿੰਦਾ ਸੀ ਕਿ ਭਾਅ ਜੀ, ਇਹ ਕੰਮ ਵੀ ਤੁਹਾਨੂੰ ਹੀ ਕਰਨਾ ਪੈਣਾ ਹੈ ਅਤੇ ਇਹ ਮੁਹਿੰਮ ਅਰੰਭ ਵੀ ਤੁਹਾਨੂੰ ਅੰਮ੍ਰਿਤਾ ਸ਼ੇਰਗਿੱਲ ਦੀ ਜੀਵਨੀ ਲਿਖ ਕੇ ਸ਼ੁਰੂ ਕਰਨੀ ਚਾਹੀਦੀ ਹੈ। ਉਸ ਨੇ ਅੰਮ੍ਰਿਤਾ ਸ਼ੇਰਗਿੱਲ ਦੀ ਅੰਗਰੇਜ਼ੀ ਵਿਚ ਲਿਖੀ ਜੀਵਨੀ, ਉਸ ਬਾਰੇ ਹੋਰ ਲੋੜੀਂਦੀ ਜਾਣਕਾਰੀ ਅਤੇ ਅੰਮ੍ਰਿਤਾ ਦੇ ਆਪਣੇ ਭਤੀਜੇ ਵਿਵੀਅਨ ਸੁੰਦਰਮ ਵਲੋਂ ਸੰਪਾਦਤ ਉਸ ਦੀਆਂ ਚਿੱਠੀਆਂ 'ਤੇ ਆਧਾਰਤ ਪੁਸਤਕਾਂ ਮੁਹੱਈਆ ਕਰਵਾ ਦਿੱਤੀਆਂ ਅਤੇ ਉਸ ਦਾ ਮਾਣ ਰੱਖਦਿਆਂ ਅੰਮ੍ਰਿਤਾ ਸ਼ੇਰਗਿੱਲ ਦੀ ਜੀਵਨੀ ਮੈਂ 4-5 ਸਾਲ ਪਹਿਲਾਂ ਲਿਖ ਵੀ ਦਿੱਤੀ ਪਰ ਹੁਣ ਉਸ ਨੇ ਮੈਨੂੰ ਆਈਸਾਡੋਰਾ ਦੀ ਹਿੰਦੀ ਵਾਲੀ ਸਵੈ-ਜੀਵਨੀ ਲਿਆ ਫੜਾਈ। ਗੁਰਦਿਆਲ ਬੱਲ ਦੇ ਜ਼ੋਰ ਦੇਣ 'ਤੇ ਮੈਂ ਕਿਤਾਬ ਇਹ ਪੜ੍ਹਨੀ ਸ਼ੁਰੂ ਵੀ ਕਰ ਦਿੱਤੀ, ਪਰ ਮੇਰੀ ਹਿੰਦੀ ਕਮਜ਼ੋਰ ਹੋਣ ਕਰਕੇ ਪੂਰਾ ਮਜ਼ਾ ਨਾ ਆਇਆ। ਇਸੇ ਦੌਰਾਨ ਹਰ ਮਹੀਨੇ ਦੋ ਮਹੀਨੇ ਪਿਛੋਂ ਬੱਲ ਘਰ ਗੇੜਾ ਮਾਰਦਾ ਰਿਹਾ ਅਤੇ ਮੈਨੂੰ ਆਪਣਾ ਪ੍ਰਾਜੈਕਟ ਸ਼ੁਰੂ ਕਰਨ ਲਈ ਲਗਾਤਾਰ ਪ੍ਰੇਰਦਾ ਰਿਹਾ ਪਰ ਆਈਸਾਡੋਰਾ ਬਾਰੇ ਪਹਿਲੀ ਉਮਰੇ ਮੈਕਸਿਮ ਗੋਰਕੀ ਦੀ ਲਿਖਤ ਕਾਰਨ ਉਲਟ ਪ੍ਰਭਾਵ ਦਾ ਪਿਆ ਪਰਦਾ ਅਜੇ ਪਾਟ ਨਹੀਂ ਸੀ ਰਿਹਾ।



*ਸਰਗੇਈ ਯੈਸੇਨਿਨ*

ਹਾਂ, ਇੰਨੀ ਗੱਲ ਜ਼ਰੂਰ ਹੋਈ ਕਿ ਬੱਲ ਦੀਆਂ ਲਗਾਤਾਰ ਕੋਸ਼ਿਸ਼ਾਂ ਸਦਕਾ ਮੇਰੇ ਮਨ ਅੰਦਰ ਆਈਸਾਡੋਰਾ ਡੰਕਨ ਬਾਰੇ ਚੰਗੀ ਤਰ੍ਹਾਂ ਜਾਨਣ ਦੀ ਉਤਸੁਕਤਾ ਜ਼ਰੂਰ ਪੈਦਾ ਹੋ ਗਈ ਸੀ ਪਰ ਕਿਸੇ ਯੁੱਗ ਪੁਰਸ਼ ਦੀ ਜੀਵਨੀ ਲਿਖਣ ਲਈ ਲੋੜੀਂਦੀ ਉਤਸੁਕਤਾ ਜਾਂ ਪ੍ਰੇਰਨਾ ਤਾਂ ਕਾਫੀ ਨਹੀਂ ਸੀ। ਅਜਿਹੇ ਕਾਰਜ ਲਈ ਤਾਂ ਹੋਰ ਵਸੀਹ ਸਮੱਗਰੀ ਅਤੇ ਨਾਚ ਕਲਾ ਦੀ ਅਹਿਮੀਅਤ ਬਾਰੇ ਘੱਟੋ ਘੱਟ ਮੁਢਲੀ ਜਾਣਕਾਰੀ ਵੀ ਜ਼ਰੂਰੀ ਸੀ।

ਅਖ਼ੀਰ ਮੇਰੀ ਝਿਜਕ ਨੂੰ ਵੇਖ ਬੱਲ ਨੇ ਆਈਸਾਡੋਰਾ ਡੰਕਨ ਦੀ ਪੀਟਰ ਕਰਥ ਵੱਲੋਂ ਲਿਖੀ 650 ਸਫੇ ਦੀ ਵੱਡ-ਅਕਾਰੀ ਜੀਵਨੀ ਭੇਜ ਦਿੱਤੀ। ਪੜ੍ਹ ਕੇ ਮੈਂ ਹੈਰਾਨ ਹੋਇਆ, ਤੇ ਕੁਝ ਹੌਸਲਾ ਵੀ ਹੋਇਆ। ਮੇਰੇ ਲਈ ਇਸ ਔਰਤ ਬਾਰੇ ਜਾਨਣ ਦੀ ਉਤਸੁਕਤਾ ਇਸ ਕਾਰਨ ਵੀ ਵਧ ਗਈ ਕਿ ਕਦੇ ਇਸ ਅਦਭੁੱਤ ਔਰਤ ਨੂੰ ਰੂਸੀ ਇਨਕਲਾਬ ਤੋਂ ਬਾਅਦ ਲੈਨਿਨ ਨੇ ਸੱਦਾ ਭੇਜਿਆ ਸੀ ਕਿ ਉਹ ਆ ਕੇ ਰੂਸੀ ਬੱਚਿਆਂ ਨੂੰ ਇਹ ਨਾਚ ਸਿਖਾਵੇ।

ਉਂਜ, ਹਾਲੀ ਵੀ ਨਾਚ ਦੀ ਕਲਾ ਬਾਰੇ ਮੇਰਾ ਗਿਆਨ ਬਹੁਤ ਅਧੂਰਾ ਸੀ। ਕਲਮ ਚੁੱਕਣ ਦਾ ਮੇਰਾ ਹੀਆ ਨਹੀਂ ਸੀ ਪੈਂਦਾ। ਉਧਰ ਬੱਲ ਸੀ ਕਿ ਕਾਹਲਾ ਪੈ ਰਿਹਾ ਸੀ। ਮੈਂ ਉਸ ਨੂੰ ਆਪਣੀ ਅਯੋਗਤਾ ਬਾਰੇ ਕਹਾਣੀਆਂ ਪਾਉਣ ਲੱਗ ਪੈਂਦਾ। ਅਖ਼ੀਰ ਉਸ ਨੇ ਨਾਚ ਕਲਾ ਬਾਰੇ ਇਕ ਹੋਰ ਪੁਸਤਕ ਭੇਜੀ। ਇਹ ਇਕ ਹੋਰ ਕਰਤਾਰੀ ਪ੍ਰਤਿਭਾ ਵਾਲੇ ਮਸ਼ਹੂਰ ਰੂਸੀ ਨ੍ਰਿਤਕਾਰ ਵਾਸਲਾਵ ਨਿਜ਼ਿੰਸਕੀ ਦੀ ਪਤਨੀ ਰੋਮੋਲਾ ਨਿਜ਼ਿੰਸਕੀ ਵਲੋਂ ਲਿਖੀ ਉਸ ਦੀ ਜੀਵਨੀ ਸੀ। ਇਹ ਕਿਤਾਬ ਬਹੁਤ ਹੀ ਜ਼ਿਆਦਾ ਦਿਲਚਸਪ ਸੀ। ਮੈਂ ਇਸ ਕਿਤਾਬ ਨੂੰ ਪੜ੍ਹਨਾ ਸ਼ੁਰੂ ਕੀਤਾ ਅਤੇ ਖ਼ਤਮ ਕਰਕੇ ਹੀ ਸਾਹ ਲਿਆ।

ਆਖ਼ਰ ਇਨ੍ਹਾਂ ਪੁਸਤਕਾਂ ਨੂੰ ਪੜ੍ਹ ਕੇ ਮੇਰਾ ਮਨੋਬਲ ਬਲਵਾਨ ਹੋਣ ਲੱਗਾ। ਨਾਚ ਵਰਗੀ ਕੋਮਲ ਕਲਾ ਦੇ ਭੇਤ ਹੌਲੀ-ਹੌਲੀ ਮੇਰੇ ਸਾਹਮਣੇ ਰੌਸ਼ਨ ਹੋ ਰਹੇ ਸਨ ਪਰ ਇਹ ਗੱਲ ਤਾਂ ਸਪਸ਼ਟ ਸੀ ਕਿ ਮੇਰੀ ਲਿਖੀ ਜੀਵਨੀ ਦਾ ਮੁੱਖ ਆਧਾਰ ਡੰਕਨ ਦੀ ਸਵੈ-ਜੀਵਨੀ 'ਮਾਈ ਲਾਈਫ' ਹੀ ਹੋਣੀ ਸੀ। ਮੈਂ ਸੋਚਦਾ ਜੇ ਕਿਤੇ ਇਸ ਜੀਵਨੀ ਦੀ ਅੰਗਰੇਜ਼ੀ ਐਡੀਸ਼ਨ ਮਿਲ ਸਕਦੀ ਹੋਵੇ। ਅਖ਼ੀਰ ਮੈਂ ਆਪਣੇ ਟੋਰਾਂਟੋ ਵਸਦੇ ਲੜਕੇ ਹਰਿੰਦਰਪਾਲ ਨੂੰ ਫੋਨ ਕਰਦਾ ਹਾਂ ਅਤੇ ਇਹ ਪੁਸਤਕ ਭੇਜਣ ਲਈ ਕਹਿੰਦਾ ਹਾਂ। ਉਹ ਇੰਟਰਨੈਟ ਰਾਹੀਂ ਅਮਰੀਕਾ ਵਿਚਲੇ ਕਿਸੇ ਦੁਕਾਨਦਾਰ ਨਾਲ ਸੰਪਰਕ ਕਰਦਾ ਹੈ। ਉਥੋਂ ਇਸ ਪੁਸਤਕ ਦੀ ਪੁਰਾਣੀ ਕਾਪੀ ਦੋ ਡਾਲਰ ਵਿਚ ਸਸਤੇ ਭਾਅ ਮਿਲ ਜਾਂਦੀ ਹੈ। ਦੁਕਾਨਦਾਰ ਇਹ ਪੁਸਤਕ ਖਰਚਾ ਲੈ ਕੇ ਮੈਨੂੰ ਡਾਕ ਰਾਹੀਂ ਸਿੱਧਾ ਹੀ ਭਾਰਤ ਭੇਜਣ ਦੀ ਹਾਮੀ ਭਰਦਾ ਹੈ। ਹਫਤਾ ਦਸਾਂ ਦਿਨਾਂ ਵਿਚ ਕਿਤਾਬ ਮੇਰੇ ਪਿੰਡ ਫੱਤੂ ਚੱਕ ਪਹੁੰਚ ਜਾਂਦੀ ਹੈ। ਇਤਨਾ ਹੀ ਨਹੀਂ, ਅਗਲੇ ਹੀ ਹਫਤੇ ਹਰਿੰਦਰਪਾਲ ਰਾਹੀਂ ਆਈਸਾਡੋਰਾ ਡੰਕਨ ਦੇ ਅਹਿਮ ਲੇਖਾਂ, ਭਾਸ਼ਣਾਂ ਅਤੇ ਤਸਵੀਰਾਂ 'ਤੇ ਆਧਾਰਤ 'ਆਈਸਾਡੋਰਾ ਸਪੀਕਸ' ਨਾਂ ਦੀ ਅਤਿ ਅਹਿਮ ਅਤੇ ਮੁੱਲਵਾਨ ਪੁਸਤਕ ਵੀ ਮੈਨੂੰ ਘਰੇ ਬੈਠਿਆਂ ਇਸੇ ਤਰੀਕੇ ਹੀ ਪ੍ਰਾਪਤ ਹੋ ਜਾਂਦੀ ਹੈ। ਇਹ ਸਭ ਇੰਟਰਨੈਟ ਜਾਂ ਕੰਪਿਊਟਰ ਯੁੱਗ ਦੇ ਕ੍ਰਿਸ਼ਮੇ ਨੇ ਸ਼ਾਇਦ। ਗੁਰਦਿਆਲ ਬੱਲ ਦੀ ਲਗਾਤਾਰ 'ਘਾਲਣਾ' ਬਾਰੇ ਤਾਂ ਮੈਂ ਵਿਸਥਾਰ ਵਿਚ ਦੱਸ ਹੀ ਚੁੱਕਾ ਹਾਂ।

ਹੁਣ ਕੰਮ ਨਾ ਸ਼ੁਰੂ ਕਰਨ ਦਾ ਮੇਰੇ ਕੋਲ ਕੋਈ ਬਹਾਨਾ ਨਹੀਂ ਸੀ। ਮੈਂ ਫੈਜ਼ ਅਹਿਮਦ ਫੈਜ਼ ਦੇ ਲਿਖੇ ਪੰਜਾਬੀ ਬੈਂਤ ਦੀ ਪੰਗਤੀ ਨਾਲ ਗੱਲ ਸ਼ੁਰੂ ਕਰਦਾ ਹਾਂ:

ਫ਼ਜਰ ਹੋਵੇ ਤੇ ਆਖੀਏ ਬਿਸਮਿੱਲਾ
ਅੱਜ ਦੌਲਤਾਂ ਸਾਡੇ ਘਰ ਆਈਆਂ ਨੇ।
ਜਿਹਦੇ ਕੌਲ ਤੇ ਅਸਾਂ ਵਸਾਹ ਕੀਤਾ
ਉਹਨੇ ਓੜਕ ਤੋੜ ਨਿਭਾਈਆਂ ਨੇ।

***(ਜਾਰੀ...)***




### ਆਈਸਾਡੋਰਾ ਡੰਕਨ: ਜੀਵਨ ਝਾਤ

*(27 ਮਈ 1877-14 ਸਤੰਬਰ 1927)*

*1880: ਮਾਪਿਆਂ ਦਾ ਤਲਾਕ*
*1895: ਨਿਊ ਯਾਰਕ ਵਿਚ ਅਗਟਟਿਨ ਡਾਲੀ ਦੀ ਥਿਏਟਰ ਕੰਪਨੀ 'ਚ ਦਾਖਲਾ*
*1898: ਪਿਤਾ ਦਾ ਦੇਹਾਂਤ*
*1899: ਯੂਰਪ ਵੱਲ ਰੁਖ਼। ਪਹਿਲਾਂ ਲੰਡਨ ਤੇ ਫਿਰ ਫਰਾਂਸ ਦਾ ਗੇੜਾ*
*1906: ਪੁੱਤਰ ਡੇਰਡ ਦਾ ਜਨਮ*
*1910: ਦੂਜੇ ਪੁੱਤਰ ਪੈਟਰਕਿ ਦਾ ਜਨਮ*
*1913: ਦੋਹਾਂ ਪੁੱਤਰਾਂ ਦੀ ਹਾਦਸੇ ਵਿਚ ਮੌਤ*
*1916: ਬ੍ਰਾਜ਼ੀਲ ਦਾ ਦੌਰਾ*
*1922: ਰੂਸ ਕਿਆਮ। ਆਪਣੇ ਤੋਂ 18 ਸਾਲ ਛੋਟੇ ਰੂਸੀ ਸ਼ਾਇਰ ਸਰਗੇਈ ਯੇਸੇਨਿਨ ਨਾਲ ਵਿਆਹ*
*1924: ਰੂਸ ਤੋਂ ਵਾਪਸੀ*
*1925: ਸਰਗੇਈ ਯੇਸੇਨਿਨ ਵੱਲੋਂ ਖ਼ੁਦਕੁਸ਼ੀ*
*1927:ਸਵੈ-ਜੀਵਨੀ ਮੇਰੀ ਕਹਾਣੀ (ਮਾਈ ਲਾਈਫ਼) ਛਪੀ*




*ਫੋਨ:91-98141-78883

# ਜਿਊਂਦਿਆਂ ਨੂੰ ਦੁਰਕਾਰ ਤੇ ਮੋਇਆਂ ਨੂੰ ਸਤਿਕਾਰ ਦੇਣ ਵਾਲੀ ਮਨੁੱਖੀ ਫ਼ਿਤਰਤ

ਯਾਦ ਉਨ੍ਹਾਂ ਨੂੰ ਕੀਤਾ ਜਾਂਦੈ, ਜਿਨ੍ਹਾਂ ਸਮਾਜ ਨੂੰ ਕੁਝ ਦਿੱਤਾ ਹੋਵੇ। ਜਿਨ੍ਹਾਂ ਜਿਉਂਦੇ ਜੀਅ ਲੋਕਾਂ ਦਾ ਚੰਮ ਲਾਹੁਣ ਤੇ ਪੈਰ ਮਿੱਧਣ ਤੋਂ ਬਿਨਾਂ ਹੋਰ ਕੁਝ ਨਾ ਕੀਤਾ ਹੋਵੇ, ਉਨ੍ਹਾਂ ਨੂੰ ਚੇਤੇ ਰੱਖਣ ਦੀ 'ਗ਼ਲਤੀ' ਕੋਈ ਨਹੀਂ ਕਰਨੀ ਚਾਹੁੰਦਾ। ਕਿੰਨੇ ਲੋਕ ਜ਼ਿੰਦਗੀ ਦੇ ਵੱਖ-ਵੱਖ ਮੋੜਾਂ 'ਤੇ ਮਿਲਦੇ ਨੇ, ਕੁਝ ਵੱਧ ਸਮੇਂ ਲਈ ਤੇ ਕੁਝ ਘੱਟ ਲਈ ਪਰ ਕਈ ਵਾਰ ਘੱਟ ਮਿਲਣ ਵਾਲੇ ਵੱਧ ਸਮਾਂ ਚੇਤੇ ਰਹਿ ਜਾਂਦੇ ਨੇ ਤੇ ਬਹੁਤੀ ਵਾਰ ਵੱਧ ਮੁਲਾਕਾਤਾਂ ਵਾਲਾ ਚੇਤੇ 'ਚੋਂ ਕਿਰ ਜਾਂਦੈ, ਕਿਉਂਕਿ ਉਸ ਨੂੰ ਯਾਦ ਰੱਖਣ ਦੀ ਕੋਈ ਖਾਸ ਵਜ੍ਹਾ ਨਹੀਂ ਹੁੰਦੀ, ਉਹਨੇ ਜ਼ਿੰਦਗੀ ਨੂੰ ਸਿਰਫ਼ ਆਪਣੇ ਲਈ ਹੰਢਾਇਆ ਹੁੰਦੈ।

ਜ਼ਿੰਦਗੀ ਜਿਉਣ ਦੀ ਵਜ੍ਹਾ ਕੀ ਹੈ? ਇਹ ਕਿਸੇ ਦਾ ਕਿੰਨਾ ਕੁ ਭਲਾ ਕਰਦੀ ਏ, ਕਿੰਨਾ ਕੁ ਤੜਫ਼ਾਉਂਦੀ, ਰੁਆਉਂਦੀ ਤੇ ਹਸਾਉਂਦੀ ਹੈ, ਇਹੀ ਕਾਰਨ ਕਿਸੇ ਨੂੰ ਚੇਤੇ ਰੱਖਣ ਦਾ ਸਬੱਬ ਬਣ ਜਾਂਦੈ। ਉਂਜ ਤੁਰ ਜਾਣ ਤੋਂ ਬਾਅਦ ਹਮਦਰਦੀ ਵਜੋਂ ਬਹੁਤਿਆਂ ਲਈ 'ਚੰਗੇ' ਬੋਲ ਹੀ ਮੂੰਹੋਂ ਨਿਕਲਦੇ ਨੇ, 'ਵਧੀਆ ਬੰਦਾ ਸੀ...ਰੱਬ ਨੇ ਮਾੜਾ ਕੀਤਾ...ਹਾਲੇ ਉਮਰ ਨਹੀਂ ਸੀ ਜਾਣ ਦੀ...ਬੜਾ ਮਿਲਾਪੜਾ ਸੀ ਉਹ।' ਇਨ੍ਹਾਂ ਬੋਲਾਂ ਦਾ ਇੱਕੋ ਕਾਰਨ ਏ ਕਿ ਜਦੋਂ ਬੰਦਾ ਜਹਾਨ 'ਤੇ ਰਿਹਾ ਹੀ ਨਹੀਂ, ਫਿਰ ਉਸ ਲਈ ਮਾੜਾ ਬੋਲਣ ਦਾ ਕੀ ਲਾਭ? ਪਰ ਕਈਆਂ ਦੇ ਤੁਰ ਜਾਣ ਨੂੰ ਸਮਾਜ, ਸੱਭਿਆਚਾਰ ਅਤੇ ਲੋਕ ਭਲਾਈ ਦੇ ਘਾਟੇ ਨਾਲ ਜੋੜ ਕੇ ਦੇਖਿਆ ਜਾਂਦੈ, ਜਿਵੇਂ ਪੰਜਾਬ ਦੇ ਕਈ ਕਲਾਕਾਰਾਂ, ਲਿਖਾਰੀਆਂ, ਲੀਡਰਾਂ ਤੇ ਸਮਾਜ ਸੇਵੀਆਂ ਬਾਰੇ ਮਹਿਸੂਸ ਕੀਤਾ ਜਾਂਦੈ। ਜਿਉਂਦੇ ਜੀਅ ਚਾਂਦੀ ਰਾਮ ਚਾਂਦੀ ਨੂੰ ਚੰਗਾ ਕਹਿਣ ਵਾਲਿਆਂ



*ਅਮਰ ਸਿੰਘ ਚਮਕੀਲਾ*

ਦੀ ਪਾਲ ਬਹੁਤੀ ਲੰਮੀ ਨਹੀਂ ਸੀ, ਉਸ ਦੀ ਮਲੰਗੀ ਤੋਂ ਬਹੁਤੇ ਲੋਕ ਪਾਸਾ ਵੱਟਦੇ ਸਨ, ਉਹਨੂੰ ਕੁਝ ਦੇਣਾ ਨਾ ਪੈ ਜਾਵੇ, ਇਸ ਲਈ ਉਹਨੂੰ ਵੇਖ ਮੂੰਹ ਭੁਆਂ ਲਿਆ ਜਾਂਦਾ ਸੀ ਪਰ ਤੁਰ ਜਾਣ ਤੋਂ ਬਾਅਦ ਉਹੀ ਚਾਂਦੀ ਰਾਮ ਚਾਂਦੀ ਦੋਗਾਣਿਆਂ ਦੇ ਬਾਦਸ਼ਾਹ ਵਜੋਂ ਜਾਣਿਆ ਜਾਣ ਲੱਗਾ। ਕਾਰਨ ਸਪੱਸ਼ਟ ਸੀ ਕਿ ਉਹਨੇ ਜਿਉਂਦੇ ਜੀਅ ਸਮਾਜ ਵਿਚ ਗਾਇਕੀ ਜ਼ਰੀਏ ਵੱਖਰਾ ਸਥਾਨ ਬਣਾ ਲਿਆ ਪਰ ਸਮਾਂ ਪਾ ਕੇ ਗੁਆਇਆ ਵੀ ਆਪ ਹੀ। ਲੋਕਾਂ ਦੀ ਆਦਤ ਹੈ ਕਿ ਉਹ ਚੜ੍ਹਤ ਵਾਲੇ ਬੰਦੇ ਦੀ ਤਸਵੀਰ ਆਪਣੇ ਢੰਗ ਨਾਲ ਦਿਮਾਗ਼ 'ਚ ਬਣਾ ਛੱਡਦੇ ਨੇ ਤੇ ਜਦੋਂ ਉਹ ਤਸਵੀਰ ਥੋੜ੍ਹੀ ਜਿਹੀ ਵੀ ਵਿਗੜਦੀ ਹੈ ਤਾਂ ਪਰ੍ਹੇ ਹੋ ਖਲੋਂਦੇ ਨੇ ਪਰ ਬਾਅਦ 'ਚ ਸਭ ਮਾਫ਼ ਕਰ ਦਿੱਤਾ ਜਾਂਦੈ। ਠੀਕ ਏਸੇ ਤਰ੍ਹਾਂ ਹੁਣ ਜਦੋਂ ਚਾਂਦੀ ਰਾਮ ਚਾਂਦੀ ਨੂੰ ਚੇਤੇ ਕੀਤਾ ਜਾਂਦੈ ਤਾਂ ਸਭ ਤੋਂ ਪਹਿਲਾਂ ਆਖਿਆ ਜਾਂਦੈ ਕਿ ਉਹ ਕਮਾਲ ਦਾ ਗਵੱਈਆ ਸੀ, ਬੜੇ ਕਮਾਲ ਦੇ ਗੀਤ ਗਾਏ ਪਰ ਨਾਲ ਹੀ ਉਸ ਦੀ ਮਲੰਗੀ ਨੂੰ ਵੱਖਰੀ ਭਾਂਤ ਨਾਲ ਪੇਸ਼ ਕੀਤਾ ਜਾਂਦੈ, 'ਜ਼ਿੰਦਗੀ ਦਾ ਹਰ ਰੰਗ ਉਹਨੇ ਖ਼ੂਬ ਮਾਣਿਆ...ਕਦੇ ਸੌ ਦੇ ਨੋਟ ਦੀ ਸਿਗਰਟ ਬਣਾ ਕੇ ਪੀਂਦਾ ਸੀ ਪਰ ਫੇਰ ਅਜਿਹਾ ਵੇਲ਼ਾ ਵੀ ਦੇਖਿਆ ਜਦੋਂ ਰੁਪਈਆ-ਰੁਪੱਈਆ ਮੰਗਣਾ ਪਿਆ, ਉਹਨੇ ਪੈਸਾ ਜੋੜ ਕੇ ਰੱਖਣ ਤੇ ਭਵਿੱਖ ਬਾਰੇ ਸੋਚਣ ਦੀ ਥਾਂ ਅੱਜ ਨੂੰ ਵਧੀਆ ਢੰਗ ਨਾਲ ਜੀਵਿਆ।'

ਜਿਉਂਦੇ ਜੀਅ ਚਾਂਦੀ ਰਾਮ ਬਾਰੇ ਜਿਹੜੀ ਬਿਆਨਬਾਜ਼ੀ ਹੁੰਦੀ ਸੀ, ਮੌਤ ਤੋਂ ਲੈ ਕੇ ਅੱਜ ਤੱਕ ਉਸ ਵਿਚ ਢੇਰ ਫ਼ਰਕ ਆ ਚੁੱਕੈ ਕਿਉਂਕਿ ਹੌਲੀ-ਹੌਲੀ ਸਾਨੂੰ ਉਹਦੀ ਕਲਾ ਐਬਾਂ ਨਾਲੋਂ ਵੱਡੀ ਲੱਗਣ ਲੱਗ ਗਈ।

ਸਨਮੁੱਖ ਸਿੰਘ ਅਜ਼ਾਦ ਤੋਂ ਮੂੰਹ ਲੁਕੋ ਕੇ ਲੰਘਦਿਆਂ ਕਿੰਨੇ ਹੀ ਲੋਕਾਂ ਨੂੰ ਅੱਖੀਂ ਦੇਖਿਐ। ਦਾਰੂ ਦਾ ਉਹ ਰੱਜ ਕੇ ਸ਼ੌਕੀਨ ਸੀ ਤੇ ਜੇਬ 'ਚ ਬਹੁਤੀ ਵਾਰ ਕੁਝ ਨਹੀਂ ਸੀ ਹੁੰਦਾ। ਉਹਦਾ ਆਪਣਾ ਗੁੱਸਾ ਸੀ ਕਿ ਕਲਾਕਾਰ ਮੇਰੇ ਗੀਤ ਗਾ-ਗਾ ਲੱਖਾਂ ਵਾਲੇ ਬਣ ਗਏ ਪਰ ਮੇਰੇ ਲਈ ਕੁਝ ਨਹੀਂ ਸੋਚਿਆ। ਦੂਜੇ ਪਾਸੇ ਕਲਾਕਾਰਾਂ ਦਾ ਆਪਣਾ ਤਰਕ ਸੀ, 'ਗੀਤਾਂ ਦਾ ਮਿਹਨਤਾਨਾ ਮਿਲਦਾ ਰਿਹੈ ਪਰ ਇਹਨੇ ਸਾਂਭਿਆ ਨਹੀਂ, ਜਿੰਨੇ ਆਏ, ਓਨਿਆਂ ਦੀ ਡਕਾਰ ਲਈ ਤੇ ਹੁਣ ਜਦੋਂ ਕੋਲੋਂ ਲੰਘੀਦਾ ਤਾਂ ਕੁਝ ਨਾ ਕੁਝ ਦੇਣਾ ਪੈਂਦੈ। ਕਿੰਨੀ ਕੁ ਵਾਰ ਇਹਦੇ ਹੱਥ 'ਤੇ ਕੁਝ ਧਰੀਏ।'

ਜਦੋਂ ਉਹ ਤੁਰ ਗਿਆ ਤਾਂ ਸਸਕਾਰ ਵਾਲੇ ਦਿਨ ਤੋਂ ਬਿਆਨ ਬਦਲਣੇ ਸ਼ੁਰੂ ਹੋ ਗਏ, 'ਵਧੀਆ ਗੀਤਕਾਰ ਸੀ, ਨਾ ਕਲਾਕਾਰਾਂ ਸਾਰ ਲਈ ਅਤੇ ਨਾ ਹੀ ਸਰਕਾਰ ਨੇ, ਵਿਚਾਰੇ ਨੇ ਜ਼ਿੰਦਗੀ ਰੁਲ-ਖੁਲ ਕੇ ਹੀ ਕੱਢੀ।' ਇਨ੍ਹਾਂ ਵਿਚੋਂ ਬਹੁਤੇ ਉਹ ਸਨ ਤੇ ਹਨ, ਜਿਨ੍ਹਾਂ ਕਿਸੇ ਵੇਲ਼ੇ ਉਹਨੂੰ ਬੰਦਾ ਸਮਝਣਾ ਹੀ ਬੰਦ ਕਰ ਦਿੱਤਾ ਸੀ।

ਯਾਦ ਹੈ ਉਹ ਵੇਲ਼ਾ ਜਦੋਂ ਉਹਨੇ ਮਾਨਸਿਕ ਪ੍ਰੇਸ਼ਾਨੀ ਕਰਕੇ ਖੁਦ ਨੂੰ ਅੱਗ ਲਾ ਲਈ ਸੀ। ਬੜਾ ਮੰਦਾ ਹਾਲ ਸੀ ਉਸ ਦਾ। ਕਿਸੇ ਨੇ ਬਾਂਹ ਨਾ ਫੜੀ। ਅਖੀਰ ਦੇਵ ਥਰੀਕਿਆਂ ਵਾਲਾ ਦੇ ਕਹਿਣ 'ਤੇ ਇੰਗਲੈਂਡ ਦੀ 'ਦੇਵ ਥਰੀਕੇ ਐਪਰੀਸੇਸ਼ਨ ਸੋਸਾਇਟੀ' ਵੱਲੋਂ ਦਸ ਹਜ਼ਾਰ ਰੁਪਏ ਨਾਲ ਉਸ ਦੀ ਮਦਦ ਕੀਤੀ ਗਈ। ਉਦੋਂ ਵੀ ਕਈ ਕਹਿੰਦੇ ਸਨ, 'ਇਹਦੀ ਮਦਦ ਕੀ ਲੋੜ! ਇਹਨੇ ਇਨ੍ਹਾਂ ਪੈਸਿਆਂ ਦੀ ਵੀ ਦਾਰੂ ਪੀ ਛੱਡਣੀ ਏ।'




*ਸੀਤਲ ਸਿੰਘ ਸੀਤਲ ਤੇ ਸੀਮਾ*

ਜਗਮੋਹਣ ਕੌਰ ਦਾ ਗਾਇਕੀ 'ਚ ਯੋਗਦਾਨ ਕਿਸੇ ਤੋਂ ਲੁਕਿਆ-ਛੁਪਿਆ ਨਹੀਂ ਪਰ ਜਿਉਂ-ਜਿਉਂ ਉਸਦੀ ਪ੍ਰਸਿੱਧੀ ਦਾ ਗ੍ਰਾਫ਼ ਵਧਦਾ ਗਿਆ, ਤਿਉਂ-ਤਿਉਂ ਦੱਬੀ ਸੁਰ 'ਚ ਆਲੋਚਨਾ ਕਰਨ ਵਾਲਿਆਂ ਦਾ ਕਾਫ਼ਲਾ ਵੀ ਵਧਦਾ ਗਿਆ। ਹੌਲੀ-ਹੌਲੀ ਉਹ ਗੱਲਾਂ ਵੀ ਹੋਣ ਲੱਗੀਆਂ, ਜਿਹੜੀਆਂ ਇੱਕ ਤੋਂ ਦੂਜੇ ਮੂੰਹ ਤੱਕ ਪਹੁੰਚਦੀਆਂ ਹੋਰ ਤੋਂ ਹੋਰ ਬਣ ਜਾਂਦੀਆਂ ਨੇ। ਕਲਾ ਦੀ ਕਦਰ ਕਰਨ ਵਾਲਿਆਂ ਨੂੰ ਇਹ ਸਭ ਚੁਭਦੀਆਂ ਤੇ ਚਸਕਾ ਲੈਣ ਵਾਲਿਆਂ ਨੂੰ ਸਵਾਦਲੀਆਂ ਲੱਗਦੀਆਂ ਪਰ ਜਦੋਂ ਉਹ ਤੁਰ ਗਈ ਤਾਂ ਗ਼ਲਤ ਬੋਲਣ ਵਾਲਿਆਂ ਗੁੱਛੀ ਮਾਰ ਲਈ। ਅੱਜ ਤੱਕ ਉਹਦੀ ਕਲਾ ਦੀ ਕਦਰ ਕੀਤੀ ਜਾਂਦੀ ਏ ਤੇ ਕੀਤੀ ਜਾਣੀ ਵੀ ਚਾਹੀਦੀ ਏ ਕਿਉਂਕਿ ਉਹਦੇ ਵਰਗੀਆਂ ਫ਼ਨਕਾਰਾਂ ਬਹੁਤ ਘੱਟ ਹੁੰਦੀਆਂ ਨੇ।

ਲਾਲ ਚੰਦ ਯਮਲਾ ਜੱਟ, ਦੀਦਾਰ ਸੰਧੂ ਅਤੇ ਹਰਚਰਨ ਗਰੇਵਾਲ ਦੇ ਜਿਉਂਦੇ ਜੀਅ ਉਨ੍ਹਾਂ ਦੇ ਗੀਤਾਂ ਦਾ ਵੀ ਆਨੰਦ ਮਾਣਿਆ ਗਿਆ ਤੇ ਉਨ੍ਹਾਂ ਦੇ ਨਾਂ ਨਾਲ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਵੀ ਜੋੜੀਆਂ ਜਾਂਦੀਆਂ ਰਹੀਆਂ। ਉਹ ਸਾਊ ਬੰਦੇ ਆਪਣੇ ਕੰਮ 'ਚ ਮਸਤ ਰਹੇ ਤੇ ਜਦੋਂ ਜਹਾਨ ਤੋਂ ਤੁਰ ਗਏ, ਉਦੋਂ ਤੋਂ ਉਨ੍ਹਾਂ ਦੀ ਕਲਾ ਨੂੰ ਚੇਤੇ ਕੀਤਾ ਜਾਂਦੈ, ਉਨ੍ਹਾਂ ਦੇ ਨਾਂਵਾਂ ਨਾਲ ਵਿਸ਼ੇਸ਼ਣ ਲਾਏ ਜਾਂਦੇ ਨੇ, ਉਨ੍ਹਾਂ ਦੇ ਨਾਂ 'ਤੇ ਮੇਲੇ ਹੁੰਦੇ ਨੇ, ਉਨ੍ਹਾਂ ਦੀ ਵਿਰਾਸਤ ਨੂੰ ਸਾਂਭਣ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਨੇ ਪਰ ਜਿਉਂਦੇ ਜੀਅ ਮਾੜਾ ਕਹਿਣ ਵਾਲਿਆਂ ਦਾ ਮੂੰਹ ਨਾ ਫੜਿਆ ਜਾ ਸਕਿਆ।

ਅਮਰ ਸਿੰਘ ਚਮਕੀਲਾ ਤੇ ਅਮਰਜੋਤ ਨੂੰ ਲੱਖਾਂ ਨੇ ਮਾੜਾ ਕਿਹਾ ਤੇ ਲੱਖਾਂ ਨੇ ਹੀ ਚੰਗਾ। ਮਾੜਾ ਕਹਿਣ ਵਾਲੇ ਗੀਤਾਂ ਦੇ ਨਾਲ-ਨਾਲ ਉਸਦੇ ਕਿਰਦਾਰ ਨੂੰ ਵੀ ਭੰਡਦੇ ਤੇ ਚੰਗਾ ਕਹਿਣ ਵਾਲੇ ਕਿਰਦਾਰ ਨੂੰ ਪਾਸੇ ਰੱਖ ਸਿਰਫ਼ ਗੀਤਾਂ ਦਾ ਆਨੰਦ ਮਾਣਦੇ। ਮਾੜਾ ਕਹਿਣ ਵਾਲਿਆਂ ਨੂੰ ਇੱਕ ਪਾਸੇ ਉਸ ਵੱਲੋਂ ਦੋ-ਅਰਥੇ ਗੀਤ ਗਾਉਣ ਦਾ ਦੁੱਖ ਸੀ ਤੇ ਦੂਜੇ ਪਾਸੇ ਪਹਿਲੀ ਦੇ ਹੁੰਦਿਆਂ ਦੂਜੀ ਰੱਖਣ ਦਾ। ਇਸ ਮੁੱਦੇ ਨੂੰ ਰੱਜ ਕੇ ਉਛਾਲਿਆ ਗਿਆ ਪਰ ਉਹ ਆਪਣੀ ਧੁਨ 'ਚ ਮਸਤ ਰਿਹਾ।

ਜਦੋਂ ਮਹਿਸਮਪੁਰ 'ਚ ਉਹਦੇ ਗੋਲੀ ਮਾਰ ਦਿੱਤੀ ਗਈ ਤਾਂ ਨਾਲ ਦੀ ਨਾਲ ਉਸ ਬਾਰੇ ਵਿਚਾਰ ਬਦਲ ਗਏ। ਅੱਜ ਤੱਕ ਉਸ ਬਾਰੇ ਇਹ ਕਿਹਾ ਜਾਂਦੈ ਕਿ ਉਹਦੇ ਵਰਗਾ ਤਰਜ਼ ਘਾੜਾ, ਗੀਤਕਾਰ ਤੇ ਗਾਇਕ ਕੋਈ ਹੋਰ ਨਹੀਂ ਹੋ ਸਕਿਆ। ਜਿਹੜੇ ਉਹਦੇ ਬਾਰੇ ਮਾੜਾ ਆਖਦੇ ਸਨ, ਉਹੀ ਉਹਨੂੰ ਚੰਗਾ ਆਖ ਰਹੇ ਨੇ ਕਿਉਂਕਿ ਉਹਨੇ ਤਾਂ ਹੁਣ ਆਉਣਾ ਨਹੀਂ ਪਰ ਉਹਦੀਆਂ ਯਾਦਾਂ ਨੇ ਆਉਂਦੇ ਰਹਿਣੈ।

ਸੀਤਲ ਸਿੰਘ ਸੀਤਲ ਨੇ ਜ਼ਿੰਦਗੀ ਦੇ ਕਿੰਨੇ ਉਤਾਰ-ਚੜ੍ਹਾਅ ਦੇਖੇ। ਇੱਕ ਵੇਲ਼ਾ ਸੀ ਜਦੋਂ ਉਹ ਸੁਰਿੰਦਰ ਸੀਮਾ ਨਾਲ ਗਾਉਂਦਾ-ਗਾਉਂਦਾ ਕੋਠੀਆਂ-ਕਾਰਾਂ ਵਾਲਾ ਬਣ ਗਿਆ ਸੀ ਪਰ ਪ੍ਰਸਿੱਧੀ ਜਿਹੜੇ ਹਿਸਾਬ ਨਾਲ ਆਈ, ਓਸੇ ਨਾਲ ਵਾਪਸ ਚਲੀ ਗਈ। ਜਦੋਂ ਗਈ ਤਾਂ ਸਵਾਦ ਲੈਣ ਵਾਲਿਆਂ ਦੀ ਸੁਰ ਉਚੀ ਹੋ ਗਈ ਕਿ ਇਹ ਬੰਦਾ ਉਸ ਜਨਾਨੀ 'ਤੇ ਇਤਬਾਰ ਕਰ ਬੈਠਾ ਜਿਹੜੀ ਸਿਰਫ਼ ਇਹਦੀ ਕਮਾਈ ਨੂੰ ਪਿਆਰ ਕਰਦੀ ਸੀ, ਇਹਦੇ ਨਾਲ ਏਦਾਂ ਹੀ ਹੋਣੀ ਚਾਹੀਦੀ ਸੀ। ਕਿਸੇ ਨੇ ਉਹਨੂੰ ਮੂੰਹ ਨਾ ਲਾਇਆ ਪਰ ਜਦੋਂ ਸੀਤਲ ਵੀ ਚਲਾ ਗਿਆ ਤਾਂ ਆਖਿਆ ਜਾਣ ਲੱਗਾ, 'ਪੂਰੀ ਚੜ੍ਹਤ ਸੀ ਕਿਸੇ ਵੇਲ਼ੇ ਉਹਦੀ, ਨਵਾਬਾਂ ਵਰਗੀ ਜ਼ਿੰਦਗੀ ਜੀਵੀ ਉਹਨੇ, ਉਹਦੇ ਵਰਗਾ ਦਰਿਆਦਿਲ ਵੀ ਕੋਈ ਨਹੀਂ ਸੀ ਤੇ ਮਹਾਰਾਜਿਆਂ ਵਾਂਗ ਜ਼ਿੰਦਗੀ ਦਾ ਹਰ ਰੰਗ ਮਾਣਨ ਵਾਲਾ ਵੀ ਕੋਈ ਹੋਰ ਨਹੀਂ ਹੋ ਸਕਦਾ।'

ਇਨਸਾਨੀ ਸੁਭਾਅ ਹੈ ਕਿ ਇਹ ਚੰਗੇ ਨੂੰ 'ਚੰਗਾ' ਕਹਿਣ ਵੇਲ਼ੇ ਲੱਖ ਵਾਰ ਸੋਚਦੈ ਪਰ 'ਮਾੜਾ' ਕਹਿਣ ਵੇਲ਼ੇ ਇਨ੍ਹਾਂ ਦਾ ਕੋਈ ਜ਼ੋਰ ਨਹੀਂ ਲੱਗਦਾ। ਮਾੜਾ ਕਹਿਣਾ ਇਨ੍ਹਾਂ ਲਈ ਖੇਡ ਹੈ। ਇਨ੍ਹਾਂ 'ਚੋਂ ਬਹੁਤੇ ਉਹ ਨੇ, ਜਿਨ੍ਹਾਂ ਦੀ ਸੋਚ ਏਨੀ ਪੇਤਲੀ ਹੁੰਦੀ ਏ ਕਿ ਜੋ ਸੁਣ ਲਿਆ, ਉਹਨੂੰ ਅੱਗੇ ਸਪਲਾਈ ਕਰਦੇ ਰਹਿੰਦੇ ਨੇ। ਕਾਰਨ ਦੇ ਪਿਛੋਕੜ ਵੱਲ ਜਾਣਾ ਇਨ੍ਹਾਂ ਦੀ ਅਕਲ ਹਿੱਸੇ ਨਹੀਂ ਆਉਂਦਾ। ਚਾਰ ਜਣੇ ਜਦੋਂ ਚੰਗਾ ਕਹਿ ਜਾਂਦੇ ਨੇ ਤਾਂ ਇਨ੍ਹਾਂ ਦੀ ਨਜ਼ਰ 'ਚ ਉਹ ਚੰਗਾ ਹੋ ਜਾਂਦੈ ਤੇ ਚਾਰ ਜਦੋਂ ਮਾੜਾ ਕਹਿ ਜਾਣ ਤਾਂ ਮਾੜਾ ਹੋ ਜਾਂਦੈ।

ਜਿਵੇਂ-ਜਿਵੇਂ ਸੁਰਜੀਤ ਬਿੰਦਰਖੀਆ ਹਿੱਟ ਹੁੰਦਾ ਗਿਆ, ਉਵੇਂ-ਉਵੇਂ ਉਹਦੇ 'ਮਾੜੇ' ਬਾਰੇ ਹੁੰਦੀਆਂ ਗੱਲਾਂ ਵੀ ਹਿੱਟ ਹੁੰਦੀਆਂ ਗਈਆਂ। ਕਿਸੇ ਥਾਂ ਉਹਨੇ ਲੇਟ ਪਹੁੰਚਣਾ ਤਾਂ ਗੱਲ ਉਡ ਜਾਣੀ, 'ਦਾਰੂ ਨਾਲ ਰੱਜਿਆ ਕਿਤੇ ਡਿੱਗਿਆ ਹੋਵੇਗਾ, ਉਹਨੂੰ ਤਾਂ ਸੁੱਧ ਹੀ ਨਹੀਂ ਰਹਿੰਦੀ ਕਿ ਕੀ ਕਰੀ ਜਾਂਦੈ?' ਜਦੋਂ ਮੌਤ ਹੋ ਗਈ ਤਾਂ ਸਭ ਨੇ ਉਸ ਨੂੰ ਬੁਲੰਦ ਅਵਾਜ਼ ਦਾ ਮਾਲਕ, ਹਿੱਕ ਦੇ ਜ਼ੋਰ 'ਤੇ ਗਾਉਣ ਵਾਲਾ ਤੇ ਡੀ.ਜੇ. ਕਿੰਗ ਆਖਣਾ ਸ਼ੁਰੂ ਕਰ ਦਿੱਤਾ।




*ਕੁਲਦੀਪ ਪਾਰਸ*

ਇਹੀ ਸਭ ਕੁਲਵਿੰਦਰ ਢਿੱਲੋਂ, ਕੁਲਦੀਪ ਪਾਰਸ, ਕਾਕਾ ਭੈਣੀਵਾਲਾ, ਗੁਰਮੀਤ ਨਾਗਰਾ, ਰੋਮੀ ਗਿੱਲ ਤੇ ਹੋਰਾਂ ਨਾਲ ਹੋਇਆ। ਕੁਲਵਿੰਦਰ ਦੀ ਦਾਰੂ ਬਾਰੇ ਬੜੀਆਂ ਗੱਲਾਂ ਛਿੜੀਆਂ ਪਰ ਜਦੋਂ ਮੌਤ ਹੋ ਗਈ ਤਾਂ ਉਹਦੇ ਨਾਂ ਮੇਲਾ ਕਰਾਉਣ ਦੀ ਗੱਲ ਅਰੰਭੀ ਗਈ। ਕੁਲਦੀਪ ਪਾਰਸ ਬਾਰੇ ਮਸ਼ਹੂਰ ਰਿਹਾ ਕਿ ਗਾਇਆ ਉਹਨੇ ਚੰਗਾ ਪਰ ਦਾਰੂ ਏਨੀ ਮਾੜੀ ਰਹੀ ਕਿ ਉਠਣ ਵੇਲ਼ੇ ਤੋਂ ਪੈਗ ਚਾਹੀਦਾ ਸੀ। ਗੁਰਮੀਤ ਨਾਗਰਾ ਬਾਰੇ ਗੱਲ ਛਿੜੀ ਕਿ ਉਹ ਗ਼ਲਤ ਲੋਕਾਂ ਅੜਿੱਕੇ ਚੜ੍ਹ ਗਿਆ ਪਰ ਜਦੋਂ ਜੇਲ੍ਹ ਵਿਚ ਉਹਦੀ ਮੌਤ ਹੋ ਗਈ ਤਾਂ ਸਭ ਨੇ ਆਖਿਆ, 'ਜੇ ਉਹ ਜਿਉਂਦਾ ਰਹਿ ਜਾਂਦਾ ਤਾਂ ਗਾਇਕੀ ਦਾ ਸਟਾਰ ਬਣ ਸਕਦਾ ਸੀ।'

ਇਵੇਂ ਹੀ ਕਾਕਾ ਭੈਣੀਵਾਲਾ ਬਾਰੇ ਮਸ਼ਹੂਰ ਰਿਹਾ ਕਿ ਪੀਤੇ ਬਿਨਾਂ ਉਸ ਤੋਂ ਗਾਇਆ ਨਹੀਂ ਜਾਂਦਾ ਤੇ ਪੀ ਕੇ ਉਹ ਗਾਉਣ ਦੇ ਕਾਬਲ ਨਹੀਂ ਰਹਿੰਦਾ ਪਰ ਜਦੋਂ ਉਹ ਤੁਰ ਗਿਆ ਤਾਂ ਸਾਰਿਆਂ ਇਕਸੁਰ 'ਚ ਆਖਿਆ, 'ਉਹਦੇ ਵਰਗੀ ਬੜ੍ਹਕਦਾਰ ਅਵਾਜ਼ ਜਣੇ-ਖਣੇ ਹਿੱਸੇ ਨਹੀਂ ਆ ਸਕਦੀ, ਕੁਦਰਤ ਨੇ ਵਿਚਾਰੇ ਨਾਲ ਧੱਕਾ ਕੀਤੈ।'

ਇਹ ਸਭ ਕਿਉਂ ਹੁੰਦੈ, ਲੋਕ ਜਿਉਂਦੇ ਜੀਅ ਕਲਾਵਾਨ ਦੀ ਕਦਰ ਕਿਉਂ ਨਹੀਂ ਕਰਦੇ, ਮਰਿਆਂ ਨੂੰ ਪੂਜਣ ਵਾਲੀ ਬਿਰਤੀ ਕਦੋਂ ਤੱਕ ਲੋਕਾਂ ਦੀ ਸੋਚ ਦਾ ਹਿੱਸਾ ਬਣੀ ਰਹੇਗੀ? ਕਿੰਨਾ ਪ੍ਰੇਸ਼ਾਨ ਕਰਦੇ ਨੇ ਇਹ ਸਵਾਲ। ਜਦੋਂ ਮੈਂ ਗੁਰਪਾਲ ਸਿੰਘ ਪਾਲ ਬਾਰੇ ਕਿਤਾਬ ਲਿਖਣੀ ਸ਼ੁਰੂ ਕੀਤੀ ਸੀ ਤਾਂ ਬੜਿਆਂ ਆਖਿਆ, 'ਇਹਦੇ ਬਾਰੇ ਲਿਖਣ ਦਾ ਕੀ ਫ਼ਾਇਦਾ? ਇਹ ਆਪਣੀ ਹੋਣੀ ਲਈ ਆਪ ਜ਼ਿੰਮੇਵਾਰ ਏ, ਜ਼ਿੰਦਗੀ 'ਚ ਏਦਾਂ ਕੀਤਾ, ਓਦਾਂ ਕੀਤਾ।' ਪਰ ਜਦੋਂ ਉਨ੍ਹਾਂ ਨੂੰ ਜਵਾਬ ਦੇਣਾ, 'ਤੁਸੀਂ 'ਪਾਲੀ ਪਾਣੀ ਖੂਹ ਤੋਂ ਭਰੇ', 'ਸਿੱਖੀ ਦਾ ਬੂਟਾ', 'ਪੈਸਾ ਜਿਵੇਂ ਨਚਾਈ ਜਾਂਦਾ' ਗੀਤਾਂ ਨੂੰ ਸਟੇਜਾਂ 'ਤੇ ਸੁਣਦੇ ਓ ਕਿ ਘਰ ਦੀਆਂ ਗੱਲਾਂ ਨੂੰ...ਜੇ ਤੁਹਾਨੂੰ ਇਹਦੀ ਕਲਾ ਨਾਲ ਪਿਆਰ ਨਹੀਂ ਤਾਂ ਘਰੇਲੂ ਗੱਲਾਂ ਨਾਲ ਏਨੀ ਤਕਲੀਫ਼ ਕਿਉਂ? ਜੇ ਉਹਨੇ ਨਹੀਂ ਸੋਚਿਆ ਤਾਂ ਤੁਸੀਂ ਕਿਉਂ ਸੋਚਦੇ ਓ? ਜੇ ਉਹਦਾ ਕੋਈ ਮਸਲਾ ਹੱਲ ਨਹੀਂ ਕਰ ਸਕਦੇ ਤਾਂ ਢਾਣੀਆਂ ਬਣਾ ਕੇ ਗੱਲਾਂ ਕਿਉਂ ਕਰਦੇ ਓਂ?' ਤਾਂ ਕਹਿਣ ਵਾਲਿਆਂ ਚੁੱਪ ਵੱਟ ਲਈ।

ਕਹਿਣ ਦਾ ਭਾਵ ਅਸੀਂ ਮੋਇਆਂ ਨੂੰ ਸਤਿਕਾਰ ਦੇ ਗੱਫ਼ੇ ਦਿੰਦੇ ਹਾਂ ਪਰ ਜਿਊਂਦਿਆਂ ਨੂੰ ਧੱਫ਼ਿਆਂ ਤੋਂ ਸਿਵਾ ਕੁਝ ਨਹੀਂ ਦਿੰਦੇ। ਜਿਹੜੇ ਕਲਾਕਾਰਾਂ ਨੂੰ ਚੰਗੀ ਗਾਇਕੀ ਕਰਕੇ ਅੱਜ ਚੇਤੇ ਕੀਤਾ ਜਾਂਦੈ, ਉਨ੍ਹਾਂ ਯਾਦ ਰੱਖਣ ਵਾਲੇ ਕੰਮ ਕੀਤੇ ਤੇ ਜਿਹੜੇ ਜਿਉਂਦੇ ਜੀਅ ਕਲਾ ਦੇ ਨਾਂ 'ਤੇ ਖੇਹ ਸੁਆਹ ਪੇਸ਼ ਕਰ ਰਹੇ ਨੇ, ਉਨ੍ਹਾਂ ਦਾ ਸਤਿਕਾਰ ਨਾ ਜਿਊਂਦਿਆਂ ਹੋ ਸਕਿਐ ਤੇ ਨਾ ਹੀ ਜਾਣ ਤੋਂ ਬਾਅਦ ਹੋਣੈ। ਤੁਰ ਸਭ ਨੇ ਜਾਣੈ ਪਰ ਯਾਦ ਹਮੇਸ਼ਾ ਉਨ੍ਹਾਂ ਨੂੰ ਰੱਖਿਆ ਜਾਂਦੈ, ਜਿਨ੍ਹਾਂ ਸਮਾਜ ਤੋਂ ਕੁਝ ਲੈਣ ਨਾਲੋਂ ਇਸ ਨੂੰ ਦਿੱਤਾ ਵੱਧ ਹੋਵੇ। ਕੋਈ ਬੰਦਾ ਨਿਰੀ-ਪੁਰੀ ਸਮਾਜ ਸੇਵਾ ਨਾਲ ਨਹੀਂ ਜੁੜਿਆ, ਸਭ ਦੇ ਪੇਟ ਲੱਗੈ, ਸਭ ਦੇ ਪਰਿਵਾਰ ਨੇ ਪਰ ਜਿਹੜੇ ਰੋਟੀ ਦੇ ਨਾਲ-ਨਾਲ ਲੋਕਾਈ ਦੇ ਹਿੱਤਾਂ ਦੀ ਗੱਲ ਵੀ ਕਰਦੇ ਨੇ, ਜ਼ਮਾਨਾ ਹਮੇਸ਼ਾ ਉਨ੍ਹਾਂ ਨੂੰ ਹੀ ਚੇਤੇ ਰੱਖਦੈ।



*ਸਨਮੁਖ ਸਿੰਘ ਆਜ਼ਾਦ*

ਮੋਇਆਂ ਦੇ ਮੇਲੇ ਲਾਉਣ ਦੀ ਓਨੀ ਲੋੜ ਨਹੀਂ, ਜਿੰਨੀ ਜਿਊਂਦਿਆਂ ਨੂੰ ਰੋਟੀ ਦੇਣ ਦੀ ਹੈ। ਲੱਖੀ ਵਣਜਾਰਾ, ਉਤਮ ਸਿੰਘ ਭੋਲ਼ਾ ਨਾਥ, ਰਾਮ ਸ਼ਰਨ ਜੋਸ਼ੀਲਾ, ਪਾਲ ਮਜਾਰੇ ਵਾਲਾ, ਦਲੀਪ ਸਿੰਘ ਦੀਪ, ਮੋਹਣ ਸਿੰਘ ਮਸਤਾਨਾ, ਸੁਰਿੰਦਰ ਸੋਨੀਆ ਤੇ ਦਰਜਨਾਂ ਹੋਰ ਕਲਾਵਾਨ ਸਾਡੇ ਸਾਹਮਣੇ ਨੇ, ਜਿਨ੍ਹਾਂ ਨੂੰ ਆਸਰੇ ਦੀ ਲੋੜ ਹੈ, ਜਿਨ੍ਹਾਂ ਗਾਇਆ ਵੀ ਬਹੁਤ, ਕਮਾਇਆ ਵੀ ਬਹੁਤ ਤੇ ਗੁਆਇਆ ਵੀ ਬਹੁਤ ਪਰ ਜੇ ਅਸੀਂ ਸਿਰਫ਼ ਇਸ ਗੱਲ ਨੂੰ ਮੁੱਖ ਰੱਖੀ ਰੱਖਾਂਗੇ ਕਿ ਇਹ ਆਪਣੀ ਮੰਦੀ ਹਾਲਤ ਲਈ ਖੁਦ ਜ਼ਿੰਮੇਵਾਰ ਨੇ, ਜਦੋਂ ਇਨ੍ਹਾਂ ਆਪਣੇ ਬਾਰੇ ਕੁਝ ਨਹੀਂ ਸੋਚਿਆ ਤਾਂ ਅਸੀਂ ਕਿਉਂ ਸੋਚੀਏ ਤਾਂ ਮਰਨ ਮਗਰੋਂ ਮਜਮੇ ਲਾਉਣ ਦਾ ਵੀ ਕੋਈ ਲਾਭ ਨਹੀਂ। ਮਾੜਾ ਵੇਲ਼ਾ ਕਿਸੇ ਤੋਂ ਪੁੱਛ ਕੇ ਨਹੀਂ ਆਉਂਦਾ। ਹਰ ਬੰਦੇ ਨੂੰ ਆਪਣੀ ਸੋਚਣੀ 'ਤੇ ਲੋੜੋਂ ਵੱਧ ਮਾਣ ਹੁੰਦਾ ਏ, ਖੁਦ ਦੀ ਸਿਆਣਪ ਅੱਗੇ



*ਸੁਰਜੀਤ ਬਿੰਦਰਖੀਆ*

ਬਾਕੀਆਂ ਦੀ ਅਕਲ ਬੌਣੀ ਲੱਗਦੀ ਏ ਪਰ ਵਕਤ ਤਖ਼ਤਾ ਪਲਟਦਾ ਦੇਰ ਨਹੀਂ ਲਾਉਂਦਾ।

ਤੁਰ ਜਾਣ ਵਾਲਿਆਂ ਦਾ ਸਤਿਕਾਰ ਸਾਡੇ ਅੰਦਰ ਜ਼ਰੂਰ ਹੋਣਾ ਚਾਹੀਦੈ ਪਰ ਉਨ੍ਹਾਂ ਨੂੰ ਮੋੜਿਆ ਨਹੀਂ ਜਾ ਸਕਦਾ ਪਰ ਜਿਹੜੇ ਜਿਉਂਦੇ ਨੇ, ਉਨ੍ਹਾਂ 'ਚ ਨੁਕਸ ਕੱਢਣ ਨਾਲੋਂ ਕਲਾ ਦੇ ਆਸ਼ਕ ਬਣੇ ਰਹਿਣਾ ਚਾਹੀਦੈ। ਜਿਹੜਿਆਂ ਉਮਰ ਭਰ ਮਲੰਗੀ ਕੀਤੀ, ਉਨ੍ਹਾਂ ਨਾਲ ਜੇ ਅਸੀਂ ਵੀ 'ਚੰਗੀ' ਨਹੀਂ ਕਰਦੇ ਤਾਂ ਜਿੰਨੇ ਗ਼ਲਤ ਉਹ ਸਨ, ਓਨੇ ਹੀ ਅਸੀਂ ਹਾਂ। ਤੇ ਜਦੋਂ ਦੋਹੇਂ ਧਿਰਾਂ ਗ਼ਲਤ ਨੇ ਤਾਂ ਕਿਸੇ ਇੱਕ ਵੱਲ ਉਂਗਲ ਕਰਨੀ ਸ਼ੋਭਦੀ ਨਹੀਂ।

## ਧਰਮ ਦੇ ਨਾਂ 'ਤੇ ਵੰਡੀਆਂ ਪਾਉਣ ਵਾਲਿਆਂ ਦੇ ਨਾਂ

ਇਨਸਾਨੀਅਤ ਦੀ ਵੀ ਤੁਸੀਂ ਕਦਰ ਕਰਿਓ,
ਕਿਤੇ ਐਵੇਂ ਨੁਕਤਾਚੀਨ ਰਹਿ ਜਾਇਓ ਨਾ।

ਰੱਖੜੀ, ਲੋਹੜੀ, ਦੀਵਾਲੀ, ਦੁਸਹਿਰਾ ਨੇ ਸਾਡੇ,
ਹੁਣ ਤਿਉਹਾਰਾਂ 'ਚ ਕਿਤੇ ਵੰਡੀਆਂ ਪਾਇਓ ਨਾ।

ਬਥੇਰਾ ਸੰਤਾਪ ਹੰਢਾ ਕੇ ਵੇਖ ਲਿਆ ਪੰਜਾਬ ਨੇ,
ਹੁਣ ਹੋਰ ਕਿਸੇ ਮਾਂ ਦੇ ਵੈਣ ਪਵਾਇਓ ਨਾ।

ਕਹੀਆਂ, ਦਾਤੀਆਂ ਦੀ ਹੈ ਸਾਂਝ ਇਕ-ਦੂਜੇ ਨਾਲ,
ਹੁਣ ਸਾਡੇ ਵਿਹੜੇ ਕਿਤੇ ਕੰਧਾਂ ਪਵਾਇਓ ਨਾ।

ਰੱਬ ਰਹਿਣ ਦਿਓ ਮੰਦਰਾਂ ਗੁਰਦੁਆਰਿਆਂ ਵਿਚ,
ਹਿੰਦੂ ਸਿੱਖ ਨੂੰ ਤੁਸੀਂ ਆਪਸ 'ਚ ਲੜਾਇਓ ਨਾ।

ਇਨਸਾਨ ਨੂੰ ਇਨਸਾਨ ਹੀ ਰਹਿਣ ਦਿਓ ਦੋਸਤੋ,
ਕਿਤੇ ਇਹਨੂੰ ਵੀ ਭਗਵਾਨ ਬਣਾਇਓ ਨਾ।

ਧਰਮ ਤੋਂ ਉਪਰ ਉਠ ਕੇ ਸਤਿਕਾਰ ਕਰਿਓ,
ਸਤਿੰਦਰਾ ਐਵੇਂ ਦਲੀਲਾਂ 'ਚ ਹੀ ਰਹਿ ਜਾਇਓ ਨਾ।

*-ਸਤਿੰਦਰ ਸਿੰਘ ਸੁਸਾਣਾ*



# ਬਾਲੀਵੁੱਡ ਵਿਚ ਕਾਮੇਡੀ ਕਲਾਕਾਰ

ਹਿੰਦੀ ਫ਼ਿਲਮਾਂ ਵਿਚ ਮਜ਼ਾਹੀਆ ਅਦਾਕਾਰਾਂ ਦੀ ਸ਼ੁਰੂ ਤੋਂ ਹੀ ਅਹਿਮੀਅਤ ਰਹੀ ਹੈ। ਭਾਵੇਂ ਫ਼ਿਲਮ ਕਿੰਨੇ ਹੀ ਸੰਜੀਦਾ ਵਿਸ਼ੇ 'ਤੇ ਬਣੀ ਹੋਵੇ, ਦਰਸ਼ਕ ਉਸ ਵਿਚ ਹਾਸੇ ਦੇ ਪਲ ਲੱਭ ਹੀ ਲੈਂਦੇ ਹਨ ਤੇ ਉਨ੍ਹਾਂ ਨੂੰ ਇਹ ਪਲ ਹਾਸ-ਕਲਾਕਾਰ ਮੁਹੱਈਆ ਕਰਵਾਉਂਦੇ ਹਨ। ਪੁਰਾਣੀਆਂ ਫ਼ਿਲਮਾਂ ਵਿਚ ਕਾਮੇਡੀ ਨੂੰ ਹਰਮਨਪਿਆਰਾ ਬਣਾਉਣ ਲਈ ਯਾਕੂਬ, ਗੋਪ ਸੇਠ, ਭਗਵਾਨ ਦਾਦਾ, ਜਾਨੀ ਵਾਕਰ, ਸੁੰਦਰ, ਆਗਾ, ਮੁਕਰੀ, ਆਈ.ਐਸ. ਜੌਹਰ, ਧੂਮਲ, ਕਨ੍ਹੱਈਆ ਲਾਲ, ਓਮ ਪ੍ਰਕਾਸ਼, ਜਗਦੀਪ, ਰਜਿੰਦਰ ਨਾਥ, ਮਹਿਮੂਦ, ਦੁਰਗਾ ਮੋਟਾ, ਕਿਸ਼ੋਰ ਕੁਮਾਰ, ਮੋਹਨ ਚੋਟੀ, ਕੈਸਟੋ ਮੁਖਰਜੀ, ਗੁਲਸ਼ਨ ਬਾਵਰਾ, ਰਣਧੀਰ, ਚਾਰਲੀ, ਅਸ਼ਰਾਨੀ ਨੇ ਪੂਰੀ ਵਾਹ ਲਾਈ ਸੀ। ਕਾਮੇਡੀ ਕਹਾਣੀ ਦਾ ਜ਼ਰੂਰੀ ਹਿੱਸਾ ਹੁੰਦੀ ਸੀ।

ਹਿੰਦੀ ਫ਼ਿਲਮਾਂ ਵਿਚ ਕਾਮੇਡੀ ਦੀ ਸ਼ੁਰੂਆਤ ਯਾਕੂਬ ਤੇ ਗੋਪ ਸੇਠ ਤੋਂ ਮੰਨੀ ਜਾਂਦੀ ਹੈ। ਗੋਪ ਜਿੱਥੇ ਮੋਟੇ ਸਨ ਉਥੇ ਯਾਕੂਬ ਪਤਲੇ ਸਨ ਤੇ ਇਨ੍ਹਾਂ ਦੋਵਾਂ ਦੀ ਜੋੜੀ ਅੰਗਰੇਜ਼ੀ ਫ਼ਿਲਮਾਂ ਦੇ ਲਾਰੇਲ ਐਂਡ ਹਾਰਡੀ ਦੀ ਯਾਦ ਦਿਵਾਉਂਦੀ ਸੀ। ਅਰੰਭਕ ਦੌਰ ਵਿਚ ਜਾਂ ਤਾਂ ਪ੍ਰੇਰਣਾਦਾਇਕ ਫ਼ਿਲਮਾਂ ਬਣਦੀਆਂ ਸਨ ਜਾਂ ਫਿਰ ਸੰਜੀਦਾ ਕਹਾਣੀਆਂ ਫ਼ਿਲਮਾਂ ਲਈ ਚੁਣੀਆਂ ਜਾਂਦੀਆਂ ਸਨ। ਇਨ੍ਹਾਂ ਵਿਚ ਹਾਸੇ ਦੇ ਪਲ ਬਹੁਤ ਘੱਟ ਹੁੰਦੇ ਸਨ। ਇਸੇ ਕਾਰਨ ਲੋਕਾਂ ਨੂੰ ਰਾਹਤ ਦੇ ਪਲ ਮੁਹੱਈਆ ਕਰਵਾਉਣ ਲਈ ਨਾਇਕ ਦੇ ਨਾਲ ਇਕ ਹਾਸ-ਅਭਿਨੇਤਾ ਨੂੰ ਜੋੜਨ ਦੀ ਸ਼ੁਰੂਆਤ ਹੋਈ। ਦਲੀਪ ਕੁਮਾਰ-ਯਾਕੂਬ, ਗੁਰੂਦੱਤ-ਜਾਨੀ ਵਾਕਰ, ਦੇਵ ਆਨੰਦ-ਗੋਪ ਸੇਠ, ਸ਼ਮੀ ਕਪੂਰ-ਰਜਿੰਦਰ ਨਾਥ, ਕਰਨ ਦੀਵਾਨ-ਓਮ ਪ੍ਰਕਾਸ਼, ਜਤਿੰਦਰ-ਮਹਿਮੂਦ, ਵਿਸ਼ਵਜੀਤ-ਅਤਿਸ਼ ਸੈਨ, ਜੈ ਮੁਖਰਜੀ-ਆਈ.ਐਸ. ਜੌਹਰ, ਧਰਮਿੰਦਰ-ਅਸਰਾਨੀ ਆਦਿ ਜੋੜੀਆਂ ਖਾਸੀਆਂ ਮਕਬੂਲ ਹੋਈਆਂ।

ਅਦਾਕਾਰਾਂ ਨੂੰ ਹਾਸ-ਭੂਮਿਕਾਵਾਂ ਵੱਲ ਮੋੜਨ 'ਚ ਦਲੀਪ ਕੁਮਾਰ ਦਾ ਵੱਡਾ ਯੋਗਦਾਨ ਹੈ। 'ਗੋਪੀਨਾਥ' (1948) ਤੇ ਫਿਰ 'ਆਵਾਰਾ' (1952), 'ਸ੍ਰੀ 420' (1955), 'ਚੋਰੀ-ਚੋਰੀ' (1956) ਤੋਂ ਲੈ ਕੇ 'ਸੰਗਮ' (1964) ਤੇ 'ਕਲ ਆਜ ਔਰ ਕੱਲ੍ਹ' (1971) ਆਦਿ ਡੇਢ ਦਰਜਨ ਫ਼ਿਲਮਾਂ 'ਚ ਹਸਾਇਆ। ਇਨ੍ਹਾਂ ਦੇ ਦਰਮਿਆਨ ਸ਼ਮੀ ਕਪੂਰ ਨੇ ਅਲੱਗ ਰਸਤਾ ਅਪਨਾਇਆ। ਤਕਰੀਬਨ ਹਰ ਫਿਲਮ 'ਚ ਉਹ ਹਾਲਾਤ ਦੇ ਨਾਲ-ਨਾਲ ਹਾਵ-ਭਾਵ ਦੇ ਸਹਾਰੇ ਵੀ ਹਾਸਾ ਪੈਦਾ ਕਰਦੇ ਸਨ। 'ਜੰਗਲੀ' (1961), 'ਪ੍ਰੋਫੈਸਰ' (1962), 'ਕਸ਼ਮੀਰ ਕੀ ਕਲੀ' (1964) ਆਦਿ ਵਰਗੀਆਂ ਫਿਲਮਾਂ 'ਚ ਉਨ੍ਹਾਂ ਨੇ ਆਪਣੀ ਕਾਮੇਡੀ ਨਾਲ ਲੋਕਾਂ ਨੂੰ ਖ਼ੂਬ ਹਸਾਇਆ।

ਹਿੰਦੀ ਫ਼ਿਲਮਾਂ 'ਚ ਜਾਨੀ ਵਾਕਰ ਕਾਮੇਡੀ ਦੇ ਸੁਪਰ-ਸਟਾਰ ਮੰਨੇ ਜਾਂਦੇ ਸਨ। ਉਨ੍ਹਾਂ ਲਈ ਖਾਸ ਤੌਰ 'ਤੇ ਮਜ਼ਾਹੀਆ ਨਗ਼ਮੇ ਲਿਖੇ ਤੇ ਫਿਲਮਾਏ ਜਾਂਦੇ ਸਨ। ਮੁਹੰਮਦ ਰਫ਼ੀ ਵਰਗੇ ਅਜ਼ੀਮ ਗਾਇਕ ਉਨ੍ਹਾਂ ਨੂੰ ਆਪਣੀ ਆਵਾਜ਼ ਦਿੰਦੇ ਸਨ। ਮਹਿਮੂਦ ਦੀ ਵੀ ਕਾਮੇਡੀ ਦੇ ਖੇਤਰ ਵਿਚ ਵੱਖਰੀ ਪਛਾਣ ਰਹੀ ਹੈ। ਅਦਾਕਾਰ ਮੁਮਤਾਜ ਅਲੀ ਦੇ ਪੁੱਤਰ ਤੇ ਮੀਨਾ ਕੁਮਾਰੀ ਦੀ ਛੋਟੀ ਭੈਣ ਦੇ ਪਤੀ ਮਹਿਮੂਦ ਨੇ ਦਰਸ਼ਕਾਂ ਨੂੰ ਬੰਨ੍ਹ ਕੇ ਰੱਖਣ ਵਾਲੀਆਂ ਇਕ ਤੋਂ ਵਧ ਕੇ ਇਕ ਫ਼ਿਲਮਾਂ ਦਿੱਤੀਆਂ। ਆਪਣੇ ਆਦਰਸ਼ ਜਾਨੀ ਵਾਕਰ ਨਾਲ 'ਸੀ.ਆਈ.ਡੀ.' (1956), 'ਪਰਵਰਿਸ਼' (1958), ਕਿਸ਼ੋਰ ਕੁਮਾਰ ਤੇ ਸੁਨੀਲ ਦੱਤ ਨਾਲ 'ਪੜੋਸਨ' (1968), ਅਦਾਕਾਰਾ ਸ਼ੋਭਾ ਖੋਟੇ ਦੇ ਨਾਲ 'ਸਸੁਰਾਲ' (1961), 'ਛੋਟੀ ਬਹਿਨ' (1959), 'ਲਵ ਇਨ ਟੋਕੀਓ' (1966), ਆਦਿ 'ਚ ਦਰਸ਼ਕਾਂ ਨੂੰ ਹਸਾਉਂਦੇ ਰਹੇ।

ਮਹਿਮੂਦ ਦੀ ਇਕ ਹੋਰ ਮਜ਼ਾਹੀਆ ਅਦਾਕਾਰ ਆਈ.ਐਸ. ਜੌਹਰ ਨਾਲ ਜੋੜੀ ਵੀ ਕਾਮਯਾਬ ਰਹੀ। ਦੋਵਾਂ ਨੇ 'ਜੌਹਰ ਮਹਿਮੂਦ ਇਨ ਗੋਵਾ' (1965), ਜੌਹਰ ਮਹਿਮੂਦ ਦੀਆਂ ਸਾਧੂ ਔਰ ਸ਼ੈਤਾਨ' (1968), 'ਮੈਂ ਸੁੰਦਰ ਹੂੰ' (1971) ਤੇ 'ਕੁੰਆਰ ਬਾਪ' (1974) ਵੀ ਕਾਫੀ ਪਸੰਦ ਕੀਤੀਆਂ ਗਈਆਂ। ਇਨ੍ਹਾਂ ਫ਼ਿਲਮਾਂ ਤੋਂ ਮਹਿਮੂਦ ਨੂੰ ਏਨੀ ਪ੍ਰਸਿੱਧੀ ਮਿਲੀ ਕਿ ਉਨ੍ਹਾਂ ਨੂੰ ਹੀਰੋ ਤੋਂ ਜ਼ਿਆਦਾ ਪੈਸੇ ਮਿਲਣ ਲੱਗ ਪਏ। ਹੌਲੀ-ਹੌਲੀ ਵੱਡੇ-ਵੱਡੇ ਹੀਰੋ ਫ਼ਿਲਮਾਂ 'ਚ ਮਹਿਮੂਦ ਸਾਹਮਣਾ ਕਰਨ ਤੋਂ ਕਤਰਾਉਣ ਲੱਗ ਪਏ। ਲਿਹਾਜ਼ਾ ਉਨ੍ਹਾਂ ਨੂੰ ਫਿਲਮਾਂ 'ਚ ਕੰਮ ਮਿਲਣਾ ਘੱਟ ਹੋ ਗਿਆ। ਹਿੰਦੀ ਫ਼ਿਲਮਾਂ 'ਚ ਸਹਾਇਕ ਨਾਇਕਾਵਾਂ ਰੱਖਣ ਦਾ ਦੌਰ ਵੀ ਮਹਿਮੂਦ ਤੋਂ ਹੀ ਸ਼ੁਰੂ ਹੋਇਆ।

ਛੋਟੇ ਕੱਦ-ਕਾਠ ਤੇ ਗਠੀਲੇ ਸਰੀਰ ਵਾਲੇ ਭਗਵਾਨ ਦਾਦਾ ਜਿਨ੍ਹਾਂ ਨੇ ਆਪਣੇ ਮਜ਼ਾਹੀਆਪਣ ਨਾਲ ਨਾਇਕਾਂ ਦੀਆਂ ਕਈ ਪੀੜ੍ਹੀਆਂ ਨੂੰ ਪ੍ਰਭਾਵਿਤ ਕੀਤਾ, ਨੇ 1951 'ਚ 'ਅਲਬੇਲਾ' ਫਿਲਮ ਬਣਾ ਕੇ ਖ਼ੂਬ ਧੂਮ ਮਚਾਈ। ਇਸ ਦੇ ਬਾਅਦ ਉਨ੍ਹਾਂ ਦੇ ਇਹ ਸਟੈਪਸ ਐਨੇ ਹਰਮਨਪਿਆਰੇ ਹੋਏ ਕਿ ਅੱਜ ਦੇ ਸਫਲ ਅਭਿਨੇਤਾ ਅਮਿਤਾਭ ਬਚਨ ਇਸ ਸਟਾਇਲ ਵਿਚ ਨੱਚਣਾ ਪਸੰਦ ਕਰਦੇ ਹਨ। ਹਿੰਦੀ ਸਿਨੇਮੇ ਦੇ ਕਾਮੇਡੀਅਨਾਂ 'ਚੋਂ ਓਮ ਪ੍ਰਕਾਸ਼ ਨੇ ਆਪਣੇ ਸੁਭਾਵਿਕ ਅੰਦਾਜ਼ ਨਾਲ ਦਰਸ਼ਕਾਂ ਨੂੰ ਖ਼ੂਬ ਹਸਾਇਆ ਹੈ। ਲਾਹੌਰ ਦੇ ਜੰਮਪਲ ਓਮ ਪ੍ਰਕਾਸ਼ 1937 ਵਿਚ 'ਆਲ ਇੰਡੀਆ ਰੇਡੀਓ' ਤੇ 'ਫਤਹਿਦੀਨ' ਦੇ ਨਾਲ ਨਾਲ ਲਾਹੌਰ ਦੇ ਰੇਡੀਓ ਸਰੋਤਿਆਂ ਵਿਚ ਖਾਸੇ ਮਕਬੂਲ ਸਨ। ਕਾਮੇਡੀ ਦੀ ਚਰਚਾ ਮੋਤੀ ਲਾਲ ਤੇ ਕਿਸ਼ੋਰ ਕੁਮਾਰ ਦਾ ਜ਼ਿਕਰ ਕੀਤਿਆਂ ਬਿਨਾਂ ਅਧਰੀ ਹੈ। ਮੋਤੀ ਲਾਲ ਨੇ ਉਂਜ ਤਾਂ ਆਪਣੀਆਂ ਜ਼ਿਆਦਾਤਰ ਫ਼ਿਲਮਾਂ 'ਚ ਦਰਸ਼ਕਾਂ ਨੂੰ ਖ਼ੂਬ ਹਸਾਇਆ। ਉਨ੍ਹਾਂ ਦੀ ਆਖਰੀ ਜ਼ਿਕਰਯੋਗ ਫਿਲਮ ਮਿਸਟਰ ਸੰਪਤ (1952) ਸੀ। ਹਰਮਨ ਪਿਆਰੇ ਨਾਇਕ ਕਿਸ਼ੋਰ ਕੁਮਾਰ ਨੂੰ ਫਿਲਮ ਜਗਤ ਵਿਚ ਇਕ ਅਜਿਹੇ ਹਸਮੁੱਖ ਤੇ ਸੰਜੀਦਾ ਇਨਸਾਨ ਦੇ ਰੂਪ ਵਿਚ ਜਾਣਿਆ ਜਾਂਦਾ ਹੈ ਜਿਨ੍ਹਾਂ ਦੀ ਹਾਜ਼ਰੀ ਮਾਤਰ ਨਾਲ ਹੀ ਮਾਹੌਲ ਖ਼ੁਸ਼ਨੁਮਾ ਹੋ ਉੱਠਦਾ ਹੈ।

ਸਈਅਦ ਇਸ਼ਤਿਆਕ ਹੁਸੈਨ ਜਾਫ਼ਰੀ ਜੋ ਫਿਲਮਾਂ 'ਚ ਜਗਦੀਪ ਦੇ ਨਾਂ ਨਾਲ ਆਪਣੀ ਹਾਸ ਅਦਾਕਾਰੀ ਦੇ ਰੰਗ ਬਿਖੇਰਦੇ ਰਹੇ ਹਨ, ਨੇ ਆਪਣੇ ਫਿਲਮੀ ਸਫ਼ਰ ਦੌਰਾਨ 400 ਫਿਲਮਾਂ 'ਚ ਕੰਮ ਕੀਤਾ। ਉਨ੍ਹਾਂ ਦਾ ਸ਼ੋਅਲੇ ਫਿਲਮ 'ਚ ਨਿਭਾਇਆ 'ਸੂਰਮਾ ਭੋਪਾਲੀ' ਵਾਲਾ ਕਿਰਦਾਰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਕਾਮੇਡੀ ਕਰਨ ਤੋਂ ਇਲਾਵਾ ਉਨ੍ਹਾਂ ਨੇ ਸੰਜੀਦਗੀ ਨਾਲ ਕੁਝ ਫਿਲਮਾਂ 'ਚ ਹੀਰੋ ਦਾ ਰੋਲ ਵੀ ਅਦਾ ਕੀਤਾ। ਅਮਿਤਾਭ ਬਚਨ ਦਾ ਦੌਰ ਆਰੰਭ ਹੋਇਆ ਤਾਂ ਫਿਲਮਾਂ ਵਿਚ ਹਾਸ-ਅਦਾਕਾਰ ਕੁਝ ਨਜ਼ਰਅੰਦਾਜ਼ ਜਿਹੇ ਹੋਣ ਲੱਗੇ ਪਏ ਕਿਉਂਕਿ ਬਦਲਾ-ਲਊ ਭਾਵਨਾਵਾਂ ਵਾਲੀਆਂ ਕਹਾਣੀਆਂ 'ਚ ਐਕਸ਼ਨ ਨੂੰ ਪ੍ਰਮੁੱਖਤਾ ਦਿੱਤੀ ਜਾਣ ਲੱਗ ਪਈ ਤੇ ਮਜ਼ਾਹੀਆਪਣ ਕੁਝ ਪਿੱਛੇ ਰਹਿ ਗਿਆ। ਅਮਿਤਾਭ ਖ਼ੁਦ ਵਧੀਆ ਹਾਸ-ਅਭਿਨੇਤਾ ਸਨ ਜੋ ਉਨ੍ਹਾਂ ਨੇ 'ਚੁਪਕੇ-ਚੁਪਕੇ' (1975), 'ਅਮਰ ਅਕਬਰ ਐਂਥੋਨੀ' (1977) 'ਦੋ ਔਰ ਦੋ ਪਾਂਚ' (1980) ਆਦਿ ਫਿਲਮਾਂ ਜ਼ਰੀਏ ਸਿੱਧ ਕੀਤਾ। ਨਤੀਜਨ ਕਾਮੇਡੀਅਨ ਫਿਲਮ 'ਚੋਂ ਲੋਪ ਹੋਣ ਲੱਗੇ।

ਵਕਤ ਬਦਲਿਆ ਤੇ 1980 ਦੇ ਦਹਾਕੇ ਵਿਚ ਹਿੰਦੀ ਫਿਲਮਾਂ 'ਚ ਫਿਰ ਤੋਂ ਕਾਮੇਡੀ ਨੂੰ ਪ੍ਰਮੁੱਖਤਾ ਮਿਲਣ ਲੱਗ ਪਈ। ਇਸ ਵਾਰ ਇਸ ਨੂੰ ਮੁੜ-ਸੁਰਜੀਤ ਕਰਨ ਵਿਚ ਟੈਲੀਵਿਜ਼ਨ ਦੀ ਭੂਮਿਕਾ ਰਹੀ। 'ਵਾਹ ਜਨਾਬ', 'ਯੇ ਜੋ ਹੈ ਜ਼ਿੰਦਗੀ', 'ਨੁੱਕੜ' ਵਰਗੇ ਹਾਸ-ਲੜੀਵਾਰ ਦੀ ਸਫਲਤਾ ਨੇ ਫਿਲਮ ਨਿਰਮਾਤਾਵਾਂ ਨੂੰ ਯਾਦ ਦਿਵਾਇਆ ਕਿ ਫਿਲਮਾਂ 'ਚ ਕਾਮੇਡੀ ਦਾ ਕੰਮ ਹੋਰਾਂ ਫ਼ਨਕਾਰਾਂ ਨੂੰ ਵੀ ਦਿੱਤਾ ਜਾ ਸਕਦਾ ਹੈ।

ਅੱਜ ਦੀਆਂ ਫਿਲਮਾਂ 'ਚ ਕਾਮੇਡੀ ਦੇ ਲਈ ਲੋਕ ਅਨੁਪਮ ਖ਼ੇਰ, ਪਰੇਸ਼ ਰਾਵਲ, ਬੋਮਨ ਇਰਾਨੀ, ਅਰਸ਼ਦ ਵਾਰਸੀ, ਰਾਜਪਾਲ ਯਾਦਵ, ਅਕਸ਼ੈ ਕੁਮਾਰ, ਸਲਮਾਨ ਖ਼ਾਨ, ਸੰਜੇ ਦੱਤ, ਗੁਲਸ਼ਨ ਗਰੋਵਰ ਨੂੰ ਖ਼ੂਬ ਪਸੰਦ ਕਰਦੇ ਹਨ। ਓਮਪੁਰੀ ਨੂੰ ਵੀ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਕਾਮੇਡੀ ਫਿਲਮ 'ਮਾਲਾਮਾਲ ਵੀਕਲੀ' (2006) 'ਚ ਉਨ੍ਹਾਂ ਦੀ ਜੋੜੀ ਪਰੇਸ਼ ਰਾਵਲ ਨਾਲ ਖ਼ੂਬ ਜੰਮੀ। ਇਸ ਦੌਰ ਵਿਚ 'ਮੁੰਨਾ ਭਾਈ ਐਮ.ਬੀ.ਬੀ.ਐਸ.' (2003), 'ਲਗੇ ਰਹੋ ਮੁੰਨਾ ਭਾਈ' (2006) 'ਕਯਾ ਕੂਲ ਹੈਂ ਹਮ', 'ਖੋਸਲਾ ਕਾ ਘੋਸਲਾ' (2006), 'ਯਸ ਬੌਸ' (1997) ਤੇ 'ਛੋਟੇ ਮੀਆਂ ਬੜੇ ਮੀਆਂ' (1998) ਵਰਗੀਆਂ ਮਜ਼ਾਹੀਆ ਫਿਲਮਾਂ ਬਣੀਆਂ। ਡੇਵਿਡ ਧਵਨ ਨੇ ਕਾਮੇਡੀ ਨੂੰ ਅੱਗੇ ਵਧਾਇਆ ਤਾਂ ਪ੍ਰਿਯਦਰਸ਼ਨ ਨੇ ਇਨ੍ਹਾਂ ਨੂੰ ਉਚਾਈ ਦਿੱਤੀ।

## ...ਜਦੋਂ ਪ੍ਰਿਟੀ ਨੂੰ ਪਏ ਧੱਕੇ



ਬਾਲੀਵੁੱਡ ਅਦਾਕਾਰਾ ਪ੍ਰਿਟੀ ਜ਼ਿੰਟਾ ਸੁੱਖ ਤੇ ਸ਼ਾਂਤੀ ਹਾਸਲ ਕਰਨ ਦੀ ਇੱਛਾ ਨਾਲ ਸ਼ਿਰਡੀ ਵਿਚ ਸਾਈਂ ਬਾਬਾ ਦੇ ਦਰਸ਼ਨਾਂ ਲਈ ਪਹੁੰਚੀ ਪਰ ਉਥੋਂ ਦੁਖੀ ਹੋ ਕੇ ਵਾਪਸ ਆਈ। ਦਰਅਸਲ, ਉਸ ਨੂੰ ਉਥੇ ਬਾਬਾ ਦੇ ਦਰਸ਼ਨ ਹੋਣ ਦੀ ਥਾਂ ਮੀਡੀਆ ਤੇ ਪ੍ਰਸ਼ੰਸਕਾਂ ਦੇ ਧੱਕੇ ਮਿਲੇ। ਪ੍ਰਿਟੀ ਜ਼ਿੰਟਾ ਨੇ ਟਵਿਟਰ 'ਤੇ ਆਪਣੇ ਬਲਾਗ ਵਿਚ ਲਿਖਿਆ ਹੈ ਕਿ ਮੈਂ ਸ਼ਿਰਡੀ ਗਈ ਸੀ। ਉਥੋਂ ਮੈਂ ਸਾਈਂ ਬਾਬਾ ਦੇ ਸ਼ਾਂਤ ਚਿਹਰੇ ਤੇ ਊਰਜਾ ਦੀ ਥਾਂ ਮੀਡੀਆ ਦੇ ਧੱਕਿਆਂ ਦੀ ਯਾਦ ਲੈ ਕੇ ਵਾਪਸ ਪਰਤੀ ਹਾਂ।

ਪ੍ਰਿਟੀ ਇਸ ਗੱਲ ਤੋਂ ਪ੍ਰੇਸ਼ਾਨ ਹੈ ਕਿ ਧਾਰਮਿਕ ਸਥਾਨਾਂ 'ਤੇ ਵੀ ਲੋਕਾਂ ਦੀ ਭੀੜ ਤੇ ਮੀਡੀਆ ਕਲਾਕਾਰਾਂ ਨੂੰ ਇਕੱਲਾ ਨਹੀਂ ਛੱਡਦੇ। ਪ੍ਰਿਟੀ ਕਹਿੰਦੀ ਹੈ ਕਿ ਉਹ ਉਥੇ ਠੀਕ ਤਰ੍ਹਾਂ ਪ੍ਰਾਰਥਨਾ ਵੀ ਨਹੀਂ ਕਰ ਸਕੀ। ਉਸ ਨੇ ਕਿਹਾ ਕਿ ਉਹ ਇਹ ਨਹੀਂ ਸਮਝ ਰਹੀ ਹੈ ਕਿ ਮੰਦਰਾਂ ਦਾ ਵਪਾਰੀਕਰਨ ਕਿਉਂ ਹੋ ਰਿਹਾ ਹੈ ਤੇ ਮੀਡੀਆ ਵਾਲੇ ਮੰਦਰ ਦੇ ਪ੍ਰਬੰਧਕਾਂ ਦੀਆਂ ਫਿਲਮੀ ਕਲਾਕਾਰਾਂ ਨਾਲ ਫੋਟੋਆਂ ਖਿਚਵਾਉਣ ਦੀ ਇੱਛਾ ਕਿਉਂ ਪੂਰੀ ਕਰਦੇ ਹਨ। ਉਸ ਨੇ ਕਿਹਾ ਕਿ ਉਹ ਸ਼ਿਰਡੀ ਤੋਂ ਪਰਤ ਕੇ ਦੁਖੀ ਮਹਿਸੂਸ ਕਰ ਰਹੀ ਹੈ।

## ਅਮਿਤਾਭ:ਸਿਨੇਮਾ 'ਚ ਬਦਲਾਅ ਦਾ ਵਿਰੋਧ



ਬਾਲੀਵੁੱਡ ਦੇ ਮਹਾਨਾਇਕ ਅਮਿਤਾਭ ਬੱਚਨ ਭਾਰਤੀ ਸਿਨੇਮਾ ਵਿਚ ਕਿਸੇ ਵੀ ਤਰ੍ਹਾਂ ਦੇ ਬਦਲਾਅ ਦੇ ਵਿਰੋਧੀ ਹਨ। ਅਮਿਤਾਭ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਹੈ ਕਿ ਪੱਛਮੀ ਸਿਨੇਮਾ ਭਾਵੇਂ ਬਾਲੀਵੁੱਡ ਦੀ ਆਲੋਚਨਾ ਕਰਦਾ ਰਹਿੰਦਾ ਹੋਵੇ ਪਰ ਭਾਰਤੀ ਸਿਨੇਮਾ ਦੇਸ਼ ਨੂੰ ਇਕ ਸੂਤਰ ਵਿਚ ਪਿਰੋਈ ਰੱਖਣ ਦਾ ਇਕ ਮਾਧਿਅਮ ਹੈ ਤੇ ਅਜਿਹੇ ਵਿਚ ਆਪਣੇ ਸਿਨੇਮਾ ਵਿਚ ਬਦਲਾਅ ਲਿਆਉਣ ਦੀ ਕੋਈ ਲੋੜ ਨਹੀਂ ਹੈ।

ਅਮਿਤਾਭ ਨੇ ਆਪਣੇ ਬਲਾਗ ਵਿਚ ਲਿਖਿਆ ਹੈ ਕਿ ਪੱਛਮੀ ਸਿਨੇਮਾ ਤੇ ਉਸ ਦੇ ਨੀਤੀ ਨਿਰਮਾਤਾ ਅਕਸਰ ਭਾਰਤੀ ਸਿਨੇਮਾ ਦੀ ਆਲੋਚਨਾ ਕਰਦੇ ਹਨ। ਅਜਿਹੇ ਵਿਚ ਮੇਰੇ ਮਨ ਵਿਚ ਇਕ ਸਵਾਲ ਉਠਦਾ ਹੈ ਕੀ ਇਸ ਵਿਚ 'ਵੈਸ਼ਵਿਕ ਮਾਨਕਾਂ' ਦੀ ਪਾਲਣਾ ਦੇ ਉਦੇਸ਼ ਨਾਲ ਆਪਣੇ ਸਿਨੇਮਾ ਨੂੰ ਬਦਲਣਾ ਚਾਹੀਦਾ ਹੈ? ਅਮਿਤਾਭ ਨੇ ਲਿਖਿਆ ਕਿ ਮੇਰਾ ਜਵਾਬ ਯਕੀਨੀ ਤੌਰ 'ਤੇ 'ਨਾਂਹ' ਹੈ। ਭਾਵੇਂ ਸਾਡੇ ਰਸਤੇ ਵਿਚ ਕਿੰਨੀਆਂ ਵੀ ਨਕਾਰਾਤਮਕ ਚੀਜ਼ਾਂ ਆਉਣ, ਅਸੀਂ ਪੱਛਮ ਦੀ ਤੁਲਨਾ ਨਾਲੋਂ ਘੱਟ ਸੋਮਿਆਂ ਵਿਚ ਕੰਮ ਚਲਾਈਏ ਪਰ ਸਿਨੇਮਾ ਦਾ ਸਾਡਾ ਉਦੇਸ਼ ਪੱਛਮ ਨਾਲੋਂ ਬਹੁਤ ਜੁਦਾ ਹੈ।

ਅਮਿਤਾਭ ਨੇ ਲਿਖਿਆ ਹੈ ਕਿ ਅਜਿਹੇ ਦੇਸ਼ ਵਿਚ ਜਿਥੇ ਹਰ 100 ਮੀਲ ਦੀ ਦੂਰੀ 'ਤੇ ਭਾਸ਼ਾ ਤੇ ਸੰਸਕ੍ਰਿਤੀ ਬਦਲਦੀ ਹੈ, ਇਹ ਹੈਰਾਨੀਜਨਕ ਗੱਲ ਹੈ ਕਿ ਸਿਰਫ ਸਿਨੇਮਾ ਹੀ ਅਜਿਹਾ ਮਾਧਿਅਮ ਹੈ ਜੋ ਦੇਸ਼ ਦੇ ਹਰ ਨਾਗਰਿਕ ਨੂੰ ਇਕ ਛੱਤ ਹੇਠਾਂ ਲਿਆਉਂਦਾ ਹੈ।


HOT
HD-7001VP IR Dome Camera
New Generation CCTV Solution
HD-7002VP Vandalproof Dome Camera
SONY Effio-E DSP @700 TVL
ULTRA HIGH RESOLUTION
· Sony Ex-View HAD CCD II
· Built-in Vari-focal Lens
· Indoor/Outdoor Applications
BuyOnlineNow
www.EzChase.com
5% OFF Spring Promotion
ADVANCED PACKAGE 8 Cameras + 8CH DVR
PRO PACKAGE 4 Cameras + 4CH DVR
CCTV
BEST DEAL!
VT-1817SH IR Dome Camera
VT-5840 IR Bullet Camera
VT-601 IR Camera
VT-1565 IR Camera
VT-1566 IR Camera
VT-100 IR Dome Camera
ONE STOP SHOP FOR CCTV EQUIPMENTS TO PROTECT YOUR HOME & BUSINESS
· We sell less price but make your security priceless.
· We only provide high quality at economy price.
· Two year Warranty on our products.
Customer Service: 1-800-235-1391


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"



ਸੋਨੀਆਂ ਗਾਂਧੀ



ਰਾਹੁਲ ਗਾਂਧੀ



ਮਨਮੋਹਨ ਸਿੰਘ

# ਵਫਾਦਾਰੀ, ਇਮਾਨਦਾਰੀ, ਦ੍ਰਿੜਤਾ ਅਤੇ ਸਥਿਰਤਾ ਦਾ ਸੰਗਮ



ਜਗਮੀਤ ਬਰਾੜ

ਨੂੰ ਕਾਂਗਰਸ ਪਾਰਟੀ ਦੀ ਵਰਕਿੰਗ ਕਮੇਟੀ ਦਾ ਸਥਾਈ ਮੈਂਬਰ ਬਣਾਉਣ ਅਤੇ ਗੋਆ, ਦਮਨ ਤੇ ਦਿਉ ਤੇ ਦਾਦਰਾ ਅਤੇ ਨਗਰ ਹਵੇਲੀ ਸੂਬਿਆਂ ਦਾ ਇੰਜਾਰਜ ਲਗਾਉਣ ਤੇ ਕਾਂਗਰਸ ਹਾਈ ਕਮਾਂਡ ਦਾ

# ਬਹੁਤ ਬਹੁਤ ਧੰਨਵਾਦ

ਵਲੋਂ

# ਜੀ ਡੀ ਟਰਾਂਸਪੋਰਟ ਇੰਕ.

ਗੁਰਸੇਵਕ ਸਿੰਘ ਬਰਾੜ
661.873.5730

ਲਖਵੀਰ ਸਿੰਘ ਸੰਘਾ
661.301.2399